SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 10
June 16, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਅੰਬੇਡਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ

# 2022 ਚੋਣਾਂ ਲਈ ਅਕਾਲੀ ਦਲ-ਬਸਪਾ ਨੇ ਕੀਤਾ ਗਠਜੋੜ

**ਚੰਡੀਗੜ੍ਹ (ਬਿਊਰੋ)–** ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਨੇ 2022 ਦੀਆਂ ਵਿਧਾਨ ਸਭਾ ਚੋਣਾਂ ਗਠਜੋੜ ਬਣਾ ਕੇ ਲੜਨ ਦਾ ਐਲਾਨ ਕੀਤਾ ਤਾਂ ਜੋ ਪੰਜਾਬ ਵਿਚੋਂ ਹੰਕਾਰੀ ਰਾਜ ਤੇ ਭ੍ਰਿਸ਼ਟ ਤੇ ਘੁਟਾਲਿਆਂ ਨਾਲ ਭਰੀ ਕਾਂਗਰਸ ਸਰਕਾਰ ਨੂੰ ਚਲਦਾ ਕੀਤਾ ਜਾ ਸਕੇ। ਇਸ ਬਾਬਤ ਐਲਾਨ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਬਸਪਾ ਦੇ ਕੌਮੀ ਜਨਰਲ ਸਕੱਤਰ ਸ੍ਰੀ ਸਤੀਸ਼ ਚੰਦਰ ਮਿਸ਼ਰਾਂ ਨੇ ਸਾਂਝੇ ਤੌਰ 'ਤੇ ਕੀਤਾ। ਬਸਪਾ ਦੇ ਆਗੂ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਮਾਇਆਵਤੀ ਨੇ ਗਠਜੋੜ ਲਈ ਪ੍ਰਵਾਨਗੀ ਦਿੱਤੀ ਹੈ ਤੇ ਉਹਨਾਂ ਐਲਾਨ ਕੀਤਾ ਕਿ ਦੋਵੇਂ ਪਾਰਟੀਆਂ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇਵਿਚ ਅਗਲੀ ਸਰਕਾਰ ਬਣਾਉਣ ਲਈ ਕੰਮ ਕਰਨਗੀਆਂ। ਸ੍ਰੀ ਮਿਸ਼ਰਾ ਨੇ ਦਲਿਤ ਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਗਠਜੋੜ ਦੀ ਦਿਲੋਂ ਹਮਾਇਤ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਬਸਪਾ ਦੇ ਪੰਜਾਬ ਦੇ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਤੇ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਮਿਲ ਕੇ ਪੰਜ ਵਾਰ ਮੁੱਖ ਮੰਤਰੀ ਰਹੇ ਅਕਾਲੀ ਦਲ ਦੇ ਸਰਪ੍ਰਸਤ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਤੇ ਉਹਨਾਂ ਦਾ ਆਸ਼ੀਰਵਾਦ ਲਿਆ।




ਇਸ ਮੌਕੇ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਬਸਪਾ ਅਕਾਲੀ ਦਲ ਨਾਲ ਗਠਜੋੜ ਤਹਿਤ 20 ਸੀਟਾਂ 'ਤੇ ਚੋਣਾਂ ਲੜੇਗੀ ਜਿਸ ਵਿਚੋਂ ਦੁਆਬਾ ਵਿਚ 8, ਮਾਲਵਾ ਦੀਆਂ 7 ਤੇ ਮਾਝਾ ਦੀਆਂ 5 ਸੀਟਾਂ ਸ਼ਾਮਲ ਹਨ। ਇਹਨਾਂ ਸੀਟਾਂ ਵਿਚ ਕਰਤਾਰਪੁਰ, ਜਲੰਧਰ ਵੈਸਟ, ਜਲੰਧਰ ਨਾਰਥ, ਫਗਵਾੜਾ, ਹੁਸ਼ਿਆਰਪੁਰ ਸ਼ਹਿਰ, ਟਾਂਡਾ, ਦਸੂਹਾ, ਚਮਕੌਰ ਸਾਹਿਬ, ਬਸੀ ਪਠਾਣਾਂ, ਮਹਿਲ ਕਲਾਂ, ਨਵਾਂਸ਼ਹਿਰ, ਲੁਧਿਆਣਾ ਨਾਰਥ, ਸੁਜਾਨਪੁਰ, ਬੋਹਾ, ਪਠਾਨਕੋਟ, ਆਨੰਦਪੁਰ ਸਾਹਿਬ, ਮੁਹਾਲੀ, ਅੰਮ੍ਰਿਤਸਰ ਨਾਰਥ, ਅੰਮ੍ਰਿਤਸਰ ਸੈਂਟਰਲ ਤੇ ਪਾਇਲ ਸ਼ਾਮਲ ਹਨ। ਉਹਨਾਂ ਕਿਹਾ ਕਿ ਦੋਹਾਂ ਪਾਰਟੀਆਂ ਦੇ ਆਗੂਆਂ ਦੀ ਤਾਲਮੇਲ ਕਮੇਟੀ ਗਠਿਤ ਕੀਤੀ ਜਾਵੇਗੀ ਤਾਂ ਜੋ ਸਾਰੇ ਹਲਕਿਆ ਵਿਚ ਸਾਰੇ ਹਲਕਿਆਂ ਵਿਚ ਕੰਮਕਾਜ ਸਹਿਜੇ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾ ਸਕੇ।

ਗਠਜੋੜ ਨੂੰ ਇਤਿਹਾਸਕ ਕਰਾਰ ਦਿੰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਗਠਜੋੜ ਸਿਰਫ 2022 ਵਿਧਾਨ ਸਭਾ ਚੋਣਾਂ ਲਈ ਨਹੀਂ ਹੈ ਬਲਕਿ ਇਹ ਭਵਿੱਖ ਵਿਚ ਵੀ ਜਾਰੀ ਰਹੇਗਾ। ਉਹਨਾਂ ਕਿਹਾ ਕਿ ਅਕਾਲੀ ਦਲ ਤੇ ਬਸਪਾ ਦੋਹਾਂ ਦੀ ਵਿਚਾਰਧਾਰਾ ਇਕ ਹੈ ਤੇ ਦੋਵੇਂ ਕਿਸਾਨਾਂ, ਦਲਿਤਾਂ, ਗਰੀਬਾਂ ਤੇ ਖੇਤ ਮਜ਼ਦੂਰਾਂ ਦੀ ਭਲਾਈ ਲਈ ਕੰਮ ਕਰਦੇ ਹਨ। ਉਹਨਾਂ ਕਿਹਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਹਰ ਸਹੂਲਤ ਦਿੱਤੀ ਹੈ ਭਾਵੇਂ ਉਹ ਆਟਾ ਦਾਲ, ਬੁਢਾਪਾ ਪੈਨਸ਼ਨ ਜਾਂ ਸ਼ਗਨ ਸਕੀਮ ਹੋਵੇ। ਉਹਨਾਂ ਕਿਹਾ ਕਿ ਦੂਜੇ ਪਾਸੇ ਕਾਂਗਰਸ ਪਾਰਟੀ ਨੇ ਕਮਜ਼ੋਰ ਵਰਗਾਂ ਲਈ ਇਕ ਵੀ ਸਕੀਮ ਸ਼ੁਰੂ ਨਹੀਂ ਕੀਤੀ ਤੇ ਇਹ ਐਸ ਸੀ ਸਕਾਲਰਸ਼ਿਪ ਸਕੀਮ ਵਰ-ਗੀਆਂ ਸਕੀਮਾਂ ਬੰਦ ਕਰਨ ਲਈ ਜ਼ਿੰਮੇਵਾਰ ਹੈ। ਉਹਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਅਕਾਲੀ ਦਲ ਤੇ ਬਸਪਾ ਦੇ ਜ਼ਮੀਨੀ ਪੱਧਰ ਦੇ ਵਰਕਰ ਸਾਂਝਾ ਮੁਹਾਜ਼ ਬਣਾਉਣ ਦੀ ਮੰਗ ਕਰ ਰਹੇ ਸਨ। ਉਹਨਾਂ ਨੇ ਬਸਪਾ ਦੇ ਪ੍ਰਧਾਨ ਮਾਇਆਵਤੀ ਦਾ ਵੀ ਧੰਨਵਾਦ ਕੀਤਾ ਜਿਹਨਾਂ ਨੇ ਅਕਾਲੀ ਦਲ ਨਾਲ ਰਲ ਕੇ ਕਾਂਗਰਸ ਪਾਰਟੀ ਨੂੰ ਸੂਬੇ

(ਬਾਕੀ ਸਫਾ 4 'ਤੇ)

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਪਾਣੀ ਦੀਆਂ ਬੁਛਾੜਾਂ ਵਿਚਕਾਰ ਅਕਾਲੀ ਦਲ ਤੇ ਬਸਪਾ ਲੀਡਰਾਂ ਨੇ ਦਿੱਤੀਆਂ ਗ੍ਰਿਫਤਾਰੀਆਂ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਵਰਕਰਾਂ ਨੇ ਅੱਜ ਵੈਕਸੀਨ ਤੇ ਫਤਿਹ ਕਿੱਟ ਘੁਟਾਲੇ ਵਿਚ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਗ੍ਰਿ-ਫਤਾਰੀ ਮੰਗਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਦਾ ਘਿਰਾਓ ਕਰਨ ਵੇਲੇ ਪੁਲਿਸ ਬੈਰੀਕੇਡ ਤੋੜ ਸੁੱਟ ਤੇ ਜਲ ਤੋਪਾਂ ਦਾ ਸਾਹਮਣਾ ਕੀਤਾ।

ਅਕਾਲੀ ਦਲ ਤੇ ਬਸਪਾ ਦੇ ਹਜ਼ਾਰਾਂ ਵਰਕਰ ਇਸ ਤੋਂ ਪਹਿਲਾਂ ਮੁੱਖ ਮੰਤਰੀ ਦੀ ਰਿਹਾਹਿਸ਼ ਨੇੜੇ ਇਕੱਤਰ ਹੋਏ ਅਤੇ ਪਿਛਲੇ ਸਾਢੇ ਚਾਰ ਸਾਲ ਤੋਂ ਲਾਪਤਾ ਹੰਕਾਰੀ ਰਾਜੇ ਨੂੰ ਜਗਾਉਣ ਵਾਸਤੇ ਮਿੰਨੀ ਰੈਲੀ ਵਿਚ ਸ਼ਮੂਲੀਅਤ ਕੀਤੀ । ਰੋਸ ਰੈਲੀ ਨੂੰ ਬਸਪਾ ਦੇ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਵੀ ਸੰਬੋਧਨ ਕੀਤਾ ਤੇ ਮੰਗ ਕੀਤੀ ਕਿ ਹਾਈਵੇਅ ਪ੍ਰਾਜੈਕਟਰਾਂ ਲਈ ਐਕਵਾਇਰ ਕੀਤੀ ਜਾ ਰਹੀ ਕਿਸਾਨਾਂ ਦੀ ਜ਼ਮੀਨ ਲਈ ਉਹਨਾਂ ਨੂੰ ਮਾਰਕੀਟ ਰੇਟ ਅਨੁਸਾਰ ਅਦਾਇਗੀ ਕੀਤੀ ਜਾਵੇ।

ਧਰਨੇ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਸਪਸ਼ਟ ਕੀਤਾ ਕਿ ਜਿਹੜੇ ਵੀ ਕਾਂਗਰਸ ਦੇ ਮੰਤਰੀ ਭ੍ਰਿਸ਼ਟਾਚਾਰ ਕਰ ਰਹੇ ਹਨ, 2022 ਵਿਚ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਸਰਕਾਰ ਬਣਨ ਉਪਰੰਤ ਇਹਨਾਂ ਤੋਂ ਹਿਸਾਬ ਕਿਤਾਬ ਲਿਆ ਜਾਵੇਗਾ ਤੇ ਇਹਨਾਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨੇ ਭ੍ਰਿਸ਼ਟ ਮੰਤਰੀਆਂ ਦਾ ਬਚਾਅ ਕਰਨ ਲਈ ਮੁੱਖ ਮੰਤਰੀ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਜਿਥੇ ਬਲਬੀਰ ਸਿੱਧੂ ਨਸ਼ਾ ਛੁਡਾਊ ਗੋਲੀਆਂ ਦੇ ਘੁਟਾਲੇ, ਪੀ ਪੀ ਈ ਕਿੱਟ ਘੁਟਾਲੇ, ਵੈਕਸੀਨ ਘੁਟਾਲੇ ਤੇ ਫਤਿਹ ਕਿੱਟ ਘੁਟਾਲੇ ਲਈ ਜ਼ਿੰਮੇਵਾਰ ਹਨ, ਉਥੇ ਹੀ ਸਾਧੂ ਸਿੰਘ ਧਰਮਸੋਤ 303 ਕਰੋੜ ਰੁਪਏ ਦੇ ਐਸ ਸੀ ਸਕਾਲਰਸ਼ਿਪ ਘੁਟਾਲੇ ਅਤੇ ਸੁਖਜਿੰਦਰ ਸਿੰਘ ਰੰਧਾਵਾ ਬੀਜ ਘੁਟਾਲੇ ਲਈ ਜ਼ਿੰਮੇਵਾਰ ਹਨ।

ਸਰਦਾਰ ਬਾਦਲ ਨੇ ਕਿਹਾ ਕਿ ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਆਪ ਰੇਤ ਤੇ ਸ਼ਰਾਬ ਮਾਫੀਆ ਨੂੰ ਪ੍ਰਸ਼ਤ ਪਨਾਹੀ ਦਿੱਤੀ ਹੈ ਜਿਹਨਾਂ ਨੇ ਸੂਬੇ ਨੂੰ ਲੁੱਟ ਲਿਆ ਹੈ ਤੇ 5600 ਕਰੋੜ ਰੁਪਏ ਦਾ ਆਬਕਾਰੀ ਘਾਟਾ ਹੀ ਪਿਆ ਹੈ ਤੇ ਸੈਂਕੜੇ ਕਰੋੜ ਰੁਪਏ ਦਾ ਘਾਟਾ ਰੇਤੇ ਦੇ ਨਜਾਇਜ਼ ਮਾਇਨਿੰਗ ਤੋਂ ਪਿਆ ਹੈ।




ਸਰਦਾਰ ਬਾਦਲ ਨੇ ਕਾਂਗਰਸ ਸਰਕਾਰ ਵੱਲੋਂ ਗਰੀਬ ਬੱਚਿਆਂ ਨੂੰ ਸਿੱਖਿਆ ਤੋਂ ਵਿਰਸਾ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਕਾਲੀ ਦਲ ਤੇ ਬਸਪਾ ਦੀ ਸਰਕਾਰ ਬਣਨ 'ਤੇ ਅਸੀਂ ਯਕੀਨੀ ਬਣਾਵਾਂਗੇ ਕਿ ਸਰਕਾਰੀ ਸਕੂਲਾਂ ਵਿਚ ਵਿਸ਼ਵ ਪੱਧਰ ਦੀ ਮਿਆਰੀ ਸਿੱਖਿਆ ਬੱਚਿਆਂ ਨੂੰ ਮੁਫਤ ਮਿਲੇ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਐਸ ਸੀ ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਤੇ ਮੈਡੀਕਲ ਕਾਲਜਾਂ ਵਿਚ ਸਕਾਲਰਸ਼ਿਪ ਦਿੱਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਭ੍ਰਿਸ਼ਟ ਤੇ ਘੁਟਾਲਿਆਂ ਵਾਲੀ ਕਾਂਗਰਸ ਸਰਕਾਰ ਦਾ ਅੰਤ ਸ਼ੁਰੂ ਹੋ ਗਿਆ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਤੇ ਬਸਪਾ ਦਾ ਗਠਜੋੜ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਸੇਧ ਦੇਵੇਗਾ। ਉਹਨਾਂ ਕਿਹਾ ਕਿ ਦੋਹਾਂ ਪਾਰਟੀਆਂ ਦੇ ਇਕੋ ਜਿਹੇ ਆਦਰਸ਼ਤ ਹਨ ਤੇ ਦੋਵੇਂ ਗਰੀਬਾਂ ਤੇ ਦਬੇ ਕੁਚਲਿਆਂ ਤੇ ਕਿਸਾਨ ਤੇ ਖੇਤ ਮਜ਼ਦੂਰਾਂ ਦੀ ਭਲਾਈ ਪ੍ਰਤੀ ਵਚਨਬੱਧ ਹਨ। ਉਹਨਾਂ ਕਿਹਾ ਕਿ ਅਕਾਲੀ ਦਲ ਇਕ ਜ਼ੁਬਾਨ ਵਾਲੀ ਪਾਰਟੀ ਹੈ ਤੇ ਅਸੀਂ ਭਾਜਪਾ ਨਾਲ ਗਠਜੋੜ ਚੰਗੇ ਮਾੜੇ ਸਮੇਂ ਵਿਚ ਨਿਭਾਇਆ ਪਰ ਜਦੋਂ ਉਸਨੇ ਕਿਸਾਨ ਹਿਤਾਂ 'ਤੇ ਹਮਲਾ ਕੀਤਾ ਤਾਂ ਸਾਡੇ ਕੋਲ ਗਠਜੋੜ ਛੱਡਣ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਰਹਿ ਗਿਆ। ਉਹਨਾਂ ਕਿਹਾ ਕਿ ਹੁਣ ਬਸਪਾ ਨਾਲ ਸਾਡਾ ਗਠਜੋੜ ਸਥਾਈ ਹੈ ਤੇ ਦੱਸਿਆ ਕਿ ਗਠਜੋੜ ਕਾਇਮ ਕਰਨ ਵਿਚ ਕੁਮਾਰੀ ਮਾਇਆਵਤੀ ਦੀ ਵੱਡੀ ਭੂਮਿਕਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਬਸਪਾ ਦੇ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਅਕਾਲੀ ਦਲ ਤੇ ਬਸਪਾ ਦਾ ਗਠਜੋੜ ਬਾਬੂ ਕਾਂਸ਼ੀ ਰਾਮ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸੁਫਨੇ ਪੂਰੇ ਕਰੇਗਾ ਤੇ ਇਹ ਸੂਬੇ ਵਿਚੋਂ ਕਾਂਗਰਸ ਪਾਰਟੀ ਦੇ ਖਾਤਮੇ ਵੱਲ ਇਕ ਕਦਮ ਹੈ। ਬਸਪਾ ਪ੍ਰਧਾਨ ਨੇ ਕਾਂਗਰਸ ਦੇ ਲੁਧਿਆਣਾ ਤੋਂ ਐਮ ਪੀ ਰਵਨੀਤ ਬਿੱਟੂ ਵੱਲੋਂ ਆਪਣੇ ਹਾਲ ਹੀ ਬਿਆਨ ਨਾਲ ਦਲਿਤ ਭਾਈਚਾਰੇ ਦਾ ਅਪਮਾਨ ਕਰਨ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਇਸ ਸਬੰਧੀ ਐਮ ਪੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਗਈਹੈ। ਉਹਨਾਂ ਨੇ ਇਹ ਵੀ ਕਿਹਾ ਕਿ ਸੂਬੇ ਦੇ ਦੋ ਲੱਖ ਐਸ ਸੀ ਵਿਦਿਆਰਥੀਆਂ ਨੂੰ ਸਿਰਫ ਇਸ ਕਰ ਕੇ ਰੋਲ ਨੰਬਰ ਨਹੀਂ ਦਿੱਤੇ ਜਾ ਰਹੇ ਕਿਉਂਕਿ ਕਾਂਗਰਸ ਸਰਕਾਰ ਨੇ ਉਹਨਾਂ ਦੀ ਸਕਾਲਰਸ਼ਿਪ ਦੀ ਅਦਾਇਗੀ ਨਹੀਂ ਕੀਤੀ ਤੇ ਉਹ ਦਲਿਤ ਵਿਦਿਆਰਥੀਆਂ ਨਾਲ ਵਿਤਕਰੇ ਪ੍ਰਤੀ ਮੂਕ ਦਰਸ਼ਕ ਬਣ ਕੇ ਬੈਠੀ ਹੋਈ ਹੈ। ਸ੍ਰੀ ਗੜ੍ਹੀ ਨੇ ਇਹ ਵੀ ਦੱਸਿਆ ਕਿ ਕਿਵੇਂ ਸਫਾਈ ਕਰਮਚਾਰੀ ਜੋ ਕਿ ਪਿਛਲੇ ਇਕ ਮਹੀਨੇ ਤੋਂ ਹੜਤਾਲ 'ਤੇ ਹਨ ਨਾਲ ਹੜਤਾਲ ਖਤਮ ਕਰਵਾਉਣ ਲਈ ਕੋਈ ਰਾਬਤ ਕਾਇਮ ਨਹੀਂ ਕੀਤਾ ਗਿਆ। ਉਹਨਾਂ ਮੰਗ ਕੀਤੀ ਕਿ ਸਫਾਈ ਕਰਮਚਾਰੀਆਂ ਦੀ ਮੰਗਾਂ ਤੁਰੰਤ ਮੰਨੀਆਂ ਜਾਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਭੂੰਦੜ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਗੋਬਿੰਦ ਸਿੰਘ ਲੌਂਗੋਵਾਲ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਜਗਮੀਤ ਸਿੰਘ ਬਰਾੜ, ਪਵਨ ਟੀਨੂੰ, ਐਨ ਕੇ ਸ਼ਰਮਾ, ਮਨਪ੍ਰੀਤ ਇਯਾਲੀ, ਬਲਦੇਵ ਖਹਿਰਾ, ਡਾ. ਸੁਖਵਿੰਦਰ ਸੁੱਖੀ, ਰੋਜ਼ੀ ਬਰਕੰਦੀ, ਪਰਮਬੰਸ ਸਿੰਘ ਰੋਮਾਣਾ, ਰਣਜੀਤ ਗਿੱਲ ਤੇ ਚਰਨਜੀਤ ਸਿੰਘ ਬਰਾੜ ਨੇ ਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

# ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਪੰਜਾਬ ਦੀ ਸਿਆਸਤ ਨੂੰ ਦੇਵੇਗਾ ਨਵਾਂ ਰੂਪ

ਮੈਲਬਰਨ (ਬਿਊਰੋ)– ਪੰਜਾਬ ਰਾਜ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਲੋਂ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਪੰਜਾਬ ਦੇ ਭਵਿੱਖ ਲਈ ਇਕ ਨਵਾਂ ਪੱਖ ਪੇਸ਼ ਕਰੇਗਾ। ਪੰਜਾਬ ਅੰਦਰ ਵੱਖੋ-ਵੱਖ ਸਮਿਆਂ ਅੰਦਰ ਪੈਦਾ ਕੀਤੇ ਜਾਣ ਵਾਲੇ ਭਰਮ ਭੁਲੇਖਿਆਂ ਨੂੰ ਦੂਰ ਕਰੇਗਾ ਕਿਉਂਕਿ ਪੰਜਾਬ ਦੀ ਸਿਆਸਤ ਵਿਚ ਰਾਜਨੀਤਿਕ ਪਾਰਟੀਆਂ ਨੇ ਹਮੇਸ਼ਾ ਹੀ ਧਰਮ ਜਾਤਪਾਤ ਨਸਲ ਦੇ ਅਧਾਰ ਤੇ ਰਾਜਨੀਤੀ ਕਰਕੇ ਆਪਣੇ ਰਾਜਭਾਗ ਸਥਾਪਤ ਕੀਤੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਨੇ ਹਰ ਧਰਮ ਨੂੰ ਵਿਸ਼ੇਸ਼ ਸਤਿਕਾਰ ਦੇ ਕੇ ਪੰਜਾਬ ਅੰਦਰ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਆਸਟ੍ਰੇਲੀਆ ਵਲੋਂ ਸਾਂਝੇ ਤੌਰ ਬਿਆਨ ਜਾਰੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਸਪਾ ਸੁਪਰੀਮੋ ਭੈਣ ਮਾਇਆਵਤੀ ਜੀ ਅਤੇ ਸਮੂਹ ਪਾਰਟੀ ਵਰਕਰਾਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿਚ ਪੂਰੇ ਪੰਜਾਬ ਵਾਸੀਆਂ ਨੂੰ ਇਕ ਸੁਰ ਹੋ ਕੇ ਇਸ ਗੱਠਜੋੜ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਅਤੇ ਭਾਈਚਾਰਕ ਸਾਂਝ ਉਪਰ ਸਿਰਜੀ ਪੰਜਾਬੀਅਤ ਦੀ ਨੀਂਹ ਨੂੰ ਮਜਬੂਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਚੇਅਰਮੈਨ ਬੂਟਾ ਸਿੰਘ ਗੁਰਬਖਸ਼ ਸੀਨੀਅਰ ਮੀਤ ਪ੍ਰਧਾਨ ਜਗਜੀਤ ਸਿੰਘ ਗੁਰਮ ਮੀਤ ਪ੍ਰਧਾਨ ਬਲਦੀਪ ਸਿੰਘ ਭੁੱਲਰ ਡਾ . ਸੰਤੋਖ ਸਿੰਘ ਔਜਲਾ ਪ੍ਰਿਤਪਾਲ ਸਿੰਘ ਕਪੂਰ,ਹਰਦੇਵ ਸਿੰਘ ਗੁਰਮ ਮੀਤ ਪ੍ਰਧਾਨ ਮੀਡੀਆ ਸੱਕਤਰ ਅਤੇ ਯੂਥ ਅਕਾਲੀਦਲ ਦੇ ਪ੍ਰਧਾਨ ਰਵਿੰਦਰ ਸਿੰਘ ਲੋਪੋਂ, ਮੀਤ ਪ੍ਰਧਾਨ ਕਵਨਦੀਪ ਸਿੰਘ ਬਲ, ਅਮੋਲਕ ਸਿੰਘ, ਸੁਖਬੀਰ ਸਿੰਘ ਗਰੇਵਾਲ ਗਗਨਦੀਪ ਸਿੰਘ ਸਿੱਧੂ ਗਗਨਇੰਦਰ ਸਿੰਘ ਗਗਨਦੀਪ ਸਿੰਘ ਕਪੂਰ, ਮੀਡੀਆ ਸਹਾਇਕ ਹਰਮਨ ਸਿੰਘ ਬੋਪਾਰਾਏ ਅਤੇ ਜਸਵੰਤ ਸਿੰਘ ਸਿੱਧੂ, ਪ੍ਰਦੀਪ ਸਿੰਘ ਖੱਟੜਾ ਇੰਦਰਜੀਤ ਸਿੰਘ ਧਾਲੀਵਾਲ ਆਦਿ ਸਮੂਹ ਯੂਥ ਅਕਾਲੀ ਦਲ ਦੀ ਟੀਮ ਮੌਜੂਦ ਸੀ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



# ਪੱਤਰਕਾਰ, ਫਲੌਰਾ ਦੀ ਮਾਤਾ ਸਵ: ਬਲਬੀਰ ਕੌਰ ਫਲੌਰਾ ਦੀ ਅੰਤਿਮ ਅਰਦਾਸ ਲੁਧਿਆਣਾ 'ਚ 16 ਜੂਨ ਨੂੰ ਅਤੇ ਅਮਰੀਕਾ 'ਚ 26 ਜੂਨ ਵਰਜੀਨੀਆ 'ਚ ਹੋਵੇਗੀ



**ਵਾਸਿੰਗਟਨ, 15 ਜੂਨ (ਰਾਜ ਗੋਗਨਾ)**– ਪੰਜਾਬੀ ਪੱਤਰਕਾਰ ਕੁਲਵਿੰਦਰ ਸਿੰਘ ਫਲੌਰਾ ਨੇ ਭਰੇ ਮਨ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੀ ਮਾਤਾ ਜੀ ਸਰਦਾਰਨੀ ਬਲਬੀਰ ਕੌਰ ਫਲੌਰਾ ਜਿੰਨਾਂ ਦਾ ਮਿੱਤੀ 11 ਜੂਨ ਨੂੰ ਦੇਹਾਂਤ ਹੋ ਗਿਆ ਸੀ। ਮਾਤਾ ਜੀ ਦੀ ਅੰਤਿਮ ਅਰਦਾਸ ਮਿਤੀ 16 ਜੂਨ ਦਿਨ ਬੁੱਧਵਾਰ ਨੂੰ ਗੁਰਦੁਆਰਾ ਜੰਮੂ ਕਾਲੋਨੀ, ਵਿਸ੍ਵਕਰਮਾ ਟਾਊਨ, ਗਲੀ ਨੰ: 7 ਨੇੜੇ ਪ੍ਰੀਤ ਪੈਲੇਸ ਸਿਨੇਮਾ ਘਰ, (ਲੁ-ਧਿਆਣਾ) ਵਿਖੇਂ ਦੁਪਿਹਰ ਨੂੰ 1:00 ਤੋ 2:00 ਵਜੇ ਤੱਕ ਹੋਵੇਗੀ। ਉਹਨਾਂ ਦੱਸਿਆ ਕਿ ਉਹਨਾਂ ਦੀ ਆਂਤਮਿਕ ਸ਼ਾਂਤੀ ਲਈ ਉਹਨਾਂ ਦੀ ਅੰਤਿਮ ਅਰਦਾਸ ਮਿੱਤੀ 26 ਜੂਨ ਦਿਨ (ਸ਼ਨੀਵਾਰ) ਨੂੰ ਅਮਰੀਕਾ ਦੇ ਵਰ-ਜੀਨੀਆ ਸੂਬੇ ਦੇ ਗੁਰਦੁਆਰਾ ਸਿੰਘ ਸਭਾ ਆਫ, ਫੈਅਰਫੈਕਸ( ਵਰਜੀਨੀਆ) ਵਿੱਚ ਰੱਖੀ ਗਈ ਹੈ। ਜਿਸ ਦਾ ਸਮਾਂ 11:00 ਤੋ ਦੁਪਿਹਰ 1:00 ਵਜੇ ਦਾ ਹੈ।

# ਪੰਜਾਬ ਵਾਸੀ 2022 'ਚ ਅਕਾਲੀ ਦਲ-ਬਸਪਾ ਦੀ ਸਰਕਾਰ ਬਣਾਉਣਗੇ

**ਫਗਵਾੜਾ 14 ਜੂਨ (ਬੀ.ਕੇ.ਰੱਤੂ)** ਫਗਵਾੜਾ ਦੇ ਯੂਥ ਨੇਤਾ ਅਤੇ ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਨੂੰ ਅਕਾਲੀ ਦਲ ਹਾਈਕਮਾਨ ਵੱਲੋਂ ਬੀਤੇ ਦਿਨੀਂ ਯੂਥ ਅਕਾਲੀ ਦਲ ਦਾ ਕੌਮੀ ਸੀਨੀਅਰ ਮੀਤ ਪੈਰਧਾਨ ਥਾਪਿਆ ਗਿਆ ਹੈ। ਪੰਜਾਬ ਦੇ ਅਕਾਲੀ ਵਿਧਾਇਕ ਪਵਨ ਟੀਨੂੰ (ਆਦਮਪੁਰ) ਬਲਦੇਵ ਸਿੰਘ ਖਹਿਰਾ (ਫਿਲੌਰ) ਅਤੇ ਸੁਖਵਿੰਦਰ ਸੁੱਖੀ (ਬੰਗਾ) ਨੇ ਫਗਵਾੜਾ ਪਹੁੰਚ ਕੇ ਰਣਜੀਤ ਸਿੰਘ ਖੁਰਾਣਾ ਨੂੰ ਇਹ ਜ਼ਿੰਮੇਵਾਰੀ ਮਿਲਣ ਤੇ ਵਧਾਈ ਦਿੱਤੀ ਅਤੇ ਨਾਲ ਹੀ ਡਟ ਕੇ ਕੰਮ ਕਰਨ ਲਈ ਆਸ਼ੀਰਵਾਦ ਦਿੱਤਾ। ਉਨਾਂ ਕਿਹਾ ਕਿ ਅਕਾਲੀ ਦਲ ਨੇ ਖੁਰਾਣਾ ਦੀ ਯੂਥ ਅਕਾਲੀ ਦਲ ਲਈ ਬਤੌਰ ਤਿੰਨ ਵਾਰ ਜ਼ਿਲਾ ਪਰਧਾਨ ਰਹਿੰਦੇ ਦਿੱਤੀਆਂ ਸ਼ਲਾਘਾਯੋਗ ਸੇਵਾਵਾਂ ਨੂੰ ਦੇਖਦੇ ਹੋਏ ਇਹ ਜ਼ਿੰਮੇਵਾਰੀ ਨਾਲ ਨਿਵਾਜਿਆ ਹੈ। ਜਿਸ ਲਈ ਉਹ ਅਕਾਲੀ ਦਲ ਸੁਪਰੀਮੋ ਸ.ਸੁਖਬੀਰ ਸਿੰਘ ਬਾਦਲ, ਯੂਥ ਅਕਾਲੀ ਦਲ ਦੇ ਸਰਪੈਰਸਤ ਸ. ਬਿਕਰਮ ਸਿੰਘ ਮਜੀਠੀਆ ਦਾ ਧੰਨਵਾਦ ਕਰਦੇ ਹਨ। ਤਿੰਨਾਂ ਵਿਧਾਇਕਾ ਨੇ ਰਣਜੀਤ ਸਿੰਘ ਖੁਰਾਣਾ ਨੂੰ ਹੋਰ ਡੱਟ ਕੇ ਅਕਾਲੀ ਦਲ ਦੀ ਚੜਦੀ ਕਲਾਂ ਲਈ ਕੰਮ ਕਰਨ ਲਈ ਕਿਹਾ। ਉਨਾ ਕਿਹਾ ਕਿ ਅਕਾਲੀ ਬਸਪਾ ਗਠਜੋੜ ਪੰਜਾਬ ਲਈ ਬਹੁਤ ਵਧੀਆ ਹੈ। ਉਨਾਂ ਕਿਹਾ ਕਿ 2022 ਨੇੜੇ ਹੈ ਅਤੇ ਸਮਾਂ ਹੈ ਕਿ ਪੰਜਾਬ ਦੇ ਲੋਕਾਂ ਨੂੰ ਕਾਂਗਰਸ ਦੇ ਝੂਠ ਤੋਂ ਜਾਣੂ ਕਰਵਾ ਕੇ ਕੀਤੇ ਗਏ ਵਾਅਦਿਆ ਜਿਸਤੋਂ ਕੈਪਟਨ ਅਮਰੇਂਦਰ ਸਿੰਘ ਮੁਨਕਰ ਹੋਏ ਹਨ ਅਤੇ ਪੰਜਾਬ ਦੇ ਹਰ ਵਰਗ ਨਾਲ ਧੋਖਾ ਅਤੇ ਧੱਕਾ ਕੀਤਾ ਹੈ, ਬਾਰੇ ਦੱਸਿਆ ਜਾਵੇ। ਉਨਾਂ ਕਿਹਾ ਕਿ ਪੰਜਾਬ ਦਾ ਹਰ ਵਰਗ ਕਾਂਗਰਸ ਨੂੰ ਵੋਟਾਂ ਪਾਕੇ ਕੇ ਆਪਣੇ ਆਪ ਨੂੰ ਠਗਿਆ ਮਹਿਸੂਸ ਕਰ ਰਿਹਾ ਹੈ ਅਤੇ ਅਕਾਲੀ ਦਲ ਦੇ ਰਾਜ ਨੂੰ ਚੇਤੇ ਕਰ ਰਿਹਾ ਹੈ। ਵਿਧ-ਾਇਕਾ ਨੇ ਕਿਹਾ ਕਿ ਲੋਕ 2022 ਨੂੰ ਉਡੀਕ ਰਹੇ ਹਨ ਅਤੇ ਅਕਾਲੀ ਦਲ-ਬਸਪਾ ਦੀ ਸਰਕਾਰ ਬਣਾ ਕੇ ਕਾਂਗਰਸ ਵੱਲੋਂ ਪਾਈ ਧੋਖੇ ਦੀ ਭਾਜੀ ਨੂੰ ਸੂਦ ਸਮੇਤ ਵਾਪਸ ਮੋੜਨਗੇ। ਇਸ ਮੌਕੇ ਸ.ਰਣਜੀਤ ਸਿੰਘ ਖੁਰਾਣਾ ਨੇ ਤਿੰਨਾਂ ਵਿਧਾਇਕਾਂ ਨੂੰ ਫਗਵਾੜਾ ਪਹੁੰਚਣ ਤੇ ਜੀ ਆਇਆ ਆਖਿਆ ਅਤੇ ਵਿਸ਼ਵਾਸ ਦਿਵਾਇਆ ਕਿ ਅਕਾਲੀ ਦਲ ਦੀ ਚੜਦੀ ਕਲਾਂ ਲਈ ਹਮੇਸ਼ਾ ਯਤਨਸ਼ੀਲ ਰਹੇ ਹਨ ਅਤੇ ਅੱਗੇ ਤੋਂ ਹੋਰ ਗੰਭੀਰਤਾ ਨਾਲ ਵੱਧ ਤੋਂ ਵੱਧ ਨੌਜਵਾਨਾ ਨੂੰ ਨਾਲ ਜੋੜ ਕੇ 2022 ਵਿਚ ਅਕਾਲੀ-ਬਸਪਾ ਸਰਕਾਰ ਦੀ ਕਾਇਮੀ ਲਈ ਦਿਨ ਰਾਤ ਇੱਕ ਕਰਨਗੇ।



# 2022 ਚੋਣਾਂ ਲਈ ਅਕਾਲੀ ਦਲ-ਬਸਪਾ ਨੇ ਕੀਤਾ ਗਠਜੋੜ

(ਸਫਾ 1 ਦੀ ਬਾਕੀ)

ਵਿਚੋਂ ਖਤਮ ਕਰਨ ਦਾ ਸਪਸ਼ਟ ਫੈਸਲਾ ਲਿਆ ਹੈ।

ਸਰਦਾਰ ਬਾਦਲ ਨੇ ਕਿਹਾ ਕਿ ਨਵਾਂ ਗਠਜੋੜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸ਼ਾਂਤੀ ਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਦੇ ਮੂਲ ਫਲਸਫੇ 'ਤੇ ਚੱਲੇਗਾ। ਉਹਨਾਂ ਕਿਹਾ ਕਿ ਅਸੀਂ ਸਮਾਜ ਦੇ ਅਣਗੌਲੇ ਵਰਗਾਂ ਤੇ ਕਿਸਾਨਾਂ ਦੀ ਭਲਾਈ ਯਕੀਨੀ ਬਣਾਏਗਾ ਤੇ ਨਾਲ ਹੀ ਵਪਾਰ ਤੇ ਉਦਯੋਗ ਵਿਕਸਤ ਕਰਕੇ ਸੂਬੇ ਦਾ ਅਰਥਚਾਰਾ ਮੁੜ ਲੀਹ 'ਤੇ ਲਿਆਵੇਗਾ। ਉਹਨਾਂ ਇਹ ਵੀ ਦੱਸਿਆ ਕਿ ਕਿਵੇਂ ਅਕਾਲੀ ਦਲ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਦਾ ਹੈ। ਉਹਨਾਂ ਕਿਹਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਨੇ ਸਾਰੇ ਧਰਮਾਂ ਦੇ ਪੂਜਾ ਸਥਲ ਵਿਕਸਤ ਕੀਤ ੇਹਨਅਤੇ ਅੰਮ੍ਰਿਤਸਰ ਵਿਚ ਭਗਵਾਨ ਵਾਲਮੀਕਿ ਦਾ ਅਸਥਾਨ ਬਣਾਇਆ। ਗੁਰੂ ਰਵੀਦਾਸ ਜੀ ਦੇ ਪਵਿੱਤਰ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ 200 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਜਿਸਨੂੰ ਕਾਂਗਰਸ ਸਰਕਾਰ ਨੇ ਰੋਕ ਦਿੱਤਾ।

ਇਸ ਮੌਕੇ ਸ੍ਰੀ ਸਤੀਸ਼ ਮਿਸ਼ਰਾ ਨੇ ਕਿਹਾ ਕਿ ਅੱਜ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਦਿਨ ਹੈ ਜਦੋਂ ਬਸਪਾ ਨੇ ਪੰਜਾਬ ਦੀ ਸਭ ਤੋਂ ਮਜ਼ਬੂਤ ਪਾਰਟੀ ਨਾਲ ਗਠਜੋੜ ਕੀਤਾ ਹੈ। ਉਹਨਾਂ ਕਿਹਾ ਕਿ ਦੋਵੇਂ ਪਾਰਟੀਆਂ 25 ਸਾਲ ਬਾਅਦ ਮੁੜ ਇਕੱਠੀਆਂ ਹੋਈਆਂ ਹਨ ਅਤੇ ਪਿਛਲੀ ਵਾਰ ਜਦੋਂ ਦੋਵਾਂ ਪਾਰ-ਟੀਆਂ ਨੇ ਰਲ ਕੇ 1996 ਦੀਆਂ ਚੋਣਾਂ ਲੜੀਆਂ ਸਨ ਤਾਂ ਲੋਕ ਸਭਾ ਦੀਆਂ 13 ਵਿਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਉਹਨਾਂ ਕਿਹਾ ਕਿ ਬਸਪਾ ਪ੍ਰਧਾਨ ਮਾਇਆਵਤੀ ਜੀ ਆਪ ਆ ਕੇ ਗਠਜੋੜ ਦਾ ਐਲਾਨ ਕਰਨਾ ਚਾਹੁੰਦੇ ਸਨ ਪਰ ਕੋਰੋਨਾ ਬੰਦਸ਼ਾਂ ਕਰ ਕੇ ਅਜਿਹਾ ਹੋ ਨਹੀਂ ਸਕਿਆ।

ਸ੍ਰੀ ਮਿਸ਼ਰਾ ਨੇ ਦੱਸਿਆ ਕਿ ਕਾਂਗਰਸ ਪਾਰਟੀ ਕਿਵੇਂ ਦਲਿਤਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਤੇ ਐਸ ਸੀ ਵਿਦਿਆਰਥੀਆਂ ਲਈ ਰਾਖਵੇਂ ਫੰਡ ਜਾਰੀ ਨਹੀਂ ਕਰ ਰਹੀ, ਆਟਾ ਦਾਲ ਸਕੀਮ ਤੇ ਬੁਢਾਪਾ ਪੈਨਸ਼ਨਾਂ ਦੇ ਲੱਖਾਂ ਲਾਭਪਾਤਰੀਆਂ ਦੇ ਨਾਂ ਕੱਟ ਦਿੱਤੇ ਹਨ, ਐਸ ਸੀ ਤੇ ਓ ਬੀ ਸੀ ਆਸਾਮੀਆਂ ਭਰੀਆਂ ਨਹੀਂ ਜਾ ਰਹੀਆਂ ਤੇ ਬੇਘਰਿਆਂ ਨੂੰ ਘਰ ਦੇਣ ਦੀ ਸਕੀਮ ਤਹਿਤ ਘਰ ਨਹੀਂ ਦਿੱਤੇ ਜਾ ਰਹੇ।

ਉਹਨਾਂ ਦੱਸਿਆ ਕਿ ਕਿਵੇਂ ਬਸਪਾ ਅਕਾਲੀ ਦਲ ਨਾਲ ਰਲ ਕੇ ਸੰਘਰਸ਼ ਕਰੇਗੀ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਤਿੰਨ ਕਿਸਾਨ ਵਿਰੋਧੀ ਖੇਤੀਕਾਨੂੰਨ ਲਾਗੂ ਨਾ ਹੋਣ ਅਤੇ ਉਹਨਾਂ ਸਾਬਕਾ ਕੇਂਦਰੀ ਮੰਤਰੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਵੱਲੋਂ ਕਿਸਾਨਾਂ ਦੀ ਹਮਾਇਤ ਵਿਚ ਕੈਬਨਿਟ ਤੋਂ ਅਸਤੀਫਾ ਦੇਣ ਦੀ ਸ਼ਲਾਘਾ ਕੀਤੀ। ਸ੍ਰੀ ਮਿਸ਼ਰਾ ਨੇ ਤਿੰਨ ਨਫਰਤ ਭਰੇ ਕਾਨੂੰਨਾਂ ਦੀ ਸ਼ਲਾਘਾ ਕਰਨ 'ਤੇ ਆਪ ਦੀ ਨਿਖੇਧੀਕੀਤੀ ਤੇ ਕਿਹਾ ਕਿ ਉਹ ਕਿਸਾਨਾਂ ਦੇ ਦਬਾਅ ਹੇਠ ਹੁਣ ਆਪਣਾ ਸਟੈਂਡ ਬਦਲ ਗਈ ਹੈ। ਇਸ ਮੌਕੇ ਹੋਰਨਾਂ ਤੋਂ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਨਰੇਸ਼ ਗੁਜਰਾਲ, ਹਰਸਿਮਰਤ ਕੌਰ ਬਾਦਲ, ਨਿਰਮਲ ਸਿੰਘ ਕਾਹਲੋਂ, ਬੀਬੀ ਜਗੀਰ ਕੌਰ, ਜਨਮੇਜਾ ਸਿੰਘ ਸੇਖੋਂ, ਬੀਬੀ ਉਪਿੰਦਰਜੀਤ ਕੌਰ, ਡਾ. ਚਰਨਜੀਤ ਸਿੰਘ ਅਟਵਾਲ, ਮਹੇਸ਼ਇੰਦਰ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ, ਸਿਕੰਦਰ ਸਿੰਘ ਮਲੂਕਾ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਜਗਮੀਤ ਸਿੰਘ ਬਰਾੜ, ਸੁਰਜੀਤ ਸਿੰਘ ਰੱਖੜਾ, ਬਲਦੇਵ ਸਿੰਘਸ ਮਾਨ ਤੇ ਪਰਮਬੰਸ ਸਿੰਘ ਰੋਮਾਣਾ ਵੀ ਹਾਜ਼ਰ ਸਨ।







ਗਲਾਸਗੋ / ਲੰਡਨ ਖਬਰਨਾਮਾ / (ਮਨਦੀਪ ਖੁਰਮੀ ਹਿੰਮਤਪੁਰਾ)

# ਇੰਗਲੈਂਡ ਵਿੱਚ ਕੋਰੋਨਾ ਤਾਲਾਬੰਦੀ ਪਾਬੰਦੀਆਂ ਹਟਾਉਣ ਵਿੱਚ ਹੋਈ ਇੱਕ ਮਹੀਨੇ ਦੀ ਦੇਰੀ

**ਗਲਾਸਗੋ / ਲੰਡਨ–** ਇੰਗਲੈਂਡ ਵਿੱਚ ਕੋਰੋਨਾ ਵਾਇਰਸ ਤਾਲਾਬੰਦੀ ਤੋਂ 'ਫਰੀਡਮ ਡੇਅ' 21 ਜੂਨ ਨੂੰ ਮਿੱਥਿਆ ਗਿਆ ਸੀ, ਇਸ ਦਿਨ ਸਰਕਾਰ ਵੱਲੋਂ ਤਾਲਾਬੰਦੀ ਪਾਬੰਦੀਆਂ ਨੂੰ ਖਤਮ ਕੀਤਾ ਜਾਣਾ ਸੀ, ਪਰ ਹੁਣ ਇਹ ਪਾਬੰਦੀਆਂ ਤਕਰੀਬਨ ਚਾਰ ਹਫ਼ਤਿਆਂ ਦੀ ਦੇਰੀ ਨਾਲ ਖਤਮ ਕੀਤੀਆਂ ਜਾਣਗੀਆਂ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਪੁਸ਼ਟੀ ਕਰਦਿਆਂ ਦੱਸਿਆ ਹੈ ਕਿ ਭਾਰਤੀ ਕੋਰੋਨਾ ਵਾਇਰਸ ਵੇਰੀਐਂਟ ਡੇਲਟਾ ਦੇ ਕੇਸਾਂ ਵਿੱਚ ਵਾਧਾ ਹੋਣ ਕਾਰਨ ਇਹ ਦੇਰੀ ਕੀਤੀ ਜਾ ਰਹੀ ਹੈ। ਫਰਵਰੀ ਵਿੱਚ ਸਰਕਾਰ ਦੁਆਰਾ ਜਾਰੀ ਕੀਤੇ ਗਏ ਸਰਕਾਰੀ ਰੋਡ ਮੈਪ ਅਨੁਸਾਰ 21 ਜੂਨ ਨੂੰ ਸਾਰੇ ਸਮਾਜਿਕ ਸੰਪਰਕ ਨਿਯਮਾਂ ਨੂੰ ਖਤਮ ਕਰ ਦਿੱਤਾ ਜਾਣਾ ਸੀ। ਹਾਲਾਂਕਿ 21 ਜੂਨ ਨੂੰ ਦੇਸ਼ ਭਰ




ਵਿੱਚ ਵਿਆਹ 'ਚ ਸ਼ਾਮਲ ਹੋਣ ਦੀ 30 ਵਿਅਕਤੀਆਂ ਦੀ ਸੀਮਾ ਹਟਾ ਦਿੱਤੀ ਜਾਵੇਗੀ। ਪਰ ਸਮਾਜਿਕ ਦੂਰੀ ਦੇ ਨਿਯਮ ਅਤੇ ਮਾਸਕ ਪਹਿਨਣ ਦੀ ਜਰੂਰਤ 19 ਜੁਲਾਈ ਤੱਕ ਜਾਰੀ ਰਹੇਗੀ। ਮੌਜੂਦਾ ਸਮੇਂ ਭਾਰਤੀ ਵਾਇਰਸ ਦੇ ਰੂਪ ਕਾਰਨ ਸਿਹਤ ਵਿਗਿਆਨੀ ਕੋਰੋਨਾ ਵਾਇਰਸ ਦੀ ਤੀਜੀ ਲਹਿਰ ਦੀ ਚੇਤਾਵਨੀ ਦੇ ਰਹੇ ਹਨ। ਇਹਨਾਂ ਪਾਬੰਦੀਆਂ ਤਹਿਤ ਨਾਈਟ ਕਲੱਬ ਬੰਦ ਰਹਿਣਗੇ, ਖੇਡ ਪ੍ਰੋਗਰਾਮਾਂ ਲਈ ਵੀ ਗਿਣਤੀ 'ਤੇ ਪਾਬੰਦੀ ਦੇ ਨਾਲ ਘਰਾਂ ਵਿੱਚ ਛੇ ਲੋਕਾਂ ਦੇ ਨਿਯਮ ਦੀ ਪਾਲਣਾ ਕਰਨੀ ਵੀ ਜਰੂਰੀ ਹੈ।

ਜੌਹਨਸਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਗਲੈਂਡ ਵਿੱਚ ਕੋਰੋਨਾ ਵਾਇਰਸ ਦੇ ਕੇਸ ਹਰ ਹਫ਼ਤੇ ਤਕਰੀਬਨ 64% ਵਧ ਰਹੇ ਹਨ ਅਤੇ ਸਭ ਤੋਂ ਵੱਧ ਪ੍ਰਭਾਵਤ ਇਲਾਕਿਆਂ ਵਿੱਚ ਹਰ ਹਫ਼ਤੇ ਦੁੱਗਣੇ ਹੋ ਰਹੇ ਹਨ ਅਤੇ ਇੰਗਲੈਂਡ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਲੋਕਾਂ ਦੀ ਔਸਤਨ ਗਿਣਤੀ ਵੀ 50% ਅਤੇ ਉੱਤਰ-ਪੱਛਮ ਵਿੱਚ 61% ਵਧੀ ਹੈ। ਸਰਕਾਰ ਦੁਆਰਾ ਇਸ ਐਕਸਟੈਂਸ਼ਨ ਦੀ ਸਮੀਖਿਆ 5 ਜੁਲਾਈ ਨੂੰ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਡੈਲਟਾ ਸਟ੍ਰੇਨ ਜੋ ਕਿ ਹੁਣ ਯੂਕੇ ਵਿੱਚ ਕੋਵਿਡ ਦਾ ਪ੍ਰਭਾਵਸ਼ਾਲੀ ਰੂਪ ਹੈ, ਦੇ 90% ਕੇਸ ਹਨ।

# ਬ੍ਰਿਟੇਨ ਅਤੇ ਆਸਟਰੇਲੀਆ ਬ੍ਰੈਕਸਿਟ ਤੋਂ ਬਾਅਦ ਵਪਾਰ ਦੀਆਂ ਜਿਆਦਾਤਰ ਸ਼ਰਤਾਂ 'ਤੇ ਹੋਏ ਸਹਿਮਤ

**ਗਲਾਸਗੋ / ਲੰਡਨ–** ਯੂਕੇ ਅਤੇ ਆਸਟਰੇਲੀਆ ਨੇ ਸੋਮਵਾਰ ਨੂੰ ਬ੍ਰੈਕਸਿਟ ਤੋਂ ਬਾਅਦ ਦੇ ਵਪਾਰਿਕ ਸਮਝੌਤੇ ਦੀਆਂ ਵਿਆਪਕ ਸ਼ਰਤਾਂ 'ਤੇ ਸਹਿਮਤੀ ਜਤਾਈ ਹੈ, ਜਿਹਨਾਂ ਦਾ ਐਲਾਨ ਮੰਗਲਵਾਰ ਨੂੰ ਕੀਤਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਤੇ ਉਸ ਦੇ ਆਸਟਰੇਲੀਆਈ ਹਮਰੁਤਬਾ ਸਕੌਟ ਮੌਰੀਸਨ ਨੇ ਡਾਊਨਿੰਗ ਸਟ੍ਰੀਟ ਵਿੱਚ ਰਾਤ ਦੇ ਖਾਣੇ ਤੋਂ ਬਾਅਦ ਇਸ ਸਮਝੌਤੇ 'ਤੇ ਸਹਿਮਤੀ ਜਤਾਈ। ਡਾਉਨਿੰਗ ਸਟ੍ਰੀਟ ਅਨੁਸਾਰ ਜੇ ਇਸ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਇਹ ਸਮਝੌਤਾ ਯੂਰਪੀਅਨ ਯੂਨੀਅਨ ਤੋਂ ਯੂਕੇ ਦੇ ਬਾਹਰ ਜਾਣ ਤੋਂ ਬਾਅਦ ਦਾ ਪਹਿਲਾ ਵਪਾਰਕ ਸਮਝੌਤਾ ਹੋਵੇਗਾ। ਇਸ ਸਮਝੌਤੇ ਤਹਿਤ ਦੋਵਾਂ ਦੇਸ਼ਾਂ ਦੇ ਖੁਰਾਕ ਉਤਪਾਦਕਾਂ ਦੀ ਇੱਕ ਦੂਜੇ ਦੇ ਬਾਜ਼ਾਰਾਂ ਵਿੱਚ ਅਸਾਨ ਪਹੁੰਚ ਦੀ ਉਮੀਦ ਕੀਤੀ ਜਾਂਦੀ ਹੈ। ਬ੍ਰਿਟੇਨ ਦੀ




ਸਰਕਾਰ ਅਨੁਸਾਰ ਟਰਾਂਸ-ਪੈਸੀਫਿਕ ਪਾਰਟਨਰਸ਼ਿਪ (ਸੀ ਪੀ ਟੀ ਪੀ ਪੀ) ਲਈ ਵਿਆਪਕ ਅਤੇ ਪ੍ਰਗਤੀਸ਼ੀਲ ਸਮਝੌਤੇ ਦੀ ਸਦੱਸਤਾ ਬ੍ਰਿਟਿਸ਼ ਕਿਸਾਨਾਂ ਨੂੰ ਵੱਡੇ ਮੌਕੇ ਪ੍ਰਦਾਨ ਕਰ ਸਕਦੀ ਹੈ। ਹਾਲਾਂਕਿ, ਯੂਕੇ ਦੁਆਰਾ ਆਪਣੇ ਭੋਜਨ ਦੇ ਮਿਆਰਾਂ ਸਬੰਧੀ ਸਮਝੌਤਾ ਕਰਨ ਬਾਰੇ ਖੇਤੀਬਾੜੀ ਭਾਈਚਾਰੇ ਵਿੱਚ ਵੀ ਚਿੰਤਾਵਾਂ ਪਾਈਆਂ ਜਾ ਰਹੀਆਂ ਹਨ ਕਿਉਂਕਿ ਆਸਟਰੇਲੀਆ ਦੇ ਕਿਸਾਨਾਂ ਨੂੰ ਹਾਰਮੋਨ ਵਾਧੇ ਦੇ ਕੁੱਝ ਪ੍ਰਮੋਟਰ, ਕੀਟਨਾਸ਼ਕਾਂ ਆਦਿ ਦੀ ਵਰਤੋਂ ਕਰਨ ਦੀ ਆਗਿਆ ਹੈ ਜੋ ਕਿ ਯੂਕੇ ਵਿੱਚ ਪਾਬੰਦੀਸ਼ੁਦਾ ਹਨ।

## ਬਾਈਡੇਨ ਪ੍ਰਸ਼ਾਸਨ ਨੇ ਪੈਂਟਾਗਨ ਨੂੰ ਵਾਪਸ ਕੀਤੇ 2 ਬਿਲੀਅਨ ਡਾਲਰ ਦੇ ਫੰਡ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 12 ਜਨ 2021–** ਬਾਈਡਨ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਪੈਂਟਾਗਨ ਨੂੰ 2 ਬਿਲੀਅਨ ਡਾਲਰ ਤੋਂ ਵੱਧ ਦੇ ਫੌਜੀ ਫੰਡਾਂ ਨੂੰ ਵਾਪਸ ਕਰ ਦਿੱਤਾ ਹੈ ਜੋ ਕਿ ਸਾਬਕਾ ਰਾਸ਼ਟਰਪਤੀ ਟਰੰਪ ਨੇ ਸਰਹੱਦੀ ਦੀਵਾਰ ਦੀ ਉਸਾਰੀ ਲਈ ਤਬਦੀਲ ਕੀਤੇ



ਸਨ। ਟਰੰਪ ਪ੍ਰਸ਼ਾਸਨ ਦੌਰਾਨ ਪੈਂਟਾਗਨ ਕੰਸਟਰਕਸ਼ਨ ਫੰਡਾਂ ਵਿੱਚੋਂ ਲਈ ਗਈ 3.6 ਬਿਲੀਅਨ ਡਾਲਰ ਦੀ ਰਾਸ਼ੀ ਵਿੱਚੋਂ ਬਚੇ ਹੋਏ ਇਹਨਾਂ ਫੰਡਾਂ ਦੀ ਵਰਤੋਂ ਹੁਣ ਅਮਰੀਕਾ ਅਤੇ ਵਿਦੇਸ਼ਾਂ ਵਿੱਚ ਮਿਲਟਰੀ ਦੇ 60 ਤੋਂ ਵੱਧ ਪ੍ਰਾਜੈਕਟਾਂ ਲਈ ਕੀਤੀ ਜਾਵੇਗੀ। ਟਰੰਪ ਪ੍ਰਸ਼ਾਸਨ ਦੇ ਦੌਰਾਨ, ਫੈਡਰਲ ਸਰਕਾਰ ਨੇ ਅਮਰੀਕਾ-ਮੈਕਸੀਕੋ ਸਰਹੱਦ ਦੇ ਨਾਲ ਤਕਰੀਬਨ 52 ਮੀਲ ਦੀ ਸਰਹੱਦੀ ਦੀਵਾਰ ਬਣਾਈ ਸੀ ਜਿਸ ਵਿੱਚ ਪ੍ਰਤੀ ਮੀਲ 46 ਮਿਲੀਅਨ ਡਾਲਰ ਦੀ ਲਾਗਤ ਆਈ ਹੈ। ਟਰੰਪ ਪ੍ਰਸ਼ਾਸਨ ਦੌਰਾਨ ਮੈਕਸੀਕੋ ਦੀ ਸਰਹੱਦ ਦੇ ਨਾਲ ਦੀਵਾਰ ਦੀ ਉਸਾਰੀ ਅਮਰੀਕਾ ਦੇ ਇਤਿਹਾਸ ਵਿੱਚ ਇੱਕ ਮਹਿੰਗਾ ਫੈਡਰਲ ਕੰਸਟਰਕਸਨ ਪ੍ਰੋਜੈਕਟ ਸੀ। ਟਰੰਪ ਪ੍ਰਸ਼ਾਸਨ ਦੇ ਅਖੀਰ ਤੱਕ ਅਧਿਕਾਰੀਆਂ ਨੇ ਇਸ ਲਈ 15 ਬਿਲੀਅਨ ਡਾਲਰ ਦੀ ਪਛਾਣ ਕੀਤੀ ਹੈ, ਜਿਸ ਵਿੱਚੋਂ 10 ਬਿਲੀਅਨ ਡਾਲਰ ਮਿਲਟਰੀ ਦੇ ਕਾਊਂਟਰ ਨਾਰਕੋਟਿਕਸ ਅਤੇ ਨਿਰਮਾਣ ਪ੍ਰੋਗਰਾਮਾਂ ਤੋਂ ਤਬਦੀਲ ਕੀਤੇ ਗਏ ਸਨ।

ਇਹਨਾਂ ਮੁੜ ਬਹਾਲ ਕੀਤੇ ਫੰਡਾਂ ਨਾਲ 11 ਰਾਜਾਂ, ਤਿੰਨ ਅਮਰੀਕੀ ਟੈਰੀਟੋਰੀਜ਼ ਅਤੇ 16 ਦੇਸ਼ਾਂ ਦੇ ਫੌਜੀ ਪ੍ਰਾਜੈਕਟਾਂ ਨੂੰ ਫਾਇਦਾ ਮਿਲੇਗਾ। ਜਿਸ ਵਿੱਚ ਫੋਰਟ ਗਰੇਲੀ ਵਿੱਚ ਦੋ ਮਿਜ਼ਾਈਲ ਇੰਟਰਸੈਪਟਰ ਸ਼ਾਮਲ ਕਰਨੇ ਅਤੇ ਜਰਮਨੀ ਵਿੱਚ ਸਥਿਤ ਅਮਰੀਕੀ ਸੇਵਾ ਮੈਂਬਰਾਂ ਦੇ ਬੱਚਿਆਂ ਲਈ ਇੱਕ ਐਲੀਮੈਂਟਰੀ ਸਕੂਲ ਦਾ ਨਵੀਨੀਕਰਨ ਕਰਨ ਦੀ ਯੋਜਨਾ ਵੀ ਸ਼ਾਮਲ ਹੈ। ਇਸਦੇ ਇਲਾਵਾ ਉੱਤਰੀ ਕੈਰੋਲਿਨਾ ਵਿੱਚ ਦੋ ਸਮੁੰਦਰੀ ਬਟਾਲੀਅਨਾਂ , ਇੰਡੀਆਨਾ ਵਿੱਚ ਇੱਕ ਏਅਰ ਗਾਰਡ ਦਾ ਨਿਸ਼ਾਨੇਬਾਜ਼ੀ ਸਿਖਲਾਈ ਪ੍ਰੋਗਰਾਮ, ਅਤੇ ਫਲੋਰਿਡਾ ਵਿੱਚ ਟਿੰਡਲ ਏਅਰ ਫੋਰਸ ਬੇਸ 'ਤੇ ਇੱਕ ਸਟੇਸ਼ਨ ਵੀ ਸ਼ਾਮਲ ਹੈ, ਜਿਸ ਵਿੱਚ ਅੱਗ ਬੁਝਾਉਣ ਵਾਲੇ ਵਾਹਨ ਅਤੇ ਯੂ.ਐੱਸ. ਦੇ ਸਰਵਿਸ ਮੈਂਬਰ ਹੋਣਗੇ। ਸਰਹੱਦੀ ਦੀਵਾਰ ਦੀ ਉਸਾਰੀ ਰੋਕਣ ਦੇ ਨਾਲ ਇੱਕ ਰੱਖਿਆ ਅਧਿਕਾਰੀ ਦੇ ਅਨੁਸਾਰ, ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਦੇ ਸਮਰਥਨ ਵਿੱਚ, ਰਾਸ਼ਟਰੀ ਗਾਰਡ ਦੇ 3,800 ਮੈਂਬਰ ਦੱਖਣੀ ਸਰਹੱਦ 'ਤੇ ਤਾਇਨਾਤ ਰਹਿੰਦੇ ਹਨ, ਜਿਹਨਾਂ ਦੀ ਗਿਣਤੀ ਨੂੰ ਵਧਾਉਣ ਦੀ ਬੇਨਤੀ ਕੀਤੀ ਗਈ ਹੈ।

## ਅਮਰੀਕਾ ਵਿੱਚ ਪਹਿਲੇ ਮੁਸਲਿਮ ਫੈਡਰਲ ਜੱਜ ਦੀ ਸੈਨੇਟ ਦੁਆਰਾ ਕੀਤੀ ਗਈ ਪੁਸ਼ਟੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆ), 12 ਜੂਨ 2021–** ਅਮਰੀਕਾ ਦੀ ਸੈਨੇਟ ਦੁਆਰਾ ਜ਼ਹੀਦ ਕੁਰੈਸ਼ੀ ਦੀ ਵੀਰਵਾਰ ਨੂੰ ਪਹਿਲੇ ਮੁਸਲਿਮ ਫੈਡਰਲ ਜੱਜ ਵਜੋਂ ਪੁਸ਼ਟੀ ਕੀਤੀ ਗਈ ਹੈ। ਕੁਰੈਸ਼ੀ, ਜੋ ਇਸ ਸਮੇਂ ਮੈਜਿਸਟਰੇਟ ਜੱਜ ਹਨ, ਨਿਊਜਰਸੀ ਜ਼ਿਲ੍ਹੇ ਲਈ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਵਿੱਚ ਸੇਵਾ ਨਿਭਾਉਣਗੇ। ਸੈਨੇਟ ਵਿੱਚ 81-16 ਵੋਟਾਂ ਨਾਲ ਉਹਨਾਂ ਦੀ ਇਸ ਪਦ ਲਈ ਪੁਸ਼ਟੀ ਕੀਤੀ ਗਈ। ਕੁਰੈਸ਼ੀ ਅਮਰੀਕਾ ਦੇ ਇਤਿਹਾਸ ਵਿੱਚ ਪਹਿਲੇ ਅਮਰੀਕੀ ਮੁਸਲਮਾਨ ਹੋਣਗੇ ਜੋ ਆਰਟੀਕਲ ਦੇ ਫੈਡਰਲ ਜੱਜ ਵਜੋਂ ਸੇਵਾ ਕਰਨਗੇ। ਮੈਜਿਸਟਰੇਟ ਜੱਜ ਨਿਯੁਕਤ ਕਰਨ ਤੋਂ ਪਹਿਲਾਂ, ਕੁਰੈਸ਼ੀ ਰਿਟਰ ਡੈਨਜਿਗ ਦੇ ਵ੍ਹਾਈਟ ਕਾਲਰ ਕ੍ਰਿਮੀਨਲ ਡਿਫੈਂਸ ਐਂਡ ਇਨਵੈਸਟੀਗੇਸ਼ਨ ਗਰੁੱਪ ਦੇ ਪ੍ਰਮੁੱਖ ਅਤੇ ਫਰਮ ਦੇ ਪਹਿਲੇ ਚੀਫ ਡਾਇਵਰਸਿਟੀ ਅਫਸਰ ਸਨ। ਜਦਕਿ ਉਸ ਤੋਂ ਪਹਿਲਾਂ ਕੁਰੈਸ਼ੀ ਨੇ ਨਿਊਜਰਸੀ ਜ਼ਿਲ੍ਹੇ ਲਈ ਅਮਰੀਕਾ ਅਟਾਰਨੀ ਦੇ ਦਫਤਰ ਵਿੱਚ ਸਹਾਇਕ ਯੂਨਾਈਟਿਡ ਸਟੇਟ ਅਟਾਰਨੀ ਵਜੋਂ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਸੇਵਾ ਕੀਤੀ। ਰਾਸ਼ਟਰਪਤੀ ਜੋਅ ਬਾਈਡੇਨ ਨੇ ਮਾਰਚ ਵਿੱਚ ਵੰਨ ਸੁਵੰਨੇ ਵਿਅਕਤੀਆਂ ਵਾਲਾ 11 ਮੈਂਬਰੀ ਜੁਡੀਸ਼ੀਅਲ ਗਰੁੱਪ ਨਾਮਜ਼ਦ ਕੀਤਾ ਸੀ, ਜਿਨ੍ਹਾਂ ਵਿੱਚ ਕੁਰੈਸ਼ੀ ਵੀ ਸ਼ਾਮਲ ਸੀ। ਉਸ ਵੇਲੇ ਬਾਈਡੇਨ ਨੇ ਕਿਹਾ ਸੀ ਕਿ ਜੇ ਇਹਨਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਤਾਂ ਇਤਿਹਾਸ ਰਚਿਆ ਜਾਵੇਗਾ।



## ਜਾਰਜ ਫਲਾਇਡ ਦੇ ਕਤਲ ਦੀ ਵੀਡੀਓ ਬਨਾਉਣ ਵਾਲੀ ਡਾਰਨੇਲਾ ਫਰੇਜ਼ੀਅਰ ਨੂੰ ਮਿਲਿਆ ਵਿਸ਼ੇਸ਼ ਪੁਲਿਟਜ਼ਰ ਐਵਾਰਡ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 12 ਜਨ 2021–** ਅਮਰੀਕਾ ਵਿੱਚ ਪਿਛਲੇ ਸਾਲ ਇੱਕ ਕਾਲੇ ਮੂਲ ਦੇ ਵਿਅਕਤੀ ਜਾਰਜ ਫਲਾਇਡ ਨੂੰ ਗੋਰੇ ਪੁਲਿਸ ਅਧਿਕਾਰੀ ਦੁਆਰਾ ਧੋਣ 'ਤੇ ਗੋਡਾ ਰੱਖਕੇ ਮਾਰ ਦਿੱਤਾ ਗਿਆ ਸੀ। ਉਸ ਸਮੇਂ ਇਸ ਦਰਦਨਾਕ ਘਟਨਾ ਨੂੰ ਇੱਕ ਲੜਕੀ ਡਾਰਨੇਲਾ ਫਰੇਜ਼ੀਅਰ ਨੇ ਆਪਣੇ ਮੋਬਾਈਲ ਫੋਨ ਕੈਮਰੇ ਵਿੱਚ ਕੈਦ ਕਰ ਲਿਆ ਸੀ। ਇਸ ਵੀਡੀਓ ਨੇ ਬਾਅਦ ਵਿੱਚ ਇਸ ਮਾਮਲੇ ਨੂੰ ਸਾਹਮਣੇ ਲਿਆਉਣ ਵਿੱਚ ਕਾਨੂੰਨੀ ਤੌਰ 'ਤੇ ਮੱਦਦ ਵੀ ਕੀਤੀ ਸੀ। ਇਸ ਕੰਮ ਲਈ ਇਸ ਲੜਕੀ ਨੇ ਇਸ ਸਾਲ ਪੁਲਿਟਜ਼ਰ ਪੁਰਸਕਾਰ ਬੋਰਡ ਤੋਂ ਇੱਕ ਵਿਸ਼ੇਸ਼ ਪੁਰਸਕਾਰ ਜਿੱਤਿਆ ਹੈ। ਇਹ ਬੋਰਡ, ਜੋ ਹਰ ਸਾਲ ਦੇਸ਼ ਭਰ ਵਿੱਚ ਮਹੱਤਵਪੂਰਣ ਪੱਤਰਕਾਰੀ ਦੇ ਕੰਮਾਂ ਨੂੰ ਸਨਮਾਨ ਦਿੰਦਾ ਹੈ, ਨੇ ਜਾਰਜ ਫਲਾਇਡ ਦੀ ਹੱਤਿਆ ਦੀ ਹਿੰਮਤ ਨਾਲ ਰਿਕਾਰਡਿੰਗ ਕਰਨ ਲਈ ਫਰੇਜ਼ੀਅਰ ਨੂੰ ਵੱਕਾਰੀ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਹੈ। ਇਸਦੀ ਵੀਡੀਓ ਨੇ ਵਿਸ਼ਵ ਭਰ ਵਿੱਚ ਪੁਲਿਸ ਦੀ ਬੇਰਹਿਮੀ ਨੂੰ ਉਜਾਗਰ ਕੀਤਾ। ਉਸ ਵੇਲੇ ਫਰੇਜ਼ੀਅਰ 17 ਸਾਲਾਂ ਦੀ ਸੀ



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

**Postal Address of Desh Doaba :**
**5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

**'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁ-ਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ**



NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਨਮੁਖ, ਮਨੂੰਵਾਦੀ ਅਤੇ ਮੁਗਲ ਹੁਕਮਰਾਨ

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ-ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ/ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।

**ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।**

*ਤੁਮ ਕਹੀਅਤ ਹੋ ਜਗਤ ਗੁਰ ਸੁਆਮੀ*
*ਹਮ ਕਹੀਅਤ ਕਲਿਜੁਗ ਕੇ ਕਾਮੀ*
*ਗੌਤਮ ਨਰਿ ਉਪਾਦਿ ਸਵਾਮੀ*
*ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)*

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਚਿਤੌੜਗੜ੍ਹ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

*ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ/ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।*

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇੜਤਾ ਦਾ ਖਤਰਾ ਸੀ।



ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ. ਐਫ. ਰੌਡਰਿਗਜ਼, ਸ. ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ ''ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।'' ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

*ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।*

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ।

ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

*ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)*

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ. ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖ਼ੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'।

**ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ. ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ। ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।**

ਆਰੀਆ ਸਮਾਜੀ, ਸਨਾਤਨ ਧਰਮੀ ਅਤੇ ਆਰ. ਐਸ. ਐਸ. ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ. ਐਸ. ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸਥਾਪਤ ਕਰਨਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੀ ਗੱਲ ਨੂੰ ਇਸ ਤਰ੍ਹਾਂ ਕਹਿਣਾ ਚਾਹਾਂਗਾ- ਇਕ ਆਦਮੀ ਤਿੰਨ ਤਰ੍ਹਾਂ ਦੀਆਂ ਸ਼ੀਸ਼ੇ ਦੀਆਂ ਮੂਰਤੀਆਂ ਵੇਚ ਰਿਹਾ ਸੀ। ਇਨ੍ਹਾਂ ਮੂਰਤੀਆਂ ਦੀ ਪਾਰਦਰਸ਼ਤਾ ਕਾਰਨ ਸਰੀਰ ਦੇ ਸਾਰੇ ਅੰਦਰੂਨੀ ਅੰਗ ਜਿਵੇਂ ਦਿਲ, ਦਿਮਾਗ, ਫੇਫੜੇ, ਗੁਰਦੇ ਆਦਿ ਦਿਖਾਈ ਦਿੰਦੇ ਸਨ। ਤਿੰਨਾਂ 'ਚੋਂ ਪਹਿਲੀ ਦੀ ਕੀਮਤ ਇਕ ਹਜ਼ਾਰ ਡਾਲਰ ਸੀ, ਦੂਜੀ ਦੀ ਦਸ ਹਜ਼ਾਰ ਡਾਲਰ ਤੇ ਤੀਜੀ ਦੀ ਇਕ ਲੱਖ ਡਾਲਰ ਕੀਮਤ ਸੀ। ਇਕ ਵਿਅਕਤੀ ਨੇ ਇਨ੍ਹਾਂ ਦੀ ਕੀਮਤ ਵਿਚ ਇੰਨੇ ਫਰਕ ਬਾਰੇ ਸਵਾਲ ਕੀਤਾ ਕਿ ਇਹ ਦੇਖਣ ਨੂੰ ਅਤੇ ਮਟੀਰੀਅਲ ਵੀ ਇਕੋ ਜਿਹਾ ਹੈ ਪਰ ਕੀਮਤ ਵਿਚ ਫਰਕ ਕਿਉਂ ਹੈ?

ਉਸ ਦੁਕਾਨਦਾਰ ਨੇ ਇਕ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਜੋ ਤੁਰੰਤ ਦੂਜੇ ਕੰਨ ਰਾਹੀਂ ਬਾਹਰ ਆ ਗਈ। ਦੁਕਾਨਦਾਰ ਨੇ ਕਿਹਾ ਕਿ ਇਹ ਮੂਰਤੀ ਉਸ ਵਿਅਕਤੀ ਵਾਂਗ ਹੈ ਜੋ ਕੋਈ ਗੱਲ ਇਕ ਕੰਨ ਨਾਲ ਸੁਣਦਾ ਹੈ ਅਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ ਹੈ। ਦੂਜੀ ਦਸ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਗਾਹਕ ਨੇ ਵੇਖਿਆ ਕਿ ਇਸ ਵਾਰ ਸੂਈ ਦੂਜੇ ਕੰਨ ਰਾਹੀਂ ਨਾ ਨਿਕਲ ਕੇ ਸਰੀਰ ਦੇ ਸਾਰੇ ਹਿੱਸੇ ਵਿਚ ਗਈ ਪਰ ਦਿਮਾਗ ਵੱਲ ਨਾ ਜਾ ਕੇ ਮੂੰਹ ਰਾਹੀਂ ਨਿਕਲ ਗਈ। ਉਸ ਨੇ ਦੱਸਿਆ ਕਿ ਇਹ ਮੂਰਤੀ ਉਸ ਵਿਅਕਤੀ ਵਰਗੀ ਹੈ ਜੋ ਗੱਲ ਨੂੰ ਧਿਆਨ ਨਾਲ ਸੁਣਦਾ ਤਾਂ ਹੈ ਪਰ ਵਿਚਾਰਦਾ ਨਹੀਂ।

ਜਦੋਂ ਤੀਜੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਸਾਰੇ ਸਰੀਰ ਵਿਚ ਜਾ ਕੇ ਫਿਰ ਦਿਮਾਗ ਵਿਚ ਕੁਝ ਸਮਾਂ ਠਹਿਰ ਕੇ ਫਿਰ ਮੂੰਹ ਰਾਹੀਂ ਨਿਕਲ ਗਈ ਤਾਂ ਉਸ ਨੇ ਕਿਹਾ ਕਿ ਇਹ ਮੂਰਤੀ ਉਸ ਸੂਝਵਾਨ ਵਿਅਕਤੀ ਵਾਂਗ ਹੈ ਜੋ ਕਿਸੇ ਗੱਲ ਨੂੰ ਧਿਆਨ ਨਾਲ ਸੁਣ ਕੇ ਉਸ ਉਪਰ ਖੂਬ ਵਿਚਾਰ ਕੇ ਬੋਲਦਾ ਹੈ।

ਪਰ ਸਾਡੇ ਗੁਰੂਆਂ ਨੇ ਉਪਦੇਸ਼ ਹੀ ਨਹੀਂ ਦਿੱਤਾ। ਉਨ੍ਹਾਂ ਉਪਦੇਸ਼ਾਂ ਨੂੰ ਅਮਲੀ ਜਾਮਾ ਪਾਉਣ ਲਈ ਸਖ਼ਤ ਘਾਲਣਾ ਵੀ ਕੀਤੀ। ਆਪਣੇ ਅਤੇ ਆਪਣੇ ਗੁਰਸਿੱਖਾਂ ਦੇ ਸਰਬੰਸ ਤੱਕ ਵਾਰ ਦਿੱਤੇ। ਅੱਜ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਘੋਖਣਾ/ਵਿਚਾਰਨਾ ਹੈ ਅਤੇ ਉਸ ਤੋਂ ਨਿਕਲੇ ਸਿੱਟਿਆਂ ਨੂੰ ਸੋਚ ਸਮਝ ਕੇ ਜੀਵਨ ਵਿਚ ਢਾਲਣੇ ਹਨ। ਅੱਜ ਜੋ ਸਾਡੇ ਗੁਰੂਆਂ ਦੇ ਜੀਵਨ ਉਪਦੇਸ਼ਾਂ ਤੇ ਪਹਿਰਾ ਦੇ ਰਹੇ ਹਨ, ਉਹਨਾਂ ਵਿਅਕਤੀਆਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੈ।

**-ਪ੍ਰੇਮ ਕੁਮਾਰ ਚੁੰਬਰ (ਸੰਪਾਦਕ 'ਦੇਸ ਦੁਆਬਾ')**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# 6 ਘੰਟਿਆਂ ਦੌਰਾਨ ਵੱਡੇ ਪੱਧਰ 'ਤੇ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ 'ਚ ਹੋਈ 6 ਲੋਕਾਂ ਦੀ ਮੌਤ


**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021–** ਅਮਰੀਕਾ ਦੇ ਸ਼ਹਿਰਾਂ ਵਿੱਚ ਪਿਛਲੇ ਹਫਤੇ ਦੇ ਅਖੀਰ ਵਿੱਚ ਗੋਲੀਬਾਰੀ ਦੀਆਂ ਹੋਈਆਂ ਘਟਨਾਵਾਂ ਵਿੱਚ 6 ਲੋਕਾਂ ਦੀ ਮੌਤ ਹੋਣ ਦੇ ਨਾਲ ਘੱਟੋ ਘੱਟ 39 ਲੋਕ ਜ਼ਖਮੀ ਹੋਏ ਹਨ।

ਅਮਰੀਕਾ ਦੇ ਅਸਟਿਨ, ਕਲੀਵਲੈਂਡ, ਸ਼ਕਿਾਗੋ ਅਤੇ ਸਵਾਨਾ ਆਦਿ ਸ਼ਹਿਰਾਂ ਵਿੱਚ ਪੁਲਿਸ ਸ਼ੁੱਕਰਵਾਰ ਦੀ ਰਾਤ ਅਤੇ ਸ਼ਨੀਵਾਰ ਦੀ ਸਵੇਰ ਦੇ ਵਿਚਕਾਰ ਤਕਰੀਬਨ 6 ਘੰਟਿਆਂ ਦੌਰਾਨ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ। ਸਵਾਨਾ ਦੇ ਪੁਲਿਸ ਮੁਖੀ ਅਨੁਸਾਰ ਸ਼ੁੱਕਰਵਾਰ ਨੂੰ ਰਾਤ 9 ਵਜੇ ਦੇ ਕਰੀਬ ਪੂਰਬੀ ਸਵਾਨਾ ਦੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਘਰ ਦੇ ਸਾਹਮਣੇ ਖੜ੍ਹੇ ਲੋਕਾਂ ਦੇ ਸਮੂਹ 'ਤੇ ਇੱਕ ਸੇਡਾਨ ਕਾਰ ਵਿੱਚੋਂ ਗੋਲੀਬਾਰੀ ਕੀਤੀ ਗਈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 18 ਮਹੀਨੇ ਦੇ ਇੱਕ ਬੱਚੇ ਅਤੇ ਦੋ ਕਿਸ਼ੋਰਾਂ ਸਮੇਤ ਅੱਠ ਹੋਰ ਜ਼ਖਮੀ ਹੋ ਗਏ। ਮਾਰੇ ਗਏ 20 ਸਾਲਾ ਵਿਅਕਤੀ ਦੀ ਪਛਾਣ ਸਵਾਨਾ ਦੇ ਆਰਥਰ ਮਿਲਟਨ ਵਜੋਂ ਕੀਤੀ ਗਈ ਹੈ।ਪੁਲਿਸ ਨੇ ਦੱਸਿਆ ਕਿ ਸਵਾਨਾ ਦੀ ਗੋਲੀਬਾਰੀ ਤੋਂ ਤਕਰੀਬਨ ਚਾਰ ਘੰਟੇ ਬਾਅਦ, ਅਸਟਿਨ ਡਾਊਨਟਾਊਨ ਇੰਟਨਟੇਨਮੈਂਟ ਡਿਸਟ੍ਰਿਕਟ ਦੀ ਇੱਕ ਗਲੀ 'ਚ ਗੋਲੀਆਂ ਚੱਲੀਆਂ, ਜਿਸ ਵਿੱਚ ਇੱਕ ਦੀ ਮੌਤ, 13 ਲੋਕ ਜ਼ਖਮੀ ਅਤੇ ਇੱਕ ਵਿਅਕਤੀ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਮੁਖੀ ਜੋਸੇਫ ਚੈਕਨ ਨੇ ਕਿਹਾ ਕਿ ਇੱਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਦੂਸਰੇ ਦੀ ਭਾਲ ਕੀਤੀ ਜਾ ਰਹੀ ਹੈ। ਇਹ ਗੋਲੀਬਾਰੀ ਦੋ ਸਮੂਹਾਂ ਵਿਚਾਲੇ ਝਗੜੇ ਕਾਰਨ ਹੋਈ ਅਤੇ ਇਸਦੇ ਸ਼ਕਿਾਰ ਜਿਆਦਾਤਰ ਲੋਕ ਬੇਕਸੂਰ ਲੋਕ ਸਨ।ਅਸਟਿਨ ਵਿੱਚ ਸਮੂਹਿਕ ਗੋਲੀਬਾਰੀ ਤੋਂ ਬਾਅਦ ਸ਼ਕਿਾਗੋ ਦੇ ਦੱਖਣ ਵਾਲੇ ਪਾਸੇ ਫੁੱਟਪਾਥ ਤੇ ਸ਼ੂਟਿੰਗ ਹੋਈ ਜਿਸ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਅਤੇ 9 ਲੋਕ ਜ਼ਖਮੀ ਹੋ ਗਏ। ਸ਼ਕਿਾਗੋ ਦੇ ਪੁਲਿਸ ਅਧਿਕ–ਾਰੀਆਂ ਨੇ ਦੱਸਿਆ ਕਿ ਜਾਂਚਕਰਤਾ ਦੋ ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੇ ਹਨ ਜਿਹਨਾਂ ਨੇ ਸ਼ਕਿਾਗੋ ਦੇ ਚੈਥਮ ਨੇੜੇ ਇੱਕ ਭੀੜ ਵਾਲੇ ਫੁੱਟਪਾਥ 'ਤੇ&; ਸ਼ਨੀਵਾਰ ਨੂੰ ਰਾਤ 2 ਵਜੇ ਤੋਂ ਬਾਅਦ ਗੋਲੀਬਾਰੀ ਕੀਤੀ। ਪੁਲਿਸ ਦੁਆਰਾ ਇਹਨਾਂ ਅਤੇ ਹੋਰ ਗੋਲੀਬਾਰੀ ਦੀਆਂ ਘਟਨਾਵਾਂ ਲਈ ਦੁੱਖ ਪ੍ਰਗਟ ਕੀਤਾ ਗਿਆ ਹੈ ਅਤੇ ਇਹਨਾਂ ਦੀ ਜਾਂਚ ਜਾਰੀ ਹੈ। ਇੱਕ ਆਨਲਾਈਨ ਸਾਈਟ ਗੰਨ ਵਾਇਓਲੈਂਸ ਆਰਚੀਵ ਜੋ ਕਿ ਦੇਸ਼ ਭਰ ਵਿੱਚ ਗੋਲੀਬਾਰੀ ਨੂੰ ਵੇਖਦੀ ਹੈ, ਦੇ ਅਨੁਸਾਰ 2021 ਵਿੱਚ ਦੇਸ਼ ਭਰ 'ਚ 270 ਵਾਰ ਵੱਡੇ ਪੱਧਰ 'ਤੇ ਗੋਲੀਬਾਰੀ ਕੀਤੀ ਗਈ ਹੈ।



# ਜਾਰਜੀਆ ਦੇ ਇੱਕ ਸਟੋਰ ਵਿੱਚ ਮਾਸਕ ਪਹਿਨਣ ਲਈ ਹੋਏ ਝਗੜੇ ਨੇ ਲਈ ਕੈਸ਼ੀਅਰ ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆ), 15 ਜਨ 2021–** ਜਾਰਜੀਆ ਦੇ ਇੱਕ ਸਟੋਰ ਵਿੱਚ ਮਾਸਕ ਪਹਿਨਣ ਲਈ ਹੋਏ ਝਗੜੇ ਦੌੌਰਾਨ ਚੱਲੀ ਗੋਲੀ ਵਿੱਚ ਸਟੋਰ ਦੇ ਕੈਸ਼ੀਅਰ ਦੀ ਮੌਤ ਹੋ ਗਈ ਹੈ। ਇਸ ਗੋਲੀਬਾਰੀ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਸੋਮਵਾਰ ਦੁਪਹਿਰ ਨੂੰ ਜਾਰਜੀਆ ਦੇ ਇੱਕ ਸਟੋਰ ਵਿੱਚ ਕੋਵਿਡ -19 ਦੀ ਮਾਸਕ ਨੀਤੀ ਨੂੰ ਲੈ ਕੇ ਇੱਕ ਬਹਿਸ ਤੋਂ ਬਾਅਦ ਗੋਲੀ ਚੱਲਣ ਕਾਰਨ ਇੱਕ ਮੌਤ ਹੋਣ ਦੇ ਨਾਲ ਦੋ ਵਿਅਕਤੀ ਜ਼ਖਮੀ ਹੋ ਗਏ । ਇਹ ਘਟਨਾ ਡੇਕਲੈਬ ਕਾਊਂਟੀ ਦੇ ਕੈਂਡਲਰ




ਰੋਡ ਦੇ ਨੇੜੇ ਬਿਗ ਬੀਅਰ ਸਟੋਰ 'ਤੇ ਦੁਪਹਿਰ 1:10 ਵਜੇ ਵਾਪਰੀ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਅਨੁਸਾਰ ਜਾਰਜੀਆ ਦੇ ਪਲਮੇਟੋ ਨਾਲ ਸਬੰਧਿਤ ਇੱਕ 30 ਸਾਲਾਂ ਵਿਅਕਤੀ ਵਿਕਟਰ ਲੀ ਟਕਰ ਜੂਨੀਅਰ, ਸਟੋਰ ਵਿੱਚ ਦਾਖਲ ਹੋਇਆ ਸੀ ਅਤੇ ਉਸਦਾ ਇੱਕ ਕੈਸ਼ੀਅਰ ਨਾਲ ਚਿਹਰੇ ਦਾ ਮਾਸਕ ਪਾਉਣ ਨੂੰ ਲੈ ਕੇ ਝਗੜਾ ਹੋਇਆ।

ਇਸ ਦੌਰਾਨ ਟਕਰ ਆਪਣੀ ਖਰੀਦਦਾਰੀ ਕੀਤੇ ਬਿਨਾਂ ਸਟੋਰ ਛੱਡ ਗਿਆ, ਪਰ ਦੁਬਾਰਾ ਫਿਰ ਅੰਦਰ ਆਕੇ ਇੱਕ ਹੈਂਡਗਨ ਨਾਲ ਕੈਸ਼ੀਅਰ ਨੂੰ ਗੋਲੀ ਮਾਰ ਦਿੱਤੀ। ਇਸੇ ਦੌਰਾਨ ਸਟੋਰ ਵਿੱਚ ਮੌਜੂਦ ਇੱਕ ਸਾਬਕਾ ਪੁਲਿਸ ਅਧਿਕਾਰੀ ਨੇ ਆਪਣੀ ਗੰਨ ਨਾਲ ਟਕਰ 'ਤੇ ਗੋਲੀ ਚਲਾਈ ਜਿਸ ਨਾਲ ਉਹ ਜਖਮੀ ਹੋ ਗਿਆ ਪਰ ਉਸਨੇ ਅਧਿਕਾਰੀ 'ਤੇ ਵੀ ਗੋਲੀ ਚਲਾਈ ਅਤੇ ਉਸਨੂੰ ਮਾਰਿਆ। ਇਸ ਹਮਲੇ ਵਿੱਚ ਪੀੜਤ ਕੈਸ਼ੀਅਰ ਨੂੰ ਗ੍ਰੈਡੀ ਮੈਮੋਰੀਅਲ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਡਿਪਟੀ ਨੂੰ ਵੀ ਐਟਲਾਂਟਾ ਮੈਡੀਕਲ ਸੈਂਟਰ ਲਿਜਾਇਆ ਗਿਆ। ਟਕਰ, ਜਿਸਨੂੰ ਅਧਿਕਾਰੀਆਂ ਨੇ ਸਟੋਰ ਤੋਂ ਭੱਜਣ ਦੀ ਕੋਸ਼ਸ਼ਿ ਕਰਨ ਦੌਰਾਨ ਗ੍ਰਿਫਤਾਰ ਕਰ ਲਿਆ ਸੀ, ਨੂੰ ਵੀ ਗ੍ਰੈਡੀ ਹਸਪਤਾਲ ਲਿਜਾਇਆ ਗਿਆ ਸੀ। ਪੁਲਿਸ ਅਨੁਸਾਰ ਟਕਰ ਉੱਤੇ ਦੋਸ਼ ਲਗਾਉਣੇ ਅਜੇ ਪੈਂਡਿੰਗ ਹਨ।

# ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਦਿੱਤਾ ਸਾਰੀਆਂ ਮਹਿਲਾ ਸੈਨੇਟਰਾਂ ਨੂੰ ਡਿਨਰ ਦਾ ਸੱਦਾ

**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021–** ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਦੇਸ਼ ਦੀ ਸੈਨੇਟ ਵਿੱਚ ਸ਼ਾਮਲ ਸਾਰੀਆਂ ਮਹਿਲਾ ਸੈਨੇਟਰਾਂ ਨੂੰ ਮੰਗਲਵਾਰ ਦੀ ਸ਼ਾਮ ਨੂੰ ਨੇਵਲ ਆਬਜ਼ਰਵੇਟਰੀ ਵਿਖੇ ਉਸਦੇ ਘਰ ਵਿੱਚ ਡਿਨਰ ਲਈ ਸੱਦਾ ਦਿੱਤਾ ਹੈ। ਹੈਰਿਸ ਨੇ ਦੇਸ਼ ਦੇ ਸਾਰੀਆਂ 24 ਮਹਿਲਾ ਸੈਨੇਟਰਾਂ ਜਿਹਨਾਂ ਵਿੱਚ16 ਡੈਮੋਕਰੇਟ ਅਤੇ 8 ਰਿਪਬਲੀਕਨ ਹਨ ਨੂੰ ਡਿਨਰ ਲਈ ਬੁਲਾਇਆ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਉਪ-ਰਾਸ਼ਟਰਪਤੀ ਦੀ ਰਿਹਾਇਸ਼ 'ਤੇ ਸੰਸਦ ਮੈਂਬਰਾਂ ਦੀ ਮੇਜ਼ਬਾਨੀ ਹੋਵੇਗੀ। ਅਲਾਸਕਾ ਦੀ ਲੀਜ਼ਾ ਮਰੋਕੋਵਸਕੀ ਅਤੇ ਮਾਈਨ ਦੀ ਸੁਜੈਨ ਕੋਲਿੰਸ ਜੋ ਕਿ ਰਿਪਬਲਿਕਨ ਸੈਨੇਟਰ ਹਨ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਰਾਤ ਦੇ ਖਾਣੇ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾਈ ਹੈ। ਮੰਗਲਵਾਰ ਦੇ ਖਾਣੇ 'ਤੇ ਜਾ ਰਹੀਆਂ ਸੈਨੇਟਰਾਂ ਨੂੰ ਕੋਵਿਡ -19 ਲਈ ਨਕਾਰਾਤਮਕ ਟੈਸਟ ਦੇਣ ਦੀ ਜ਼ਰੂਰਤ ਹੈ। ਉਪ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ, ਹੈਰਿਸ ਨੇ ਸਾਲ 2017 ਤੋਂ ਕੈਲੀਫੋਰਨੀਆ ਦੀ ਜੂਨੀਅਰ ਸੈਨੇਟਰ ਵਜੋਂ ਸੇਵਾ ਨਿਭਾਈ ਹੈ।ਹੈਰਿਸ ਨੂੰ ਮੈਕਸੀਕੋ ਦੇ ਨਾਲ ਲੱਗਦੀ ਦੱਖਣੀ ਸਰਹੱਦ ਦਾ ਦੌਰਾ ਕਰਨ ਲਈ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਮਾਰਚ ਵਿੱਚ ਸਰਹੱਦ 'ਤੇ ਪਰਵਾਸੀਆਂ ਦੇ ਵਾਧੇ ਨਾਲ ਨਜਿੱਠਣ ਦਾ ਕੰਮ ਸੌਂਪਿਆ ਗਿਆ ਸੀ ਅਤੇ ਪਿਛਲੇ ਹਫ਼ਤੇ ਹੈਰਿਸ ਗੈਰ ਕਾਨੂੰਨੀ ਪ੍ਰਵਾਸ ਦੇ ਮਸਲਿਆਂ ਸੰਬੰਧੀ ਗੱਲਬਾਤ ਕਰਨ ਲਈ ਗੁਆਟੇਮਾਲਾ ਅਤੇ ਮੈਕਸੀਕੋ ਦੀ ਯਾਤਰਾ 'ਤੇ ਗਈ ਸੀ।





# ਪਿਛਲੇ 10 ਸਾਲਾਂ ਦੌਰਾਨ ਸੈਨਾ ਦੀਆਂ ਘੱਟੋ ਘੱਟ 1,900 ਬੰਦੂਕਾਂ ਹੋਈਆਂ ਗੁੰਮ ਜਾਂ ਚੋਰੀ

**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021–** ਅਮਰੀਕਾ ਵਿੱਚ ਐਸੋਸੀਏਟਡ ਪ੍ਰੈਸ (ਏ ਪੀ) ਦੁਆਰਾ ਕੀਤੀ ਇੱਕ ਜਾਂਚ ਵਿੱਚ ਪਾਇਆ ਗਿਆ ਹੈ ਕਿ 2010 ਦੇ ਦਹਾਕੇ ਦੌਰਾਨ ਅਮਰੀਕੀ ਸੈਨਾਵਾਂ ਦੇ ਘੱਟੋ-ਘੱਟ 1,900 ਹਥਿਆਰ ਗੁੰਮ ਜਾਂ ਚੋਰੀ ਹੋਏ ਸਨ, ਜਿਨ੍ਹਾਂ ਵਿੱਚ ਕੁੱਝ ਹਿੰਸਕ ਜੁਰਮਾਂ ਵਿੱਚ ਵਰਤੇ ਗਏ ਹਨ। ਸਰਕਾਰੀ ਰਿਕਾਰਡ ਵਿੱਚ ਆਰਮੀ, ਮਰੀਨ ਕੋਰ, ਨੇਵੀ ਅਤੇ ਏਅਰ ਫੋਰਸ ਦੇ ਪਿਸਤੌਲ, ਮਸ਼ੀਨ ਗਨ, ਸ਼ਾਟ ਗਨ ਅਤੇ ਆਟੋਮੈਟਿਕ ਅਸਾਲਟ ਰਾਈਫਲਾਂ ਆਦਿ ਅਸਲਾ ਸਪਲਾਈ ਵੇਅਰਹਾਊਸ, ਨੇਵੀ ਜੰਗੀ ਜਹਾਜ਼ਾਂ ਅਤੇ ਹੋਰ ਸਥਾਨਾਂ ਤੋਂ ਗਾਇਬ ਹੋ ਗਈਆਂ ਹਨ। ਇਹ ਹਥਿਆਰ ਸੁਰੱਖਿਆ ਅਸਫਲਤਾਵਾਂ ਦੇ ਕਾਰਨ ਗੁੰਮ ਹੋਏ ਹਨ ਜਿੰਨਾਂ ਦੀ ਹੁਣ ਤੱਕ ਜਨਤਕ ਤੌਰ ਤੇ ਕੋਈ ਖਬਰ ਨਹੀਂ ਆਈ ਹੈ। ਰਿਪੋਰਟ ਅਨੁਸਾਰ ਇੱਕ ਕੇਸ ਵਿੱਚ, ਅਧਿਕਾਰੀਆਂ ਨੇ ਫੋਰਟ ਬ੍ਰੈਗ, ਨੌਰਥ ਕੈਰੋਲਿਨਾ ਤੋਂ ਚੋਰੀ ਕੀਤੇ ਇੱਕ ਆਰਮੀ ਪਿਸਤੌਲ ਨੂੰ ਇਸ ਦੇ ਬਰਾਮਦ ਹੋਣ ਤੋਂ ਪਹਿਲਾਂ ਨਿਊਯਾਰਕ ਵਿੱਚ ਚਾਰ ਵਾਰ ਹੋਈ ਗੋਲੀਬਾਰੀ ਵਿੱਚ ਵਰਤਿਆ ਗਿਆ ਹੈ ਅਤੇ ਬੋਸਟਨ ਸਟ੍ਰੀਟ ਦੀ ਇੱਕ ਰੋਬਰੀ ਵਿੱਚ ਵੀ ਇੱਕ ਹੋਰ ਚੋਰੀ ਹੋਈ ਆਰਮੀ ਪਿਸਤੌਲ ਵਰਤੀ ਗਈ ਸੀ। ਫੌਜੀ ਹਥਿਆਰਾਂ ਦੀ ਚੋਰੀ ਵਿਸ਼ਵਵਿਆਪੀ ਪੱਧਰ 'ਤੇ ਫੈਲੀ ਹੈ। ਅਫਗਾਨਿਸਤਾਨ ਵਿੱਚ, ਕਿਸੇ ਨੇ ਇੱਕ ਆਰਮੀ ਕੰਟੇਨਰ 'ਚ ਪੈਡਲੌਕ ਕੱਟ ਕੇ 65 ਬੇਰੇਟਾ ਐਮ 9 ਚੋਰੀ ਕਰ ਲਿਆ ਸੀ। ਇੰਨਾ ਹੀ ਨਹੀਂ ਫੌਜੀ ਵਿਸਫੋਟਕ ਹਥਿਆਰ ਵੀ ਚੋਰੀ ਕੀਤੇ ਗਏ ਸਨ, ਜਿਸ ਵਿੱਚ ਗ੍ਰਨੇਡ ਵੀ ਸ਼ਾਮਲ ਸਨ ,ਜੋ ਕਿ ਐਟਲਾਂਟਾ ਦੀ ਇੱਕ ਜਾਇਦਾਦ ਦੇ ਵਿਹੜੇ ਵਿੱਚ ਮਿਲੇ ਸਨ। ਉਸ ਘਟਨਾ ਦੇ ਨਾਲ ਹੋਰ ਬਹੁਤ ਮਾਮਲਿਆਂ ਵਿੱਚ ਫੌਜੀ ਜਾਂਚਕਰਤਾਵਾਂ ਨੇ ਜ਼ੁੰਮੇਵਾਰ ਵਿਅਕਤੀਆਂ ਨੂੰ ਲੱਭਣ ਤੋਂ ਬਿਨਾਂ ਹੀ ਕੇਸ ਬੰਦ ਕਰ ਦਿੱਤੇ ਹਨ। ਪੈਂਟਾਗਨ ਚੋਰੀ ਕੀਤੇ ਹਥਿਆਰਾਂ ਬਾਰੇ ਸਾਲਾਨਾ ਅਪਡੇਟ ਕਾਂਗਰਸ ਨਾਲ ਸਾਂਝਾ ਕਰਦਾ ਸੀ, ਪਰ ਇਹ ਜ਼ਰੂਰਤ ਕਈ ਸਾਲ ਪਹਿਲਾਂ ਖ਼ਤਮ ਹੋ ਗਈ ਸੀ।

# ਅਮਰੀਕਾ ਵਿੱਚ 5,800 ਤੋਂ ਵੱਧ ਡਾਕ ਕਰਮਚਾਰੀ ਪਿਛਲੇ ਸਾਲ ਹੋਏ ਕੁੱਤਿਆਂ ਦੁਆਰਾ ਹਮਲੇ ਦੇ ਸ਼ਿਕਾਰ

**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021–** ਡਾਕ ਵਿਭਾਗ ਅਤੇ ਇਸਦੇ ਕਰਮਚਾਰੀਆਂ ਦੀ ਸਾਡੇ ਜੀਵਨ ਵਿੱਚ ਬਹੁਤ ਮਹੱਤਤਾ ਹੈ, ਕਿਉਂਕਿ ਇਹ ਚਿੱਠੀ ਪੱਤਰਾਂ ਨੂੰ ਸਾਡੇ ਤੱਕ ਪਹੁਚਾਉਂਦੇ ਹਨ। ਕਈ ਵਾਰ ਇਹਨਾਂ ਕਰਮਚਾਰੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ,ਜਿਸ ਵਿੱਚ ਪਾਲਤੂ ਜਾਨਵਰਾਂ ਦੁਆਰਾ ਕੀਤੇ ਜਾਣ ਵਾਲੇ ਹਮਲੇ ਵੀ ਸ਼ਾਮਲ ਹਨ। ਅਜਿਹੇ ਹੀ ਹਮਲਿਆਂ ਦਾ ਸ਼ਕਿਾਰ ਪਿਛਲੇ ਸਾਲ 5,800 ਤੋਂ ਵੱਧ ਯੂ ਐਸ ਪੋਸਟਲ ਸਰਵਿਸ( ਯੂ ਐਸ ਪੀ ਐਸ) ਦੇ ਕਰਮਚਾਰੀ ਹੋਏ ਹਨ, ਜਿਹਨਾਂ 'ਤੇ ਕੁੱਤਿਆਂ ਨੇ ਹਮਲਾ ਕੀਤਾ ਹੈ। ਏਜੰਸੀ ਨੇ ਹਾਲ ਹੀ ਵਿੱਚ ਇਸ ਮੁੱਦੇ ਨੂੰ ਉਜਾਗਰ ਕਰਨ ਦੀ ਮੁਹਿੰਮ ਤੋਂ ਪਹਿਲਾਂ ਇਸ ਦੀ ਜਾਣਕਾਰੀ ਦਿੱਤੀ ਹੈ।ਯੂ ਐਸ ਪੀ ਐਸ ਨੇ ਵੀਰਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਕਿ ਕੁੱਤਿਆਂ ਦੁਆਰਾ ਵੱਢਣ ਅਤੇ ਭਿਆਨਕ ਹਮਲੇ ਡਾਕ ਕਰਮਚਾਰੀਆਂ ਅਤੇ ਆਮ ਲੋਕਾਂ ਲਈ ਗੰਭੀਰ ਖ਼ਤਰਾ ਹਨ। ਇਸ ਸਬੰਧੀ ਰਿਪੋਰਟ ਅਨੁਸਾਰ ਅਮਰੀਕਾ ਦੇ ਸਾਰੇ ਵੱਡੇ ਸ਼ਹਿਰਾਂ ਵਿਚੋਂ, ਹਿਊਸਟਨ ਨੇ ਪਿਛਲੇ ਸਾਲ ਪੱਤਰ-ਕੈਰੀਅਰਾਂ 'ਤੇ ਕੁੱਤਿਆਂ ਦੇ ਸਭ ਤੋਂ ਵੱਧ 73 ਹਮਲੇ ਦਰਜ ਕੀਤੇ ਸਨ , ਜਿਸਦੇ ਬਾਅਦ ਸਿਕਾਗੋ ਅਤੇ ਲਾਸ ਏਂਜਲਸ ਕ੍ਰਮਵਾਰ 59 ਅਤੇ 54 ਦੀ ਗਿਣਤੀ ਦੇ ਨਾਲ ਇਸ ਸੂਚੀ ਵਿੱਚ ਦੂਜੇ ਅਤੇ ਤੀਜੇ ਸਥਾਨ 'ਤੇ ਸਨ। ਇਸ ਦੌਰਾਨ ਸਟੇਟ ਪੱਧਰ 'ਤੇ ਕੈਲੀਫੋਰਨੀਆ ਵਿੱਚ 2020 'ਚ 782 ਕੁੱਤਿਆਂ ਦੇ ਸਭ ਤੋਂ ਵੱਧ ਹਮਲੇ ਹੋਏ ਅਤੇ ਨਿਊਯਾਰਕ ਵਿੱਚ 295 ਹਮਲੇ ਹੋਏ। ਇਸ ਸਬੰਧੀ ਵਿਭਾਗ ਵੱਲੋਂ ਸ਼ਨੀਵਾਰ ਤੋਂ ਸ਼ੁਰੂ ਕੀਤੀ ਇੱਕ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ, ਕੁੱਤਿਆਂ ਦੇ ਮਾਲਕਾਂ ਨੂੰ ਸਮੱਸਿਆ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ।




# ਫਲੋਰਿਡਾ ਬੀਚ 'ਤੇ ਬਰਾਮਦ ਹੋਈ 12 ਮਿਲੀਅਨ ਡਾਲਰ ਕੀਮਤ ਦੀ ਕੋਕੀਨ

**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021–** ਅਮ–ਰੀਕੀ ਪੁਲਾੜ ਫੋਰਸ ਦੇ ਅਨੁਸਾਰ ਪਿਛਲੇ ਮਹੀਨੇ ਫਲੋਰਿਡਾ ਦੇ ਕੇਪ ਕੈਨੈਵਰਲ ਪੁਲਾੜ ਸਟੇਸ਼ਨ ਦੇ ਸਮੁੰਦਰੀ ਕੰਢੇ 'ਤੇ 1 ਮਿਲੀਅਨ ਡਾਲਰ ਤੋਂ ਜਿਆਦਾ ਦੀ ਕੀਮਤ ਵਾਲੀ ਤਕਰੀਬਨ 30 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਗਈ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਨਸ਼ੀਲੀ ਦਵਾਈ 19 ਮਈ ਨੂੰ ਸਿਵਲ ਇੰਜੀਨੀਅਰ ਅਤੇ ਵਾਈਲਡ ਲਾਈਫ ਮੈਨੇਜਰ, ਐਂਜੀ ਚੈਂਬਰਜ਼ ਦੁਆਰਾ ਲੱਭੀ ਗਈ ਸੀ, ਜਿਸ ਨੇ ਕੱਛੂਕੁੰਮਿਆਂ ਦੇ ਆਲ੍ਹਣੇ ਲਈ ਇੱਕ ਸਰਵੇਖਣ ਕਰਦੇ ਹੋਏ ਨੇ ਸਮੁੰਦਰੀ ਕੰਢੇ 'ਤੇ ਕੋਕੀਨ ਦੇ ਪੈਕੇਜਾਂ ਨੂੰ ਦੇਖਿਆ ਸੀ। ਬ੍ਰੇਵਰਡ ਕਾਉਂਟੀ ਦੇ ਪੁਲਿਸ ਵਿਭਾਗ ਅਨੁਸਾਰ, ਇਹਨਾਂ ਨਸ਼ੀਲੇ ਪਦਾਰਥਾਂ ਦੇ 24 ਪੈਕੇਜਾਂ ਦੀ ਅਨੁਮਾਨਤ ਕੀਮਤ 1.2 ਮਿਲੀਅਨ ਡਾਲਰ ਹੈ। ਚੈਂਬਰਜ਼, ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਨੇ ਇਹ ਪੈਕਟ ਦੇਖਣ ਤੋਂ ਬਾਅਦ ਤੁਰੰਤ ਪੁਲਾੜ ਫੋਰਸ ਨਾਲ ਨਾਲ ਸੰਪਰਕ ਕੀਤਾ। ਫੋਰਸ ਦੁਆਰਾ ਪੈਕਟ ਬਰਾਮਦ ਕਰਨ ਦੇ ਬਾਅਦ ਸਮੁੰਦਰੀ ਕੰਢੇ ਨੂੰ ਬੰਦ ਕਰਕੇ ਕਾਉਂਟੀ ਸ਼ੈਰਿਫ ਦੇ ਦਫਤਰ ਨਾਲ ਸੰਪਰਕ ਕੀਤਾ, ਜਿਸ ਉਪਰੰਤ ਨਾਰਕੋਟਿਕਸ ਵਿਭਾਗ ਨੇ ਪੈਕਟਾਂ ਦੀ ਜਾਂਚ ਕਰਦਿਆਂ ਕੋਕੀਨ ਵਜੋਂ ਇਸਦੀ ਪੁਸ਼ਟੀ ਕੀਤੀ।



ਅਧਿਕਾਰੀਆਂ ਨੇ ਦੱਸਿਆ ਕਿ ਨਸ਼ਿਆਂ ਨੂੰ ਹੋਮਲੈਂਡ ਸਕਿਓਰਟੀ ਇਨਵੈਸਟੀਗੇਸ਼ਨ, ਜੋ ਕਿ ਯੂ.ਐੱਸ. ਦੇ ਹੋਮਲੈਂਡ ਸਿਕਿਉਰਿਟੀ ਵਿਭਾਗ ਦੀ ਮੁੱਖ ਜਾਂਚ ਏਜੰਸੀ ਹੈ, ਨੂੰ ਦੇ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੀਚ 'ਤੇ ਬਰਾਮਦ ਕੀਤੀ ਗਈ ਇਸ ਕੋਕੀਨ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਫਲੋਰੀਡਾ ਪਬਲਿਕਸ ਸੁਪਰ ਮਾਰਕੀਟ ਵਿਚ ਬੰਦੂਕਧਾਰੀ ਵੱਲੋਂ ਦਾਦੀ ਤੇ ਪੋਤਰੇ ਦੀ ਹੱਤਿਆ

**ਸੈਕਰਾਮੈਂਟੋ 11 ਜੂਨ–** ਲੰਘੇ ਦਿਨ ਫਲੋਰੀਡਾ ਦੀ ਰਾਇਲ ਪਾਮ ਬੀਚ ਵਿਖੇ ਇਕ ਪਬਲਿਕਸ ਸੁਪਰ ਮਾਰਕੀਟ ਵਿਚ ਇਕ ਵਿਅਕਤੀ ਨੇ ਗੋਲੀਆਂ ਮਾਰ ਕੇ ਇਕ ਔਰਤ ਤੇ ਬੱਚੇ ਦੀ ਹੱਤਿਆ ਕਰ ਦਿੱਤੀ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਇਹ ਜਾਣਕਾਰੀ ਪਾਲਮ ਬੀਚ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪੁਲਿਸ ਅਨੁਸਾਰ ਇਹ ਘਟਨਾ 11.30 ਵਜੇ ਸਵੇਰੇ ਵਾਪਰੀ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਵਿਚ ਮਾਰੇ ਗਏ ਦਾਦੀ




ਤੇ ਪੋਤਰਾ ਬੰਦੂਕਧਾਰੀ ਨੂੰ ਜਾਣਦੇ ਸਨ। ਮਾਰਿਆ ਗਿਆ ਬੱਚਾ ਇਸ ਮਹੀਨੇ ਹੀ 2 ਸਾਲ ਦਾ ਹੋਇਆ ਸੀ। ਮ੍ਰਿਤਕਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ। ਸ਼ੈਰਿਫ ਦੇ ਬੁਲਾਰੇ ਟੈਰੀ ਬਰਬੇਰਾ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਲਈ ਪੁਲਿਸ ਅਧਿਕਾਰੀ ਮੌਕੇ 'ਤੇ ਮੌਜੂਦ ਲੋਕਾਂ ਨਾਲ ਗੱਲਬਾਤ ਕਰ ਰਹੇ ਹਨ ਤੇ ਸੀ ਸੀ ਟੀ ਵੀ ਕੈਮਰਾ ਵੀਡੀਓ ਦੀ ਛਾਣਬੀਣ ਕੀਤੀ ਜਾ ਰਹੀ ਹੈ। ਬਰਬੇਰਾ ਨੇ ਕਿਹਾ ਕਿ ਲੱਗਦਾ ਹੈ ਕਿ ਘਟਨਾ ਵਿਚ ਸ਼ਾਮਿਲ ਸ਼ੂਟਰ ਆਦੀ ਮੁਜਰਮ ਨਹੀਂ ਸੀ।

# ਪ੍ਰਤੀਨਿੱਧ ਸਦਨ ਵਿਚ ਬਿਨਾਂ ਮਾਸਕ ਪਾਏ ਜਾ ਸਕਣਗੇ ਸੰਸਦ ਮੈਂਬਰ

## ਮੁਕੰਮਲ ਟੀਕਾਕਰਣ ਕਰਾ ਚੁੱਕੇ ਸੰਸਦ ਮੈਂਬਰਾਂ ਤੇ ਸਟਾਫ ਉਪਰ ਲਾਈ ਪਾਬੰਦੀ ਹਟਾਈ

**ਸੈਕਰਾਮੈਂਟੋ 12 ਜੂਨ–** ਪ੍ਰਤੀਨਿੱਧ ਸਦਨ ਨੇ ਮੁਕੰਮਲ ਟੀਕਾਕਰਣ ਕਰਵਾ ਚੁੱਕੇ ਸੰਸਦ ਮੈਂਬਰਾਂ ਤੇ ਸਟਾਫ ਨੂੰ ਬਿਨਾਂ ਮਾਸਕ ਪਹਿਣੇ ਸੰਸਦ ਤੇ ਕਮੇਟੀਆਂ ਵਿਚ ਕੰਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਦਨ ਦੇ ਡਾਕਟਰ ਨੇ ਲੰਘੇ ਦਿਨ ਜਾਰੀ ਦਿਸ਼ਾ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਮੁਕੰਮਲ ਟੀਕਾਕਰਣ ਕਰਵਾ ਚੁੱਕੇ ਵਿਅਕਤੀ ਬਿਨਾਂ ਮਾਸਕ ਆ ਜਾ ਸਕਦੇ ਹਨ ਤੇ ਇਹ ਵਿਅਕਤੀ ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ ) ਵੱਲੋਂ 31 ਮਈ,2021 ਨੂੰ ਜਾਰੀ ਹਦਾਇਤਾਂ ਅਨੁਸਾਰ 6 ਫੁੱਟ ਦੀ ਸਮਾਜਿਕ ਦੂਰੀ ਦੀ ਪਾਲਣਾ ਕਰਨਗੇ। ਸੈਨੇਟ ਵਿਚ ਵੀ ਮਾਸਕ ਪਹਿਨਣਾ ਜਰੂਰੀ ਨਹੀਂ ਹੈ ਹਾਲਾਂ ਕਿ ਕਈ ਸੈਨੇਟਰ ਆਪਣੇ ਦਫਤਰਾਂ ਤੋਂ ਬਾਹਰ ਨਿਕਲਣ ਸਮੇ ਮਾਸਕ ਪਾਉਂਦੇ ਹਨ।

ਇਥੇ ਜਿਕਰਯੋਗ ਹੈ ਕਿ ਬਹੁਤ ਸਾਰੇ ਰਿਪਬਲੀਕਨ ਮੈਂਬਰਾਂ ਨੇ ਟੀਕਾਕਰਣ ਕਰਵਾਉਣ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਤੇ ਇਨਾਂ ਵਿਚ ਬਹੁਤ ਸਾਰੇ ਅਜਿਹੇ ਵੀ ਹਨ ਜੋ ਮਾਸਕ ਨਾ ਪਹਿਨਣ ਕਾਰਨ ਜੁਰਮਾਨਾ ਭਰ ਚੁੱਕੇ ਹਨ।

ਸੀ ਡੀ ਸੀ ਵੱਲੋਂ ਪਿਛਲੀ ਮਹੀਨੇ ਜਾਰੀ ਹਦਾਇਤਾਂ ਵਿਚ ਪਹਿਲਾਂ ਹੀ ਪੂਰੀ ਤਰਾਂ ਟੀਕਾਕਰਣ ਕਰਵਾ ਚੁੱਕੇ ਲੋਕਾਂ ਉਪਰ ਮਾਸਕ ਪਹਿਣਨ ਦੀ ਪਾਬੰਦੀ ਹਟਾ ਲਈ ਗਈ ਸੀ ਤੇ ਅਜਿਹੇ ਲੋਕਾਂ ਨੂੰ ਚਾਰਦਿਵਾਰੀ ਅੰਦਰ ਹੁੰਦੇ ਸਮਾਗਮਾਂ ਵਿਚ ਵੀ ਬਿਨਾਂ ਮਾਸਕ ਜਾਣ ਦੀ ਖੁਲ ਦਿੱਤੀ ਗਈ ਹੈ।

ਕੇਵਲ ਹਵਾਈ ਜਹਾਜ਼ਾਂ, ਬੱਸਾਂ ਜਾਂ ਸਿਹਤ ਸੰਭਾਲ ਕੇਂਦਰਾਂ, ਹਸਪਤਾਲਾਂ ਤੇ ਹੋਰ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਣਨ ਲਈ ਕਿਹਾ ਗਿਆ ਹੈ। ਨਿੱਜੀ ਸੰਸਥਾਵਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਕਿਹਾ ਗਿਆ ਹੈ ਕਿ ਉਹ ਮਾਸਕ ਪਹਿਣਨ ਜਾਂ ਨਾ ਪਹਿਣਨ ਬਾਰੇ ਨਿਰਨਾ ਲੈਣ ਲਈ ਆਜ਼ਾਦ ਹਨ।

# ਗਰੀਨ ਟੀ ਕੋਵਿਡ-19 ਦੇ ਇਲਾਜ਼ ਲਈ ਫਾਇਦੇਮੰਦ, ਖੋਜ਼ੀਆਂ ਵੱਲੋਂ ਅਹਿਮ ਪ੍ਰਗਟਾਵਾ


**ਸੈਕਰਾਮੈਂਟੋ 14 ਜੂਨ–** ਭਾਰਤ ਸਮੇਤ ਪੂਰਾ ਵਿਸ਼ਵ ਕੋਵਿਡ-19 ਮਹਾਂਮਾਰੀ ਵਿਚੋਂ ਉਭਰਨ ਦੇ ਯਤਨ ਕਰ ਰਿਹਾ ਹੈ ਤੇ ਕਾਫੀ ਹੱਦ ਤੱਕ ਇਸ ਉਪਰ ਕਾਬੂ ਵੀ ਪਾ ਲਿਆ ਗਿਆ ਹੈ। ਇਸ ਦਰਮਿਆਨ ਖੋਜ਼ੀਆਂ ਦੀ ਇਕ ਟੀਮ ਇਹ ਪਤਾ ਲਾਉਣ ਦਾ ਯਤਨ ਕਰ ਰਹੀ ਹੈ ਕਿ ਗਰੀਨ ਟੀ ਕਿਸ ਤਰਾਂ ਕੋਵਿਡ-19 ਨਾਲ ਨਜਿੱਠਣ ਦੇ ਸਮਰਥ ਹੈ? ਜੇ ਐਸ ਐਸ ਕਾਲਜ ਆਫ ਫਾਰਮੇਸੀ ਓਟੀ ਵਿਖੇ ਖੋਜ ਕਰ ਚੁੱਕੇ ਪ੍ਰਮੁੱਖ ਖੋਜੀ ਸੁਰੇਸ਼ ਮੋਹਨ ਕੁਮਾਰ ਨੇ ਕਿਹਾ ਹੈ ਕਿ ਸ਼ੁਰੂਆਤੀ ਲੱਭਤਾਂ ਵਿਚ ਇਹ ਪਾਇਆ ਗਿਆ ਹੈ ਕਿ ਗਰੀਨ ਚਾਹ ਵਿਚ ਇਕ ਅਜਿਹਾ ਪਦਾਰਥ ਹੈ ਜੋ ਕੋਰੋਨਾ ਵਾਇਰਸ ਨਾਲ ਲੜਨ ਦੀ ਸਮਰੱਥਾ ਰਖਦਾ ਹੈ। ਮੋਹਨ ਕੁਮਾਰ ਜੋ ਇਸ ਸਮੇ ਇੰਗਲੈਂਡ ਦੀ ਸਵੈਨਸੀ ਯੁਨੀਵਰਸਿਟੀ ਮੈਡੀਕਲ ਸਕੂਲ ਵਿਚ ਨਿਯੁਕਤ ਹਨ, ਅਨੁਸਾਰ ਇਹ ਪਦਾਰਥ "ਗੈਲੋਕੈਚਿਨ" ਹੈ ਜੋ ਗਰੀਨ ਚਾਹ ਵਿਚ ਮੌਜੂਦ ਹੈ ਤੇ ਇਹ ਪਦਾਰਥ ਅਸਾਨੀ ਨਾਲ ਮਿਲ ਸਕਦਾ ਹੈ ਤੇ ਸਸਤਾ ਵੀ ਹੈ। ਉਨਾਂ ਕਿਹਾ ਕਿ ਅਸੀਂ ਕੰਪਿਊਟਰ ਪ੍ਰੋ-




ਗਰਾਮ ਨਾਲ ਜੁੜੀ ਪ੍ਰਣਾਲੀ ਰਾਹੀਂ ਪਤਾ ਲਾਇਆ ਹੈ ਕਿ ਇਹ ਪਦਾਰਥ ਹਰ&; ਤਰਾਂ ਦੇ ਕੋਰੋਨਾਵਾਇਰਸ ਵਿਰੁੱਧ ਕੰਮ ਕਰਦਾ ਹੈ। ਯੁਨੀਵਰਸਿਟੀ ਦੇ ਇਕ ਹੋਰ ਪ੍ਰੋਫੈਸਰ ਐਂਡਰੀਊ ਮੌਰਿਸ ਨੇ ਕਿਹਾ ਹੈ ਕਿ ਕੁਦਰਤੀ ਜੜੀ ਬੂਟੀਆਂ ਲਾਗ ਦੀਆਂ ਬਿਮਾਰੀਆਂ ਨਾਲ ਨਜਿੱਠਣ ਵਿੱਚ ਹਮੇਸ਼ਾਂ ਪ੍ਰਭਾਵੀ ਰਹੀਆਂ ਹਨ। ਆਰ ਐਸ ਸੀ ਐਡਵਾਂਸਜ ਰਸਾਲੇ ਵਿਚ ਛਪੇ ਅਧਿਅਨ ਵਿਚ ਖੋਜ਼ੀਆਂ ਨੇ ਕਿਹਾ ਹੈ ਕਿ ਇਹ ਖੋਜ਼ ਹਾਲਾਂ ਮੁੱਢਲੇ ਦੌਰ ਵਿਚ ਹੈ ਤੇ ਅਜੇ ਇਸ ਸਬੰਧੀ ਲੰਬੀ ਖੋਜ਼ ਦੀ ਲੋੜ ਹੈ। ਅਧਿਅਨ ਵਿਚ ਕਿਹਾ ਗਿਆ ਹੈ ਕਿ ਹੁਣ ਇਹ ਜਾਂਚ ਕਰਨ ਦੀ ਲੋੜ ਹੈ ਕਿ ਕੀ ਇਹ ਪਦਾਰਥ ਕਲੀਨੀਕਲੀ ਪ੍ਰਭਾਵੀ ਹੈ ਤੇ ਕੋਵਿਡ-19 ਦੇ ਇਲਾਜ਼ ਲਈ ਸੁਰੱਖਿਅਤ ਹੈ।

# ਆਸਟਿਨ ਵਿਚ ਗੋਲੀਬਾਰੀ ਵਿਚ ਜਖਮੀ ਹੋਏ 14 ਵਿਅਕਤੀਆਂ ਵਿਚੋਂ 1 ਨੇ ਦਮ ਤੋੜਿਆ

**ਸੈਕਰਾਮੈਂਟੋ 14 ਜੂਨ–** ਡਾਊਨ ਟਾਊਨ ਆਸਟਿਨ, ਟੈਕਸਾਸ ਵਿਚ ਸ਼ਨੀਵਾਰ ਤੜਕਸਾਰ ਹੋਈ ਗੋਲੀਬਾਰੀ ਵਿਚ ਜ਼ਖਮੀ ਹੋਏ 14 ਵਿਅਕਤੀਆਂ ਵਿਚੋਂ ਇਕ ਦਮ ਤੋੜ ਗਿਆ ਹੈ। ਉਸ ਦੀ ਪਛਾਣ 25 ਸਾਲਾ ਡੌਗਲਸ ਜੌਹਨ ਕੈਨਟਰ ਵਜੋਂ ਹੋਈ ਹੈ। ਇਕ ਹੋਰ ਦੀ ਹਾਲਤ ਗੰਭੀਰ ਬਣੀ ਹੋਈ ਹੈ। ਆਸਟਿਨ ਦੇ ਪੁਲਿਸ ਮੁੱਖੀ ਜੋਸਫ ਚਕੋਨ ਅਨੁਸਾਰ ਗੋਲੀਬਾਰੀ ਲਈ ਜਿੰਮੇਵਾਰ




ਦੋ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ। ਉਨਾਂ ਕਿਹਾ ਕਿ ਇਹ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਦਾ ਮਾਮਲਾ ਹੈ। ਉਨਾਂ ਕਿਹਾ ਕਿ ਜਿਆਦਾਤਰ ਜ਼ਖਮੀ ਰਾਹਗੀਰ ਹਨ ਜੋ ਗੋਲੀਬਾਰੀ ਸਮੇਂ ਉਥੇ ਖੜੇ ਸਨ ਜਾਂ ਉਥੋਂ ਲੰਘ ਰਹੇ ਸਨ। ਉਨਾਂ ਕਿਹਾ ਕਿ ਤੁਰੰਤ ਕੀਤੀ ਗਈ ਕਾਰਵਾਈ ਤੇ ਸਮੇ ਸਿਰ ਮਿਲੀ ਡਾਕਟਰੀ ਸਹਾਇਤਾ ਕਾਰਨ ਕਈ ਜਾਨਾਂ ਬਚਾ ਲਈਆਂ ਗਈਆਂ ਹਨ।

# ਟੈਕਸਾਸ ਦੇ ਆਸਟਿਨ 'ਚ ਗੋਲ਼ੀਬਾਰੀ 'ਚ 13 ਲੋਕ ਜ਼ਖ਼ਮੀ

**ਟੈਕਸਾਸ–** ਅਮਰੀਕਾ ਤੋਂ ਫਿਰ ਗੋਲ਼ੀਬਾਰੀ ਦੀ ਸੂਚਨਾ ਸਾਹਮਣੇ ਆਈ ਹੈ। ਪੁਲਿਸ ਨੇ ਕਿਹਾ ਕਿ ਸ਼ਨੀਵਾਰ ਤੜਕੇ ਟੈਕਸਾਸ ਦੇ ਆਸਟਿਨ ਸ਼ਹਿਰ 'ਚ ਇਹ ਗੋਲ਼ਬਾਰੀ ਹੋਈ ਹੈ। ਜਿਸ 'ਚ ਘੱਟ ਤੋਂ ਘੱਟ 13 ਲੋਕ ਜ਼ਖ਼ਮੀ ਹੋ ਗਏ ਹਨ। ਦੂਜੇ ਪਾਸੇ ਪੁਲਿਸ ਨੇ ਦੱਸਿਆ ਕਿ ਸ਼ੱਕੀ ਸ਼ੂਟਰ ਹਾਲੇ ਗ੍ਰਿਫ਼ਤ ਤੋਂ ਬਾਹਰ ਹੈ। ਆਸਟਿਨ ਪੁਲਿਸ ਵਿਭਾਗ ਦੇ ਅੰਤਰਿਮ ਮੁਖੀ ਜੋਸੇਫ ਚਾਕੋਨ ਨੇ ਇਕ ਬਿਆਨ 'ਚ ਕਿਹਾ ਕਿ ਜ਼ਖ਼ਮੀਆਂ 'ਚੋਂ ਦੋ ਦੀ ਹਾਲਤ ਗੰਭੀਰ ਹੈ। ਚਾਕੋਨ ਨੇ ਕਿਹਾ ਹੈ ਮੈਂ ਇਹ ਨਹੀਂ ਕਹਿ ਸਕਦਾ ਕਿ ਇਸ ਸਮੇਂ ਕੋਈ ਤੇ ਜਨਤਕ ਖਤਰਾ ਨਹੀਂ ਹੈ ਕਿਉਂਕਿ ਸ਼ੱਕੀ ਹਿਰਾਸਤ 'ਚ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਹ ਘਟਨਾ ਸਿਕਰਥ ਸਟ੍ਰੀਟ ਐਂਟਰਟੇਨਮੈਂਟ ਡਿਸਟ੍ਰਿਕਟ ਇਲਾਕੇ 'ਚ ਸਵੇਰੇ ਲਗਪਗ 1:30 ਵਜੇ ਹੋਈ ਤੇ ਜਾਣਕਾਰੀ ਦੇਣ ਸਮੇਂ ਤਕ ਕਿਸੇ ਦੇ ਮਰਨ ਦੀ ਸੂਚਨਾ ਨਹੀਂ ਹੈ।




# ਅਮਰੀਕਾ ਦੇ 8 ਰਾਜਾਂ ਵਿਚ ਇਨਫੈਕਸ਼ਨ ਦਰ ਵਿਚ ਵਾਧਾ

**ਸੈਕਰਾਮੈਂਟੋ 15 ਜੂਨ–**ਹਾਲਾਂ ਕਿ ਅਮਰੀਕਾ ਦੇ ਜਿਆਦਾਤਰ ਰਾਜਾਂ ਵਿਚ ਨਵੇਂ ਕੋਵਿਡ-19 ਮਾਮਲੇ ਘੱਟ ਰਹੇ ਹਨ ਪਰ 8 ਰਾਜਾਂ ਵਿਚ ਇਨਫੈਕਸ਼ਨ ਦਰ ਵਿਚ ਵਾਧਾ ਦਰਜ ਹੋਇਆ ਹੈ। ਇਨਾਂ ਵਿਚ 7 ਰਾਜ ਅਜਿਹੇ ਹਨ ਜਿਥੇ ਔਸਤ ਵੈਕਸੀਨ ਦਰ ਤੋਂ ਘੱਟ ਟੀਕਾਕਰਣ ਹੋਇਆ ਹੈ। ਅਲਾਬਾਮਾ, ਅਰਕਾਨਸਸ, ਹਵਾਈ, ਮਿਸੌਰੀ, ਨਵੇਡਾ, ਟੈਕਸਸ, ਉਟਾਹ ਤੇ ਵਾਇਓਮਿੰਗ ਵਿਚ ਪਿਛਲੇ 7 ਦਿਨਾਂ ਦੌਰਾਨ ਔਸਤ ਇਨਫੈਕਸ਼ਨ ਦਰ ਵਿਚ ਇਸ ਤੋਂ ਪਹਿਲੇ ਦੋ ਹਫਤਿਆਂ ਦੀ ਤੁਲਨਾ ਵਿਚ ਵਾਧਾ ਹੋਇਆ ਹੈ। ਜੌਹਨ ਹੋਪਕਿਨਜ ਯੁਨੀਵਰਸਿਟੀ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਸੈਂਟਰ ਫਾਰ ਡਸੀਜ ਕੰਟਰੋਲ (ਸੀ ਡੀ ਸੀ) ਅਨੁਸਾਰ ਹਵਾਈ ਨੂੰ ਛੱਡੇ ਕੇ ਬਾਕੀ 7 ਰਾਜ ਅਜਿਹੇ ਹਨ ਜਿਥੇ ਕੌਮੀ ਔਸਤ ਟੀਕਾਕਰਣ ਦੀ ਤੁਲਨਾ ਵਿਚ ਟੀਕਾਕਰਣ ਦਰ ਘੱਟ ਹੈ। ਸੀ ਡੀ ਸੀ ਅਨੁਸਾਰ ਔਸਤ 43% ਲੋਕਾਂ ਦਾ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ।

# ਅਮਰੀਕਾ ਵਿਚ ਭਾਰਤੀ ਹੀ ਭਾਰਤੀਆਂ ਨਾਲ ਕਰਦੇ ਹਨ ਭੇਦਭਾਵ

## ਇਕ ਤਾਜ਼ਾ ਸਰਵੇ ਵਿਚ ਖੁਲਾਸਾ

**ਸੈਕਰਾਮੈਂਟੋ 11 ਜੂਨ–** ਭੇਦਭਾਵ ਦਾ ਸ਼ਿਕਾਰ ਹੋਏ ਭਾਰਤੀ ਮੂਲ ਦੇ ਕੁਲ ਅਮਰੀਕੀਆਂ ਵਿਚੋਂ ਅੱਧਿਉਂ ਵਧ ਭਾਰਤੀਆਂ ਦੇ ਹੱਥੋਂ ਹੀ ਭੇਦਭਾਵ ਦਾ ਨਿਸ਼ਾਨਾ ਬਣੇ ਹਨ। ਇਹ ਖੁਲਾਸਾ ਇਕ ਤਾਜਾ ਸਰਵੇਖਣ ਵਿਚ ਹੋਇਆ ਹੈ। ਇੰਡੀਅਨ ਅਮੈਰੀਕਨ ਐਟੀਟਿਊਡਜ਼ ਸਰਵੇ ਜੋ ਲੰਘੇ ਦਿਨ ਜਾਰੀ ਕੀਤਾ ਗਿਆ, ਵਿਚ ਕਿਹਾ&; ਗਿਆ ਹੈ ਕਿ ਪੀੜਤ ਅਧਿਉਂ ਵਧ ਭਾਰਤੀ ਮੂਲ ਦੇ ਅਮਰੀਕੀ ਮਹਿਸੂਸ ਕਰਦੇ ਹਨ ਕਿ ਉਨਾਂ ਨੂੰ ਰੰਗ ਜਾਂ ਧਰਮ ਦੇ ਨਾਲ ਨਾਲ ਜਾਤ ਕਰਕੇ ਵੀ ਭਾਰਤੀ ਮੂਲ ਦੇ ਹੋਰ ਅਮਰੀਕੀਆਂ ਹੱਥੋਂ ਜਲੀਲ ਹੋਣਾ ਪਿਆ ਹੈ। ਆਨ ਲਾਈਨ ਕੀਤੇ ਗਏ ਇਸ ਸਰਵੇ ਵਿਚ ਪੁੱਛੇ ਗਏ ਸਵਾਲਾਂ ਦੇ ਭਾਰਤੀ ਮੂਲ ਦੇ 1200 ਬਾਲਗ ਅਮਰੀਕੀਆਂ ਨੇ ਜਵਾਬ ਦਿੱਤੇ। ਭੇਦਭਾਵ ਨੂੰ ਲੈ ਕੇ 157 ਸਵਾਲ ਪੁੱਛੇ ਗਏ ਸਨ। ਸਰਵੇ ਰਿਪੋਰਟ ਦੇ ਸੰਪਾਦਕਾਂ ਵਿਚ ਹੋਰਨਾਂ ਤੋਂ ਇਲਾਵਾ ਸੁਮਿਤਰਾ ਬਦਰੀਨਾਥ ਜੋ ਕਿ ਯੁਨੀਵਰਸਿਟੀ ਆਫ ਪੈਨਸਿਲਵੇਨੀਆ ਵਿਚ ਪੀ.ਐਚ ਡੀ ਕਰ ਰਹੇ ਹਨ ਤੇ ਦੇਵੇਸ਼ ਕਪੂਰ ਜੋ ਜੌਹਨਜ ਹੋਪਕਿਨਜ ਯੁਨੀਵਰਸਿਟੀ ਸਕੂਲ ਆਫ ਐਡਵਾਂਸਡ ਇੰਟਰਨੈਸ਼ਲ ਸਟੱਡੀਜ ਵਿਖੇ ਡਾਇਰੈਕਟਰ ਏਸ਼ੀਆ ਪ੍ਰੋਗਰਾਮ ਤੇ ਸਟਾਰ ਫਾਊਂਡੇਸਨ ਪ੍ਰੋਫੈਸਰ ਆਫ ਸਾਊਥ ਏਸ਼ੀਅਨ ਸਟੱਡੀਜ ਹਨ, ਸ਼ਾਮਿਲ ਹਨ। ਸਰਵੇ ਅਨੁਸਾਰ ਤਕਰੀਬਨ 31% ਭਾਰਤੀ ਮੂਲ ਦੇ ਅਮਰੀਕੀਆਂ ਨੇ ਕਿਹਾ ਕਿ ਭਾਰਤੀ-ਅਮਰੀਕੀ ਭਾਈਚਾਰੇ ਲਈ ਨਸਲੀ ਜਾਂ ਜਾਤੀ ਭੇਦਭਾਵ ਪ੍ਰਮੁੱਖ ਸਮੱਸਿਆ ਹੈ। 52% ਦਾ ਵਿਸ਼ਵਾਸ਼ ਹੈ ਕਿ ਇਹ ਬਹੁਤ ਮਾਮੂਲੀ ਸਮੱਸਿਆ ਹੈ ਜਦ ਕਿ 17% ਇਸ ਨੂੰ ਕੋਈ ਸਮੱਸਿਆ ਹੀ ਨਹੀਂ ਮੰਨਦੇ। ਹਾਲਾਂ ਕਿ ਵੱਡੀ ਬਹੁਗਿਣਤੀ ਉਨਾਂ ਲੋਕਾਂ ਦੀ ਹੈ ਜਿਨਾਂ ਨੇ ਭੇਦਭਾਵ ਦਾ ਸ਼ਿਕਾਰ ਹੋਣ ਦੀ ਗੱਲ ਕਹੀ ਹੈ। ਇਨਾਂ ਵਿਚੋਂ 30% ਨੇ ਕਿਹਾ ਹੈ ਕਿ ਉਹ ਆਪਣੇ ਚਮੜੀ ਦੇ ਰੰਗ ਜਾਂ ਧਰਮ ਕਾਰਨ ਭੇਦ ਭਾਵ ਦਾ ਸ਼ਿਕਾਰ ਹੋਏ ਹਨ ਤੇ 18% ਦਾ ਕਹਿਣਾ ਹੈ ਕਿ ਜਾਤ ਕਾਰਨ ਉਨਾਂ ਨੂੰ ਜਲੀਲ ਹੋਣਾ ਪਿਆ ਹੈ। ਇਨਾਂ ਵਿਚ 25% ਉਹ ਲੋਕ ਸ਼ਾਮਿਲ ਹਨ ਜੋ ਮਹਿਸੂਸ ਕਰਦੇ ਹਨ ਕਿ ਉਨਾਂ ਨੂੰ ਆਪਣੇ ਸਾਥੀ ਭਾਰਤੀ ਮੂਲ ਦੇ ਅਮਰੀਕੀਆਂ ਕੋਲੋਂ ਭੇਦਭਾਵ ਦਾ ਸ਼ਿਕਾਰ ਹੋਣਾ ਪਿਆ ਹੈ। ਇਸ ਸਬੰਧੀ ਕਈਆਂ ਨੇ ਅਦਾਲਤਾਂ ਵਿਚ ਪਟੀਸ਼ਨਾਂ ਵੀ ਦਾਇਰ ਕੀਤੀਆਂ ਹਨ। ਪਿਛਲੇ ਸਾਲ ਜੁਲਾਈ ਮਹੀਨੇ ਵਿਚ ਸਾਂਟਾ ਕਲਾਰਾ ਕਾਊਂਟੀ ਵਿਚ ਸਿਸਕੋ ਵਿਖੇ ਇਕ ਦਲਿਤ ਮੁਲਾਜ਼ਮ ਨੇ ਕੈਲੀਫੋਰਨੀਆ ਦੇ ਫੇਅਰ ਇੰਪਲਾਇਮੈਂਟ ਐਂਡ ਹਾਊਸਿੰਗ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੂੰ ਭਾਰਤੀ ਮੂਲ ਦੇ ਦੋ ਅਮਰੀਕੀ ਸੁਪਰਵਾਈਜ਼ਰਾਂ ਕੋਲੋਂ ਭੇਦਭਾਵ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਫੇਅਰ ਇੰਪਲਾਇਮੈਂਟ ਐਂਡ ਹਾਊਸਿੰਗ ਵਿਭਾਗ ਨੇ ਦੋਨਾਂ ਸੁਪਰਵਾਈਜ਼ਰਾਂ ਵਿਰੁੱਧ ਯੂ ਐਸ ਡਿਸਟ੍ਰਿਕਟ ਕੋਰਟ ਨਾਰਦਰਨ ਕੈਲੀਫੋਰਨੀਆ ਵਿਚ ਕੇਸ ਵੀ ਕੀਤਾ ਹੋਇਆ ਹੈ। ਦਲਿਤ ਮੁਲਾਜ਼ਮ ਜਿਸ ਦਾ ਕੇਸ ਵਿਚ ਨਾਂ ਨਹੀਂ ਸ਼ਾਮਿਲ ਕੀਤਾ ਗਿਆ ਹੈ, ਨੇ ਦੋਸ਼ ਲਾਇਆ ਹੈ ਕਿ ਉਸ ਦੀ ਜਾਤ ਕਾਰਨ ਉਸ ਨੂੰ ਘੱਟ ਤਨਖਾਹ ਦਿੱਤੀ ਜਾਂਦੀ ਹੈ ਤੇ ਉਨਤੀ ਦੇ ਮੌਕੇ ਨਹੀਂ ਦਿੱਤੇ ਜਾਂਦੇ। ਇਸ ਤਰਾਂ ਦੇ ਹੋਰ ਵੀ ਬਹੁਤ ਸਾਰੇ ਮਾਮਲੇ ਅਦਾਲਤਾਂ ਵਿਚ ਹਨ।

# ਪਹਿਲੇ ਅਮਰੀਕੀ ਮੁਸਲਮਾਨ ਜ਼ਾਹਿਦ ਕੁਰੈਸ਼ੀ ਸੰਘੀ ਜੱਜ ਬਣੇ



**ਸੈਕਰਾਮੈਂਟੋ 12 ਜੂਨ–**ਸੈਨੇਟ ਨੇ ਨਿਊਜਰਸੀ ਦੇ ਜੱਜ ਵਜੋਂ ਜ਼ਾਹਿਦ ਕੁਰੈਸ਼ੀ ਦੀ ਨਿਯੁਕਤੀ ਉਪਰ ਮੋਹਰ ਲਾ ਦਿੱਤੀ ਹੈ। ਇਸ ਤਰਾਂ ਉਹ ਪਹਿਲੇ ਅਮਰੀਕੀ ਮੁਸਲਮਾਨ ਬਣ ਗਏ ਹਨ ਜੋ ਸੰਘੀ ਜੱਜ ਵਜੋਂ ਸੇਵਾਵਾਂ ਨਿਭਾਉਣਗੇ। ਜ਼ਾਹਿਦ ਦੇ ਹੱਕ ਵਿਚ 81 ਤੇ ਵਿਰੋਧ ਵਿਚ 16 ਵੋਟਾਂ ਪਈਆਂ। ਨਿਯੁਕਤੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਆਪਣੇ ਸੰਬੋਧਨ ਵਿਚ ਸੈਨੇਟ ਦੇ ਬਹੁਗਿਣਤੀ ਆਗੂ ਚੁੱਕ ਸ਼ੂਮਰ ਨੇ ਐਲਾਨ ਕੀਤਾ ਕਿ ਅਮਰੀਕਾ ਦੇ ਇਤਿਹਾਸ ਵਿਚ ਕੁਰੈਸ਼ੀ ਪਹਿਲੇ ਅਮਰੀਕੀ ਮੁਸਲਮਾਨ ਹੋਣਗੇ ਜੋ ਸੰਘੀ ਜੱਜ ਵਜੋਂ ਕੰਮ ਕਰਨਗੇ। ਉਨਾਂ ਜ਼ਾਹਿਦ ਦਾ ਸਮਰਥਨ ਕਰਦਿਆਂ ਸਮਾਜਿਕ ਤੇ ਪੇਸ਼ਾਵਾਰਨਾ ਪ੍ਰਵਰਤਣ ਉਪਰ ਜੋਰ ਦਿੱਤਾ ਤੇ ਕਿਹਾ ਕਿ ਮੈ ਜਾਣਦਾ ਹਾਂ ਕਿ ਰਾਸ਼ਟਰਪਤੀ ਜੋਅ ਬਾਇਡਨ ਵੀ ਮੇਰੇ ਨਾਲ ਇਸ ਮੁੱਦੇ 'ਤੇ ਸਹਿਮਤ ਹੋਣਗੇ। ਜ਼ਾਹਿਦ ਦੇ ਵੱਡੇ ਵਡੇਰੇ ਪਾਕਿਸਤਾਨੀ ਮੂਲ ਦੇ ਸਨ। ਨੈਸ਼ਨਲ ਏਸ਼ੀਅਨ ਪੈਸੇਫਿਕ ਅਮੈਰੀਕਨ ਬਾਰ ਐਸੋਸੀਏਸ਼ਨ ਨੇ ਜ਼ਾਹਿਦ ਕੁਰੈਸ਼ੀ ਨੂੰ ਜੱਜ ਬਣਨ 'ਤੇ ਵਧਾਈ ਦਿੱਤੀ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਮੀਕਲ ਪਲਾਂਟ ਨੂੰ ਅੱਗ ਲੱਗਣ ਉਪਰੰਤ ਦੂਰ ਦੂਰ ਤੱਕ ਫੈਲਿਆਂ ਧੂੰਆਂ

**ਸੈਕਰਾਮੈਂਟੋ 15 ਜਨ–** ਰਾਕਟਨ, ਇਲੀਨੋਇਸ ਵਿਚ ਕੈਮਟੂਲ ਇੰਕ ਪਲਾਂਟ ਨੂੰ ਲੱਗੀ ਜਬਰਦਸਤ ਅੱਗ ਕਾਰਨ ਨਾਲ ਲੱਗਦੇ ਖੇਤਰ ਵਿਚ ਰਸਾਇਣਾਂ ਵਾਲਾ ਗੰਦਾ ਧੂੰਆਂ ਫੈਲ ਗਿਆ। ਪੁਲਿਸ ਅਨੁਸਾਰ ਸ਼ਹਿਰ ਦੇ ਅੱਗ ਬੁਝਾਊ ਵਿਭਾਗ ਨੇ ਪਲਾਂਟ ਤੋਂ ਇਕ ਕਿਲੋਮੀਟਰ ਦੇ ਘੇਰੇ ਵਿਚ ਰਹਿੰਦੇ ਲੋਕਾਂ ਨੂੰ ਤੁਰੰਤ ਘਰ ਬਾਰ ਛੱਡਕੇ ਬਾਹਰ ਨਿਕਲ ਜਾਣ ਦਾ ਆਦੇਸ਼ ਦਿੱਤਾ ਹੈ। ਜਨ ਸਿਹਤ ਅਧਿਕਾਰੀ ਡਾ ਸਾਂਡਰਾ ਮਾਰਟੈਲ ਨੇ ਕਿਹਾ ਹੈ ਕਿ ਪਲਾਂਟ ਤੋਂ 3 ਮੀਲ ਦੇ ਘੇਰੇ ਵਿਚ ਰਹਿੰਦੇ ਲੋਕਾਂ ਲਈ ਮਾਸਕ ਪਾਉਣਾ ਜਰੂਰੀ ਹੈ ਕਿਉਂਕਿ ਰਸਾਇਣ ਸਿਹਤ ਲਈ ਹਾਨੀਕਾਰਕ ਹੋ ਸਕਦੇ ਹਨ।

ਉਨਾਂ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਅਸਮਾਨ




ਵਿਚੋਂ ਡਿੱਗੀ ਰਹਿੰਦ ਖੂੰਹਦ ਨੂੰ ਹੱਥ ਨਾ ਲਾਇਆ ਜਾਵੇ ਕਿਉਂਕਿ ਅਸੀਂ ਨਹੀਂ ਜਾਣਦੇ ਕਿ ਉਸ ਵਿਚ ਕੀ ਹੈ। ਉਹ ਸਿਹਤ ਲਈ ਨੁਕਸਾਨਦਾਇਕ ਹੋ ਸਕਦੀ ਹੈ। ਘੱਟੋ ਘੱਟ ਨੰਗੇ ਹੱਥਾਂ ਨਾਲ ਇਸ ਰਹਿੰਦ ਖੂੰਹਦ ਨੂੰ ਬਿਲਕੁੱਲ ਨਾ ਚੁੱਕਿਆ ਜਾਵੇ। ਰਾਕਟਨ ਦੇ ਅੱਗ ਬੁਝਾਊ ਵਿਭਾਗ ਦੇ ਮੁੱਖੀ ਕਿਰਕ ਵਿਲਸਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਲਾਂਟ ਵਿਚ ਕੁਝ ਦਿਨਾਂ ਤੋਂ ਸੜ ਰਹੀ ਰਹਿੰਦ ਖੂੰਹਦ ਤੋਂ ਅੱਗ ਫੈਲੀ ਹੋ ਸਕਦੀ ਹੈ।

ਅੱਗ ਲੱਗਣ ਉਪਰੰਤ ਹੋਏ ਧਮਾਕੇ ਵਾਲੇ ਸਥਾਨ ਤੋਂ ਧੂੰਆਂ ਦੱਖਣ ਤੇ ਦੱਖਣ-ਪੂਰਬ ਵੱਲ ਫੈਲ ਗਿਆ। ਵਿਲਸਨ ਅਨੁਸਾਰ ਚਿੰਤਾ ਦਾ ਮੁੱਖ ਕਾਰਨ ਇਹ ਹੈ ਕਿ ਤਕਰੀਬਨ 300 ਮੀਟਰ ਦੂਰ ਪੈਂਦੇ ਰਾਕ ਰਿਵਰ ਵਿਚ ਤੇਲ ਦੇ ਮਿਸ਼ਰਣ ਵਾਲਾ ਤਰਲ ਪਦਾਰਥ ਪੈ ਰਿਹਾ ਹੈ। ਇਸ ਦੌਰਾਨ ਹਵਾ ਦੀ ਸ਼ੁਧਤਾ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਮੀਨੀ ਪੱਧਰ ਉਪਰ ਹਵਾ ਦੀ ਗੁਣਵਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

# ਸ਼ਿਕਾਗੋ ਦੇ ਇਕ ਘਰ ਵਿਚ ਚੱਲੀਆਂ ਗੋਲੀਆਂ, ਤਿੰਨ ਔਰਤਾਂ ਸਮੇਤ 4 ਮਰੇ, 4 ਜ਼ਖਮੀ

**ਸੈਕਰਾਮੈਂਟੋ 16 ਜੂਨ (ਹੁਸਨ ਲੜੋਆ ਬੰਗਾ)** ਸ਼ਿਕਾਗੋ ਦੇ ਦੱਖਣ ਵਿਚ ਇਕ ਘਰ ਵਿਚ ਕਿਸੇ ਗੱਲ ਨੂੰ ਲੈ ਕੇ ਹੋਈ ਤਕਰਾਰ ਤੋਂ ਬਾਅਦ ਹੋਈ ਗੋਲੀਬਾਰੀ ਵਿਚ ਤਿੰਨ ਔਰਤਾਂ ਤੇ ਇਕ ਮਰਦ ਦੀ ਮੌਤ ਹੋ ਗਈ ਜਦ ਕਿ ਤਿੰਨ ਵਿਅਕਤੀ ਤੇ ਇਕ ਔਰਤ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਇਹ ਘਟਨਾ ਲੰਘੇ ਦਿਨ ਤੜਕਸਾਰ 6 ਵਜੇ ਦੇ ਆਸ ਪਾਸ ਐਂਗਲਵੁੱਡ ਖੇਤਰ ਵਿਚ ਇਕ ਰਿਹਾਇਸ਼ੀ ਘਰ ਵਿਚ ਵਾਪਰੀ ਜਿਥੇ ਕੁਝ ਲੋਕ ਇਕੱਠੇ ਹੋਏ ਸਨ। ਬੋਲ ਕਬੋਲ ਉਪਰੰਤ ਗੋਲੀਆਂ ਚਲ ਗਈਆਂ। ਇਹ ਇਕੱਠ ਕਿਉਂ ਕੀਤਾ ਗਿਆ ਸੀ ਇਸ ਬਾਰੇ ਸਪੱਸ਼ਟ ਨਹੀਂ ਹੋ ਸਕਿਆ। ਸ਼ਿਕਾਗੋ ਪੁਲਿਸ ਸੁਪਰਡੈਂਟ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਅਜੇ ਤੱਕ ਅਜਿਹਾ ਨਹੀਂ ਲੱਗ ਰਿਹਾ ਕਿ ਘਟਨਾ ਵਿਚ ਕੋਈ ਸ਼ੱਕੀ ਵਿਅਕਤੀ ਸ਼ਾਮਿਲ ਹੈ। ਪੀੜਤ ਹੀ ਮੌਕੇ ਦੇ ਗਵਾਹ ਹਨ ਪਰੰਤੂ ਜ਼ਖਮੀਆਂ ਦਾ ਅਜੇ ਇਲਾਜ਼ ਚੱਲ; ਰਿਹਾ ਹੈ




ਇਸ ਲਈ ਕਿਸੇ ਦੇ ਵੀ ਬਿਆਨ ਨਹੀਂ ਲਏ ਜਾ ਸਕੇ। ਉਨਾਂ ਕਿਹਾ ਹੈ ਕਿ ਘਟਨਾ ਸਥਾਨ ਤੋਂ ਵੱਡੀ ਮਾਤਰਾ ਵਿਚ ਜਿੰਦਾ ਕਾਰਤੂਸ ਤੇ ਚੱਲੀਆਂ ਗੋਲੀਆਂ ਦੇ ਖੋਲ ਮਿਲੇ ਹਨ। ਉਨਾਂ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਕਿਸੇ ਬਾਹਰਲੇ ਵਿਅਕਤੀ ਦੇ ਘਰ ਵਿਚ ਧੱਕੇ ਨਾਲ ਦਾਖਲ ਹੋਣ ਦਾ ਪਤਾ ਲੱਗਦਾ ਹੋਵੇ। ਉਨਾਂ ਦਸਿਆ ਕਿ ਘਟਨਾ ਸਮੇ ਘਰ ਵਿਚ ਅਨੇਕਾਂ ਫੋਨ ਆਉਣ ਦੀ ਗੱਲ ਸਾਹਮਣੇ ਆਈ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਜ਼ਖਮੀਆਂ ਦੇ ਬਿਆਨਾਂ ਉਪਰੰਤ ਹੀ ਕੋਈ ਸਿੱਟਾ ਕੱਢਿਆ ਜਾ ਸਕੇਗਾ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਹੋਏ ਲੋਕਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੇ 6 ਰਾਜਾਂ ਵਿਚ ਇਸ ਸਾਲ ਗੋਲੀਆਂ ਚੱਲਣ ਦੀਆਂ 272 ਘਟਨਾਵਾਂ ਵਾਪਰ ਚੁੱਕੀਆਂ ਹਨ।

# ਗਲਾਸਗੋ ਦੇ ਸਕੂਲੀ ਬੱਚਿਆਂ ਨੇ ਕਪਤਾਨ ਟੌਮ ਮੂਰ ਦੀ ਯਾਦ ਵਿੱਚ ਸੈਂਕੜੇ ਪੌਂਡ ਕੀਤੇ ਇਕੱਠੇ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਲਾਸਗੋ ਦੇ ਸਕੂਲੀ ਬੱਚਿਆਂ ਨੇ ਕਪਤਾਨ ਸਰ ਟੌਮ ਮੂਰ ਦੀ ਯਾਦ ਵਿੱਚ ਸੈਂਕੜੇ ਪੌਂਡ ਇਕੱਠੇ ਕਰਕੇ ਇੱਥੋਂ ਦੀਆਂ ਦੋ ਚੈਰਿਟੀ ਸੰਸਥਾਵਾਂ ਨੂੰ ਦਿੱਤੇ ਹਨ। ਗਲਾਸਗੋ ਵਿੱਚ ਈਸਟ ਐਂਡ ਦੇ ਹੈਗਿਲ ਪਾਰਕ ਅਤੇ ਸੇਂਟ ਡੇਨਿਸ ਪ੍ਰਾਈਮਰੀ ਦੇ ਬੱਚਿਆਂ ਨੇ ਟੌਮ ਮੂਰ ਲਈ 1200 ਪੌਂਡ ਤੱਕ ਦੀ ਰਾਸ਼ੀ ਇਕੱਠੀ ਕੀਤੀ। ਫਰਵਰੀ ਵਿੱਚ ਮੂਰ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ ਬੱਚਿਆਂ ਨੇ ਤਕਰੀਬਨ 100 ਦੇ ਕਰੀਬ ਕਾਰਜ ਪੂਰੇ ਕੀਤੇ ਅਤੇ ਪਿਛਲੇ ਹਫਤੇ ਵਿਦਿਆਰਥੀਆਂ ਨੇ ਜਮ੍ਹਾਂ ਰਾਸੀ ਦੇ ਚੈੱਕ ਵੰਡੇ।

ਵੀਰਵਾਰ ਨੂੰ ਐਲੇਗਜ਼ੈਂਡਰਾ ਪਾਰਕ ਦੀ ਯੁੱਧ ਯਾਦਗਾਰ ਵਿਖੇ ਇੱਕ ਸਮਾਰੋਹ ਵਿੱਚ ਐਮੀ ਸਮਾਇਲੀ ਚੈਰੀਟੀ ਫਾਉਂਡੇਸ਼ਨ ਅਤੇ ਪੌਪੀ ਸਕਾਟਲੈਂਡ ਨੂੰ ਇਹ ਸਹਾਇਤਾ ਦਿੱਤੀ ਗਈ। ਸੇਂਟ ਡੇਨਿਸ ਪ੍ਰਾਇਮਰੀ ਦੇ ਮੁੱਖ ਅਧਿਆਪਕ ਲੂਈਸ ਮੈਕੀ ਨੇ ਬੱਚਿਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਹੈਗਿਲ ਪਾਰਕ ਦੀ ਮੁੱਖ ਅਧਿਆਪਕ ਪੌਲਾ ਗ੍ਰਾਂਟ ਨੇ ਵੀ ਇਸਨੂੰ ਸਰ ਕਪਤਾਨ ਟੌਮ ਦੇ ਸਨਮਾਨ ਲਈ ਇਹ ਇੱਕ ਢੁੱਕਵਾਂ ਤਰੀਕਾ ਦੱਸਿਆ ਹੈ।

ਕਪਤਾਨ ਸਰ ਟੌਮ ਮੂਰ ਜੋ ਕਿ ਸਾਬਕਾ ਬ੍ਰਿਟਿਸ਼ ਆਰਮੀ ਅਧਿਕਾਰੀ ਸੀ, ਨੇ ਪਿਛਲੇ ਸਾਲ ਐਂਨ ਐੱਚ ਐੱਸ ਲਈ ਤਕਰੀਬਨ 40 ਮਿਲੀਅਨ ਪੌਂਡ ਇਕੱਠੇ ਕੀਤੇ ਸਨ।

# ਨਿਊਜ਼ੀਲੈਂਡ ਨੂੰ ਦੁਨੀਆਂ ਦੇ ਭ੍ਰਿਸ਼ਟਾਚਾਰ ਮੁਕਤ ਦੇਸ਼ਾਂ ਵਿਚ ਸਿਖਰ 'ਤੇ ਰੱਖਿਆ ਗਿਆ ਹੈ

ਬ੍ਰਾਇਨ ਇਸ ਦੇਸ਼ ਦੇ ਇੱਕ ਲੇਖਕ ਹਨ। ਉਹਨਾਂ ਨੇ "ਭਾਰਤ ਵਿਚ ਭ੍ਰਿਸ਼ਟਾਚਾਰ" ਵਿਸ਼ੇ ਤੇ ਇਕ ਤੱਥ ਭਰਪੂਰ ਲੇਖ ਲਿਖਿਆ ਹੈ ਜੋ ਸੋਸ਼ਲ ਮੀਡੀਆ ਤੇ ਕਾਫ਼ੀ ਛਾਇਆ ਹੋਇਆ ਹੈ। ਲੇਖ ਦੀ ਮਕਬੂਲੀਅਤ ਅਤੇ ਅਸਰ ਨੂੰ ਵੇਖਦੇ ਹੋਏ ਪੰਜਾਬੀ ਪਾਠਕਾਂ ਲਈ ਇਸਦਾ ਤਰਜਮਾ ਕੀਤਾ ਗਿਆ ਹੈ:-

ਨਿਊਜ਼ੀਲੈਂਡ ਤੋਂ ਇਕ ਵਧੀਆ ਤੇ ਜਾਣਕਾਰੀ ਭਰਪੂਰ ਲੇਖ

ਭਾਰਤੀ ਲੋਕ ਹੋਬਜ਼ (ਬੇਕਾਬੂ, ਮਾੜੀ ਤੇ ਖ਼ੁਦਗਰਜ਼ ਤਹਿਜ਼ੀਬ) ਵੀਚਾਰਧਾਰਾ ਵਾ਼ਲੇ ਹਨ।

ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਇਕ ਤਹਿਜ਼ੀਬੀ ਪੱਖ ਵੀ ਹੈ। ਭਾਰਤੀ ਲੋਕ ਭ੍ਰਿਸ਼ਟਾਚਾਰ ਕਰਨ ਵੇ਼ਲੇ ਜਰਾ ਵੀ ਨਹੀਂ ਝਿਝਕਦੇ। ਭ੍ਰਿਸ਼ਟਾਚਾਰ ਇੱਥੇ ਬਹੁਤ ਵੱਡੇ ਪੱਧਰ ਤੇ ਫੈ-ਲਿਆ ਹੋਇਆ ਹੈ।

ਭਾਰਤੀ ਲੋਕ ਭ੍ਰਿਸ਼ਟ ਵਿਅਕਤੀ ਦਾ ਵਿਰੋਧ ਕਰਨ ਦੀ ਬਜਾਏ, ਉਸਨੂੰ ਬਰਦਾਸ਼ਤ ਕਰਨ ਦੇ ਆਦੀ ਹਨ। ਕੋਈ ਹੋਰ ਮਨੁੱਖੀ ਨਸਲ ਜਮਾਂਦਰੂ ਇਤਨੀ ਭ੍ਰਿਸ਼ਟ ਨਹੀਂ ਹੈ।

ਇਹ ਪਤਾ ਲਗਾਉਣ ਲਈ ਕਿ ਭਾਰਤੀ ਲੋਕ ਇੰਨੇ ਭ੍ਰਿਸ਼ਟ ਕਿਉਂ ਹਨ, ਜਰਾ ਉਹਨਾਂ ਦੀ ਜੀਵਨ ਜਾਚ ਅਤੇ ਰਵਾਇਤਾਂ ਵੱਲ ਝਾਤੀ ਮਾਰੋ।

ਭਾਰਤ ਵਿਚ ਧਰਮ ਵੀ ਕਾਰੋਬਾਰੀ ਲੈਣ ਦੇਣ ਵਰਗਾ ਇਕ ਕਾਰੋਬਾਰ ਹੀ ਹੈ। ਭਾਰਤੀ ਲੋਕ ਇਸ ਆਸ ਨਾ਼ਲ ਪਰਮੇਸ਼ਰ ਨੂੰ ਪੈਸਾ ਚੜ੍ਹਾਉਂਦੇ ਹਨ ਕਿ ਇਸਦਾ ਫ਼ਲ ਦੇਣ ਵੇ਼ਲੇ ਉਹ ਦੂਸਰਿਆਂ ਨਾਲੋਂ ਉਹਨਾਂ ਨੂੰ ਤਰਜੀਹ ਦੇਵੇਗਾ। ਇਹ ਦਲੀਲ ਇਸ ਸੋਚ ਨੂੰ ਪੱਕਿਆਂ ਕਰਦੀ ਹੈ ਕਿ ਲੋੜਵੰਦ ਲੋਕਾਂ ਨੂੰ ਲੋੜੀਂਦੀਆਂ ਚੀਜ਼ਾਂ ਪ੍ਰਾਪਤ ਕਰਨ ਲਈ ਪਰਮਾਤਮਾ ਨੂੰ ਕੁਝ ਨਾ ਕੁਝ ਦੇਣਾ ਹੀ ਪੈਣਾ ਹੈ। ਮੰਦਰ ਦੀ ਵ਼ਲਗਣ ਤੋਂ ਬਾਹਰ ਅਸੀਂ ਅਜਿਹੇ ਲੈਣ ਦੇਣ ਨੂੰ ਭ੍ਰਿਸ਼ਟਾਚਾਰ ਆਖਦੇ ਹਾਂ।

ਅਮੀਰ ਭਾਰਤੀ ਵਿਅਕਤੀ ਨਕਦੀ ਦੀ ਬਜਾਏ ਸੋਨਾ, ਚਾਂਦੀ ਅਤੇ ਹੋਰ ਗਹਿਣੇ ਪਰਮਾਤਮਾ ਦੇ ਨਾਂ ਤੇ ਦਾਨ ਕਰਦਾ ਹੈ। ਉਹ ਦਾਨ ਗ਼ਰੀਬਾਂ ਨੂੰ ਨਹੀਂ ਸਗੋਂ ਪਰਮੇਸ਼ਰ ਨੂੰ ਦਿੰਦਾ ਹੈ। ਉਹ ਸੋਚਦਾ ਹੈ ਕਿ ਕਿਸੇ ਲੋੜਵੰਦ ਨੂੰ ਦੇਣ ਨਾ਼ਲ ਪੈਸਾ ਬਰਬਾਦ ਹੋ ਜਾਵੇਗਾ।

ਜੂਨ 2009 ਵਿੱਚ, "ਦਿ ਹਿੰਦੂ" ਅਖ਼ਬਾਰ ਨੇ ਕਰਨਾਟਕ ਦੇ ਮੰਤਰੀ ਜੀ. ਜਨਾਰਦਨ ਰੈਡੀ ਵੱਲੋਂ ਤਿਰੂਪਤੀ ਮੰਦਰ ਨੂੰ ੪੫ ਕਰੋੜ ਰੁਪਏ ਦਾ ਸੋਨਾ ਅਤੇ ਹੀਰੇ ਜਵਾਹਰਾਤ ਦਾਨ ਕਰਨ ਦੀ ਖ਼ਬਰ ਛਾਪੀ ਸੀ। ਭਾਰਤ ਦੇ ਮੰਦਰਾਂ ਨੂੰ ਇੰਨਾ ਜ਼ਿਆਦਾ ਪੈਸਾ ਮਿਲਦਾ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਲਗਦੀ ਕਿ ਇਸ ਧਨ ਦਾ ਕੀ ਕੀਤਾ ਜਾਵੇ। ਅਰਬਾਂ ਦੀ ਜਾਇਦਾਦ ਮੰਦਰਾਂ ਕੋ਼ਲ ਬੇਕਾਰ ਤੇ ਅਣਵਰਤੀ ਹੀ ਪਈ ਹੋਈ ਹੈ।

ਜਦੋਂ ਯੂਰਪੀਅਨ ਲੋਕ ਭਾਰਤ ਆਏ ਸਨ ਤਾਂ ਉਹਨਾਂ ਨੇ ਇੱਥੇ ਸਕੂਲ ਬਣਾਏ ਪਰ ਇਸਦੇ ਉ਼ਲਟ ਜਦੋਂ ਭਾਰਤੀ ਲੋਕ ਯੂਰਪ ਅਤੇ ਅਮਰੀਕਾ ਗਏ ਤਾਂ ਉਹਨਾਂ ਉਥੇ ਸਭ ਤੋਂ ਪਹਿਲਾਂ ਮੰਦਰ,ਗੁਰਦੁਆਰੇ ਬਣਾਏ।

ਭਾਰਤੀਆਂ ਦੀ ਸੋਚ ਅਜਿਹੀ ਬਣਾ ਦਿੱਤੀ ਗਈ ਹੈ ਕਿ ਰੱਬ ਕੋਈ ਦਾਤ ਦੇਣ ਲਈ ਉਹਨਾਂ ਤੋਂ ਕੁਝ ਨਾ ਕੁਝ ਭੇਟਾ



ਲੈਣ ਦਾ ਹਮੇਸ਼ਾ ਚਾਹਵਾਨ ਹੁੰਦਾ ਹੈ ਇਸ ਲਈ ਦਾਨ ਪੁੰਨ ਕਰਨ ਵਿਚ ਕੁਝ ਵੀ ਗ਼ਲਤ ਨਹੀਂ ਹੈ। ਇਸੇ ਮਾਨਸਿਕਤਾ ਕਾਰਨ ਭਾਰਤੀ ਇੰਨੀ ਆਸਾਨੀ ਨਾਲ ਭ੍ਰਿਸ਼ਟ ਹੋ ਜਾਂਦੇ ਹਨ।

ਭਾਰਤੀ ਤਹਿਜ਼ੀਬ ਰੱਬ ਨਾ਼ਲ ਅਜਿਹਾ ਲੈਣ ਦੇਣ ਕਰਨ ਵਾ਼ਲੇ ਵਰਤੋਂ ਵਿਹਾਰ ਨੂੰ ਸੌਖਿਆਂ ਹੀ ਆਪਣੇ ਅੰਦਰ ਸਮੋਅ ਲੈਂਦੀ ਹੈ। ਕਿਉਂਕਿ:-

1). ਇਸ ਨਾ਼ਲ ਕੋਈ ਇਖ਼ਲਾਕੀ ਦਾਗ ਨਹੀਂ ਲਗਦਾ। ਸਬੂਤ ਵਜੋਂ ਤਮਿਲ ਆਗੂ ਜੈਲਲਿਤਾ ਖਿਲਾਫ ਭ੍ਰਿਸ਼ਟਾਚਾਰ ਦੇ ਕਈ ਮਾਮਲੇ ਚਲਦੇ ਹੋਣ ਦੇ ਬਾਵਜੂਦ ਲੋਕਾਂ ਵੱਲੋਂ ਉਸਨੂੰ ਮੁੜ੍ਹ ਹਾਕਮ ਥਾਪ ਦਿੱਤਾ ਗਿਆ, ਪੱਛਮੀ ਮੁਲਕਾਂ ਵਿੱਚ ਅਜਿਹਾ ਕਦੀ ਸੋਚਿਆ ਵੀ ਨਹੀਂ ਜਾ ਸਕਦਾ।

2). ਭਾਰਤੀਆਂ ਦੀ ਰਿਸ਼ਵਤਖੋਰੀ ਵਾ਼ਲੀ ਸ਼ੱਕੀ ਹਾਲਤ ਇਤਿਹਾਸ ਵਿਚੋਂ ਬਾਖ਼ੂਬੀ ਝਲਕਦੀ ਹੈ। ਭਾਰਤੀ ਇਤਿਹਾਸ ਦੱਸਦਾ ਹੈ ਕਿ ਕਈ ਦ੍ਵਾਰਪਾਲਾਂ ਕੋ਼ਲੋਂ ਸ਼ਹਿਰਾਂ ਅਤੇ ਰਾਜਧਾਨੀਆਂ ਦੇ ਦਰਵਾਜ਼ੇ ਖੁਲਵਾਉਣ ਲਈ ਅਤੇ ਫ਼ੌਜਦਾਰਾਂ ਤੋਂ ਹਥਿਆਰ ਸੁਟਵਾਉਣ ਬਦਲੇ ਰਿਸ਼ਵਤਾਂ ਦੇ ਕੇ ਸੌਖੀਆਂ ਜਿੱਤਾਂ ਹਾਸਲ ਕੀਤੀਆਂ ਗਈਆਂ ਸਨ। ਅਜਿਹਾ ਸਿਰਫ਼ ਭਾਰਤ ਵਿਚ ਹੀ ਹੁੰਦਾ ਹੈ ਅਤੇ ਇਸੇ ਕਾਰਨ ਭਾਰਤ ਨੂੰ ਜੈ ਚੰਦਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਭਾਰਤੀਆਂ ਦੇ ਭ੍ਰਿਸ਼ਟ ਵਰਤਾਓ ਕਾਰਨ ਹੀ ਭਾਰਤੀ ਉਪ-ਮਹਾਂਦੀਪ ਵਿਚ ਪੁਰਾਤਨ ਯੁਨਾਨ ਅਤੇ ਅੱਜੋਕੇ ਯੂਰਪ ਮੁਕਾਬਲੇ ਬਹੁਤ ਘੱਟ ਜੰਗਾਂ ਹੋਈਆਂ ਹਨ। ਇਹ ਤੱਥ ਹੈਰਾਨੀ ਜਨਕ ਹੈ ਕਿ ਨਾਦਿਰ ਸ਼ਾਹ ਦੀ ਤੁਰਕਾਂ ਨਾ਼ਲ ਹੋਈ ਲੜਾਈ ਬਹੁਤ ਤੇਜ ਰਫ਼ਤਾਰ ਵਾ਼ਲੀ ਸੀ ਜੋ ਆਖਰੀ ਸਾਹਾਂ ਤੱਕ ਲੜੀ ਗਈ ਸੀ। ਦੂਜੇ ਪਾਸੇ ਭਾਰਤ ਵਿੱਚ ਤਾਂ ਲੜਾਈ ਦੀ ਕੋਈ ਲੋੜ ਹੀ ਨਹੀਂ ਸੀ। ਭਾਰਤੀ ਫ਼ੌਜ ਨੂੰ ਰਸਤੇ ਵਿਚੋਂ ਹਟਾਉਣ ਲਈ ਰਿਸ਼ਵਤ ਦੇ ਦੇਣੀ ਹੀ ਕਾਫ਼ੀ ਸੀ। ਕੋਈ ਵੀ ਹਮਲਾਵਰ, ਜੋ ਪੈਸੇ ਖ਼ਰਚ ਕਰ ਸਕਦਾ ਸੀ, ਉਹ ਭਾਰਤੀ ਰਾਜੇ ਜਾਂ ਉਸਦੀ ਲੱਖਾਂ ਸਿਪਾਹੀਆਂ ਵਾ਼ਲੀ ਫ਼ੌਜ ਨੂੰ ਸਹਿਜੇ ਹੀ ਆਪਣੇ ਰਸਤੇ ਵਿਚੋਂ ਹਟਾਅ ਸਕਦਾ ਸੀ।

ਪਲਾਸੀ ਦੀ ਲੜਾਈ ਦੌਰਾਨ ਭਾਰਤੀ ਫੌਜੀ ਮੁਸ਼ਕਿਲ ਨਾਲ ਹੀ ਕੋਈ ਮੁਕਾਬਲਾ ਕਰ ਸਕੇ ਸਨ। ਜਿੱਤਣ ਲਈ ਕਲਾਈਵ ਨੇ ਮੀਰ ਜਾਫ਼ਰ ਨੂੰ ਪੈਸੇ ਦੇ ਦਿੱਤੇ ਅਤੇ ਬੰਗਾਲੀ ਫ਼ੌਜ ਦੀ ਨਫ਼ਰੀ ਘਟਕੇ ੩੦੦੦ ਸਿਪਾਹੀਆਂ ਤੱਕ ਸੁੰਗੜਾਅ ਦਿੱਤੀ ਗਈ। ਭਾਰਤੀ ਕਿਲਿਆਂ ਨੂੰ ਜਿੱਤਣ ਲਈ ਹਮੇਸ਼ਾ ਧਨ ਦੌ਼ਲਤ ਦੀ ਵਰਤੋਂ ਬਤੌਰ ਰਿਸ਼ਵਤ ਕੀਤੀ ਜਾਂਦੀ ਸੀ। ਸੰਨ ੧੬੮੯ ਵਿੱਚ ਗੋਲਕੁੰਡਾ ਦਾ ਕਿਲਾ ਵੀ ਪਿਛਵਾੜੇ ਦਾ ਗੁਪਤ ਦਰਵਾਜ਼ਾ ਖੁਲ੍ਹਵਾਕੇ ਜਿੱਤਿਆ ਗਿਆ ਸੀ।ਮੁਗ਼ਲਾਂ ਨੇ ਅਸਲ ਵਿੱਚ ਮਰਾਠਿਆਂ ਅਤੇ ਰਾਜਪੁਤਾਂ ਨੂੰ ਰਿਸ਼ਵਤ ਦੇ ਹਥਿਆਰ ਨਾ਼ਲ ਹੀ ਜਿੱਤਿਆ ਸੀ।

ਸ੍ਰੀ ਨਗਰ ਦੇ ਰਾਜੇ ਨੇ ਔਰੰਗਜੇਬ ਕੋ਼ਲੋਂ ਰਿਸ਼ਵਤ ਲੈਕੇ ਦਾਰਾ ਸ਼ਿਕੋਹ ਦਾ ਪੁੱਤਰ ਸੁਲੇਮਾਨ ਉਸਨੂੰ ਸੌਂਪ ਦਿੱਤਾ। ਅਜਿਹੇ ਬਹੁਤ ਸਾਰੇ ਮਾਮਲੇ ਹਨ, ਜਿੱਥੇ ਭਾਰਤੀਆਂ ਨੇ ਰਿਸ਼ਵਤ ਦਾ ਪੈਸਾ ਹਾਸਲ ਕਰਨ ਲਈ ਵੱਡੀਆਂ ਵੱਡੀਆਂ ਗੱਦਾਰੀਆਂ ਕੀਤੀਆਂ ਸਨ।


ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਭਾਰਤੀਆਂ ਵਿਚ ਸੌਦੇਬਾਜ਼ੀ ਦਾ ਇਹ ਸਭਿਆਚਾਰ ਕਿਉਂ ਹੈ, ਜਦਕਿ ਬਹੁਤ ਸਾਰੇ ਸਭਿਅਕ ਦੇਸ਼ਾਂ ਵਿਚ ਇਹ ਸੌਦੇਬਾਜ਼ੀ ਵਾ਼ਲਾ ਭੈੜਾ ਸਭਿਆਚਾਰ ਹੁੰਦਾ ਹੀ ਨਹੀਂ।

3). ਭਾਰਤੀ ਇਸ ਸਿਧਾਂਤ ਵਿਚ ਯਕੀਨ ਨਹੀਂ ਰੱਖਦੇ ਕਿ ਜੇਕਰ ਉਹ ਚੰਗੇ ਇਖ਼ਲਾਕ ਵਾ਼ਲਾ ਵਰਤੋਂ ਵਿਹਾਰ ਕਰਨਗੇ ਤਾਂ ਸਾਰੇ ਲੋਕ ਤਰੱਕੀ ਕਰਨਗੇ ਕਿਉਂਕਿ ਉਨ੍ਹਾਂ ਦਾ "ਵਿਸ਼ਵਾਸ / ਧਰਮ" ਇਹ ਸਿੱਖਿਆ ਦੇਂਦਾ ਹੀ ਨਹੀਂ।

ਉਹਨਾਂ ਦਾ ਜਾਤਪਾਤ ਵਾ਼ਲਾ ਢਾਂਚਾ ਉਨ੍ਹਾਂ ਨੂੰ ਆਪਸ ਵਿੱਚ ਵੰਡਦਾ ਹੈ। ਉਹ ਮਨੁੱਖੀ ਬਰਾਬਰੀ ਦੇ ਸਿਧਾਂਤ ਵਿੱਚ ਯਕੀਨ ਨਹੀਂ ਕਰਦੇ। ਇਹੋ ਕਾਰਨ ਹੈ ਕਿ ਉਹ ਜਾਤਪਾਤ ਕਾਰਨ ਆਪਸ ਵਿੱਚ ਅਤੇ ਈਸ਼ਵਰ,ਵਾਹਿਗੁਰੂ, ਅੱਲਾਹ, ਗਾੱਡ ਦੇ ਨਾਂ ਤੇ ਵੱਖ ਵੱਖ ਧਰਮਾਂ ਵਿੱਚ ਵੰਡੇ ਗਏ ਹਨ।

ਬਹੁਤ ਸਾਰੇ ਭਾਰਤੀਆਂ ਨੇ ਸਿੱਖ, ਜੈਨ ਜਾਂ ਬੁੱਧ ਅਤੇ ਕਈਆਂ ਨੇ ਈਸਾਈ ਅਤੇ ਇਸਲਾਮ ਧਰਮ ਨੂੰ ਅਪਣ-ਾਇਆ। ਇਸ ਖਿਲਾਰੇ ਦਾ ਨਤੀਜਾ ਇਹ ਨਿਕ਼ਲਿਆ ਕਿ ਹੁਣ ਭਾਰਤੀ ਇਕ ਦੂਜੇ ਤੇ ਭਰੋਸਾ ਹੀ ਨਹੀਂ ਕਰਦੇ। ਭਾਰਤ ਵਿਚ ਕੋਈ ਵੀ ਭਾਰਤੀ ਨਹੀਂ ਹੈ, ਉਹ ਹਿੰਦੂ, ਸਿੱਖ, ਕ੍ਰਿਸ਼ਚਿਅਨ ਜਾਂ ਮੁਸਲਮਾਨ ਵਗੈਰਾ ਦੇ ਨਜਰੀਏ ਤੋਂ ਆਪਣੇ ਆਪ ਨੂੰ ਵੇਖਦੇ ਹਨ। ਭਾਰਤੀ ਭੁੱਲ ਗਏ ਹਨ ਕਿ ਉਹ ੧੪੦੦ ਸਾਲ ਪਹਿਲਾਂ ਇਕੋ ਧਰਮ ਦੇ ਪੈਰੋਕਾਰ ਸਨ। ਇਸ ਵਰਨ ਵੰਡ ਨੇ ਇਕ ਬੀਮਾਰ ਸਭਿਆਚਾਰਕ ਮਾਨਸਿਕਤਾ ਨੂੰ ਜਨਮ ਦਿੱਤਾ ਹੈ। ਇਹ ਸਾਮਾਜਕ ਨਾਬਰਾਬਰੀ ਇਕ ਭ੍ਰਿਸ਼ਟ ਸੋਚ ਦਾ ਨਤੀਜਾ ਹੈ ਜਿਸ ਵਿੱਚ ਹਰ ਭਾਰਤੀ ਦੂਜੇ ਦੇ ਖਿਲਾਫ਼ ਹੈ ਸਿਵਾਏ ਪ੍ਰਮਾਤਮਾ ਦੇ ਜਿਸ ਬਾਰੇ ਵੀ ਉਹਨਾਂ ਦਾ ਵਿਸ਼ਵਾਸ ਹੈ ਕਿ ਉਹ ਬਿਨਾਂ ਰਿਸ਼ਵਤ (ਦਾਨ, ਪੁੰਨ, ਚੜ੍ਹਾਵਾ) ਲਏ ਕੁਝ ਨਹੀਂ ਦੇਂਦਾ।

**–ਬ੍ਰਾਇਨ ਗਾਡਜ਼ੋਨ, ਨਿਊਜ਼ੀਲੈਂਡ**




# ਪੈਰਾ ਬੋਸ਼ੀਆ ਖਿਡਾਰੀ ਰਾਜਿੰਦਰ ਸਿੰਘ ਜਿੰਦਾ ਵੱਲੋਂ ਆਪਣੇ ਘਰ ਬਣਾਏ ਪੰਜਾਬ ਦੇ ਪਹਿਲੇ ਬੋਸ਼ੀਆ ਗਰਾਊਂਡ ਦਾ ਉਦਘਾਟਨ ਬੋਸ਼ੀਆ ਇੰਡੀਆ ਟੀਮ ਦੇ ਅਹੁਦੇਦਾਰਾਂ ਨੇ ਕੀਤਾ

**ਜੈਤੋ–** ਪੈਰਾ ਬੋਸ਼ੀਆ ਖਿਡਾਰੀ ਰਾਜਿੰਦਰ ਸਿੰਘ ਸਰਾਂ (ਜਿੰਦਾ) ਜੋ ਕਿ ਪਹਿਲਾਂ ਕਬੱਡੀ ਦਾ ਪ੍ਰਸਿੱਧ ਖਿਡਾਰੀ ਰਿਹਾ ਹੈ ਤੇ ਅੰਤਰ ਰਾਸ਼ਟਰੀ ਕਬੱਡੀ ਖਿਡਾਰੀਆਂ ਹਰਜੀਤ ਸਿੰਘ ਬਾਜਾਖਾਨਾ ਹੁਰਾਂ ਨਾਲ ਕਬੱਡੀ ਖੇਡ ਚੁੱਕਾ ਹੈ। ਪਿਛਲੇ 25 ਸਾਲਾਂ ਤੋਂ ਦੁਰਘਟਨਾ ਗ੍ਰਸਤ ਹੋਣ ਕਰਕੇ ਹੁਣ ਮੰਜੇ ਤੇ ਪਿਆ ਹੈ, ਕੈਂਸਰ ਜਿਹੀ ਬਿਮ-ਾਰੀ ਨੂੰ ਵੀ ਮਾਤ ਪਾ ਚੁੱਕਾ ਹੈ। ਅੱਜ ਵੀ ਉਸਦੇ ਹੌਂਸਲੇ ਬੁਲੰਦ ਹਨ। ਕੁਝ ਕੁ ਮਹੀਨੇ ਪਹਿਲਾਂ ਉਹ ਬੋਸ਼ੀਆ ਇੰਡੀਆ ਦੇ ਅਹੁਦੇਦਾਰਾਂ ਦੇ ਸੰਪਰਕ ਵਿੱਚ ਆਇਆ ਤੇ ਉਹਨਾਂ ਵੱਲੋਂ ਕੁਝ ਕੁ ਟ੍ਰੇਨਿੰਗ ਲੈ ਕਿ ਬੋਸ਼ੀਆ ਦਾ ਨਾਮਵਰ ਖਿਡਾਰੀ ਬਣ ਗਿਆ ਤੇ ਪੂਰੇ ਪੰਜਾਬ ਵਿੱਚੋਂ ਉਸਦੀ ਇਕੱਲੇ ਦੀ ਚੋਣ ਨੈਸ਼ਨਲ ਖੇਡਾਂ ਲਈ ਹੋਈ, ਤਾਂ ਰਜਿੰਦਰ ਸਿੰਘ ਜਿੰਦੇ ਨੇ 17 ਤੋਂ 20 ਮਾਰਚ 2021 ਤੱਕ ਵਿਸ਼ਾਖਾਪਟਮ (ਆਂਧਰਾ ਪ੍ਰਦੇਸ਼) ਵਿੱਚ ਹੋਈ ਬੋਸ਼ੀਆ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਚੌਥਾ ਸਥਾਨ ਹਾਸਲ ਕੀਤਾ। ਫਿਰ ਉਸਨੇ ਬੋਸ਼ੀਆ ਦਾ ਅੰਤਰ ਰਾਸ਼ਟਰੀ ਪੱਧਰ ਦਾ ਖਿਡਾਰੀ ਬਣਨ ਅਤੇ ਭਾਰਤ ਲਈ ਉਲੰਪਿਕ ਮੈਡਲ ਜਿੱਤਣ ਦੀ ਧਾਰ ਲਈ। ਜਿਸਦੇ ਸਿੱਟੇ ਵਜੋਂ ਉਸਨੇ ਆਪਣੇ ਪਿੰਡ ਦੇ ਕੁਝ ਸਾਥੀਆਂ ਦੇ ਸਹਿਯੋਗ ਨਾਲ ਅਤੇ ਆਪਣੇ ਖਰਚੇ ਤੇ ਆਪਣੇ ਖੁਦ ਦੇ ਘਰ ਸਮਾਲਸਰ (ਮੋਗਾ) ਵਿਖੇ ਪੰਜਾਬ ਦਾ ਪਹਿਲਾ ਬੋਸ਼ੀਆ ਕੋਰਟ (ਗਰਾਊਂਡ) ਤਿਆਰ ਕਰਵਾ ਲਿਆ। ਇਸ ਗਰਾਊਂਡ ਦਾ ਉਦਘਾਟਨ ਕੁਝ ਕੁ ਦਿਨ ਪਹਿਲਾਂ ਹੀ ਬੋਸ਼ੀਆ ਇੰਡੀਆ ਦੇ ਅਹੁਦੇਦਾਰਾਂ ਜਸਪ੍ਰੀਤ ਸਿੰਘ ਧਾਲੀਵਾਲ ਪ੍ਰਧਾਨ, ਸ਼ਮਿੰਦਰ ਸਿੰਘ ਢਿੱਲੋਂ ਜਨਰਲ ਸਕੱਤਰ, ਦਵਿੰਦਰ ਸਿੰਘ ਟਫੀ ਬਰਾੜ ਪੰਜਾਬ ਪ੍ਰਧਾਨ, ਡਾ ਰਮਨਦੀਪ ਸਿੰਘ ਹੈੱਡ ਕਲਾਸੀਫਾਇਰ, ਪ੍ਰਮੋਦ ਧੀਰ ਮੀਡੀਆ ਇੰਚਾਰਜ ਬੋਸ਼ੀਆ ਇੰਡੀਆ ਵੱਲੋਂ ਕੀਤਾ ਗਿਆ। ਇਸ ਮੌਕੇ ਰਜਿੰਦਰ ਸਿੰਘ ਜਿੰਦਾ ਨੇ ਕਿਹਾ ਕਿ ਉਹ ਆਪਣੇ ਕੋਚਾਂ ਦੀ ਸਹਾਇਤਾ ਨਾਲ ਇਸ ਗਰਾਊਂਡ ਵਿੱਚ ਪ੍ਰੈਕਟਿਸ ਕਰੇਗਾ ਅਤੇ ਭਾਰਤ ਦਾ ਨਾਮ ਰੋਸ਼ਨ ਕਰਨ ਲਈ ਓਲੰਪਿਕ ਪੱਧਰ ਤੱਕ ਜਾਣ ਦੀ ਪੂਰੀ ਕੋਸ਼ਿਸ਼ ਕਰੇਗਾ। ਇਸਦੇ ਨਾਲ ਹੀ ਉਸਨੇ ਪੰਜਾਬ ਅਤੇ ਭਾਰਤ ਦੇ ਹੋਰ ਲੋੜਵੰਦ ਤੇ ਚਾਹਵਾਨ ਬੋਸ਼ੀਆ ਖਿਡਾਰੀਆਂ ਨੂੰ ਵੀ ਇਸ ਗਰਾਊਂਡ ਵਿਖੇ ਆ ਕੇ ਪ੍ਰੈਕਟਿਸ ਕਰਨ ਦਾ ਸੱਦਾ ਦਿੱਤਾ, ਜਿੰਨਾਂ ਦੇ ਰਹਿਣ ਸਹਿਣ ਦਾ ਪ੍ਰਬੰਧ ਵੀ ਰਜਿੰਦਰ ਸਿੰਘ ਸਰਾਂ ਅਤੇ ਪਿੰਡ ਦੀ ਪੰਚਾਇਤ ਨੇ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਇਲਾਕੇ ਦੇ ਖੇਡ ਪ੍ਰੇਮੀ, ਕਬੱਡੀ ਖਿਡਾਰੀ, ਜਗਸੀਰ ਸਿੰਘ ਬਾਬਾ ਚੇਅਰਮੈਨ ਮੰਡੀ ਬੋਰਡ, ਪਿੰਡ ਸਮਾਲਸਰ ਦੇ ਪੰਜੇ ਸਰਪੰਚ, ਅਮਨਦੀਪ ਸਿੰਘ ਸਰਪੰਚ, ਰਣਜੀਤ ਸਿੰਘ ਸਰਪੰਚ, ਸਾਬ ਸਰਪੰਚ, ਅਮਰਜੀਤ ਸਿੰਘ ਸਰਪੰਚ, ਅੰਗਰੇਜ ਸਿੰਘ ਸਾਬਕਾ ਸਰਪੰਚ, ਗੁਰਦੇਵ ਸਿੰਘ ਸਰਪੰਚ ਕੋਠੇ ਸੰਗਤਸਰ, ਸੁਖਦੇਵ ਸਿੰਘ ਕਬੱਡੀ ਸਰਪੰਚ, ਨੀਲਾ ਸਰਪੰਚ ਸਮਾਲਸਰ, ਹਰਪ੍ਰੀਤ ਸਿੰਘ ਹੈਪੀ ਸਰਪੰਚ ਪੰਜਗਰਾਈਂ ਖੁਰਦ, ਪੱਪੂ ਪ੍ਰਧਾਨ ਕਿਸਾਨ ਯੂਨੀਅਨ ਪੰਜ ਗਰਾਈਂ ਖੁਰਦ, ਲੇਖਕ ਅਤੇ ਪੇਂਟਰ ਭਿੰਦਰ ਸਿੰਘ ਘਣੀਏ ਵਾਲਾ, ਸਿਮਰਾ, ਤਰਨ ਸਿੰਘ ਸੰਧੂ ਆਦਿ ਹਾਜ਼ਰ ਸਨ। **– ਅਸ਼ੋਕ ਧੀਰ**



# ਫਗਵਾੜਾ ਦੇ ਵਿਧਾਇਕ ਧਾਲੀਵਾਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਕੀਤੀ ਮੁਲਾਕਾਤ

**ਫਗਵਾੜਾ 13 ਜੂਨ (ਬੀ.ਕੇ.ਰੱਤੂ)–** ਹਲਕਾ ਫਗਵਾੜਾ ਦੇ ਵਿਕਾਸ ਕਾਰਜਾਂ ਅਤੇ ਕੋਰੋਨਾ ਮਹਾਮਾਰੀ ਵਿਚ ਹਲਕੇ ਦੀ ਸਥਿਤੀ ਦੀ ਜਾਣਕਾਰੀ ਦੇਣ ਲਈ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਮਾਣਯੋਗ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਿਸ਼ੇਸ ਮੁਲਾਕਾਤ ਕੀਤੀ। ਮਾਣਯੋਗ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਿਆ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਆਖਿਆ ਕਿ ਕੇਂਦਰ ਸਰਕਾਰ ਵਲੋ ਮਹਾਮਾਰੀ ਦੌਰਾਨ ਪੰਜਾਬ ਨਾਲ ਕੀਤੇ ਸੋਤੇਲੇ ਰਵੱਈਏ ਦੇ ਬਾਵਜੂਦ ਸੂਬੇ ਦੇ ਲੋਕਾਂ ਨੂੰ ਬੜੇ ਦੀ ਸੁਚੱਜੇ ਢੰਗ ਨਾਲ ਬਚਾਇਆ ਹੈ। ਜੇਕਰ ਬਾਕੀ ਸੂਬਿਆਂ ਦੀ ਗਲ ਕਰੀਏ ਤਾ ਉਥੇ ਹਲਾਤ ਬਦ ਤੋਂ ਬਦਤਰ ਹੋ ਗਏ ਸਨ ਪਰ ਕੈਪਟਨ ਸਾਹਬ ਦੀ ਸੋਚ ਕਾਰਣ ਸੂਬੇ ਵਿਚ ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਤੋਂ ਜਨਜੀਵਨ ਨੂੰ ਸੁਰਖਿਅਤ ਕੀਤਾ। ਉਨ੍ਹਾ ਵਲੋਂ ਚਲਾਈਆਂ ਮੁੰਹਿਮਾ ਤਹਿਤ ਲੋੜਵੰਦਾਂ ਅਤੇ ਕੋਰੋਨਾ ਮਰੀਜਾਂ ਤੇ ਘਰ ਘਰ ਰਾਸ਼ਣ ਕਿੱਟਾਂ ਅਤੇ ਕੋਰੋਨਾ ਕਿੱਟਾਂ ਪਹੁੰਚਾਈਆਂ ਗਈਆਂ।


ਵਿਧਾਇਕ ਧਾਲੀਵਾਲ ਨੇ ਹਲਕਾ ਫਗਵਾੜਾ ਵਾਸੀਆਂ ਵਲੋਂ ਧੰਨਵਾਦ ਕਰਦਿਆ ਆਖਿਆ ਕਿ ਜਿਹੜੇ ਵਿਕਾਸ ਕਾਰਜ ਬੀਤੇ 20-25 ਸਾਲ ਤੋ ਨਹੀ ਹੋਏ ਸਨ ਉਹ ਕੈਪਟਨ ਸਾਹਬ ਦੀ ਰਹਿਨੁਮਾਈ ਹੇਠ ਮੁੱਕਮਲ ਹੋ ਰਹੇ ਹਨ। ਜਿਸਨੂੰ ਹਲਕਾ ਵਾਸੀ ਵੀ ਮਹਿਸੂਸ ਕਰ ਰਹੇ ਹਨ। ਵਿਕਾਸ ਕਾਰਜਾਂ ਤੇ ਬੋਲਦਿਆ ਵਿਧਾਇਕ ਧਾਲੀਵਾਲ ਨੇ ਆਖਿਆ ਕਿ ਹਲਕਾ ਵਾਸੀਆਂ ਦੇ ਸੇਵਾਦਾਰ ਬਣਕੇ ਅਧੂਰੇ ਪਏ ਕਾਰਜਾਂ ਬਾਰੇ ਕੈਪਟਨ ਸਾਹਬ ਨਾਲ ਗਲਬਾਤ ਕੀਤੀ ਤਾ ਉਨ੍ਹਾਂ ਨੇ ਤੁਰੰਤ ਪ੍ਰੌਜੈਕਟਾ ਨੂੰ ਮਨਜੂਰੀ ਦੇ ਦਿਤੀ।







# ਆਦਿ ਧਰਮ ਮੰਡਲ ਦੇ 95ਵੇਂ ਸਥਾਪਨਾ ਦਿਵਸ ਸਬੰਧੀ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ

ਆਦਿ ਧਰਮ ਮੰਡਲ ਦੇ 95ਵੇਂ ਸਥਾਪਨਾ ਦਿਵਸ ਸਬੰਧੀ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਬੁੱਧੀਜੀਵੀਆਂ ਸੰਤ ਸਰਵਣ ਦਾਸ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਪਰਗਟ ਨਾਥ ਰਹੀਮਪੁਰ ਵਾਲੇ, ਸੰਤ ਤੀਰਥ ਨਾਥ, ਸੰਤ ਨਛੱਤਰ ਦਾਸ, ਸੰਤ ਸੁਰਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ਼੍ਰੀ ਚਰਨ ਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ, ਸੰਤ ਰਾਮ ਮੂਰਤੀ ਆਨੰਦਗੜ੍ਹ, ਸੰਤ ਰਾਮ ਰਤਨ, ਪ੍ਰੋਫੈਸਰ ਮਹਿੰਦਰ ਪਾਲ ਰਾਣਾ ਜਵਾਹਰ ਲਾਲ ਯੂਨਿਵਰਸਿਟੀ ਦਿੱਲੀ, ਕੁਲਦੀਪ ਚੰਦ ਦੋਭੇਟਾ, ਗਿਆਨ ਚੰਦ ਦੇਵਾਲੀ ਮੈਂਬਰ ਐਸ ਸੀ ਕਮਿਸ਼ਨ ਪੰਜਾਬ, ਨਰਿ-ਦਰ ਜੱਸੀ, ਅਕਸ਼ੈ ਭਾਰਦਵਾਜ ਪ੍ਰਧਾਨ ਸੈਂਟਰਲ ਕਮੇਟੀ ਦਿੱਲੀ, ਉਮ ਪ੍ਰਕਾਸ਼ ਪ੍ਰਧਾਨ ਨਵੀਂ ਦਿੱਲੀ, ਚੇਅਰਮੈਨ ਅਜੀਤ ਰਾਮ ਖੇਤਾਨ, ਰਾਮ ਕ੍ਰਿਸ਼ਨ, ਬਲਵੀਰ ਧਾਂਦਰਾ, ਵਾਇਸ ਚੇਅਰਮੈਨ ਨਾਜ਼ਰ ਰਾਮ, ਤਰਸੇਮ ਸਹੋਤਾ ਆਦਿ ਨੇ ਆਦਿ ਧਰਮ ਸਬੰਧੀ ਅਪਣੇ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪ੍ਰੋਫੈਸਰ ਰਾਣਾ ਨੇ ਆਦਿ ਧਰਮ ਦੇ ਇਤਿਹਾਸ ਅਤੇ ਗਿਰਾਵਟ ਬਾਰੇ ਵਿਸ਼ੇਸ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਨੇ ਆਦਿ ਧਰਮ ਮੰਡਲ ਦੇ ਉਦੇਸ਼ਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਕੁਲਦੀਪ ਚੰਦ ਦੋਭੇਟਾ ਨੇ ਆਦਿ ਧਰਮ ਮੰਡਲ ਦੀਆਂ ਪ੍ਰਾਪਤੀਆਂ ਅਤੇ ਲੋਕਾਂ ਵਿਸੇਸ ਤੋਰ ਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਪਾਏ ਗਏ ਯੋਗਦਾਨ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਸਮਾਜ ਨੂੰ ਪੇਸ਼ ਆ ਰਹੀਆਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਸਮੱਸਿਆਵਾਂ ਦੇ ਹੱਲ ਅਤੇ ਆਦਿ ਧਰਮ ਸਬੰਧੀ ਜਾਗਰੂਕਤਾ ਫੈਲਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਇਹ ਫੈਸਲਾ ਕੀਤਾ ਗਿਆ ਕਿ 26 ਫਰਵਰੀ 1930 ਨੂੰ ਰਜਿਸਟਰਡ ਹੋਏ ਆਦਿ ਧਰਮ ਜਿਸ ਅਨੁਸਾਰ 1931 ਦੀ ਜਣਗਣਨਾ ਵੇਲੇ ਇਸ ਧਰਮ ਦਾ ਖਾਨਾ ਬਣਾਇਆ ਗਿਆ ਸੀ ਨੂੰ ਆਣ ਵਾਲੀ ਅਗਲੀ ਜਣਗਣਨਾ ਵਿੱਚ ਫਿਰ ਬਹਾਲ ਕਰਵਾਇਆ ਜਾਵੇ ਤਾਂ ਜੋ ਲੋਕ ਅਪਣਾ ਧਰਮ ਆਦਿ ਧਰਮ ਲਿਖਾ ਸਕਣ। ਇਸ ਮੁਹਿੰਮ ਨੂੰ ਚਲਾਉਣ ਲਈ ਸਮੂਹ ਸੰਤ ਸਮਾਜ ਨੇ ਹਰ ਪ੍ਰਕਾਰ



ਦਾ ਸਮੱਰਥਨ ਅਤੇ ਸਹਿਯੋਗ ਦੈਣ ਦਾ ਐਲਾਨ ਕੀਤਾ। ਇਸ ਮੌਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ 36 ਜਾਤਾਂ ਦੇ ਲੋਕਾਂ ਨੂੰ ਜੋੜ੍ਹ ਕੇ 2026 ਵਿੱਚ ਆਦਿ ਧਰਮ ਮੰਡਲ ਦੀ ਪਹਿਲੀ ਸ਼ਤਾਬਦੀ ਵੱਡੇ ਪੱਧਰ ਤੇ ਮਨਾਉਣ ਦਾ ਐਲਾਨ ਕੀਤਾ ਜਿਸ ਨੂੰ ਸਮੂਹ ਲੋਕਾਂ ਨੇ ਸਰਬ ਸੰਮਤੀ ਨਾਲ ਅਪਣੀ ਮੰਨਜੂਰੀ ਦਿਤੀ। ਇਸ ਮੌਕੇ ਬਾਬਾ ਜਗਤਾਰ ਸਿੰਘ ਮਗਲੂਰ, ਸਰਪੰਚ ਪੁਸ਼ਵਿੰਦਰ ਕੌਰ, ਅਮਿਤ ਕੁਮਾਰ ਪਾਲ, ਉੱਪ ਪ੍ਰਧਾਨ ਪ੍ਰਿੰਸੀਪਲ ਸਰੂਪ ਚੰਦ, ਰਾਮ ਕਿਸ਼ਨ ਪੱਲੀ ਝਿੱਕੀ ਸਕੱਤਰ, ਬਲਬੀਰ ਮਹੇ, ਮਨਜੀਤ ਮੂਗੋਵਾਲੀਆ, ਜਗਵਿੰਦਰ ਮੂਗੋਵਾਲ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ, ਮੈਨੇਜਰ ਸੁਖਵੀਰ ਦੁੱਗਲ, ਮੈਨੇਜਰ ਨਰਿੰਦਰ ਸਿੰਘ, ਸਤਿਗੁਰ ਸਿੰਘ, ਪ੍ਰਗਟ ਸਿੰਘ, ਰਾਕੇਸ਼ ਕੁਮਾਰ, ਅਸ਼ਵਨੀ ਦਾਘੋੜ ਭੀਮ ਆਰਮੀ, ਰਾਜੇਸ਼ ਕੁਮਾਰ ਆਦਿ ਹਾਜਰ ਸਨ।

**- ਕੁਲਦੀਪ ਚੰਦ (ਨੰਗਲ)**


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-IJ/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਅਕਾਲੀ ਬਸਪਾ ਗਠਜੋੜ ਨੂੰ ਲੈ ਕੇ ਹਲਕਾ ਫਗਵਾੜਾ ਵਿਚ ਖੁਸ਼ੀ 'ਚ ਵੰਡੇ ਲੱਡੂ



**ਫਗਵਾੜਾ 13 ਜੂਨ (ਬੀ.ਕੇ.ਰੱਤੂ)** ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਬਹੁਜਨ ਸਮਾਜ ਪਾਰਟੀ ਦਾ ਅਧਿਕਾਰਤ ਤੋਰ ਤੇ ਗਠ-ਬੰਧਨ ਹੋ ਗਿਆ ਹੈ। ਇਸ ਗਠਬੰਧਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਫਗਵਾੜਾ ਵਿਚ ਮਾਰਕਫੈਡ ਦੇ ਸਾਬਕਾ ਚੇਅਰਮੈਨ ਸ. ਜਰਨੈਲ ਸਿੰਘ ਵਾਹਦ ਅਤੇ ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਦੀ ਅਗਵਾਈ ਵਿਚ ਅਕਾਲੀ ਅਤੇ ਬਸਪਾ ਆਗੂਆਂ ਨੇ ਲੱਡੂ ਵੰਡੇ ਤੇ ਇਕ ਦੂਜੇ ਨੂੰ ਵਧਾਈ ਦਿੱਤੀ। ਇਸ ਮੌਕੇ ਵਿਸ਼ੇਸ ਤੋਰ ਤੇ ਹਰਭਜਨ ਬਲਾਲੋ ਸੀਨੀਅਰ ਬਸਪਾ ਲੀਡਰ ਪੰਜਾਬ, ਰਮੇਸ਼ ਕੋਲ ਜਰਨਲ ਸੈਕਟਰੀ ਪੰਜਾਬ ਅਤੇ ਸੀਨੀਅਰ ਬਸਪਾ ਲੀਡਰ ਪਹੁਚੇ ਅਤੇ ਗਠਬੰਧਨ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਦੱਬੇ ਕੁਚਲੇ ਲੋਕਾਂ ਲਈ ਹੱਕ ਤੇ ਸੱਚ ਦੀ ਲੜਾਈ ਲੜਨ ਲਈ ਪੰਜਾਬ ਅੰਦਰ ਅਕਾਲੀ ਬਸਪਾ ਨੇ ਗਠਬੰਧਨ ਕੀਤਾ ਹੈ। ਜਿਸਦਾ ਐਲਾਨ ਦੋਹਾ ਪਾਰਟੀਆਂ ਦੇ ਆਗੂਆਂ ਨੇ ਚੰਡੀਗੜ ਵਿਚ ਕਰ ਦਿੱਤਾ ਹੈ। ਉਨਾਂ ਨੇ ਕਿਹਾ ਕਿ ਹੁਣ ਇਕ ਜੁੱਟ ਹੋਕੇ ਪੰਜਾਬ ਵਿਚ ਕਾਂਗਰਸ ਸਰਕਾਰ ਦੀ ਲੁੱਟ ਤੇ ਕੁੱਟ ਦੇ ਖਿਲਾਫ ਸੰ-ਘਰਸ਼ੀ ਨੇਤਾ ਫੈਸਲਾਕੂਨ ਲੜਾਈ ਲੜਣਗੇ ਅਤੇ ਪੰਜਾਬ ਵਿਚੋਂ ਧੋਖੇਬਾਜ ਕਾਂਗਰਸ ਅਤੇ ਕਿਸਾਨ ਤੇ ਮਜਦੂਰ ਵਿਰੋਧੀ ਭਾਜਪਾ ਵਰਗੀਆਂ ਪਾਰਟੀਆਂ ਦਾ ਸੂਪੜਾ ਸਾਫ ਕਰ ਦੇਣਗੇ। ਉਨਾਂ ਕਿਹਾ ਕਿ ਅਕਾਲੀ ਦਲ ਅਤੇ ਬਸਪਾ ਸ਼ੁਰੂ ਤੋਂ ਹੀ ਦਲਿਤਾਂ ਅਤੇ ਸਮਾਜ ਦੇ ਦੱਬੇ ਕੁਚਲੇ ਲੋਕਾਂ, ਕਿਸਾਨਾ ਭਰਾਵਾਂ, ਮਜਦੂਰਾ ਦੇ ਹਿਤਾਂ ਦੀ ਲੜਾਈ ਲੜਦੀ ਆ ਰਹੀ ਹੈ ਅਤੇ ਹੁਣ ਇਸ ਗਠਜੋੜ ਨਾਲ ਇਸ ਲੜਾਈ ਨੂੰ ਮਜਬੂਤੀ ਮਿਲੇਗੀ। ਇਸ ਗਠਬੰਧਨ ਦਾ ਲਾਹਾ ਆਉਣ ਵਾਲੀਆਂ ਫਗਵਾੜਾ ਨਿਗਮ ਚੋਣਾ ਵਿਚ ਵੀ ਮਿਲੇਗਾ। ਇਸ ਮੌਕੇ ਪਵਨ ਸੇਠੀ, ਹਰਭਜਨ ਸੁਮਨ, ਚਿੰਰਜੀ ਲਾਲ ਕਾਲਾ ਪ੍ਰਧਾਨ ਫਗਵਾੜਾ ਨੇ ਵੀ ਸੰਬੋਧਨ ਕੀਤਾ।

ਗਠਜੋੜ ਨੇਤਾਵਾਂ ਨੇ ਕਿਹਾ ਕਿ ਫਗਵਾੜਾ ਵਿਧਾਨ ਸਭਾ ਸੀਟ ਵਡੇ ਫਰਕ ਨਾਲ ਜਿੱਤ ਕੇ ਹਾਈਕਮਾਂਡ ਦੀ ਝੋਲੀ ਵਿਚ ਪਾਈ ਜਾਵੇਗੀ। ਇਸ ਮੌਕੇ ਗਠਬੰਧਨ ਦੇ ਨੇਤਾ ਬੀਬੀ ਸਰਬਜੀਤ ਕੋਰ ਸਾਬਕਾ ਐਮ.ਸੀ, ਤੇਜਪਾਲ ਬਸਰਾ ਸਾਬਕਾ ਐਮ.ਸੀ, ਬਲਜੀਤ ਸਿੰਘ ਵਾਲੀਆ, ਲੇਖ ਰਾਜ ਜਮਾਲਪੁਰੀ, ਸੁਖਬੀਰ ਸਿੰਘ ਕਿੰਨੜਾ, ਸਰੂਪ ਸਿੰਘ ਖਲਵਾੜਾ, ਮੋਹਨ ਸਿੰਘ ਵਾਹਦ, ਮਨਹੋਰ ਲਾਲ ਜੱਖੂ, ਪ੍ਰਿਤਪਾਲ ਸਿੰਘ ਮੰਗਾ, ਗੁਰਮਖ ਸਿੰਘ ਚਾਨਾ, ਬਹਾਦਰ ਸਿੰਘ ਸੰਗਤਪੁਰ, ਝਿਰਮਲ ਸਿੰਘ ਭਿੰਡਰ, ਰਵੀ ਸਿੱਧੂ, ਇੰਜ. ਪ੍ਰਦੀਪ ਮੱਲ , ਗੁਰਦਿਤ ਬੰਗੜ, ਪਰਵਿੰਦਰ ਬੋਧ, ਜਸਵਿੰਦਰ ਸਿੰਘ ਭਗਤਪੁਰਾ, ਬਲਵਿੰਦਰ ਬੋਧ, ਜਤਿੰਦਰ ਸਿੰਘ ਘੁਮੱਣ, ਬਲਵੀਰ ਸਿੰਘ ਬਿੱਟੂ, ਸਦਾ ਨੰਦ, ਹਰਭਜਨ ਖਲਵਾੜਾ, ਰਾਮ ਮੂਰਤੀ ਖੇੜਾ, ਗੋਲਡੀ ਮਹਿਮੀ, ਸੁਰਿੰਦਰ , ਬੰਟੀ ਟਿੱਬੀ, ਅਮਰ ਬਸਰਾ, ਸਿਮਰਨ ਬਸਰਾ, ਅਮ੍ਰਿਤ ਚਾਨਾ, ਹਰਜੋਤ ਪਾਹਵਾ, ਆਸ਼ੂ ਛਾਬੜਾ, ਰੋਹਿਤ ਪਾਠਕ, ਗੁਰਪ੍ਰੀਤ ਸਿੰਘ ਬੱਗਾ, ਮੰਨੂ ਬਾਂਗਾ, ਅਮਰਜੀਤ ਸਿੰਘ, ਸੰਜੀਵ ਕੁਮਾਰ, ਸੁਰੇਸ਼ ਕੁਮਾਰ, ਭੁਪਿੰਦਰ ਭਿੰਦਾ, ਵੈਬਨ ਸਰਮਾ, ਗੁਰਬਖਸ ਸਿੰਘ ਪਨੇਸਰ ਅਤੇ ਹੋਰ ਹਾਜ਼ਰ ਸਨ।

# ਅਕਾਲੀ ਬਸਪਾ ਗੱਠਜੋੜ ਨੂੰ ਲੈਕੇ ਬਸਪਾ ਮੁਖੀ ਕੁਮਾਰੀ ਮਾਇਆਵਤੀ ਦਾ ਤਾਜ਼ਾ ਬਿਆਨ

**ਲਖਨਊ/ ਚੰਡੀਗੜ੍ਹ–** ਪੰਜਾਬ ਵਿੱਚ ਅੱਜ ਸਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਐਲਾਨਿਆ ਗਠਜੋੜ ਇਕ ਨਵੀਂ ਰਾਜਨੀਤਿਕ ਅਤੇ ਸਮਾਜਿਕ ਪਹਿਲ ਹੈ, ਜੋਕਿ ਨਿਸਚਤ ਹੀ ਸੂਬੇ ਵਿਚ ਜਨਤਾ ਲਈ ਉਡੀਕੇ ਜਾ ਰਹੇ ਵਿਕਾਸ, ਪ੍ਰਗਤੀ ਤੇ ਖੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਇਸ ਇਤਹਾਸਿਕ ਕਦਮ ਲਈ ਪੰਜਾਬੀਆਂ ਨੂੰ ਹਾਰਦਿਕ ਵਧਾਈ ਤੇ ਸੁਭਕਾਮਨਾਵਾਂ।



ਵੈਸੇ ਤਾਂ ਪੰਜਾਬ ਵਿੱਚ ਸਮਾਜ ਦਾ ਹਰ ਤਬਕਾ ਕਾਂਗਰਸ ਪਾਰਟੀ ਦੇ ਸ਼ਾਸਨ ਵਿੱਚ ਗਰੀਬੀ, ਭਰਿਸਟਾਚਾਰ, ਆਦਿ ਨਾਲ ਜੂਝ ਰਿਹਾ ਹੈ ਲੇਕਿਨ ਇਸਦੀ ਸਭ ਤੋਂ ਜਿਆਦਾ ਮਾਰ ਦਲਿਤਾਂ ਕਿਸਾਨਾਂ ਨੌਜਵਾਨਾਂ ਤੇ ਔਰਤ ਆਦਿ ਵਰਗਾਂ ਨੂੰ ਝੱਲਣੀ ਪਈ ਰਹੀ ਹੈ, ਜਿਸਤੋਂ ਆਜ਼ਾਦੀ ਪਾਉਣ ਲਈ ਆਪਣੇ ਇਸ ਗੱਠਜੋੜ ਨੂੰ ਕਾਮਯਾਬ ਬਣਾਉਣਾ ਬਹੁਤ ਜਰੂਰੀ ਹੈ। ਨਾਲ ਹੀ, ਪੰਜਾਬ ਦੀ ਸਮੂਹ ਜਨਤਾ ਨੂੰ ਪੁਰਜੋਰ ਅਪੀਲ ਹੈ ਕਿ ਉਹ ਅਕਾਲੀ ਦਲ ਤੇ&; ਬਸਪਾ ਦੇ ਵਿੱਚ ਹੋਏ ਇਸ ਇਤਿਹਾਸਿਕ ਗੱਠਜੋੜ ਨੂੰ ਆਪਣਾ ਪੂਰਨ ਸਮਰਥਨ ਦਿੰਦੇ ਹੋਏ ਇਥੇ ਸਾਲ 2022 ਦੇ ਸ਼ੁਰੂਆਤ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਗੱਠਜੋੜ ਦੀ ਸਰਕਾਰ ਬਣਾਉਣ ਵਿੱਚ ਪੂਰੇ ਜੀਅ ਜਾਨ ਨਾਲ ਹੁਣ ਤੋਂ ਹੀ ਜੁਟ ਜਾਣ।

**ਸਹੀ/–**
**(ਮਾਇਆਵਤੀ)**
**ਰਾਸ਼ਟਰੀ ਪ੍ਰਧਾਨ**
**ਬਹੁਜਨ ਸਮਾਜ ਪਾਰਟੀ,**
**ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਸਾਂਸਦ**

# ਨਸਰਾਲਾ ਸਮਾਰਟ ਸਕੂਲ ਨੇ 'ਨਵ ਕਿਰਣ' ਬਾਲ ਮੈਗਜੀਨ ਜਾਰੀ ਕੀਤਾ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਬਾਲ ਮੈਗਜੀਨ 'ਨਵ ਕਿਰਣ'ਦਾ ਪੰਜਵਾਂ ਐਡੀਸ਼ਨ ਜ਼ਿਲ੍ਹਾ ਸਿੱਖਿਆ ਅਫਸਰ (ਸ.ਸ) ਸ. ਗੁਰਸ਼ਰਨ ਸਿੰਘ ਵੱਲੋ ਲੋਕ ਅਰਪਣ ਕੀਤਾ ਗਿਆ! ਬਾਲ ਮੈਗਜੀਨ ਨੂੰ ਵਿਦਿਆਰਥੀਆਂ ਦੇ ਨਾਂ ਕਰਦਿਆਂ ਡੀ.ਈ.ਓ ਸਾਹਿਬ ਨੇ ਆਖਿਆਆ ਕਿ ਸਕੂਲਾਂ ਵੱਲੋ ਬਾਲ ਮੈਗਜੀਨ ਕੱਢਣੇ ਇੱਕ ਤਰ੍ਹਾਂ ਨਾਲ ਨੰਨੀਆਂ ਕਲਮਾਂ ਨੂੰ ਸਾਹਿਤਕ ਸਫਰ ਤੇ ਤੋਰਨਾ ਹੈ! ਸਾਹਿਤ ਨਾਲ ਰਿਸ਼ਤਾ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਵੇਦ-ਨਸ਼ੀਲ, ਸੁਹਿਰਦ ਅਤੇ ਪ੍ਰੱਪਕ ਬਣਾਉਂਦਾ



ਹੈ!ਬਾਲ ਮੈਗਜੀਨ ਲਈ ਉਨ੍ਹਾਂ ਨੇ ਪ੍ਰਿੰਸੀਪਲ ਕਰੁਣ ਸ਼ਰਮਾ ਅਤੇ ਸੰਪਾਦਕ ਡਾ. ਜਸਵੰਤ ਰਾਏ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਾਰਜ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ! ਇਸ ਨਾਲ ਬੱਚਿਆਂ ਵਿੱਚ ਸਿਰਫ ਸਾਹਿਤਕ ਰੁਚੀਆਂ ਹੀ ਵਿਕਸਤ ਨਹੀ ਹੁੰਦੀਆਂ ਸਗੋ ਸੁਚੱਜੇ ਸਮਾਜ ਦਾ ਵੀ ਨਿਰਮਾਣ ਹੁੰਦਾ ਹੈ! ਪ੍ਰਿੰ.ਕਰੁਣ ਸ਼ਰਮਾ ਨੇ ਡੀ.ਈ.ਓ ਸਾਹਿਬ ਦਾ ਨਵ ਕਿਰਣ ਬਾਲ ਮੈਗਜੀਨ ਲੋਕ ਅਰਪਣ ਕਰਨ ਤੇ ਧੰਨਵਾਦ ਕੀਤਾ!

**– ਮਹੇਸ਼ਵਰ ਕੁਮਾਰ ਛਾਬੜਾ,**
**ਨਸਰਾਲਾ**

# ਵਾਤਾਵਰਨ ਦਿਵਸ ਮੌਕੇ ਘਨੌਰ ਬਲਾਕ ਦੇ ਪਿੰਡਾਂ 'ਚ ਪੌਦੇ ਲਗਾਏ

**ਘਨੌਰ (ਬਿਊਰੋ)–** ਜਲ ਸਪਲਾਈ ਅਤੇ ਸੈਨੀ-ਟੇਸ਼ਨ ਵਿਭਾਗ ਦੀ ਸਹਾਇਤਾ ਨਾਲ ਬਲਾਕ ਘਨੌਰ ਦੇ ਪਿੰਡਾਂ ਊਂਟਸਰ, ਤੇਪਲਾ, ਹਰਪਾਲਾਂ, ਸੰਭੂ ਖੁਰਦ, ਮੰਡੌਲੀ ਅਤੇ ਬੱਲੋਪੁਰ ਸਮੇਤ ਕਾਫ਼ੀ ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ ਤੇ ਇੰਪੈਕਟ ਟੀਮ ਨੇ ਟੀਮ ਲੀਡਰ ਰਗੁਵੀਰ ਸਿੰਘ. ਕਰਮਜੀਤ ਕੌਰ ਆਈ.ਈ.ਸੀ., ਨਵਦੀਪ ਕੌਰ ਸੀ.ਡੀ.ਐਸ., ਵਰਸ਼ਾ ਆਈ ਈ ਸੀ, ਲਕਸ਼ਮੀ ਸੀ ਡੀ ਐਸ ਦੀਆਂ ਟੀਮਾਂ ਨੇ ਸਤਨਾਮ ਸਿੰਘ ਮੱਟੂ ਸਹਾਇਕ ਇੰਜੀਨੀਅਰ ਰਹਿਨੁਮਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮੌਕੇ ਪੌਦੇ ਲਗਾਏ। ਇਸ ਮੌਕੇ ਮਹਿਕਮੇ ਦੇ ਇੰਜ.ਵਿਨੋਦ ਕੁਮਾਰ ਐੱਸ ਡੀ ਓ ਨੇ ਟੀਮ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਇਸ ਕਾਰਜ ਨੂੰ ਭਵਿੱਖ ਚ ਜਾਰੀ ਰੱਖਣ ਦੀ ਤਾਕੀਦ ਕੀਤੀ ਹੈ ਅਤੇ ਬੂਟਿਆਂ ਦੀ ਸਾਂਭ-ਸੰਭਾਲ ਕਰਨ ਉੱਪਰ ਉਚੇਚ ਤਵੱਜੋ ਦੇਣ ਦੀ ਪ੍ਰੇਰਨਾ ਦਿੱਤੀ।



ਉਹਨਾਂ ਕਿਹਾ ਦਰੱਖਤ ਸਾਨੂੰ ਕੁਦਰਤੀ ਤੋਹਫ਼ਾ ਆਕਸੀਜਨ ਪ੍ਰਦਾਨ ਕਰਦੇ ਹਨ,ਜ਼ੋ ਮਨੁੱਖੀ ਜੀਵਨ ਦਾ ਆਧਾਰ ਹੀ ਨਹੀਂ, ਜ਼ਰੂਰੀ ਹੈ। ਇਸ ਮੌਕੇ ਅੰਮ੍ਰਿਤਪਾਲ ਕੌਰ,ਗੁਰਪ੍ਰੀਤ ਸਿੰਘ,ਆਕਾਸ਼ ਪਟਿਆਲਾ, ਗਗਨਦੀਪ ਸਿੰਘ, ਗੁਰਸੇਵਕ ਸਿੰਘ, ਧਰਮਿੰਦਰ ਸਿੰਘ, ਹਰਜਿੰਦਰ ਸਿੰਘ, ਰਮਨਦੀਪ ਕੌਰ ਅਤੇ ਤਲਵਿੰਦਰ ਸਿੰਘ ਬੀ.ਆਰ.ਸੀ. ਵਲੋਂ ਲੋਕਾਂ ਨੂੰ ਰੁੱਖਾਂ ਦੇ ਮਹਤੱਵ ਬਾਰੇ ਦਸਿਆ। ਉਹਨਾਂ ਨੇ ਕਿਹਾ ਕਿ ਰੁੱਖ ਮਨੁੱਖੀ ਜੀਵਨ ਦਾ ਸਭ ਤੋਂ ਜ਼ਰੂਰੀ ਹਿੱਸਾ ਹਨ ਅਤੇ ਇਹਨਾਂ ਦੀ ਸੰਭਾਲ ਕਰਨ ਸਾਡਾ ਕਰਤੱਵ ਹੈ। ਇਸ ਮੌਕੇ ਊਂਟਸਰ ਦਾ ਸਰਪੰਚ ਬਲਕਾਰ ਸਿੰਘ, ਪਿੰਡ ਸੰਭੂ ਖੁਰਦ ਦਾ ਸਰਪੰਚ ਸੁਖਵਿੰਦਰ ਕੌਰ, ਪਿੰਡ ਬੱਲੋਪੁਰ ਦੇ ਸਰਪੰਚ ਸਤਿੰਦਰ ਸਿੰਘ ਅਤੇ ਪੰਚ ਗੁਰਪਾਲ ਸਿੰਘ ਹਾਜਰ ਸੀ। ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਮੈਂਬਰ ਹਾਜਰ ਸਨ। **–ਸਤਨਾਮ ਸਿੰਘ ਮੱਟੂ**

# ਮਹਿੰਗਾਈ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਦਾ ਸਾੜਿਆ ਪੁਤਲਾ



**ਜਲੰਧਰ–** ਅੱਜ ਜਲੰਧਰ ਦੇ ਲੰਮਾ ਪਿੰਡ ਚੌਕ ਨੇੜੇ ਗੁਰੂ ਨਾਨਕ ਮਾਰਕੀਟ ਵਿਖੇ ਮ-ਹਿੰਗਾਈ ਨੂੰ ਲੈ ਕੇ ਪ੍ਰਧਾਨ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਐਂਟੀ ਨਾਰਕੋਟਿਕਸ ਸੈੱਲ ਜਲੰਧਰ ਦੇ ਚੇਅਰਮੈਨ ਅਤੇ ਐਂਟੀ ਕ੍ਰਾਈਮ ਤੇ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਸੁਰਿੰਦਰ ਸਿੰਘ ਕੈਰੋਂ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਮਹਿੰਗਾਈ ਕਾਰਨ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ । ਉਨ੍ਹਾਂ ਨੇ ਕਿਹਾ ਕਿ ਏਨੀ ਮਹਿੰਗਾਈ ਹੋਣ ਦੇ ਬਾਵਜੂਦ ਜੇਕਰ ਲੋਕ ਮੋਦੀ ਨੂੰ ਹੁਣ ਵੀ ਪਸੰਦ ਨਹੀਂ ਕਰਦੇ ਤਾਂ ਲੋਕਾਂ ਦਾ ਜਿਊਣਾ ਹੋਰ ਮੁਸ਼ਕਲ ਹੋ ਜਾਵੇਗਾ। ਇਸ ਮੌਕੇ ਐਂਟੀ ਨਾਰਕੋਟਿਕਸ ਸੈੱਲ ਪੰਜਾਬ ਦੇ ਚੇਅਰਮੈਨ ਰਣਜੀਤ ਸਿੰਘ ਨਿੱਕੜਾ ਦੇ ਦਿਸ਼ਾ ਨਿਰਦੇਸ਼ ਮੁਤਾਬਕ ਆਉਣ ਵਾਲੇ ਸਮੇਂ ਵਿੱਚ ਭਾਜਪਾ ਖ਼ਿਲਾਫ਼ ਰੋਸ ਮੁਜ਼ਾਹਰੇ ਕੀਤੇ ਜਾਣਗੇ, ਜਿਸ ਦੀ ਇੱਕ ਪਾਸੜ ਸੋਚ ਨੂੰ ਅੱਗ ਦੇ ਹਵਾਲੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆਉਣ ਵਾਲੀ ਸਰਕਾਰ ਵੀ ਕਾਂਗਰਸ ਦੀ ਹੋਵੇਗੀ ਅਤੇ ਕੈਪਟਨ ਅਮਰਿੰਦਰ ਸਿੰਘ ਹੀ ਮੁੱਖ ਮੰਤਰੀ ਹੋਣਗੇ । ਇਸ ਮੌਕੇ ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਐਂਟੀ ਨਾਰਕੋਟਿਕਸ ਸੈੱਲ ਵਲੋਂ ਹੁਣ ਤੋਂ ਹੀ ਜ਼ਿਲ੍ਹਾ ਤਹਿਸੀਲ ਅਤੇ ਬਲਾਕ, ਪੱਧਰ ਤੇ ਸੰਗਠਨ ਨੂੰ ਮਜ਼ਬੂਤ ਕਰਕੇ ਵਿਰੋਧੀ ਧਿਰਾਂ ਨੂੰ ਪਿੱਛੇ ਧੱਕਿਆ ਜਾਵੇਗਾ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸਨ ਦੇ ਕੇ ਅਕਾਲੀ-ਬਸਪਾ ਅਤੇ ਭਾਜਪਾ ਅਤੇ ਆਮ ਆਦਮੀ ਪਾਰਟੀ ਤੋਂ ਨਿਜਾਤ ਦਿਵਾਈ ਜਾ ਸਕੇ। ਇਸ ਮੌਕੇ ਸੁਰਿੰਦਰ ਸਿੰਘ ਕੈਰੋਂ ਮਨਜੋਤ ਸਿੰਘ ਖਰਬੰਦਾ, ਲਲਿਤ ਕੁਮਾਰ, ਰਾਮ ਕੁਮਾਰ ਘਈ, ਡਾ. ਨਵੀਨ ਕੁਮਾਰ, ਡਾ. ਰਮਨ ਕੁਮਾਰ, ਦਲਜੀਤ ਸਿੰਘ ਅਰੋੜਾ, ਪ੍ਰਦੀਪ ਕੁਮਾਰ ਜੁਲਕਾ, ਲਖਵਿੰਦਰ ਸਿੰਘ, ਹਰਜੋਤ ਸਿੰਘ, ਗੁਰਸਿਮਰਨਜੀਤ ਸਿੰਘ, ਬਿੱਲਾ, ਰਾਜ ਕੁਮਾਰ ਰਾਜੂ, ਵਿਨੋਦ ਕੁਮਾਰ, ਸੰਦੀਪ ਹਾਂਡਾ, ਬਾਬਾ ਤਲਵਿੰਦਰ ਸਿੰਘ, ਬਾਵਾ ਅਤੇ ਹੋਰ ਵੱਡੀ ਗਿਣਤੀ ਕਾਂਗਰਸ ਦੇ ਕਾਰਕੁਨ ਸ਼ਾਮਲ ਹੋਏ। **–ਮੇਹਰ ਮਲਿਕ**

# ਤਿੰਨ ਵਿਦਿਆਰਥੀ ਆਗੂਆਂ ਦੀ ਰਿਹਾਈ ਲੋਕ ਆਵਾਜ਼ ਦੀ ਅੰਸ਼ਕ ਜਿੱਤ

# ਸਮੂਹ ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ: ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ–** ਦਿੱਲੀ ਹਾਈਕੋਰਟ ਵੱਲੋਂ ਪਿੰਜਰਾ ਤੋੜ ਮੁਹਿੰਮ ਦੀ ਆਗੂ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਤੀ ਦੀ ਵਿਦਿਆਰਥਣ ਨਤਾਸ਼ਾ ਅਗਰਵਾਲ, ਦਿਵੰਗਨਾ ਕਲਿਤਾ ਅਤੇ ਜਾਮੀਆਂ ਮਿਲੀਆ ਇਸਲਾਮੀਆਂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਆਸਿਫ਼ ਇਕਬਾਲ ਤਨਹਾ ਦੀ ਜਮਾਨਤ ਮਨਜ਼ੂਰ ਕਰਨ ਅਤੇ ਨਿਰਆਧਾਰ ਦੋਸ਼ਾਂ ਨੂੰ ਖਾਰਜ਼ ਕਰਦਿਆਂ ਕੀਤੀਆਂ ਮਹੱਤਵਪੂਰਣ ਟਿੱਪਣੀਆਂ ਨੂੰ ਮੁਲਕ ਦੇ ਵੱਖ-ਵੱਖ ਖਿੱਤਿਆਂ ਵਿੱਚ ਬੁੱਧੀਜੀਵੀਆਂ ਦੀ ਰਿਹਾਈ ਅਤੇ ਜਮਹੂਰੀ ਹੱਕਾਂ ਦੀ ਜਾਮਨੀ ਸਬੰਧੀ ਆਵਾਜ਼ ਦੀ ਸ਼ਾਨਦਾਰ ਅੰਸ਼ਕ ਜਿੱਤ ਕਰਾਰ ਦਿੰਦੇ ਹੋਏ ਦੇਸ਼ ਭਗਤ ਯਾਦਗਾਰ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫ਼ੋਂ ਜੋਰਦਾਰ ਮੰਗ ਕੀਤੀ ਹੈ ਕਿ ਸਮੂਹ ਨਿਰਦੋਸ਼ ਬੁੱਧੀਜੀਵੀਆਂ, ਸਾਹਿਤਕਾਰਾਂ, ਲੇਖਕਾਂ, ਕਵੀਆਂ, ਰੰਗ ਕਰਮੀਆਂ, ਸਮਾਜਕ ਅਤੇ ਜਮਹੂਰੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਹਾਈਕੋਰਟ ਵੱਲੋਂ,"ਮੁਲਕ ਦੇ ਨਾਗਰਿਕਾਂ ਦੇ ਮੁਢਲੇ ਜਮਹੂਰੀ ਅਧਿਕਾਰਾਂ ਉਪਰ ਸ਼ਿਕੰਜਾ ਕਸਣ, ਜ਼ੁਬਾਨਬੰਦੀ ਕਰਨ ਲਈ ਸੰਵਿਧਾਨਕ ਹੱਕਾਂ ਉਪਰ ਵੀ ਛਾਪੇ ਮਾਰਨ ਲਈ ਕਿਸੇ ਵੀ ਅਸਹਿਮਤੀ ਦੀ ਆਵਾਜ਼ ਨੂੰ ਬੰਦ ਕਰਨਾ, ਦਹਿਸ਼ਤਗਰਦ ਕਾਰਵਾਈ ਦਾ ਠੱਪਾ ਲਾਉਣਾ ਅਤੇ ਦੇਸ਼ ਵਿਰੋਧੀ ਸਰਗਰਮੀਆਂ ਵਰਗੇ ਕਾਨੂੰਨ ਮੜ੍ਹਨਾ, ਅਸਲ 'ਚ ਭਵਿੱਖ ਵਿੱਚ ਜਮਹੂਰੀ ਕਦਰਾਂ ਕੀਮਤਾਂ ਉਪਰ ਵਿਆਪਕ ਧਾਵੇ ਬੋਲਣ ਲਈ ਰਾਹ ਪੱਧਰਾ ਕਰਨਾ ਹੈ'' ਵਰਗੀਆਂ ਇਤਿਹਾਸਕ ਟਿੱਪਣੀਆਂ ਨੂੰ ਸੱਚ ਦੀ ਜਿੱਤ ਕਰਾਰ ਦਿੰਦਿਆਂ ਮੁਲਕ ਦੀਆਂ ਸਭੇ ਲੋਕ ਹਿਤੈਸ਼ੀ, ਜਮਹੂਰੀ ਸ਼ਕਤੀਆਂ ਨੂੰ ਇੱਕਜੁਟ ਹੋਣ ਦੀ ਅਪੀਲ ਕੀਤੀ ਹੈ।

**ਜਾਰੀ ਕਰਤਾ: ਅਮੋਲਕ ਸਿੰਘ**
**ਕਨਵੀਨਰ, ਸਭਿਆਚਾਰਕ ਵਿੰਗ**
**98778-68710**

## ਪੰਜਾਬ ਚੋਣ ਦੰਗਲ 2022 ਦੀ ਸ਼ੁਰੂਆਤ

# ਕੀ ਅਕਾਲੀਆਂ ਦੀ ਡੁੱਬਦੀ ਬੇੜੀ ਹਾਥੀ ਪਾਰ ਲਾਏਗਾ ?

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਸ਼੍ਰੋਮਣੀ ਅਕਾਲੀ ਦਲ ਸਿੱਖ ਸਿਆਸਤ ਦੀ ਇਕ ਸਿਰਮੌਰ ਸੰਸਥਾ ਹੈ ,ਪੰਥਕ ਹਿੱਤਾਂ ਤਹਿਤ ਵੱਡੀਆਂ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਇਆ ਸ਼੍ਰੋਮਣੀ ਅਕਾਲੀ ਦਲ ਆਪਣੇ 100 ਸਾਲ ਦੇ ਇਤਿਹਾਸ ਵਿੱਚ ਸਿਆਸਤ ਦੇ ਇਸ ਨਿਘਾਰ ਤੇ ਆ ਜਾਵੇਗਾ ਇਹ ਸਾਡੇ ਪੰਥਕ ਆਗੂਆਂ ਦੀ ਤਾਂ ਗੱਲ ਛੱਡੋ ਸਿੱਖ ਚਿੰਤਕ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੇ ਵੀ ਨਹੀਂ ਸੋਚਿਆ ਸੀ ਕਿ ਇੱਕ ਦਿਨ ਪੰਥਕ ਸੋਚ ਰੱਖਣ ਵਾਲੀ ਪਾਰਟੀ ਨੂੰ ਆਪਣੀ ਹੋਂਦ ਜਿਤਾਉਣ ਲਈ ਵੀ ਜੱਦੋ ਜਹਿਦ ਕਰਨੀ ਪਵੇਗੀ। ਇਸ ਦਾ ਵੱਡਾ ਕਾਰਨ ਪੰਥਕ ਸੋਚ ਨੂੰ ਵਿਸਾਰਨਾ, ਸਿੱਖ ਪੰਥ ਨਾਲ ਲਈ ਦਗਾ ਕਮਾਉਣਾ, ਡੇਰਾਬਾਦ ਨੂੰ ਬੜਾਵਾ ਦੇਣਾ ਅਤੇ ਸਿਆਸਤ ਨੂੰ ਵਪਾਰ ਬਣਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਅੱਜ ਇੱਕ ਪੰਥਕ ਪਾਰਟੀ ਨਾਂ ਹੋ ਕੇ ਇੱਕ ਸਰਮਾਏਦਾਰ ਟੱਬਰ ਦੀ ਬਾਦਲ ਵਪਾਰਕ ਕੰਪਨੀ ਬਣਕੇ ਰਹਿ ਗਿਆ ਹੈ।ਸਰਮਾਏਦਾਰ ਅਤੇ ਚਾਪਲੂਸਾਂ ਲੋਕਾਂ ਦੀ ਇਸ ਬਾਦਲ ਸਿਆਸੀ ਕੰਪਨੀ ਵਿੱਚ ਵੱਡੀ ਭਰਮਾਰ ਹੈ। ਪੰਥਕ ਸਰਕਾਰ ਦਾ ਰੁਤਬਾ ਰੱਖਣ ਵਾਲੀ ਬਾਦਲ ਕੰਪਨੀ ਦੀ ਸਰਕਾਰ ਦੇ ਰਾਜ ਵਿੱਚ ਸਾਲ 2015 ਵਿੱਚ ਗੁਰੂ ਗਰੰਥ ਸਾਹਿਬ ਦੀ ਵੱਡੇ ਪੱਧਰ ਤੇ ਬੇਅਦਬੀ ਹੋਵੇ ਫੇਰ ਇਨਸਾਫ਼ ਨਾ ਹੋਵੇ, ਦੋਸ਼ੀ ਫੜੇ ਵੀ ਨਾ ਜਾਣ ਇਸ ਤੋਂ ਵੱਡਾ ਕਲੰਕ ਪੰਜਾਬ ਤੇ ਹੋਰ ਕੀ ਲੱਗ ਸਕਦਾ, ਕੀ ਉਸ ਘਟਨਾਕ੍ਰਮ ਦੀ ਜ਼ੰਮਿਵਾਰੀ ਉਸ ਸਮੇਂ ਦੀ ਸਰਕਾਰ ਜਾਂ ਬਾਦਲਾਂ ਦੀ ਨਹੀਂ ਬਣਦੀ ਸੀ। ਇਸ ਦੇ ਸਿੱਟੇ ਵਜੋਂ ਹੀ 2017 ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਵੱਡੀ ਹਾਰ ਨਾਲ ਵਿਰੋਧੀ ਧਿਰ ਵਿੱਚ ਵੀ ਬੈਠਣਾ ਨਸੀਬ ਨਾਂ ਹੋਇਆਂ।ਇਹ ਨਤੀਜਾ ਵੀ ਸਿੱਖ ਸਿਆਸਤ ਦੇ ਇਤਿਹਾਸ ਦਾ ਕਾਲਾ ਪੰਨਾ ਬਣਿਆ, ਆਖ਼ਰ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲਾ ਅਕਾਲੀ ਦਲ ਪਾਟੋਧਾਰ ਹੋ ਗਿਆ। ਇੱਕ ਵੱਡੇ ਹਿੱਸੇ ਨੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਾਂ ਸਯੁੰਕਤ ਅਕਾਲੀ ਦਲ ਬਣਾ ਲਿਆ । ਬੀ ਜੇ ਪੀ ਨਾਲ ਨੁੰਹ ਮਾਸ ਵਾਲਾ ਰਿਸ਼ਤਾ ਤਾਰ ਤਾਰ ਹੋ ਗਿਆ।

ਪੰਥ ਨੂੰ ਕੱਕੜੀਆਂ ਕਰੇਲੇ ਕਰਕੇ ਬਾਦਲਾਂ ਨੂੰ ਹੁਣ 25 ਸਾਲ ਬਾਅਦ ਬੁਹਜਨ ਸਮਾਜ ਪਾਰਟੀ ਦੀ ਯਾਦ ਆਂ ਗਈ, ਜੀਹਦੇ ਨਾਲ 1996 ਵਿੱਚ ਲੋਕ ਸਭਾ ਚੋਣਾਂ ਚ ਸਿਆਸੀ ਸਾਝ ਪਾਈ ਸੀ ਪਰ 8 ਕੁ ਮਹੀਨੇ ਬਾਅਦ ਹੀ ਜਨਸੰਘੀਆਂ ਦਾ ਸਿਆਸੀ ਹੇਜ ਜਾਗ ਪਿਆ ਸੀ । 1997 ਵਿਧਾਨ ਸਭਾ ਚੋਣਾਂ ਬੀਜੇਪੀ ਨਾਲ ਰਲ ਕੇ ਜਿੱਤੀਆਂ ਸਨ ਫੇਰ 25 ਸਾਲ ਬੀਜੇਪੀ ਵਾਲ਼ਿਆਂ ਨਾਲ ਰਲ ਕੇ ਮਲਾਈਆਂ ਖਾਣ ਤੋਂ ਬਾਅਦ 2020 ਵਿੱਚ ਕਿਸਾਨੀ ਮੁੱਦੇ ਤੇ ਜਦੋਂ ਬਾਦਲਾਂ ਨੂੰ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਖਿਸਕਦੀ ਦਿਸੀ ਤਾਂ ਇਕਦਮ ਤੋੜ ਵਿਛੋੜਾ ਕਰ ਲਿਆ । ਇਹ ਨਹੀਂ ਪਤਾ ਇਹ ਤੋੜ ਵਿਛੋੜਾ ਸੱਚੀ ਮੁੱਚੀ ਹੈ ਜਾਂ ਫਿਰ ਵਕਤੀ ਹੈ ਪਰ ਹੁਣ ਡੁੱਬਦੇ ਨੂੰ ਤਿਨਕੇ ਦੇ ਸਹਾਰੇ ਵਾਂਗ ਬੁਹਜਨ ਸਮਾਜ ਪਾਰਟੀ ਦੀ ਯਾਦ ਆ ਗਈ , ਏਨੇ ਰੰਗ ਗਿਰਗਿਟ ਵੀ ਨਹੀਂ ਬਦਲਦੀ ਜਿੰਨੇ ਰੰਗ ਇਹ ਸਿਆਸੀ ਲੋਕ ਬਦਲ ਜਾਂਦੇ ਹਨ। ਹੁਣ ਲੋਕਾਂ ਦੇ ਦਿਲਾਂ ਵਿੱਚੋਂ ਵੱਡੀ ਪੱਧਰ ਤੇ ਆਪਣਾ ਰਾਜਨੀਤਿਕ ਅਕਸ ਗਵਾ ਚੁੱਕੀਆਂ ਬਾਦਲ ਅਤੇ ਮਾਇਆਵਤੀ ਦੀਆਂ ਪਾਰਟੀਆਂ ਚ ਆਖਿਰ 2022 ਵਿਧਾਨ ਸਭਾ ਵੋਟਾਂ ਲਈ 97-20 ਸੀਟਾਂ ਤੇ ਲੜਨ ਦਾ ਸਮਝੌਤਾ ਕਰ ਲਿਆ। ਬਾਦਲਾਂ ਨੇ ਬੀ ਐਸ ਪੀ ਨੂੰ ਓਹ 20 ਸੀਟਾਂ ਦਿੱਤੀਆਂ ਹਨ ਜਿਥੇ ਨਾਂ ਤਾਂ ਉਹ ਆਪ ਜਿੱਤ ਸਕਦੇ ਸੀ ਨਾਂ ਹੀ ਬੀ ਐਸ ਪੀ ਦੇ ਜਿੱਤਣ ਦੇ ਅਸਾਰ ਹਨ, ਜਿੱਥੇ ਬੀਐਸਪੀ ਦਾ ਚੰਗਾ ਵੋਟ ਬੈਂਕ ਸੀ ਅਤੇ ਜਿੱਤ ਦੇ ਅਸਾਰ ਵੀ ਦਿਸਦੇ ਸਨ ਜਿਵੇਂ ਫਿਲੌਰ ,ਬੰਗਾ, ਨਕੋਦਰ ,ਆਦਮਪੁਰ ਉਹ ਸੀਟਾਂ ਅਕਾਲੀ ਦਲ ਨੇ ਆਪਣੇ ਕੋਲ ਰੱਖ ਲਈਆਂ ਹਨ, ਕਾਫ਼ੀ ਸ਼ਹਿਰੀ ਸੀਟਾਂ ਜਿੱਥੇ ਬੀ ਐੱਸ ਪੀ ਨੂੰ ਸਿਰਫ਼ ਸੈਂਕੜਿਆਂ ਵਿਚ ਵੋਟਾਂ ਪੈਂਦੀਆਂ ਹਨ ਅਤੇ ਅਕਾਲੀ ਦਲ ਦਾ ਆਪਦਾ ਉਥੇ ਕੋਈ ਆਧਾਰ ਵੀ ਨਹੀਂ ਕਿਉਂਕਿ ਉਹ ਸੀਟਾਂ ਪਿਛਲੇ 25 ਸਾਲ ਤੋਂ ਚੋਣ ਸਮਝੌਤੇ ਤਹਿਤ ਬੀਜੇਪੀ ਦੇ ਖਾਤੇ ਵਿੱਚ ਹੁੰਦੀਆਂ ਸਨ। ਉਹ ਸੀਟਾਂ ਹੁਣ ਬੀਐੱਸਪੀ ਦੇ ਹਵਾਲੇ ਕਰ ਦਿੱਤੀਆਂ ਹਨ , ਕਹਿਣ ਦਾ ਮਤਲਬ ਬਾਦਲਾਂ ਨੇ ਦਿਨ ਦਿਹਾੜੇ ਬੀਐਸਪੀ ਦਾ ਸਿਆਸੀ ਕਤਲ ਕਰ ਦਿੱਤਾ ਹੈ। ਬਹੁਜਨ ਸਮਾਜ ਪਾਰਟੀ ਇੱਕ ਵੱਡੇ ਅੰਦੋਲਨ ਵਿੱਚੋਂ ਨਿਕਲੀ ਹੋਈ ਪਾਰਟੀ ਸੀ, ਬਾਬੂ ਕਾਂਸ਼ੀ ਰਾਮ ਨੇ ਇੱਕ ਮਿਸ਼ਨ ਤਹਿਤ ਬੀਐੱਸਪੀ ਦਾ ਗਠਨ ਕੀਤਾ ਸੀ ਪਰ ਹੁਣ ਇਹ ਉਹ ਮਿਸ਼ਨ ਵਾਲੀ ਪਾਰਟੀ ਨਹੀਂ ਰਹੀ ਇਹ ਵੀ ਬਾਦਲਾਂ ਦੇ ਕਾਲੀ ਦਲ ਵਾਂਗ ਮਾਇਆਵਤੀ ਐਂਡ ਕੰਪਨੀ ਬਣ ਚੁੱਕੀ ਹੈ।



ਹਾਲਾਕਿ ਪੰਜਾਬ ਦੇ ਵਿੱਚ 32 % ਦਲਿਤਾਂ ਦਾ ਅਤੇ 42 ਪ੍ਰਤੀਸ਼ਤ ਵੋਟ ਪਿਛੜੀਆਂ ਸ਼੍ਰੇਣੀਆ ਦਾ ਹੈ ਪਰ ਬੀ ਐਸ ਪੀ ਨੇ ਕਦੇ ਵੀ ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਸਹੀ ਨੁਮਾਇੰਦਗੀ ਨਹੀਂ ਕੀਤੀ ਇਸ ਵਜ੍ਹਾ ਕਰਕੇ ਬੀਐਸ ਪੀ ਨੂੰ 2017 ਦੀਆਂ ਵਿਧਾਨ ਸਭਾ ਵੋਟਾਂ ਵਿੱਚ 1 ਪ੍ਰਤੀਸ਼ਤ ਦੇ ਕਰੀਬ ਵੋਟਾਂ ਪਈਆਂ ਸਨ । ਜਿਹੜੀ ਗੱਲ 2019 ਲੋਕ ਸਭਾ ਵਾਲੀਆਂ ਵੋਟਾਂ ਦੀ ਅਕਾਲੀ ਦਲ ਵਾਲੇ ਕਰਦੇ ਹਨ ਉਹ 4 ਲੱਖ ਤੋਂ ਵੱਧ ਪਈਆਂ ਵੋਟਾਂ ਪੀਡੀਏ ਦੀਆਂ ਸਨ ਨਾ ਕਿ ਬਹੁਜਨ ਸਮਾਜ ਪਾਰਟੀ ਦੀਆਂ, ਬਾਕੀ ਗੱਲ ਇੱਥੇ ਮੁੱਕਦੀ ਆਂ , ਕਿ ਅਕਾਲੀ ਦਲ ਸਮਝੌਤਾ ਕਰੇ ਬੁਹਜਨ ਸਮਾਜ ਪਾਰਟੀ ਨਾਲ, ਸਮਝੌਤਾ ਕਰੇ ਕਾਮਰੇਡਾ ਨਾਲ, ਗੱਲ ਨਹੀਂ ਬਣਨੀ , ਬਾਦਲ ਭਾਵੇਂ ਕੈਪਟਨ ਨਾਲ ਵੀ ਰਾਜਨੀਤਿਕ ਸਾਂਝ ਪਿਆਲਾ ਵਧਾ ਲੈਣ ਤਾਂ ਵੀ ਬਾਦਲਾਂ ਦਾ ਕੁਝ ਨਹੀਂ ਬਣਨਾ ਕਿਉਂਕਿ ਬਾਦਲਾਂ ਨੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਗਵਾ ਲਿਆ ਹੈ , ਪੰਥ ਨਾਲ ਧਰੋਹ ਕਮਾ ਲਿਆ ਹੈ,ਕਿਸਾਨੀ ਵੋਟ ਬੈਂਕ ਗਵਾ ਲਿਆ ਹੈ, ਸ੍ਰੀ ਗੁਰੂ ਗ੍ਰੰਥ ਦੀ ਬੇਅਦਬੀ ਦਾ ਇਨਸਾਫ਼ ਮਿਲਣ ਤੱਕ ਲੋਕਾਂ ਨੇ ਅਕਾਲੀ ਦਲ ਪ੍ਰਵਾਨ ਨਹੀਂ ਕਰਨਾ।ਚਲੋ ਜੇ ਰਾਜਨੀਤਿਕ ਲੱਲੇ ਭੱਬੇ ਕਰਕੇ ਥੋੜ੍ਹੀ ਬਹੁਤੀ ਸਿਆਸੀ ਚੌਧਰ ਲੈ ਵੀ ਲਈ ਤਾਂ ਵੀ ਬਾਦਲਾਂ ਸਿਰ ਸਵਾਹ ਹੀ ਪੈਣੀ ਹੈ, ਕਿਉਂਕਿ ਲੱਗੇ ਕਲੰਕ ਕਦੇ ਵੀ ਨਹੀਂ ਮਿਟਦੇ ਹੁੰਦੇ , ਜੇ ਨਹੀਂ ਯਕੀਨ ਤਾਂ ਗਾਂਧੀ ਖਾਨਦਾਨ ਵੱਲ ਦੇਖ ਲੈਣਾ। ਚੰਗਾ ਹੋਵੇ ਬਾਦਲ ਹੋਰੀ ਹਾਥੀ ਦੀ ਰਾਜਨੀਤਿਕ ਸਵਾਰੀ ਦੀ ਬਜਾਏ ਗੁਰੂ ਦਾ ਓਟ ਆਸਰਾ ਲੈਣ , ਡਰਾਮੇ ਨਾਂ ਕਰਨ, ਪੰਜਾਬ ਦੇ ਲੋਕਾਂ ਦਾ ਵਿਸਵਾਸ ਜਿੱਤਣ ਦੀ ਕੋਸ਼ਿਸ਼ ਕਰਨ ਕਿਉਂਕਿ ਸਿਆਸਤ ਵਿੱਚ ਲੋਕ ਵੱਡੇ ਹੁੰਦੇ ਹਨ ਪਾਰਟੀਆਂ ਨਹੀਂ , ਅੱਜ ਦੀ ਘੜੀ ਪੰਥ ਵੱਡੀ ਦੁਵਿਧਾ ਚ ਹੈ, ਕਿਸਾਨੀ ਬੇਇਨਸਾਫ਼ੀ ਦੀ ਚੱਕੀ 'ਚ ਪਿੱਛ ਰਹੀ ਹੈ, ਕਿਸੇ ਵੀ ਰਾਜਨੀਤਕ ਪਾਰਟੀ ਨੂੰ ਪੰਜਾਬ ਦਾ ਕਿਸੇ ਵੀ ਪਾਸਿਓਂ ਕੋਈ ਫ਼ਿਕਰ ਨਹੀਂ ਹੈ ਜੇ ਕੋਈ ਫ਼ਿਕਰ ਹੈ ਉਹ ਸਿਰਫ਼ ਇਹ ਹੈ ਕਿ ਕਿਵੇਂ ਵੀ, ਕੋਈ ਵੀ ਹੱਥ ਕੰਡਾ ਵਰਤਕੇ 2022 ਵਿੱਚ ਸਰਕਾਰ ਬਣ ਜਾਵੇ, ਲੋਕ ਭਾਵੇਂ ਢੱਠੇ ਖੂਹ ਚ ਜਾਣ, ਅਕਾਲੀਆਂ ਅਤੇ ਬੀਐਸਪੀ ਦਾ ਸਮਝੌਤਾ ਵੀ ਇਸ ਕੜੀ ਦਾ ਹੀ ਸਿੱਟਾ ਹੈ। ਅਕਾਲੀਆਂ ਨੂੰ ਆਪਣੀ ਕਿਸ਼ਤੀ ਚ ਬਿਠਾਇਆ ਹਾਥੀ ਬਹੁਤਾ ਰਾਸ ਨਹੀਂ ਆਵੇਗਾ ਕਿਉਂਕਿ ਪੰਜਾਬ ਦੀ ਜਨਤਾ ਆਪਣੀ ਵੋਟ ਪਾਉਣ ਦਾ ਮੂਡ ਅਜੇ ਦਿਲ ਵਿੱਚ ਸਮੋਈ ਬੈਠੀ ਹੈ, ਵੋਟਾਂ ਵਾਲੇ ਪੱਤੇ ਅਜੇ ਵਕਤ ਆਉਣ ਤੇ ਖੁੱਲ੍ਹਣਗੇ ਪੰਜਾਬ ਦੀ ਸਿਆਸਤ ਦਾ ਰੱਬ ਰਾਖਾ !

# ਆਖ਼ਿਰ ਪੰਜਾਬ ਖੇਡ ਵਿਭਾਗ ਨੂੰ ਮਿਲ ਹੀ ਗਿਆ ਅਸਲ ਓਲੰਪੀਅਨ

ਪੰਜਾਬ ਖੇਡ ਵਿਭਾਗ ਵਿਚ ਹੁਣ ਤਕ ਜੁਗਾੜੀਆਂ ਅਤੇ ਹੰਕਾਰੀਆਂ ਦਾ ਹੀ ਦਬਦਬਾ ਰਿਹਾ ਹੈ ਇਸੇ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿੱਚ ਅੱਗੇ ਨਹੀਂ ਵਧ ਸਕਿਆ ਕਿਉਂਕਿ ਜਿੱਥੇ ਜੁਗਾੜ ਅਤੇ ਉੱਪਰੋਂ ਹੰਕਾਰ ਬੋਲਦਾ ਹੋਵੇ ਉੱਥੇ ਕਿਸੇ ਤਰੱਕੀ ਦੀ ਤਵੱਜੋ ਵੀ ਨਹੀਂ ਕੀਤੀ ਜਾ ਸਕਦੀ , ਖੇਡਾਂ ਦੀ ਤਰੱਕੀ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਪੰਜਾਬ ਇੰਸਟੀਚਿਊਟ ਆਫ ਸਪੋਰਟਸ( ਪੀ ਆਈ ਐਸ) ਦੀ ਕਮਾਂਡ ਪਹਿਲਾਂ ਇਕ ਆਪੇ ਬਣੇ ਓਲੰਪੀਅਨ ਖਿਡਾਰੀ ਕੋਲ ਸੀ ਅਤੇ ਉਸ ਦਾ ਕੰਮ ਕਰਨ ਦਾ ਤੌਰ ਤਰੀਕਾ ਵੀ ਸਹੀ ਨਹੀਂ ਸੀ ਪਰ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੱਡੇ ਪੱਧਰ ਤੇ ਵਿਭਾਗ ਦੀ ਸਫਾਈ ਅਤੇ ਰੱਦੋਬਦਲ ਕਰਦਿਆਂ ਆਖ਼ਰ ਓਲੰਪੀਅਨ ਰਜਿੰਦਰ ਸਿੰਘ (1984 ਲਾਸ ਏਂਜਲਸ ਓਲੰਪਿਕ) ਨੂੰ ਪੰਜਾਬ ਹਾਕੀ ਦਾ ਚੀਫ ਕੋਚ ਬਣਨ ਦਾ ਨਿਯੁਕਤੀ ਪੱਤਰ ਦਿੰਦਿਆਂ ਉਸਨੂੰ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਓਲੰਪੀਅਨ ਰਾਜਿੰਦਰ ਸਿੰਘ ਨੂੰ ਨਿਯੁਕਤੀ ਪੱਤਰ ਦੇਣ ਤੋਂ ਇਲਾਵਾ ਜਲੰਧਰ ਵਿਖੇ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਬਰਲਟਨ ਪਾਰਕ ਵਿਖੇ 4:50 ਕਰੋੜ਼ ਦੀ ਲਾਗਤ ਨਾਲ ਲੱਗਣ ਵਾਲੇ ਨਵੀਂ ਐਸਟਰੋਟਰਫ਼ ਦਾ ਉਦਘਾਟਨ ਵੀ ਕੀਤਾ ।



ਓਲੰਪੀਅਨ ਰਾਜਿੰਦਰ ਸਿੰਘ ਜੋ ਭਾਰਤੀ ਹਾਕੀ ਟੀਮ ਦੇ ਚੀਫ ਕੋਚ ਵੀ ਰਹੇ ਹਨ ਅਤੇ ਜਿਨ੍ਹਾਂ ਨੂੰ ਹਾਕੀ ਦੀਆਂ ਵੱਡੀਆਂ ਪ੍ਰਾਪਤੀਆਂ ਬਦਲੇ ਦਰੋਣਾਚਾਰੀਆ ਐਵਾਰਡ ਨਾਲ ਭਾਰਤ ਸਰਕਾਰ ਨੇ ਸਨ-ਮਾਨਤ ਵੀ ਕੀਤਾ। 20 ਸਾਲ ਜੇ ਕਰੀਬ ਕੌਮੀ ਹਾਕੀ ਖੇਡਣ ਤੋਂ ਇਲਾਵਾ ਰਜਿੰਦਰ ਸਿੰਘ ਨੇ ਅੰਤਰਰਾਸ਼ਟਰੀ ਪੱਧਰ ਤੇ 1982 ਏਸ਼ੀਅਨ ਖੇਡਾਂ, 1982 ਏਸੰਡਾ ਵਿਸਵ ਹਾਕੀ ਚੈਪੀਅਨਸ਼ਿਪ, 1983 ਚੈਂਪੀਅਨਜ਼ ਟਰਾਫੀ, 1984 ਲਾਸ ਏਂਜਲਸ ਓਲੰਪਿਕ, 1985 ਢਾਕਾ ਏਸ਼ੀਆ ਹਾਕੀ ਕੱਪ ਅਤੇ ਕਈ ਹੋਰ ਪ੍ਰਮੁੱਖ ਟੂਰਨਾਮੈਂਟਾਂ ਵਿੱਚ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ ਅਤੇ ਤਗਮੇ ਜਿੱਤੇ। ਓਲੰਪੀਅਨ ਰਜਿੰਦਰ ਸਿੰਘ ਦੇ ਅੰਤਰਰਾਸ਼ਟਰੀ ਹਾਕੀ ਕੈਰੀਅਰ ਵਿਚ ਬਰੇਕ ਉਸ ਵੇਲੇ ਲੱਗ ਗਈ ਜਦੋਂ 1985 ਢਾਕਾ ਏਸ਼ੀਆ ਕੱਪ ਦੇ ਫਾਈਨਲ ਮੈਚ ਵਿਚ ਪਾਕਿਸਤਾਨ ਵਿਰੁੱਧ ਇੱਕ ਵਿਵਾਦਿਤ ਗੋਲ ਤੇ ਜਾਪਾਨ ਦੇ ਰੈਫਰੀ ਨਾਲ ਝਗੜਾ ਹੋ ਗਿਆ ਸੀ ਜਿਸ ਦੇ ਬਦਲੇ ਕੌਮਾਂਤਰੀ ਹਾਕੀ ਸੰਘ ਨੇ ਭਾਰਤੀ ਹਾਕੀ ਟੀਮ ਦੇ 5 ਖਿਡਾਰੀਆਂ ਤੇ ਅੰਤਰਰਾਸ਼ਟਰੀ ਪੱਧਰ ਤੇ ਹਾਕੀ ਖੇਡਣ ਦਾ ਪ੍ਰਤੀਬੰਧ ਲਗਾ ਦਿੱਤਾ ਸੀ ਪਰ ਉਸਨੇ ਨੇ ਕੌਮੀ ਪੱਧਰ ਤੇ ਲੰਬਾ ਅਰਸਾ ਹਾਕੀ ਖੇਡਦਿਆਂ ਪੰਜਾਬ ਪੁਲੀਸ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਵਿੱਚ ਆਪਣੀ ਵਿਲੱਖਣ ਪਛਾਣ ਪੈਦਾ ਕਰਦਿਆਂ ਜੂਨੀਅਰ ਰਾਜਿੰਦਰ ਸਿੰਘ ਵਜੋਂ ਇਕ ਵੱਡਾ ਨਾਮਣਾ ਖੱਟਿਆ ਹੈ। ਓਲੰਪੀਅਨ ਰਾ-ਜਿੰਦਰ ਸਿੰਘ ਦਾ ਬੇਟਾ ਜਸਕਰਨ ਸਿੰਘ ਵੀ ਇਸ ਵਕਤ ਭਾਰਤੀ ਹਾਕੀ ਟੀਮ ਦਾ ਪ੍ਰਮੁੱਖ ਮੈਂਬਰ ਹੈ ਓਹ ਵੀ 2021 ਟੋਕੀਓ ਓਲੰਪਿਕ ਦੀ ਤਿਆਰੀ ਵਿੱਚ ਰੁੱਝਿਆ ਹੋਇਆਂ ਹੈ। ਰਜਿੰਦਰ ਸਿੰਘ ਜੂਨੀਅਰ ਦੀਆਂ ਹਾਕੀ ਪ੍ਰਾਪਤੀਆਂ ਨੂੰ ਜਿੱਥੇ ਪੰਜਾਬ ਦੇ ਹਾਕੀ ਪ੍ਰੇਮੀਆਂ ਵੱਲੋਂ ਇਕ ਵੱਡਾ ਸਲਾਮ ਹੈ ਉਥੇ ਪੰਜਾਬ ਸਰਕਾਰ ਕੈਪਟਨ ਅਮਰਿੰਦਰ ਸਿੰਘ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੀ ਉਸ ਦੀਆਂ ਪ੍ਰਾਪਤੀਆਂ ਦੇ ਕਦਰਦਾਨ ਹੁੰਦਿਆਂ ਉਨ੍ਹਾਂ ਨੂੰ ਪੰਜਾਬ ਹਾਕੀ ਦੀ ਕਮਾਨ ਸੰਭਾਲੀ ਹੈ ਜਿਸ ਦੇ ਬਦਲੇ ਸੁਰਜੀਤ ਹਾਕੀ ਸੁਸਾਇਟੀ ਵੀ ਵਧਾਈ ਦੀ ਪਾਤਰ ਹੈ ਜਿਸ ਨੇ ਆਪਣੇ ਠੋਸ ਉਪਰਾਲਿਆਂ ਨਾਲ ਨਾ ਸਿਰਫ਼ ਪੰਜਾਬ ਹਾਕੀ ਨੂੰ ਜ਼ਿੰਦਾ ਰੱਖਿਆ ਹੋਇਆਂ ਹੈ ਉਨ੍ਹਾਂ ਦੀ ਹਿੰਮਤ ਅਤੇ ਲਗਨ ਦੇ ਨਾਲ ਜਿੱਥੇ ਜਲੰਧਰ ਵਿਖੇ ਨਵੀਂ ਐਸਟਰੋਟਰਫ਼ ਦਾ ਨਿਰਮਾਣ ਉਹ ਉਥੇ ਰਾਜਿੰਦਰ ਸਿੰਘ ਦੀ ਨਿਯੁਕਤੀ ਵਿਚ ਵੀ ਉਨ੍ਹਾਂ ਦੀ ਵੱਡੀ ਘਾਲਣਾ ਹੈ ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਮੁੱਖ ਅਹੁਦੇਦਾਰ ਸ਼੍ਰੀ ਘਨਿਸ਼ਿਆਮ ਥੋਰੀ ਡਿਪਟੀ ਕਮਿਸ਼ਨਰ ਜਲੰਧਰ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ ਰੇਲਵੇ ,ਓਲੰਪੀਅਨ ਸੰਜੀਵ ਕੁਮਾਰ, ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ,ਓਲੰਪੀਅਨ ਹਰਦੀਪ ਸਿੰਘ ਗਰੇਵਾਲ, ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ , ਅੰਤਰਰਾਸ਼ਟਰੀ ਹਾਕੀ ਸਟਾਰ ਲਖਵਿੰਦਰ ਸਿੰਘ ਲੱਖਾ, ਅਮਰੀਕ ਸਿੰਘ ਪਵਾਰ ਤੋਂ ਇਲਾਵਾ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ,ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਆਦਿ ਹੋਰਾਂ ਨੇ ਵੀ ਓਲੰਪੀਅਨ ਰਜਿੰਦਰ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਨਵੀਂ ਜ਼ੰਮਿਵਾਰੀ ਤੇ ਵਧਾਈ ਦਿੱਤੀ ਹੈ ਪਰਮਾਤਮਾ ਓਲੰਪੀਅਨ ਰਜਿੰਦਰ ਸਿੰਘ ਨੂੰ ਵੱਡੀਆਂ ਤਰੱਕੀਆਂ ਦੇਵੇ ਪੰਜਾਬ ਦੀ ਹਾਕੀ ਹੋਰ ਬੁਲੰਦੀਆਂ ਤੇ ਜਾਵੇ ਰੱਬ ਰਾਖਾ !

# ਬੁੱਧੀਜੀਵੀਆਂ ਦੀ ਰਿਹਾਈ ਲਈ ਵਿਚਾਰ-ਚਰਚਾ ਅਤੇ ਵਿਖਾਵਾ

ਜਲੰਧਰ-ਮੁਲਕ ਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਸਮਾਜਕ ਅਤੇ ਜਮਹੂਰੀ ਕਾਮਿਆਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਦੀ ਜ਼ੋਰਦਾਰ ਆਵਾਜ਼ ਉਠਾਉਂਦੇ ਹੋਏ ਜਮਹੂਰੀ ਅਧਿਕਾਰ ਸਭਾ, ਜਲੰਧਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਭਾਵਸ਼ਾਲੀ ਵਿਚਾਰ-ਚਰਚਾ ਉਪਰੰਤ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਰੋਹਲਾ ਮਾਰਚ ਕਰਕੇ ਰਾਸ਼ਟਰਪਤੀ ਦੇ ਨਾਂਅ ਐਸ.ਡੀ.ਐਮ. ਡਾ. ਜੈ ਇੰਦਰ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ।

ਜਮਹੂਰੀ ਅਧਿਕਾਰ ਸਭਾ ਜਲੰਧਰ ਦੇ ਪ੍ਰਧਾਨ ਜਸਵਿੰਦਰ ਭੋਗਲ ਨੇ ਜੀ ਆਇਆਂ ਨੂੰ ਕਹਿੰਦਿਆਂ ਕਿਹਾ ਕਿ ਬੁੱਧੀਜੀਵੀਆਂ ਨੂੰ ਜੇਲ੍ਹੀਂ ਡੱਕਣਾ ਅਸਲ ’ਚ ਸਮੁੱਚੀ ਜਮਹੂਰੀ ਲਹਿਰ ਦੀ ਸੰਘੀ ਨੱਪਣ ਦੇ ਮਨਸੂਬੇ ਪਾਲਣਾ ਹੈ ਜੋ ਕਦੇ ਵੀ ਪੂਰੇ ਨਹੀਂ ਹੋਣਗੇ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਏ ਇਸ ਸਮਾਗਮ ’ਚ ਜਮਹੂਰੀ ਅਧਿਕਾਰ ਸਭਾ ਦੇ ਸਾਬਕਾ ਪ੍ਰਧਾਨ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਨਾਮਵਰ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੂੰ ਉਹਨਾਂ ਦੀ ਬਰਸੀ ’ਤੇ ਅਤੇ ਉੱਘੇ ਕਵੀ ਮਹਿੰਦਰ ਸਾਥੀ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਦਿਆਂ ਉਹਨਾਂ ਦੇ ਕਾਜ਼ ਨੂੰ ਨੇਪਰੇ ਚਾੜ੍ਹਨ ਲਈ ਅਹਿਦ ਕੀਤਾ ਗਿਆ। ਸਰਗਮ, ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਦੀ ਕਲਾਕਾਰ ਨਰਗਿਸ ਅਤੇ ਜਾਣੇ ਪਹਿਚਾਣੇ ਕਵੀ ਸੁਰ-ਜੀਤ ਜੱਜ ਨੇ ਬੁੱਧੀਜੀਵੀਆਂ ਦੀ ਸਮਾਜ ਨੂੰ ਅਮਿੱਟ ਦੇਣ, ਕਿਸਾਨ-ਮਜ਼ਦੂਰ ਅੰਦੋਲਨ ਅਤੇ ਖ਼ੂਬਸੂਰਤ ਸਮਾਜ ਦੀ ਸਿਰ-ਜਣਾ ਲਈ ਸੰਗਰਾਮ ਜਾਰੀ ਰੱਖਣ ਦਾ ਪੈਗ਼ਾਮ ਦਿੰਦੇ ਗੀਤ, ਕਵਿਤਾਵਾਂ ਅਤੇ ਗ਼ਜ਼ਲਾਂ ਪੇਸ਼ ਕੀਤੀਆਂ।



ਸਮਾਗਮ ਦੇ ਮੁੱਖ ਵਕਤਾ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ, ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਨੇ ਗ੍ਰਿਫ਼ਤਾਰ ਬੁੱਧੀਜੀਵੀਆਂ ਦੀ ਸਾਹਿਤ, ਸਮਾਜ, ਜਮਹੂਰੀ ਹੱਕਾਂ, ਲੋਕ ਮੁਕਤੀ ਸੰ-ਗਰਾਮ ਨੂੰ ਮਿਸ਼ਾਲੀ ਦੇਣ ਉਪਰ ਰੌਸ਼ਨੀ ਪਾਈ।

ਪ੍ਰੋ. ਜਗਮੋਹਣ ਸਿੰਘ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਬਰਤਾਨਵੀ ਹਕੂਮਤ ਜਿਵੇਂ ਗ਼ਦਰੀ ਦੇਸ਼ ਭਗਤਾਂ, ਬੱਬਰ ਅਕਾਲੀਆਂ, ਕਿਰਤੀ ਲਹਿਰ ਦੇ ਸੰਗਰਾਮੀਆਂ ਅਤੇ ਸ਼ਹੀਦ ਭਗਤ ਸਿੰਘ ਦੇ ਸਮਕਾਲੀਆਂ ਨੂੰ ਜੇਲ੍ਹੀਂ ਡੱਕ ਕੇ ਅਤੇ ਕਾਲ਼ੇ ਕਾਨੂੰਨ ਮੜ੍ਹਕੇ ਜ਼ੁਬਾਨਬੰਦੀ ਕਰਨ ਦੇ ਜ਼ਾਬਰਾਨਾ ਹੱਥ ਕੰਡੇ ਅਪਣਾਏ ਉਸ ਤੋਂ ਵੀ ਕਿਤੇ ਘਿਨੌਣੇ ਅਤੇ ਫਾਸ਼ੀ ਹੱਲੇ ਮੋਦੀ ਹਕੂਮਤ ਵੱਲੋਂ ਬੁੱਧੀਜੀਵੀਆਂ ਉਪਰ ਬੋਲੇ ਜਾ ਰਹੇ ਹਨ।

ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਕਿਸਾਨਾਂ ਨੂੰ ਹਕੂਮਤ ਨੇ ਚੁੱਪ ਕਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਕਿ ਤੁਸੀਂ ਬੁੱਧੀਜੀਵੀਆਂ ਦੀ ਗ੍ਰਿਫ਼ਤਾਰੀ ਦੇ ਮੁੱਦੇ ਤੋਂ ਕੀ ਲੈਣਾ ਹੈ। ਪਰ ਅੱਜ ਦੇਸ਼ ਦੁਨੀਆਂ ’ਚ ਵਸਦੇ ਲੋਕਾਂ ਦੀ ਉੱਠੀ ਸਾਂਝੀ ਜਮਹੂਰੀ ਆਵਾਜ਼ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਿਹ-ਨਤਕਸ਼ ਲੋਕਾਂ ਦੀ ਸਾਂਝੀ ਲੜਾਈ ਦੁਨੀਆਂ ਭਰ ਦੇ ਕਾਰਪੋਰੇਟ ਘਰਾਣਿਆਂ ਅਤੇ ਉਹਨਾਂ ਦੇ ਭਾਰਤੀ ਸੇਵਾਦਾਰਾਂ ਖਿਲਾਫ਼ ਹੈ।

ਹਾਲ ’ਚੋਂ ਆਏ ਸੁਆਲ ਦਾ ਜੁਆਬ ਦਿੰਦਿਆਂ ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਬੁੱਧ ਮੱਤ, ਇਨਸਾਨ ਨੂੰ ਕੇਂਦਰ ’ਚ ਰੱਖਕੇ ਗੱਲ ਕਰਨ ’ਤੇ ਜ਼ੋਰ ਦਿੰਦਾ ਹੈ ਇਸ ਲਈ ਜਮਹੂਰੀ ਹੱਕਾਂ ਦੀ ਜੱਦੋ ਜਹਿਦ ਵਿੱਚ ਸਭ ਨੂੰ ਜੋਟੀ ਪਾ ਕੇ ਕੁੱਦਣਾ ਚਾਹੀਦਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰ-ਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਜਮਹੂਰੀ ਹੱਕਾਂ ਦੀ ਜਦੋ ਜਹਿਦ ਵਿੱਚ ਯੋਗਦਾਨ ਪਾਉਣ ਵਾਲੀ ਸੁਧਾ ਭਾਰਦ-ਵਾਜ, ਸ਼ੋਮਾ ਸੈਨ ਅਤੇ ਨਤਾਸ਼ਾ ਨਰਵਾਲ ਵਰਗੀਆਂ ਔਰਤ ਕਾਰਕੁੰਨਾਂ ’ਤੇ ਜ਼ਬਰ ਢਾਹੁਣ ਵਾਲੀ ਮੋਦੀ ਹਕੂਮਤ ਆਪਣੀ ਕਬਰ ਖੋਦ ਰਹੀ ਹੈ। ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਜਮਹੂਰੀਅਤ ਅਤੇ ਆਜ਼ਾਦੀ ਇਕੱਠਿਆਂ ਤੁਰਦੇ ਹਨ, ਜੇ ਸਾਡੇ ਮੁਲਕ ’ਚ ਹੱਕ, ਸੱਚ, ਇਨਸਾਫ਼ ਦੀ ਗੱਲ ਕਰਨਾ ਹੀ ਹਕੂਮਤ ਦੀ ਨਜ਼ਰ ’ਚ ਦੇਸ਼-ਧ੍ਰੋਹ ਹੈ ਤਾਂ ਫਿਰ ਭਲਾ ਇਸ ਮੁਲਕ ਦੇ ਰਾਜ ਭਾਗ ਨੂੰ ਜਮਹੂਰੀ ਕਦਰਾਂ ਕੀਮਤਾਂ ਵਾਲਾ ਆਖੀਏ ਕਿ ਫਾਸ਼ੀ ਹੱਲੇ ਦੇ ਝੱਖੜ ਝੁਲਾਉਣ ਵਾਲਾ।

ਇਸ ਸਮਾਗਮ ’ਚ ਪੇਂਡੂ ਖੇਤ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਕਿਰਤੀ ਕਿਸਾਨ ਯੂਨੀਅਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਤਰਕਸ਼ੀਲ ਸੁਸਾਇਟੀ ਜਲੰਧਰ, ਟੀ.ਐਸ.ਯੂ., ਇਸਤਰੀ ਜਾਗਰਤੀ ਮੰਚ, ਪਲਸ ਮੰਚ, ਪੀਪਲਜ਼ ਵਾਇਸ, ਮਜ਼ਦੂਰ ਕਿਸਾਨ ਸੰਘਰਸ਼ ਹਮਾਇਤੀ ਕਮੇਟੀ ਮੁਠੱਡਾ ਕਲਾਂ, ਡੀ.ਟੀ.ਐਫ. ਤੇ ਆਸ਼ਾ ਵਰਕਰਜ਼ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਦੋਵੇਂ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਮੌਜੂਦ ਸਨ।

ਦੋਵੇਂ ਜਥੇਬੰਦੀਆਂ ਵੱਲੋਂ ਪੁਸਤਕਾਂ ਦੇ ਸੈੱਟ ਨਾਲ ਪ੍ਰੋ. ਜਗਮੋਹਨ ਸਿੰਘ ਦਾ ਸਨਮਾਨ ਕੀਤਾ ਗਿਆ।

ਮੰਚ ਸੰਚਾਲਕ ਦੀ ਭੂਮਿਕਾ ਜਮਹੂਰੀ ਅਧਿਕਾਰ ਸਭਾ ਜਲੰਧਰ ਦੇ ਸਕੱਤਰ ਡਾ. ਮੰਗਤ ਰਾਏ ਨੇ ਨਿਭਾਈ।

ਜਾਰੀ ਕਰਤਾ: ਅਮੋਲਕ ਸਿੰਘ
ਕਨਵੀਨਰ, ਸਭਿਆਚਾਰਕ ਵਿੰਗ
98778-68710

# ਟਿਕਾਊ ਵਿਕਾਸ ਪੱਖੋਂ ਪਿਛੜਦਾ ਭਾਰਤ



ਡਾ. ਗੁਰਿੰਦਰ ਕੌਰ
001-408-493-9776

5 ਜੂਨ 2021 ਨੂੰ ਸੰਯੁਕਤ ਰਾਸ਼ਟਰ ਦੀ ਟਿਕਾਊ ਵਿਕਾਸ ਸੰਬੰਧੀ ਜਾਰੀ ਕੀਤੀ ਰਿਪੋਰਟ ਅਨੁਸਾਰ ਭਾਰਤ ਟਿਕਾਊ ਵਿਕਾਸ ਦੇ 17 ਟੀਚਿਆਂ ਨੂੰ ਹਾਸਲ ਕਾਰਨ ਦੇ ਮਾਮਲੇ ਵਿਚ 2020 (115 ਦਰਜੇ) ਨਾਲੋਂ ਦੋ ਦਰਜੇ ਥੱਲੇ ਖਿਸਕ ਦੇ 117 ਉੱਤੇ ਪਹੁੰਚ ਗਿਆ। ਸੰਯੁਕਤ ਰਾਸ਼ਟਰ ਦੇ ਮੈਂਬਰ 193 ਦੇਸਾਂ ਨੇ 2015 ਵਿਚ ਟਿਕਾਊ ਵਿਕਾਸ ਲਈ 2030 ਦੇ ਏਜੰਡੇ ਵਜੋਂ 17 ਟੀਚੇ ਮਿਥੇ ਸਨ। ਸੰਯੁਕਤ ਰਾਸ਼ਟਰ ਵੱਲੋਂ ਟਿਕਾਊ ਵਿਕਾਸ ਦੀ ਦਰਜਾਬੰਦੀ ਸੋਸ਼ਲ ਡਿਵੈਲਮੈਂਟ ਗੋਲਜ (ਐੱਸ.ਡੀ.ਜੀ.) ਦੇ 100 ਅੰਕਾਂ ਵਿਚੋਂ ਕੀਤੀ ਜਾਂਦੀ ਹੈ। ਭਾਰਤ ਨੇ 100 ਅੰਕਾਂ ਵਿਚੋਂ 61.9 ਅੰਕ ਪ੍ਰਾਪਤ ਕੀਤੇ ਹਨ ਜਦੋਂਕਿ ਇਸ ਦੇ ਸੱਤ ਗੁਆਂਢੀ ਦੇਸਾਂ-ਚੀਨ (73.9), ਭੂਟਾਨ (69.3), ਮਾਲਦੀਵ (67.6), ਸ੍ਰੀਲੰਕਾ (66.9), ਨੇਪਾਲ (65.9), ਮਿਆਂਮਾਰ (64.6), ਅਤੇ ਬੰਗਲਾਦੇਸ਼ ਨੇ ਭਾਰਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ। ਟਿਕਾਊ ਵਿਕਾਸ ਵਿਚ ਸਭ ਤੋਂ ਜ਼ਿਆਦਾ 84.7 ਅੰਕ ਸਵੀਡਨ ਨੇ ਪ੍ਰਾਪਤ ਕੀਤੇ ਹਨ। ਇਸ ਰਿਪੋਰਟ ਵਿਚ ਭਾਰਤ ਦੀ ਟਿਕਾਊ ਵਿਕਾਸ ਦੇ ਸੰਬੰਧ ਵਿਚ ਦਰਜਾਬੰਦੀ ਦੇ ਹੇਠਾਂ ਵੱਲ ਖਿਸਕਣ ਦਾ ਕਾਰਨ ਭੁੱਖਮਰੀ ਖ਼ਤਮ ਕਰਨ ਦੀਆਂ ਚੁਣੌਤੀਆਂ ਅਤੇ ਭੋਜਨ ਸੁਰੱਖਿਆ ਹਾਸਲ ਕਰਨ ਦੇ ਟੀਚਿਆਂ ਵਿਚ ਅੜਿੱਕਾ ਪੈਣਾ ਦੱਸਿਆ ਗਿਆ ਹੈ। ਇਸ ਤੋਂ ਬਿਨਾਂ ਲਿੰਗ ਸਮਾਨਤਾ, ਠੋਸ ਬੁਨਿਆਦੀ ਢਾਂਚਾ, ਟਿਕਾਊ ਉਦਯੋਗੀਕਰਨ, ਅਤੇ ਨਵੀਆਂ ਕਾਢਾਂ ਦੀ ਗ਼ੈਰ-ਮੌਜੂਦਗੀ ਵੀ ਅਜਿਹੇ ਕਾਰਨ ਹਨ ਜਿਨ੍ਹਾਂ ਕਾਰਨ ਭਾਰਤ ਦੀ ਦਰਜਾਬੰਦੀ ਹੇਠਾਂ ਵੱਲ ਖਿਸਕੀ ਹੈ। ਇਸ ਰਿਪੋਰਟ ਅਨੁਸਾਰ ਭਾਰਤ ਵਾਤਾਵਰਨ ਪੱਖੋਂ ਵੀ ਬਹੁਤ ਹੀ ਨੀਵੇਂ ਦਰਜੇ ਉਤੇ ਆਉਂਦਾ ਹੈ। ਇਸ ਦਾ 180 ਦੇਸ਼ਾਂ ਵਿਚੋਂ 168ਵਾਂ ਦਰਜਾ ਹੈ। ਇਸ ਦਰਜਾਬੰਦੀ ਵਿਚ ਮੌਸਮ, ਹਵਾ ਅਤੇ ਪਾਣੀ ਦਾ ਪ੍ਰਦੂਸ਼ਣ, ਸਫ਼ਾਈ, ਪੀਣ ਵਾਲੇ ਪਾਣੀ ਦੀ ਪੂਰਤੀ, ਸੈਨੀਟੇਸ਼ਨ, ਵਾਤਾਵਰਨ ਪ੍ਰਬੰਧਨ ਸੇਵਾਵਾਂ, ਜੈਵਿਕ ਵਿਭਿੰਨਤਾ ਆਦਿ ਸੂਚਕਾਂ ਦੇ ਆਧਾਰ ਉੱਤੇ ਨਿਰਧਾਰਤ ਕੀਤਾ ਜਾਂਦਾ ਹੈ। ਵਾਤਾਵਰਨ ਦੀ ਸਿਹਤ ਵਿਚ ਭਾਰਤ ਦਾ ਦਰਜਾ 172 ਹੈ। ਇਹ ਸੂਚਕ ਕਿਸੇ ਵੀ ਦੇਸ ਦੇ ਵਾਤਾਵਰਨ ਵਿਚ ਆਏ ਵਿਗਾੜਾਂ ਤੋਂ ਉਥੋਂ ਦੇ ਲੋਕਾਂ ਨੂੰ ਸਿਹਤ ਸੰਬੰਧੀ ਆਈਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਦਰਸਾਉਂਦਾ ਹੈ। ਯੇਲ ਯੂਨੀਵਰਸਿਟੀ ਦੀ ਈ.ਪੀ.ਆਈ. ਰਿਪੋਰਟ ਅਨੁਸਾਰ ਭਾਰਤ ਜੈਵਿਕ ਵਿਭਿੰਨਤਾ ਅਤੇ ਜੈਵਿਕਾਂ ਦੇ ਆਵਾਸ ਦੀ ਰਾਖੀ ਵਿਚ ਪਾਕਿਸਤਾਨ ਤੋਂ 21 ਦਰਜੇ ਪਿੱਛੇ ਹੈ। ਇਸ ਮਾਮਲੇ ਵਿਚ ਪਾਕਿਸਤਾਨ ਦਾ ਦਰਜਾ 127 ਅਤੇ ਭਾਰਤ 148ਵੇਂ ਦਰਜੇ ਉੱਤੇ ਜਾ ਪਹੁੰਚਿਆ ਹੈ।

ਟਿਕਾਊ ਵਿਕਾਸ ਦੇ ਪਹਿਲੇ ਟੀਚੇ ਅਨੁਸਾਰ ਦੁਨੀਆ ਦੇ ਸਾਰੇ ਦੇਸਾਂ ਵਿੱਚ ਭੁੱਖਮਰੀ ਨੂੰ ਖ਼ਤਮ ਕਰਨਾ ਹੈ। ਭੁੱਖਮਰੀ ਦੀ ਦਸ਼ਾ ਨੂੰ ਸਮਝਣ ਲਈ ਚਾਰ ਸੂਚਕ ਲਏ ਜਾਂਦੇ ਹਨ। ਪਹਿਲੇ ਸੂਚਕ ਅਨੁਸਾਰ ਉਹ ਲੋਕ ਜਿਨ੍ਹਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਪੋਸ਼ਟਿਕ ਭੋਜਨ ਨਹੀਂ ਮਿਲਦਾ, ਦੂਜਾ ਅਤੇ ਤੀਜਾ ਸੂਚਕ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਲੰਬਾਈ ਅਤੇ ਭਾਰ ਦਾ ਘੱਟ ਹੋਣਾ ਅਤੇ ਚੌਥਾ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਹੈ। 22 ਰਾਜਾਂ ਅਤੇ ਕੇਂਦਰੀ ਸ਼ਾਸਤ ਦੇ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਦੇ ਪਹਿਲੇ ਗੇੜ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਭਾਰਤ ਵਿਚ 2015-2016 ਵਿਚ ਹੋਏ ਨੈਸ਼ਨਲ ਫੈਮਿਲੀ ਹੈਲਥ ਸਰਵੇ-4 ਨਾਲੋਂ ਬੱਚਿਆਂ ਵਿਚ ਕੁਪੋਸ਼ਣ ਦੀ ਦਰ ਵਧ ਗਈ ਹੈ। ਇਹ ਅੰਕੜੇ ਕਰੋਨਾ ਮਹਾਮਾਰੀ ਤੋਂ ਪਹਿਲਾਂ ਇਕੱਠੇ ਕੀਤੇ ਗਏ ਸਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਦੇਸ ਵਿਚ ਉਨ੍ਹਾਂ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਨ੍ਹਾਂ ਨੂੰ ਪੇਟ-ਭਰ ਭੋਜਨ ਨਹੀਂ ਮਿਲਦਾ। ਬੱਚਿਆਂ ਵਿਚ ਵਧਦੀ ਕੁਪੋਸ਼ਣ ਦੀ ਦਰ ਦੇਸ ਦੇ ਧੁੰਦਲੇ ਭਵਿੱਖ ਵੱਲ ਵੀ ਇਸ਼ਾਰਾ ਕਰ ਰਹੀ ਹੈ। ਟਿਕਾਊ ਵਿਕਾਸ ਦੇ ਥੱਲੇ ਖਿਸਕਣ ਦੂਜਾ ਕਾਰਨ ਭੋਜਨ ਸੁਰੱਖਿਆ ਦੀ ਘਾਟ ਦੀ ਹੈ। ਅਗਸਤ 2020 ਵਿਚ ਆਈ 'ਸਟੇਟ ਆਫ਼ ਫੂਡ ਸਕਿਉਰਿਟੀ ਐਂਡ ਨਿਊਟਰੀਸ਼ਨ ਇਨ ਦਿ ਵਰਲਡ' ਰਿਪੋਰਟ ਅਨੁਸਾਰ ਭਾਰਤ ਵਿਚ ਭੋਜਨ ਅਸੁਰੱਖਿਆ ਦੀ ਦਰ 2014 ਤੋਂ 2019 ਤੱਕ ਦੇ ਅਰਸੇ ਵਿਚ 3.8 ਫ਼ੀਸਦ ਵਧ ਗਈ ਹੈ। 2014-2016 ਦੇ ਅਰਸੇ ਦੌਰਾਨ ਇਸ ਰਿਪੋਰਟ ਅਨੁਸਾਰ ਭਾਰਤ ਦੀ 27.8 ਫ਼ੀਸਦ ਆਬਾਦੀ ਮੱਧ ਜਾਂ ਗੰਭੀਰ ਭੋਜਨ ਅਸੁਰੱਖਿਆ ਤੋਂ ਪੀੜਿਤ ਸੀ, ਪਰ 2017-19 ਦੌਰਾਨ ਇਹ ਫ਼ੀਸਦ ਆਬਾਦੀ ਵਧਕੇ 31.6 ਹੋ ਗਈ। ਭੋਜਨ ਤੋਂ ਅਸੁਰੱਖਿਅਤ ਲੋਕਾਂ ਦੀ ਗਿਣਤੀ 2017-2019 ਵਿਚ ਵਧਕੇ 48.96 ਕਰੋੜ ਹੋ ਗਈ ਜਿਹੜੀ 2014-16 ਵਿਚ 42.65 ਕਰੋੜ ਸੀ। ਉਪਰੋਕਤ ਰਿਪੋਰਟ ਅਨੁਸਾਰ ਦੁਨੀਆ ਦੇ ਵਿਚ ਕੁੱਲ ਭੋਜਨ ਅਸੁਰੱਖਿਅਤਾ ਦੇ 22 ਫ਼ੀਸਦ ਲੋਕ ਭਾਰਤ ਵਿਚ ਰਹਿੰਦੇ ਹਨ।

ਭਾਰਤ ਵਿਚ ਲਿੰਗ-ਅਸਮਾਨਤਾ ਦਾ ਮਸਲਾ ਨਾ ਤਾਂ ਨਵਾਂ ਹੈ ਅਤੇ ਨਾ ਹੀ ਹੈਰਾਨ ਕਰਨ ਵਾਲਾ ਹੈ। ਸਾਡੇ ਦੇਸ ਵਿਚ ਲੜਕੀਆਂ ਨਾਲ ਉਨ੍ਹਾਂ ਦੇ ਜਨਮ ਲੈਣ ਤੋਂ ਪਹਿਲਾਂ ਹੀ ਵਿਤਕਰਾ ਸ਼ੁਰੂ ਹੋ ਜਾਂਦਾ ਹੈ ਜਿਹੜਾ ਸਿਵਿਆਂ ਤੱਕ ਉਨ੍ਹਾਂ ਦੇ ਨਾਲ ਹੀ ਜਾਂਦਾ ਹੈ। ਹਾਲੇ ਵੀ ਲੜਕੀਆਂ ਦੇ ਜੰਮਣ ਉੱਤੇ ਘਰ ਵਿਚ ਖੁਸ਼ੀ ਨਹੀਂ ਮਨਾਈ ਜਾਂਦੀ ਜਿਸ ਦਾ ਪੁਖਤਾ ਸਬੂਤ ਹਰ ਜਨਸੰਖਿਆ ਸਰਵੇਖਣ ਵਿਚ ਲੜਕੀਆਂ ਦੀ ਲੜਕਿਆਂ ਦੇ ਮੁਕਾਬਲੇ ਘਟਦੀ ਗਿਣਤੀ ਹੈ। ਇਸ ਤੋਂ ਇਲਾਵਾ ਔਰਤਾਂ ਨਾਲ ਹਰ ਰੋਜ਼ ਵਧਦੀਆਂ ਹਿੰਸਕ ਘਟਨਾਵਾਂ ਹਨ ਜਿਨ੍ਹਾਂ ਵਿਚ ਘਰੇਲੂ ਹਿੰਸਾ ਤੋਂ ਲੈ ਕੇ ਸਮੂਹਿਕ ਬਲਾਤਕਾਰ ਆਦਿ ਸ਼ਾਮਲ ਹਨ। ਵਰਲਡ ਇਕਨੌਮਿਕ ਫੋਰਮ ਵੱਲੋਂ ਜਾਰੀ ਗਲੋਬਲ ਜੈਂਡਰ ਗੈਪ ਰਿਪੋਰਟ 2021 ਅਨੁਸਾਰ ਭਾਰਤ ਲਿੰਗਕ ਅਸਮਾਨਤਾ ਵਿਚ 2020 ਨਾਲੋਂ 28 ਦਰਜੇ ਥੱਲੇ ਚਲਿਆ ਗਿਆ ਹੈ। ਭਾਰਤ ਦਾ 156 ਦੇਸਾਂ ਵਿੱਚੋਂ 140ਵਾਂ ਦਰਜਾ ਹੈ। ਦੱਖਣੀ ਏਸ਼ੀਆ ਦੇ ਦੇਸਾਂ ਵਿੱਚੋਂ ਸਿਰਫ਼ ਦੋ ਦੇਸ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਹੀ ਇਸ ਮਸਲੇ ਵਿਚ ਭਾਰਤ ਤੋਂ ਪਿੱਛੇ ਹਨ। ਇਸ ਰਿਪੋਰਟ ਵਿਚ ਔਰਤਾਂ ਦੀ ਨਾ-ਬਰਾਬਰੀ ਮਾਪਣ ਲਈ ਚਾਰ ਸੂਚਕ ਲਏ ਗਏ ਹਨ: ਔਰਤਾਂ ਦੀ ਆਰਥਿਕ ਹਿੱਸੇਦਾਰੀ ਅਤੇ ਆਰਥਿਕ ਗਤੀਵਿਧੀਆਂ ਵਿਚ ਮਿਲਣ ਵਾਲੇ ਮੌਕੇ; ਵਿੱਦਿਆ ਪ੍ਰਾਪਤੀ, ਸਿਹਤ ਅਤੇ ਬਚਾਅ; ਸਿਆਸੀ ਸ਼ਕਤੀਕਰਨ; ਅਤੇ ਲਿੰਗਕ ਨਾ-ਬਰਾਬਰੀ ਘਟਾਉਣ ਦੇ ਵਿਕਾਸ ਦੀ ਗਤੀ। ਔਰਤਾਂ ਦੀ ਕਮਾਈ ਮਰਦਾਂ ਨਾਲੋਂ ਔਸਤਨ ਪੰਜਵਾਂ ਹਿੱਸਾ ਹੈ ਜਿਸ ਦਾ ਕਾਰਨ ਰੁਜ਼ਗਾਰ ਦੇ ਮੌਕੇ ਘਟਣ ਨਾਲ ਔਰਤਾਂ ਵਿਚ ਬੇਰੁਜ਼ਗਾਰੀ ਵਧ ਰਹੀ ਹੈ। ਇਸ ਦੇ ਨਾਲ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਕੰਮ ਕਰਨ ਦੇ ਬਾਵਜੂਦ ਵੀ ਤਨਖ਼ਾਹ ਘੱਟ ਮਿਲਦੀ ਹੈ। ਔਰਤਾਂ ਦੇ ਸਿਆਸੀ ਸ਼ਕਤੀਕਰਨ ਦੀ ਭਾਵੇਂ ਸਾਡੇ ਦੇਸ ਵਿਚ ਬਹੁਤ ਚਰਚਾ ਹੁੰਦੀ ਰਹਿੰਦੀ ਹੈ, ਪਰ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਦੀ 33 ਫ਼ੀਸਦ ਰਾਖਵੇਂਕਰਨ ਦਾ ਲਗਭਗ ਤਿੰਨ ਦਹਾਕਿਆਂ ਤੋਂ ਲਟਕਦਾ ਬਿਲ ਹਾਲੇ ਤੱਕ ਪਾਸ ਨਹੀਂ ਹੋ ਸਕਿਆ। ਔਰਤਾਂ ਦੀ ਮੰਤਰੀ ਮੰਡਲ ਵਿਚ ਗਿਣਤੀ 2019 ਵਿਚ 23.1 ਫ਼ੀਸਦੀ ਸੀ ਜਿਹੜੀ 2021 ਵਿਚ ਘਟਕੇ 9.1 ਫ਼ੀਸਦ ਰਹਿ ਗਈ ਹੈ। ਔਰਤਾਂ ਦੀ ਸਾਖ਼ਰਤਾ ਦਰ ਵੀ ਮਰਦਾਂ ਨਾਲੋਂ ਘੱਟ ਹੈ। ਔਰਤਾਂ ਦੀ ਨਾ-ਬਰਾਬਰੀ ਸਮਾਜਿਕ ਵਿਕਾਸ ਦਾ ਇਕ ਅਹਿਮ ਸੂਚਕ ਹੈ ਜਿਸ ਵੱਲ ਸਾਡਾ ਦੇਸ ਧਿਆਨ ਨਹੀਂ ਦੇ ਰਿਹਾ ਹੈ।

ਟਿਕਾਊ ਬੁਨਿਆਦੀ ਢਾਂਚੇ ਦੇ ਪੱਖ ਤੋਂ ਵੀ ਸਾਡਾ ਦੇਸ ਦਿਨੋਂ-ਦਿਨ ਪਛੜ ਰਿਹਾ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਸਰਕਾਰੀ ਵਿੱਦਿਅਕ ਅਤੇ ਸਿਹਤ ਸੇਵਾਵਾਂ ਨਾਲ ਸੰਬੰਧਿਤ ਅਦਾਰਿਆਂ ਵਿਚ ਪਿਛਲੇ ਦਹਾਕਿਆਂ ਵਿਚ ਬਹੁਤ ਕਮੀ ਆਈ ਹੈ। ਸਰਕਾਰੀ ਵਿੱਦਿਅਕ ਅਦਾਰਿਆਂ (ਸਕੂਲਾਂ, ਕਾਲਜਾਂ, ਅਤੇ ਯੂਨੀਵਰਸਿਟੀਆਂ) ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ ਹਨ ਅਤੇ ਜਿਨ੍ਹਾਂ ਅਦਾਰਿਆਂ ਨੂੰ ਸਰਕਾਰੀ ਗਰਾਂਟ ਮਿਲਦੀ ਸੀ ਉਸ ਗਰਾਂਟ ਦੀ ਫ਼ੀਸਦ ਮਾਤਰਾ ਹੌਲੀ ਹੌਲੀ ਕਾਫ਼ੀ ਘਟਾ ਦਿੱਤੀ ਗਈ ਹੈ। ਸਰਕਾਰੀ ਹਸਪਤਾਲਾਂ ਦੀ ਭੈੜੀ ਸਥਿਤੀ ਦਾ ਪੋਲ ਕਰੋਨਾ ਮਹਾਮਾਰੀ ਦੀ ਪਹਿਲੀ ਅਤੇ ਦੂਜੀ ਲਹਿਰ ਵਿਚ ਬੁਰੀ ਤਰ੍ਹਾਂ ਖੁੱਲ੍ਹ ਗਿਆ ਹੈ। ਇਸ ਤਰ੍ਹਾਂ ਜਨਤਕ ਅਦਾਰਿਆਂ ਦੀ ਮੰਦਹਾਲੀ ਸਰਕਾਰ ਦੀ ਟਿਕਾਊ ਵਿਕਾਸ ਵੱਲ ਗ਼ੈਰ-ਜ਼ਿੰਮੇਵਾਰੀ ਦੇ ਰੁਝਾਨ ਦਾ ਪਰਤੱਖ ਸਬੂਤ ਦੇ ਰਹੀ ਹੈ।

ਟਿਕਾਊ ਸਨਅਤੀਕਰਨ ਦਾ ਮਤਲਬ ਹੈ ਕਿ ਉਹ ਸਨਅਤੀਕਰਨ ਜਿਸ ਨਾਲ ਵਿਕਾਸ ਦਰ ਵਿਚ ਵਾਧੇ ਦੇ ਨਾਲ ਨਾਲ ਉਸ ਥਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦੇ ਜੀਵਨ-ਪੱਧਰ ਦਾ ਸਤਰ ਉੱਚਾ ਹੋਵੇ ਅਤੇ ਸਨਅਤਾਂ ਵਾਤਾਵਰਨ ਨਿਯਮਾਂ ਉੱਤੇ ਪੂਰੀਆਂ ਉਤਰਨ ਤਾਂਕਿ ਉਹ ਉਸ ਥਾਂ ਦੇ ਵਾਤਾਵਰਨਿਕ ਤੱਤਾਂ (ਹਵਾ, ਪਾਣੀ ਅਤੇ ਮਿੱਟੀ) ਅਤੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਉਣ। ਭਾਰਤ ਆਰਥਿਕ ਵਿਕਾਸ ਦੀ ਦੌੜ ਅਤੇ ਕਾਰਪੋਰੇਸ਼ਨਾਂ ਦੇ ਮੋਹ-ਜਾਲ ਵਿਚ ਫਸਿਆ ਵਾਤਾਵਰਨ-ਨਿਯਮਾਂ ਦੀਆਂ ਧੱਜੀਆਂ ਉਡਾਉਂਦਾ ਹੋਇਆ ਸਨਅਤੀ ਅਦਾਰਿਆਂ ਨੂੰ ਬੇਹਿਸਾਬੀਆਂ ਢਿੱਲਾਂ ਦੇ ਰਿਹਾ ਹੈ ਜਿਸ ਨਾਲ ਦੇਸ ਦੇ ਸ਼ਹਿਰਾਂ ਵਿਚ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮਾਰਚ 2021 ਵਿਚ ਆਈ ਵਰਲਡ ਏਅਰ ਕੁਆਲਟੀ ਰਿਪੋਰਟ 2020 ਅਨੁਸਾਰ ਸਾਡੇ ਦੇਸ ਦੀ ਰਾਜਧਾਨੀ ਦਿੱਲੀ ਲਗਾਤਾਰ ਤੀਜੇ ਸਾਲ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਰਹੀ ਹੈ ਅਤੇ ਸਭ ਤੋਂ ਵੱਧ ਪ੍ਰਦੂਸ਼ਿਤ 30 ਸ਼ਹਿਰਾਂ ਵਿਚੋਂ 22 ਭਾਰਤ ਵਿਚ ਹਨ ਜਦੋਂਕਿ ਚੀਨ, ਪਾਕਿਸਤਾਨ, ਅਤੇ ਬੰਗਲਾਦੇਸ਼ ਵਿਚ ਸਿਰਫ਼ ਦੋ, ਦੋ ਸ਼ਹਿਰ ਹੀ ਹਨ। ਹਵਾ ਦੇ ਪ੍ਰਦੂਸ਼ਣ ਨਾਲ ਹਰ ਸਾਲ ਸਾਡੇ ਦੇਸ ਵਿਚ ਲੱਖਾਂ ਲੋਕ ਮਰ ਜਾਂਦੇ ਹਨ। ਸਾਡੀ ਸਰਕਾਰ ਸਨਅਤੀਕਰਨ ਦੇ ਟਿਕਾਊ ਵਿਕਾਸ ਦੀ ਥਾਂ ਉੱਤੇ ਸਨਅਤੀ ਅਦਾਰਿਆਂ ਦੀ ਗਿਣਤੀ ਵਧਾਉਣ ਅਤੇ ਕਾਰਪੋਰੇਟ ਜਗਤ ਨੂੰ ਫ਼ਾਇਦਾ ਪਹੁੰਚਣ ਬਾਰੇ ਹੀ ਯੋਜਨਾਬੰਦੀ ਕਰਦੀ ਰਹਿੰਦੀ ਹੈ। 2006 ਦੇ ਵਾਤਾਵਰਨ ਪ੍ਰਭਾਵ ਮੁਲਾਂਕਣ ਵਿਚ ਕੇਂਦਰ ਸਰਕਾਰ ਨੇ ਕਾਫ਼ੀ ਸਾਰੀਆਂ ਤਬਦੀਲੀਆਂ ਕਰਕੇ 2020 ਵਿਚ ਵਾਤਾਵਰਨ ਪ੍ਰਭਾਵ ਮੁਲਾਂਕਣ ਦਾ ਖਰੜਾ ਜਾਰੀ ਕੀਤਾ ਜਿਸ ਅਨੁਸਾਰ ਪਹਿਲਾਂ ਤੋਂ ਚੱਲ ਰਹੇ ਚੰਗੇ ਜਾਂ ਮਾੜੇ, ਗ਼ੈਰ-ਕਾਨੂੰਨੀ ਥਾਂ ਉੱਤੇ ਲੱਗੇ ਹੋਣ ਜਾਂ ਆਪਣੀ ਜ਼ਮੀਨ ਉੱਤੇ, ਭਾਵੇਂ ਵਾਤਾਵਰਨ ਸਾਂਭ-ਸੰਭਾਲ ਨਿਯਮਾਂ ਤੋਂ ਬਿਨਾਂ ਚੱਲ ਰਹੇ ਹੋਣ ਆਦਿ ਵਰਗੀਆਂ ਊਣਤਾਈਆਂ ਵਾਲੇ ਸਾਰੇ ਪ੍ਰੋਜੈਕਟਾਂ ਨੂੰ ਜਿਸ ਤਾਰੀਖ ਤੋਂ ਉਹ ਸ਼ੁਰੂ ਹੋਏ ਸਨ ਤੋਂ ਜੁਰਮਾਨਾ ਲੈਕੇ ਨਿਯਮਤ ਕਰਨ ਦੀ ਵਿਵਸਥਾ ਕੀਤੀ ਜਾਣ ਦੀ ਵਜਵੀਜ ਸੀ। 2006 ਦੇ ਵਾਤਾਵਰਨ ਪ੍ਰਭਾਵ ਮੁਲਾਂਕਣ ਵਿਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਕਰਨ ਨਾਲ ਵਿਸਾਖਾਪਟਨਮ ਦੇ ਐੱਲ.ਜੀ.ਪੋਲੀਮਰ ਵਰਗੇ ਪ੍ਰੋਜੈਕਟਾਂ ਨੂੰ ਵੀ ਜੁਰਮਾਨਾ ਭਰਕੇ ਚਾਲੂ ਰੱਖਣ ਦੀ ਮਨਜ਼ੂਰੀ ਮਿਲ ਜਾਵੇਗੀ ਭਾਵੇਂ ਉਸ ਖੇਤਰ ਦੇ ਲੋਕਾਂ ਦੀ ਸਿਹਤ ਉੱਤੇ ਮਾਰੂ ਅਸਰ ਹੋਵੇ ਜਾਂ ਉੱਥੋਂ ਦਾ ਵਾਤਾਵਰਨ ਖ਼ਰਾਬ ਹੋਵੇ। ਇਸ ਪ੍ਰੋਜੈਕਟ ਤੋਂ ਜ਼ਹਿਰੀਲੀ ਗੈਸ ਦੇ ਰਿਸਾਵ ਨਾਲ ਮਈ, 2020 ਵਿਚ ਕਈ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਹਜ਼ਾਰਾਂ ਲੋਕ ਇਸ ਦੇ ਮਾਰੂ ਅਸਰ ਤੋਂ ਪ੍ਰਭਾਵਿਤ ਹੋਏ ਸਨ।




ਟਿਕਾਊ ਵਿਕਾਸ ਦੀ ਸੰਯੁਕਤ ਰਾਸ਼ਟਰ ਦੀ ਇਸ ਰਿਪੋਰਟ ਅਨੁਸਾਰ ਭਾਰਤ ਦਾ ਵਾਤਾਵਰਨ ਪੱਖੋਂ ਵੀ ਦਰਜਾ ਬਹੁਤ ਨੀਵਾਂ ਹੈ। ਔਸਤ ਤਾਪਮਾਨ ਵਿਚ ਵਾਧੇ ਕਾਰਨ ਭਾਰਤ ਵਿਚ ਵੀ ਕੁਦਰਤੀ ਆਫ਼ਤਾਂ ਨੇ ਬਹੁਤ ਨੁਕਸਾਨ ਪਹੁੰਚਾਇਆ ਹੈ। ਸੰਯੁਕਤ ਰਾਸ਼ਟਰ ਦੀ ਡਿਸਾਸਟਰ ਰਿਸਕ ਰੀਡਕਸ਼ਨ ਰਿਪੋਰਟ ਅਨੁਸਾਰ 2000-2019 ਦੇ ਅਰਸੇ ਵਿਚ ਭਾਰਤ ਨੇ 321 ਕੁਦਰਤੀ ਆਫ਼ਤਾਂ ਦੀ ਮਾਰ ਸਹੀ ਜਿਨ੍ਹਾਂ ਵਿਚ 80,000 ਲੋਕਾਂ ਦੀ ਮੌਤ ਹੋ ਗਈ ਅਤੇ 100 ਕਰੋੜ ਲੋਕਾਂ ਨੂੰ ਨੁਕਸਾਨ ਪਹੁੰਚਿਆ ਸੀ। 2020 ਦਾ ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ 8ਵਾਂ ਗਰਮ ਸਾਲ ਰਿਹਾ ਹੈ ਅਤੇ ਪਿਛਲੇ ਸਾਲ ਪੰਜ ਭਿਆਨਕ ਚੱਕਰਵਾਤੀ ਤੂਫ਼ਾਨਾਂ ਨੇ ਵੀ ਦੇਸ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼, ਅਸਾਮ, ਓਡੀਸ਼ਾ, ਅਤੇ ਛਤੀਸਗੜ੍ਹ ਵਰਗੇ ਜ਼ਿਆਦਾ ਆਬਾਦੀ ਅਤੇ ਆਰਥਿਕ ਤੌਰ ਉੱਤੇ ਪਿਛੜੇ ਰਾਜਾਂ ਨੇ ਮੌਸਮੀ ਤਬਦੀਲੀਆਂ ਕਾਰਨ ਆਈਆਂ ਕੁਦਰਤੀ ਆਫ਼ਤਾਂ ਦੀ ਵੱਧ ਮਾਰ ਝੱਲੀ ਹੈ।

ਦੇਸ ਦੇ 70 ਫ਼ੀਸਦ ਪਾਣੀ ਦੇ ਸਰੋਤ ਪ੍ਰਦੂਸ਼ਿਤ ਹੋ ਚੁੱਕੇ ਹਨ। ਨੀਤੀ ਆਯੋਗ ਦੀ ਇਕ ਰਿਪੋਰਟ ਅਨੁਸਾਰ 2030 ਤੱਕ ਦੇਸ ਦੀ 40 ਫ਼ੀਸਦ ਆਬਾਦੀ ਪੀਣ ਵਾਲੇ ਪਾਣੀ ਦੀ ਘਾਟ ਦੀ ਮਾਰ ਸਹੇਗੀ। ਗਲੋਬਲ ਵਾਟਰ ਕੁਵਾਲਟੀ ਇੰਡੈਕਸ ਦੀ ਇਕ ਰਿਪੋਰਟ ਅਨੁਸਾਰ ਪਾਣੀ ਦੀ ਸ਼ੁੱਧਤਾ ਅਨੁਸਾਰ ਭਾਰਤ ਦਾ 122 ਦੇਸਾਂ ਵਿਚੋਂ 120 ਦਰਜਾ ਹੈ। ਨੀਤੀ ਆਯੋਗ ਦੀ 2018 ਦੀ ਇਕ ਰਿਪੋਰਟ ਅਨੁਸਾਰ ਦੇਸ ਦਾ 60 ਫ਼ੀਸਦ ਤੋਂ ਵੱਧ ਸੀਵਰੇਜ਼ ਅਤੇ ਉਦਯੋਗਾਂ ਦਾ ਗੰਦਾ ਪਾਣੀ ਨਦੀਆਂ ਅਤੇ ਦਰਿਆਵਾਂ ਵਿਚ ਬਿਨਾਂ ਸਾਫ਼ ਕੀਤੇ ਸੁੱਟਿਆ ਜਾਂਦਾ ਹੈ। ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਹਰ ਸਾਲ 15 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਸਾਡੀ ਸਰਕਾਰ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਦਾਅਵੇ ਤਾਂ ਬਹੁਤ ਕਰਦੀ ਹੈ, ਪਰ ਉਨ੍ਹਾਂ ਤੱਕ ਪਹੁੰਚਣ ਦੇ ਉਪਰਾਲੇ ਬਹੁਤ ਘੱਟ ਕਰਦੀ ਹੈ। ਵਾਤਾਵਰਨ ਸਿਹਤ ਵਿਚ ਭਾਰਤ ਦਾ 172ਵਾਂ ਦਰਜਾ ਹੈ। ਵਾਤਾਵਰਨ ਸਿਹਤ ਦਾ ਦਰਜਾ ਇਸ ਗੱਲ ਦਾ ਸੰਕੇਤ ਹੈ ਕਿ ਕੋਈ ਦੇਸ ਆਪਣੀ ਆਬਾਦੀ ਨੂੰ ਵਾਤਾਵਰਨ ਦੇ ਵਿਗਾੜਾਂ ਕਾਰਨ ਆਈਆਂ ਆਫ਼ਤਾਂ ਤੋਂ ਕਿੰਨੀ ਚੰਗੀ ਤਰ੍ਹਾਂ ਸੁਰੱਖਿਅਤ ਰੱਖ ਰਿਹਾ ਹੈ। ਕਰੋਨਾ ਮਹਾਮਾਰੀ ਇਕ ਅਜਿਹੀ ਆਫ਼ਤ ਸੀ ਜਿਸ ਤੋਂ ਦੁਨੀਆ ਦੇ ਬਹੁਤ ਦੇਸਾਂ ਦੀਆਂ ਸਰਕਾਰਾਂ ਨੇ ਲੌਕਡਾਊਨ ਦੌਰਾਨ ਬੇਰੁਜ਼ਗਾਰ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਅਤੇ ਨਾਲ ਨਾਲ ਵੈਕਸੀਨ ਦੇ ਆਉਣ ਉੱਤੇ ਆਪਣੇ ਦੇਸ ਦੇ ਲੋਕਾਂ ਨੂੰ ਤਰਜੀਹੀ ਤੌਰ ਉੱਤੇ ਉਪਲਬਧ ਕਰਵਾ ਦਿੱਤੀ। ਸਾਡੇ ਦੇਸ ਵਿਚ ਕਰੋਨਾ ਮਹਾਮਾਰੀ ਨਾਲ ਨਿਪਟਣ ਲਈ ਸ਼ੁਰੂਆਤ ਦੇ ਦਿਨਾਂ ਵਿਚ ਲੌਕਡਾਉਨ ਤੋਂ ਬਿਨਾਂ ਕੋਈ ਵੀ ਠੋਸ ਵਿਉਂਤਬੰਦੀ ਨਹੀਂ ਕੀਤੀ ਗਈ। ਦੇਸ ਵਿਚ ਬੁਨਿਆਦੀ ਸਿਹਤ ਸੇਵਾਵਾਂ, ਦਵਾਈਆਂ ਅਤੇ ਆਕਸੀਜਨ ਦੀ ਘਾਟ ਕਾਰਨ ਲੱਖਾਂ ਲੋਕ ਦੂਜੀ ਕਰੋਨਾ ਲਹਿਰ ਵਿਚ ਮਰ ਗਏ ਅਤੇ ਹਾਲੇ ਵੀ ਮਰ ਰਹੇ ਹਨ। ਉਨ੍ਹਾਂ ਨੂੰ ਜਿਊਂਦਿਆਂ ਨੂੰ ਇਲਾਜ ਨਸੀਬ ਨਹੀਂ ਹੋਇਆ ਮਰਨ ਤੋਂ ਬਾਅਦ ਵੀ ਕੁਝ ਲੋਕਾਂ ਦੀਆਂ ਲਾਸ਼ਾਂ ਗੰਗਾ ਨਦੀ ਵਿਚ ਤਰਦੀਆਂ ਮਿਲੀਆਂ ਹਨ। ਟਿਕਾਊ ਵਿਕਾਸ ਲਈ ਅਜੋਕੀ ਪੀੜ੍ਹੀ ਕੁਦਰਤੀ ਸਰੋਤਾਂ ਦੀ ਇਸ ਤਰ੍ਹਾਂ ਵਰਤੋਂ ਕਰੇ ਤਾਂਕਿ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਸੁਖਾਲਿਆਂ ਹੀ ਪੂਰੀਆਂ ਹੋ ਸਕਣ। ਸਾਡੇ ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਦੇ ਟਿਕਾਊ ਵਿਕਾਸ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਏ।

ਦੇਸ ਵਿਚ ਯੋਜਨਾਬੰਦੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਵਿੱਦਿਅਕ ਅਤੇ ਸਿਹਤ ਸੇਵਾਵਾਂ ਹਰ ਇਕ ਨਾਗਰਿਕ ਲਈ ਉਪਲਬਧ ਹੋਣ। ਸਮਾਜ ਵਿਚੋਂ ਲਿੰਗਕ ਅਸਮਾਨਤਾਵਾਂ ਘਟਾਉਣ ਲਈ ਲੜਕੀਆਂ ਅਤੇ ਔਰਤਾਂ ਲਈ ਵਿੱਦਿਆ ਅਤੇ ਰੁਜ਼ਗਾਰ ਯਕੀਨੀ ਬਣਾਏ ਜਾਣ। ਵਾਤਾਵਰਨ ਦਾ ਸਾਂਭ-ਸੰਭਾਲ ਲਈ ਵਾਤਾਵਰਨ ਨਿਯਮਾਂ ਵਿਚ ਢਿੱਲਾਂ ਨਾ ਦੇ ਕੇ, ਸਗੋਂ ਉਨ੍ਹਾਂ ਨੂੰ ਸਖ਼ਤੀ ਅਤੇ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ ਤਾਂਕਿ ਲੋਕਾਂ ਦੀ ਸਿਹਤ ਦੇ ਨਾਲ ਨਾਲ ਧਰਤੀ ਅਤੇ ਵਾਤਾਵਰਨ ਦੀ ਸਿਹਤ ਵੀ ਚੁਸਤ-ਦਰੁਸਤ ਰਹੇ।



ਖ਼ੂਨ ਦੇ ਗਰੁੱਪਾਂ ਦੀ ਖੋਜ ਕਰਨ ਵਾਲੇ ਵਿਗਿਆਨੀ ਕਾਰਲ ਲੈਂਡਸਟੇਨਰ ਦੇ ਜਨਮ ਦਿਨ ਦੀਆਂ ਮੁਬਾਰਕਾਂ

# ਰਵਨੀਤ ਬਿੱਟੂ ਦੀ ਵੀਡੀਓ ਨੇ ਉਜਾਗਰ ਕੀਤੀ ਦਲਿਤਾਂ ਪ੍ਰਤੀ ਕਾਂਗਰਸ ਦੀ ਮਾੜੀ ਸੋਚ - ਸੁਰਿੰਦਰ ਢੰਡਾ

**ਫਗਵਾੜਾ 15 ਜੂਨ (ਬੀ.ਕੇ.ਰੱਤੂ)** ਕਾਂਗਰਸ ਪਾਰਟੀ ਦੇ ਮੈਂਬਰ ਪਾਰਲੀਮੈਂਟ ਰਵਨੀਤ ਬਿੱਟੂ ਵਲੋਂ ਸ੍ਰੋਮਣੀ ਅਕਾਲੀ ਦਲ (ਬ) ਅਤੇ ਬਹੁਜਨ ਸਮਾਜ ਪਾਰਟੀ ਵਿਚਾਲੇ ਹੋਏ ਗਠਜੋੜ ਬਾਰੇ ਟਿੱਪਣੀ ਸਬੰਧੀ ਸੋਸ਼ਲ ਮੀਡੀਆ ਉਪਰ ਵਾਇਰਲ ਹੋਈ ਵੀਡੀਓ ਦੇ ਹਵਾਲੇ ਨਾਲ ਐਮ.ਪੀ. ਰਵਨੀਤ ਬਿੱਟੂ ਵਲੋਂ ਦਿੱਤੇ ਬਿਆਨ ਦੀ ਸਖਤ ਨਖੇਦੀ ਕਰਦਿਆਂ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਨੇ ਕਿਹਾ ਕਿ ਰਵਨੀਤ ਬਿੱਟੂ ਦੀ ਵੀਡੀਓ ਨਾਲ ਕਾਂਗਰਸ ਪਾਰਟੀ ਦੀ ਦਲਿਤਾਂ ਪ੍ਰਤੀ ਮਾੜੀ ਸੋਚ ਉਜਾਗਰ ਹੋ ਗਈ ਹੈ। ਉਹਨਾਂ ਕਿਹਾ ਕਿ ਰਵਨੀਤ ਬਿੱਟੂ ਵੀਡੀਓ ਵਿਚ ਕਹਿ ਰਿਹਾ ਹੈ ਕਿ ਅਕਾਲੀਆਂ ਨੇ ਸ੍ਰੀ ਆਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਵਰਗੀਆਂ ਪਵਿੱਤਰ ਵਿਧਾਨਸਭਾ ਸੀਟਾਂ ਬਸਪਾ ਨੂੰ ਦੇ ਦਿੱਤੀਆਂ ਹਨ। ਇਸ ਦਾ ਕੀ ਮਤਲਬ ਹੈ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿਉਂਕਿ ਬਸਪਾ ਪੰਜਾਬ ਦੇ ਦਲਿਤ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਹੈ ਅਤੇ ਜੇਕਰ ਬਸਪਾ ਦਾ ਕੋਈ ਉਮੀਦਵਾਰ ਇਹਨਾਂ ਸੀਟਾਂ ਤੋਂ ਚੋਣ ਲੜੇਗਾ ਤਾਂ ਇਹਨਾ ਸੀਟਾਂ



ਦੀ ਪਵਿੱਤਰਤਾ ਕਿਸ ਤਰ੍ਹਾਂ ਭੰਗ ਹੋ ਜਾਵੇਗੀ? ਇਹ ਸਵਾਲ ਅੱਜ ਪੰਜਾਬ ਦਾ ਹਰ ਦਲਿਤ ਭਾਈਚਾਰੇ ਨਾਲ ਸਬੰਧਤ ਵਿਅਕਤੀ ਰਵਨੀਤ ਬਿੱਟੂ ਅਤੇ ਕਾਂਗਰਸ ਪਾਰਟੀ ਤੋਂ ਪੁੱਛਣਾ ਚਾਹੁੰਦਾ ਹੈ। ਸੁਰਿੰਦਰ ਢੰਡਾ ਨੇ ਬਹੁਤ ਹੀ ਤਲਖ ਲਹਿਜੇ ਵਿਚ ਰਾਸ਼ਟਰੀ ਐਸ.ਸੀ. ਕਮੀਸ਼ਨ ਤੋਂ ਮੰਗ ਕੀਤੀ ਕਿ ਰਵਨੀਤ ਬਿੱਟੂ ਦੇ ਖਿਲਾਫ ਐਸ.ਸੀ./ਐਸ.ਟੀ. ਐਕਟ ਅਧੀਨ ਪਰਚਾ ਦਰਜ ਕੀਤਾ ਜਾਵੇ ਕਿਉਂਕਿ ਉਸਨੇ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਹੈ। ਉਹਨਾਂ ਚੇਤਾਵਨੀ ਵੀ ਦਿੱਤੀ ਕਿ ਜੇਕਰ ਰਵਨੀਤ ਬਿੱਟੂ ਖਿਲਾਫ ਕਾਰਵਾਈ ਨਾ ਹੋਈ ਤਾਂ ਅੰਬੇਡਕਰ ਸੈਨਾ ਪੰਜਾਬ ਇਸ ਘਟੀਆ ਬਿਆਨਬਾਜੀ ਦੇ ਰੋਸ ਵਜੋਂ ਸੂਬੇ ਭਰ ਵਿਚ ਤਿੱਖਾ ਅੰਦੋਲਨ ਕਰੇਗੀ। ਉਹਨਾਂ ਕਾਂਗਰਸ ਪਾਰਟੀ ਤੋਂ ਵੀ ਰਵਨੀਤ ਬਿੱਟੂ ਖਿਲਾਫ ਕਾਰਵਾਈ ਦੀ ਮੰਗ ਕਰਦੇ ਹੋਏ ਮਾਮਲੇ ਨੂੰ ਅਣਗੋਲਿਆ ਕਰਨ ਦੀ ਸੂਰਤ ਵਿਚ ਕਾਂਗਰਸ ਪਾਰਟੀ ਦਾ ਬਾਇਕਾਟ ਕਰਨ ਦੀ ਗੱਲ ਕਹੀ। ਇਸ ਮੌਕੇ ਕਮਲ ਲੱਖਪੁਰ, ਸੁਰਿੰਦਰ ਰਾਵਲਪਿੰਡੀ, ਰਵੀ ਕੁਮਾਰ, ਹਰਜਿੰਦਰ ਜੰਡਾਲੀ, ਸੋਨੂੰ ਬੰਗਾ ਆਦਿ ਹਾਜਰ ਸਨ।

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ-ਭਗਤਾਂ ਨੇ ਸੱਚ ਦਾ ਪ੍ਰਚਾਰ, ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ, ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ-ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰ-ਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਨੇ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ-ਦਰਬਾਰ ਆਇਆ, ਸਿੱਖ-ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਉਹ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ



'ਚ ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿ-ਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ "ਕੌਮ ਦਾ ਬਾਦਸ਼ਾਹ" ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਨ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।



ਅਵਤਾਰ ਸਿੰਘ ਮਿਸ਼ਨਰੀ
510-432-5827

ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆਂ ਦੀ ਬਾਣੀ ਦੀ ਸੰਪਾਦਨਾ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ-ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥.. ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥ ਵਿਦਿਆ ਵੀਚਾਰੀ ਤਾ ਪਰਉਪਕਾਰੀ॥.. ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਸ਼ਬਦ ਗੁਰੂ ਗ੍ਰੰਥ)

ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ ਪਰ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ, ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਅਤਿਅੰਤ ਲੋੜ ਹੈ।

# 14 ਜੂਨ- ਵਿਸ਼ਵ ਖੂਨ ਦਾਤਾ ਦਿਵਸ 'ਤੇ ਵਿਸ਼ੇਸ਼

ਵਿਸ਼ਵ ਖੂਨ ਦਾਤਾ ਦਿਵਸ 14 ਜੂਨ ਨੂੰ ਵਿਸ਼ਵ ਖੂਨ ਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਖੂਨ ਦਾਨ ਦਿਵਸ ਦਾ ਉਦੇਸ਼ ਖੂਨਦਾਨ ਨੂੰ ਉਤਸ਼ਾਹਤ ਕਰਨਾ ਹੈ। ਵਿਸ਼ਵ ਖੂਨਦਾਨ ਦਿਵਸ ਪਹਿਲੀ ਵਾਰ ਸਾਲ 2004 ਵਿਚ ਮਨਾਇਆ ਗਿਆ ਸੀ।

ਵਿਸ਼ਵ ਖੂਨ ਦਾਨ ਦਿਵਸ: 'ਵਿਸ਼ਵ ਖੂਨ ਦਾਤਾ ਦਿਵਸ ਜਾਂ ਵਿਸ਼ਵ ਖੂਨ ਦਾਨ ਦਿਵਸ' 14 ਜੂਨ ਨੂੰ ਮਨਾਇਆ ਜਾਂਦਾ ਹੈ।

**ਖਾਸ ਚੀਜ਼ਾਂ**

ਵਰਲਡ ਬਲੱਡ ਡੋਨਰ ਡੇਅ ਦਾ ਵਿਸ਼ਾ ਹੈ 'ਸੇਫ ਲਹੂ, ਜਾਨ ਬਚਾਓ'।

ਵਿਸ਼ਵ ਖੂਨਦਾਨ ਦਿਵਸ ਪਹਿਲੀ ਵਾਰ ਸਾਲ 2004 ਵਿਚ ਮਨਾਇਆ ਗਿਆ ਸੀ।


ਵਿਸ਼ਵ ਖੂਨ ਦਾਨ ਦਿਵਸ 14 ਜੂਨ ਨੂੰ ਵਿਸ਼ਵ ਖੂਨ ਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਖੂਨ ਦਾਨ ਦਿਵਸ ਦਾ ਉਦੇਸ਼ ਖੂਨਦਾਨ ਨੂੰ ਉਤਸ਼ਾਹਤ ਕਰਨਾ ਹੈ। ਵਿਸ਼ਵ ਖੂਨਦਾਨ ਦਿਵਸ ਪਹਿਲੀ ਵਾਰ ਸਾਲ 2004 ਵਿੱਚ ਮਨਾਇਆ ਗਿਆ ਸੀ। ਵਿਸ਼ਵ ਸਿਹਤ ਸੰਗਠਨ ਦੁਆਰਾ ਇਸ ਦੀ ਸ਼ੁਰੂਆਤ ਕੀਤੀ ਗਈ ਸੀ। ਵਿਸ਼ਵ ਖੂਨ ਦਾਨ ਦਿਵਸ ਵਿਸ਼ਵ ਵਿਚ ਖੂਨ ਦੀ ਜ਼ਰੂਰਤ ਅਤੇ ਇਸ ਲੋੜ ਅਨੁਸਾਰ ਖੂਨ ਦੀ ਘਾਟ ਨੂੰ ਪੂਰਾ ਕਰਨ ਦੇ ਇਰਾਦੇ ਨਾਲ ਮਨਾਇਆ ਜਾਂਦਾ ਹੈ।

ਵਿਸ਼ਵ ਖੂਨ ਦਾਨ ਦਿਵਸ ਜਾਂ ਵਿਸ਼ਵ ਖੂਨ ਦਾਨ ਦਿਵਸ ਦਾ ਇਤਿਹਾਸ ਕਿਉਂ ਮਨਾਇਆ ਜਾਂਦਾ ਹੈ?

14 ਜੂਨ ਨੂੰ ਨੋਬਲ ਪੁਰਸਕਾਰ ਜੇਤੂ ਕਾਰਲ ਲੈਂਡਸਟਾਈਨਰ ਦਾ ਜਨਮ ਹੋਇਆ ਸੀ। ਇਹ ਉਹ ਵਿਗਿਆਨੀ ਹਨ ਜਿਨ੍ਹਾਂ ਨੂੰ ਏ ਬੀ ਓ ਬਲੱਡ ਗਰੁੱਪ ਪ੍ਰਣਾਲੀ ਦੀ ਖੋਜ ਕਰਨ ਦਾ ਸਿਹਰਾ ਮਿਲਿਆ। ਵਿਸ਼ਵ ਖੂਨਦਾਨ ਦਿਵਸ ਖੂਨ ਦੇ ਸਮੂਹਾਂ ਦਾ ਪਤਾ ਲਗਾਉਣ ਵਾਲੇ ਕਾਰਲ ਲੈਂਡਸਟਾਈਨਰ ਦੇ ਜਨਮਦਿਨ 'ਤੇ ਮਨਾਇਆ ਜਾਂਦਾ ਹੈ। ਕਾਰਲ ਲੈਂਡਸਟਾਈਨਰ ਦੁਆਰਾ ਖੂਨ ਦੇ ਸਮੂਹਾਂ ਦੀ ਖੋਜ ਤੋਂ ਪਹਿਲਾਂ, ਖੂਨ ਚੜ੍ਹਾਏ ਬਿਨਾਂ ਗਰੁੱਪ ਦੀ ਜਾਣਕਾਰੀ ਦਿੱਤੇ ਗਏ। ਇਸ ਖੋਜ ਲਈ, ਕਾਰਲ ਲੈਂਡਸਟ-ਾਈਨ ਨੂੰ 1930 ਵਿਚ ਨੋਬਲ ਪੁਰਸਕਾਰ ਦਿੱਤਾ ਗਿਆ ਸੀ।

ਖੂਨ ਚੜ੍ਹਾਉਣਾ ਜਾਂ ਖੂਨ ਚੜ੍ਹਾਉਣਾ ਕੀ ਹੁੰਦਾ ਹੈ?
(ਖੂਨ ਚੜ੍ਹਾਉਣਾ ਕੀ ਹੈ?)

ਖੂਨ ਚੜ੍ਹਾਉਣਾ ਖੂਨ ਜਾਂ ਖੂਨ ਦੇ ਹਿੱਸੇ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਤਬਦੀਲ ਹੋਣਾ ਹੈ। ਖੂਨ ਚੜ੍ਹਾਉਣਾ ਸਰੀਰ ਨੂੰ ਖੂਨ ਦੀ ਸਪਲਾਈ ਕਰਨ ਲਈ ਕੀਤਾ ਜਾਂਦਾ ਹੈ। ਜਦੋਂ ਸਰੀਰ ਵਿਚ ਖੂਨ ਦੀ ਕਮੀ ਹੁੰਦੀ ਹੈ ਤਾਂ ਅਕਸਰ ਖੂਨ ਚੜ੍ਹਾਉਣ ਦੀ ਜ਼ਰੂਰਤ ਹੁੰਦੀ ਹੈ। ਖੂਨ ਸੂਈ ਜਾਂ ਪਤਲੀ ਟਿ ਬ ਰਾਹੀਂ ਨਾੜੀ ਵਿਚ ਤਬਦੀਲ ਹੋ ਜਾਂਦਾ ਹੈ। ਕਿੰਨਾ ਖੂਨ ਚੜ੍ਹਾਉਣਾ ਹੈ ਇਹ ਨਿ-ਰਧਾਰਤ ਕਰਦਾ ਹੈ ਕਿ ਇਹ ਕਿੰਨਾ ਸਮਾਂ ਲੈਂਦਾ ਹੈ।




ਖੂਨਦਾਨ ਦਾ ਸਿਹਤ ਉੱਤੇ ਚੰਗਾ ਪ੍ਰਭਾਵ ਪੈਂਦਾ ਹੈ।

ਵਿਸ਼ਵ ਖੂਨ ਦਾਨ ਦਿਵਸ ਦੀ ਮਹੱਤਤਾ

ਵਿਸ਼ਵ ਖੂਨ ਦਾਨ ਦਿਵਸ ਹਰ ਸਾਲ 14 ਜੂਨ ਨੂੰ ਮਨਾਇਆ ਜਾਂਦਾ ਹੈ ਉਹਨਾਂ ਲੋਕਾਂ ਦਾ ਧੰਨਵਾਦ ਕਰਨ ਲਈ ਜਿਨ੍ਹਾਂ ਨੇ ਜਾਨਾਂ ਬਚਾਈਆਂ ਹਨ ਅਤੇ ਲੋਕਾਂ ਨੂੰ ਨਿਯਮਿਤ ਖੂਨਦਾਨ ਦੀ ਜ਼ਰੂਰਤ ਪ੍ਰਤੀ ਜਾਗਰੂਕ ਕਰਨ ਲਈ।

ਸੁਰੱਖਿਅਤ ਖੂਨ ਦੀ ਜ਼ਰੂਰਤ ਹਰ ਜਗ੍ਹਾ ਹੈ। ਇਲਾਜ ਦੌਰਾਨ ਸੁਰੱਖਿਅਤ ਖੂਨ ਅਕਸਰ ਮਹੱਤਵਪੂਰਣ ਹੁੰਦਾ ਹੈ। ਇਹ ਜੀਵਨ ਬਚਾਉਣ ਵਾਲੀਆਂ ਡਾਕਟਰੀ ਜ਼ਰੂਰਤਾਂ ਵਿੱਚੋਂ ਇੱਕ ਹੈ। ਹਰ ਤਰ੍ਹਾਂ ਦੀਆਂ ਐਮਰਜੈਂਸੀ (ਕੁਦਰਤੀ ਆਫ਼ਤ, ਦੁਰਘਟਨਾ, ਹਥਿਆਰਬੰਦ ਟਕਰਾਅ ਆਦਿ) ਦੌਰਾਨ ਜ਼ਖਮੀਆਂ ਦੇ ਇਲਾਜ ਲਈ ਲਹੂ ਵੀ ਮਹੱਤਵਪੂਰਣ ਹੁੰਦਾ ਹੈ ਅਤੇ ਜਣੇਪਾ ਅਤੇ ਨਵਜੰਮੇ ਸੰਭਾਲ ਵਿਚ ਇਕ ਜ਼ਰੂਰੀ, ਜੀਵਨ-ਬਚਾਉਣ ਦੀ ਭੂਮਿਕਾ ਹੈ। ਵਿਸ਼ਵ ਖੂਨ ਦਾਨ ਦਿਵਸ ਇਸ ਖੂਨ ਦੀ ਮਹੱਤਤਾ ਅਤੇ ਲੋਕਾਂ ਤੱਕ ਪਹੁੰਚਣ ਅਤੇ ਜਾਗਰੂਕਤਾ ਲਈ ਖੂਨਦਾਨ ਦੀ ਮਹੱਤਤਾ ਲਈ ਮਹੱਤਵ ਰੱਖਦਾ ਹੈ।

ਵਿਸ਼ਵ ਖੂਨ ਦਾਨ ਦਿਵਸ ਦਾ ਨਾਅਰਾ

ਵਿਸ਼ਵ ਖੂਨ ਦਾਨ ਦਿਵਸ ਦਾ ਨਾਅਰਾ ਹੈ

'ਸੇਫ਼ ਲਹੂ, ਜਾਨ ਬਚਾਓ', ਸੇਫ ਲਹੂ ਨੇ ਜਾਨ ਬਚਾਈ। ਇਸਦੇ ਨਾਲ, ਵਿਸ਼ਵ ਖੂਨ ਦਾਨ ਦਿਵਸ ਤੇ ਸਲੋਗਨ ਹੈ 'ਲਹੂ ਦਿਓ ਅਤੇ ਵਿਸ਼ਵ ਨੂੰ ਇੱਕ ਸਿਹਤਮੰਦ ਸਥਾਨ ਬਣਾਓ, ਖੂਨ ਦਿਓ ਅਤੇ ਵਿਸ਼ਵ ਨੂੰ ਇੱਕ ਸਿਹਤਮੰਦ ਸਥਾਨ ਬਣਾਓ'।

ਕੌਣ ਖੂਨਦਾਨ ਕਰ ਸਕਦਾ ਹੈ

ਕੋਈ ਵੀ ਤੰਦਰੁਸਤ ਵਿਅਕਤੀ ਸਿਰਫ 18 ਸਾਲ ਦੀ ਉਮਰ ਤੋਂ ਬਾਅਦ ਹੀ ਖੂਨਦਾਨ ਕਰ ਸਕਦਾ ਹੈ, ਜੇ ਉਸਦਾ ਭਾਰ 45 ਤੋਂ 50 ਕਿਲੋਗ੍ਰਾਮ ਤੋਂ ਵੱਧ ਹੈ। ਦਾਨੀ ਨੂੰ ਐਚ ਆਈ ਵੀ, ਹੈਪੇਟਾਈਟਸ ਬੀ ਜਾਂ ਹੈਪੇਟਾਈਟਸ ਸੀ ਵਰਗੀਆਂ ਬੀਮਾਰੀਆਂ ਨਹੀਂ ਹੋਣੀਆਂ ਚਾਹੀਦੀਆਂ ਸਨ ਸਰੀਰ ਵਿੱਚ ਲੋਹੇ ਦੀ ਲੋੜੀਂਦੀ ਮਾਤਰਾ ਰੱਖੋ। ਇਸ ਦੇ ਲਈ, ਖੂਨਦਾਨ ਕਰਨ ਤੋਂ ਪਹਿਲਾਂ ਮੱਛੀ, ਬੀਨਜ਼, ਪਾਲਕ, ਚਾਵਲ ਜਾਂ ਕੋਈ ਆਇਰਨ ਨਾਲ ਭਰਪੂਰ ਚੀਜ਼ਾਂ ਖਾਓ।

ਵਿਸ਼ਵ ਖੂਨ ਦਾਨ ਦਿਵਸ ਸਮਾਗਮ

ਮੌਜੂਦਾ ਕੋਵਿਡ -19 ਮਹਾਂਮਾਰੀ ਦੇ ਕਾਰਨ, ਡਬਲਯੂਐਚਓ ਇਸ ਸਾਲ ਇੱਕ ਗਲੋਬਲ ਵਰਚੁਅਲ ਮੁਹਿੰਮ ਚਲਾਏਗੀ। ਵਿਸ਼ਵ-ਵਿਆਪੀ ਲੋਕਾਂ ਦੁਆਰਾ ਸਮੇਂ-ਸਮੇਂ ਤੇ ਵਿਸ਼ਵ ਦੇ ਲੋਕਾਂ ਦੀ ਬਿਹਤਰੀ ਲਈ ਵੱਖ-ਵੱਖ ਪ੍ਰੋਗਰਾਮ, ਮੁਹਿੰਮਾਂ ਚਲਾਈਆਂ ਜਾਂਦੀਆਂ ਹਨ।

ਖੂਨਦਾਨ ਦੇ ਲਾਭ

ਦਿਲ ਦੀ ਸਿਹਤ ਵਿੱਚ ਸੁਧਾਰ ਕਰਦਾ ਹੈ: ਖੂਨਦਾਨ ਕਰਨ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਜਾਂਦਾ ਹੈ। ਖੂਨਦਾਨ ਕਰਨ ਨਾਲ ਖੂਨ ਜਮ੍ਹਾ ਨਹੀਂ ਹੁੰਦਾ, ਖੂਨ ਕੁਝ ਹੱਦ ਤਕ ਪਤਲਾ ਹੋ ਜਾਂਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਜਾਂਦਾ ਹੈ।



ਉਦੇ ਰਨਦੇਵ
91-98786-70658

ਵਜ਼ਨ ਘੱਟ ਹੁੰਦਾ ਹੈ: ਖੂਨਦਾਨ ਵੀ ਤੁਹਾਡੇ ਭਾਰ ਨੂੰ ਘਟਾਉਣ ਵਿਚ ਸਹਾਇਤਾ ਕਰ ਸਕਦਾ ਹੈ, ਇਸ ਲਈ ਸਾਲ ਵਿਚ ਘੱਟੋ ਘੱਟ ਦੋ ਵਾਰ ਖੂਨਦਾਨ ਕਰੋ। ਕੈਲੋਰੀ ਦੀ ਕਮੀ: ਡੇ ਪੇਟ ਖੂਨ ਦਾਨ ਕਰਨ ਨਾਲ ਤੁਹਾਡੇ ਸਰੀਰ ਵਿਚੋਂ 650 ਕੈਲੋਰੀ ਘੱਟ ਹੋ ਜਾਂਦੀਆਂ ਹਨ। ਜਿਗਰ ਦੀ ਸਿਹਤ ਵਿੱਚ ਸੁਧਾਰ ਕਰਦਾ ਹੈ: ਖੂਨਦਾਨ ਕਰਨ ਨਾਲ ਜਿਗਰ ਨਾਲ ਸਬੰਧਤ ਸਮੱਸਿਆਵਾਂ ਘੱਟ ਹੋ ਸਕਦੀਆਂ ਹਨ। ਸਰੀਰ ਵਿਚ ਬਹੁਤ ਜਿਆਦਾ ਆਇਰਨ ਹੋਣ ਨਾਲ ਜਿਗਰ 'ਤੇ ਦਬਾਅ ਪੈਂਦਾ ਹੈ। ਉਸੇ ਸਮੇਂ, ਖੂਨਦਾਨ ਕਰਨ ਨਾਲ ਆਇਰਨ ਦੀ ਮਾਤਰਾ ਸੰਤੁਲਿਤ ਹੋ ਜਾਂਦੀ ਹੈ।

ਕੈਂਸਰ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦਾ ਹੈ: ਆਇਰਨ ਦੀ ਮਾਤਰਾ ਨੂੰ ਸੰਤੁਲਿਤ ਕਰਨ ਨਾਲ ਜਿਗਰ ਤੰਦਰੁਸਤ ਹੋ ਜਾਂਦਾ ਹੈ ਅਤੇ ਕੈਂਸਰ ਦਾ ਖ਼ਤਰਾ ਵੀ ਘੱਟ ਜਾਂਦਾ ਹੈ।

# ਨੈਸ਼ਨਲ ਅਵਾਰਡੀ
ਲਾਈਫ ਮੈਂਬਰ
ਭਾਰਤੀ ਰੈਡ ਕਰਾਸ ਸੁਸਾਇਟੀ

# ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿਚ ਕਿਰਸਾਣੀ ਸੰਕਟ

**ਦੁਨੀਆਂ ਭਰ ਵਿੱਚ ਕਿਸਾਨੀ ਇਸ ਵੇਲੇ ਸੰਕਟ ਦੇ ਦੌਰ ਵਿਚੋਂ ਲੰਘ ਰਹੀ ਹੈ, ਕਿਉਕਿ ਖੇਤੀਬਾੜੀ ਨੂੰ ਲੋਕਾਂ ਦੀਆਂ ਲੋੜਾਂ ਅਨੁਸਾਰ ਕਰਨ ਦੀ ਬਜਾਏ ਮੁਨਾਫੇ ਦੀਆਂ ਲੋੜਾਂ ਅਨੁਸਾਰ ਚਲਾਇਆ ਜਾ ਰਿਹਾ ਹੈ। ਪਿਛਲੇ ਸੱਤ ਮਹੀਨਿਆਂ ਤੋਂ ਦਿੱਲੀ ਵਿੱਚ ਚਲ ਰਿਹਾ ਕਿਸਾਨ ਅੰਦੋਲਨ ਇਸ ਸੰਕਟ ਦਾ ਇਜ਼ਹਾਰ ਹੈ। ਸਾਮਰਾਜੀ ਤੰਤਰ ਸਾਰੀ ਖੇਤੀਬਾੜੀ ਨੂੰ ਆਪਣੇ ਸ਼ਿਕੰਜ਼ੇ ਵਿੱਚ ਲੈਣਾ ਚਾਹੁੰਦਾ ਹੈ। ਇਸ ਸਾਮਰਾਜੀ ਤੰਤਰ ਵਿਰੁਧ ਪੰਜਾਬ ਦੀ ਸਿੱਖ ਕਿਸਾਨੀ ਨੇ ਇਹ ਅੰਦੋਲਨ ਵਿਢਿਆ ਹੈ। ਪ੍ਰੋ. ਨਰਿੰਜਨ ਸਿੰਘ ਢੇਸੀ ਦਾ ਗੁਰਮਤਿ ਅਨੁਸਾਰ ਇਹ ਲੇਖ ਕਿਸਾਨੀ ਸੰਕਟ ਦਾ ਹੱਲ ਕਿਵੇਂ ਕੀਤਾ ਜਾਵੇ, ਉਸ ਦੀ ਜਾਣਕਾਰੀ ਦਿੰਦਾ ਹੈ।**

**ਪ੍ਰੋ. ਨਰਿੰਜਨ ਸਿੰਘ ਢੇਸੀ**


ਆਦਿ ਕਾਲ ਤੋਂ ਮਨੁਖ ਉਪਜੀਵਕਾ ਪੈਦਾ ਕਰਨ ਲਈ ਕਾਰਜਸ਼ੀਲ ਰਿਹਾ ਹੈ। ਉਸ ਦੀ ਜੀਵਨ ਨੂੰ ਕਾਇਮ ਰਖਣ ਅਤੇ ਜਾਰੀ ਰਖਣ ਦੀ ਹਰ ਕੋਸ਼ਿਸ਼ ਉਪਜੀਵਕਾ ਨਾਲ ਹੀ ਜੁੜੀ ਰਹੀ ਹੈ। ਕੁਲੀ ਗੁਲੀ ਜੁਲੀ ਵਿਚੋਂ ਪਰਮੁਖ ਥਾਂ ਗੁਲੀ ਦੀ ਰਹੀ ਹੈ। ''ਪੇਟ ਨਾ ਪਈਆਂ ਰੋਟੀਆਂ ਸਭੇ ਗਲਾਂ ਖੋਟੀਆਂ'' ਇਕ ਅਜਿਹੀ ਕਹਾਵਤ ਹੈ ਜੋ ਖੇਤੀ ਦੇ ਉਸ ਅਰਥਚਾਰੇ ਵਲ ਸੰਕੇਤ ਕਰਦੀ ਹੈ ਜਿਸ ਤੋਂ ਮਨੁਖ ਜੀਵਨ ਸਾਧਨ ਪ੍ਰਾਪਤ ਕਰਦਾ ਹੈ। ਪੰਜਾਬ ਇਕ ਅਜਿਹਾ ਖੇਤਰ ਹੈ ਜਿਸ ਨੂੰ ਖੇਤੀ ਪ੍ਰਧਾਨ ਖਿਤੇ ਵਜੋਂ ਗੌਰਵ ਪ੍ਰਾਪਤ ਰਿਹਾ ਹੈ। ਕਦੇ ਸਪਤ ਸਿੰਧੂ, ਕਦੇ ਪੰਚਨਦ ਤੇ ਕਦੇ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਇਹ ਖੇਤਰ ਆਪਣੇ ਕੁਦਰਤੀ ਜਲ ਸੋਮਿਆਂ, ਜ਼ਰਖੇਜ਼ ਜ਼ਮੀਨ ਅਤੇ ਜੀਵਨ ਦਾਇਕ ਪੌਣ ਚਕਰਾਂ ਕਰਕੇ ਜਾਣਿਆ ਜਾਂਦਾ ਰਿਹਾ ਹੈ। ਉਤਰ ਪਛਮ ਤੋਂ ਅੰਨ ਭੰਡਾਰਾਂ ਦੇ ਇਸ ਗੜ੍ਹ ਉੱਤੇ ਜਰਵਾਣੇ ਹਮਲੇ ਕਰਦੇ ਰਹੇ ਹਨ। ਅਜੋਕੀ ਦਸ਼ਾ ਵਾਲਾ ਢਾਈ ਦਰਿਆਵਾਂ ਦਾ ਪੰਜਾਬ ਵੀ ਦੇਸ਼ ਦੇ ਅੰਨ ਭੰਡਾਰਾਂ ਨੂੰ ਭਰਨ ਲਈ ਪਹਿਲ ਕਦਮੀ ਕਰਨ ਵਿਚ ਕਦੇ ਪਿਛੇ ਨਹੀਂ ਰਿਹਾ।

ਕਿਰਸਾਣੀ ਦਾ ਕੰਮ ਕਿਸੇ ਵੀ ਕੌਮ ਜਾਂ ਦੇਸ਼ ਦੇ ਮੂਲ ਵਜੋਂ ਜਾਣਿਆ ਜਾਂਦਾ ਹੈ। ਪੁਰਾਤਨ ਇਤਿਹਾਸ ਵਿਚ ਕਿਰਸਾਣ ਨੂੰ ਸੰਸਾਰ ਦੇ ਚਲਦੇ ਰਹਿਣ ਲਈ ਮੂਲ ਧੁਰੇ ਵਜੋਂ ਪਰਵਾਨ ਕਰਦਿਆਂ ਇਹ ਆਖਿਆ ਗਿਆ ਹੈ ਕਿ ਉਹ ਕਿਰਸਾਣ ਦੂਜੇ ਕੰਮਾਂ ਵਿਚ ਰੁਝੇ ਹੋਏ ਉਨ੍ਹਾਂ ਸਭ ਲੋਕਾਂ ਨੂੰ ਜਿਉਣ ਜੋਗੇ ਕਰਦੇ ਹਨ, ਜਿਹੜੇ ਆਪ ਜ਼ਮੀਨ ਵਿਚ ਹਲ ਨਹੀਂ ਵਾਹ ਸਕਦੇ। ਇਸ ਸੰਬੰਧ ਵਿਚ ਹੋਰ ਆਖਿਆ ਗਿਆ ਹੈ ਕਿ ਰਹੀ ਹੈ। ਜਦ ਵੀ ਕਿਰਸਾਣੀ ਕਿਸੇ ਸੰਕਟ ਦੇ ਮੂੰਹ ਆਈ, ਇਥੋਂ ਦੀ ਸਾਰੀ ਆਰਥਿਕਤਾ ਵਿਚ ਹਲਚਲ ਪੈਦਾ ਹੋ ਜਾਂਦੀ ਰਹੀ ਹੈ। ਸਮੇਂ-ਸਮੇਂ ਆਏ ਆਰਥਕ ਮੰਦਵਾੜਿਆਂ ਦਾ ਮੂਲ ਕਾਰਨ ਕਿਰਸਾਣੀ ਸੰਕਟ ਹੀ ਬਣਦੇ ਰਹੇ ਹਨ। 'ਪਗੜੀ ਸੰਭਾਲ ਜਟਾ' ਦੀ ਲਹਿਰ ਅਜਿਹੇ ਸੰਕਟ ਦੀ ਹੀ ਪੈਦਾਵਾਰ ਸੀ। ਇਸ ਦੇ ਬਾਵਜੂਦ ਪੰਜਾਬ ਦੇ ਕਿਰਸਾਣਾਂ ਨੇ ਖੇਤੀ ਨੂੰ ਮਰਜੀਵੜਿਆਂ ਵਾਂਗ ਅਪਣਾਈ ਰਖਿਆ ਹੈ। ਇਸ ਦੇ ਪਿਛੋਕੜ ਵਿਚ ਇਹ ਮਨੋਚੇਤਨਾ ਵੀ ਮੌਜੂਦ ਹੈ ਕਿ ਮਹਾਨ ਗੁਰੂ ਨਾਨਕ ਦੇਵ ਜੀ ਨੇ ਵੀ ਉਦਾਸੀਆਂ ਤੋਂ ਪਿਛੋਂ ਆਪ ਕਰਤਾਰਪੁਰ ਵਿਚ ਖੇਤੀ ਕੀਤੀ।

ਇਸ ਇਤਿਹਾਸਕ ਤੇ ਰੂਹਾਨੀ ਪਿਛੋਕੜ ਕਾਰਨ ਹੀ ਪੰਜਾਬ ਦੇ ਕਿਰਸਾਣ ਤੜਕੇ ਖੇਤਾਂ ਵਲ ਜਾਂਦਿਆਂ ਗੁਰੂ ਬਾਬੇ ਵਲ ਧਿਆਨ ਕਰਦੇ ਰਹੇ, ਉਨ੍ਹਾਂ ਦੀਆਂ ਸਵਾਣੀਆਂ ਦੁਧ ਰਿੜਕਦਿਆਂ ਗੁਰੂ ਸ਼ਬਦਾਂ ਦਾ ਜਾਪ ਕਰਦੀਆਂ ਰਹੀਆਂ ਅਤੇ ਇੰਜ ਇਕ ਇਲਾਹੀ ਰੰਗ ਬਝਦਾ ਰਿਹਾ। ਰਾਤ ਨੂੰ ਥਕੇ ਕਿਰਸਾਣ, ਤਰਖਾਣ, ਲੁਹਾਰ ਤੇ ਸੀਰੀ ਮਿਲ ਕੇ ਗੁਰੂ ਘਰ ਵਿਚ ਢੋਲਕੀ ਚਿਮਟੇ ਨਾਲ ਸ਼ਬਦ ਚੌਕੀ ਲਾਉਂਦੇ ਤੇ ਸਾਰੀ ਚਿੰਤਾ ਤੇ ਥਕੇਵਾਂ ਗੁਰੂ ਚਰਨਾਂ ਦੀ ਛੋਹ ਨਾਲ ਕਾਫੂਰ ਹੋ ਜਾਂਦੇ ਰਹੇ। ਕਿਰਸਾਣੀ ਦੇ ਆਲੇ-ਦੁਆਲੇ ਪੂਰਾ ਪਿੰਡ ਤੇ ਭਾਈਚਾਰਾ ਜੁੜਦਾ ਰਿਹਾ। ਉਨ੍ਹਾਂ ਆਧੁਨਿਕ ਪ੍ਰਾਪਤੀਆਂ ਦੀ ਕੀਮਤ ਕਿਰਸਾਣੀ ਨੂੰ ਤਾਰਨੀ ਪਈ। ਹੈ, ਜਿਨ੍ਹਾਂ ਨੇ ਉਸ ਤੋਂ ਗੁਰੂ ਸਾਹਿਬਾਨ ਦੇ ਬਖਸ਼ੇ ਹੋਏ ਨਕਸ਼ੇ ਖੋਹ ਲਏ ਹਨ। ਅਸੀਂ 'ਵਣੁ ਤਿਣੁ ਪ੍ਰਭ ਸੰਗ ਮਉਲਿਆ' ਦੇ ਅੰਮ੍ਰਿਤ ਬਚਨਾਂ ਤੋਂ ਦੂਰ ਹੋ ਗਏ ਹਾਂ, ਸਮਤੋਲ ਵਿਗੜ ਗਿਆ ਹੈ ਅਤੇ ਅਸੀਂ 'ਤਾਲੋਂ ਘੁਥੀ ਡੂਮਣੀ' ਵਾਲੀ ਹਾਸੋਹੀਣੀ ਸਥਿਤੀ ਵਿਚ ਪਹੁੰਚ ਗਏ ਹਾਂ। ਕਿਰਸਾਣੀ ਨੂੰ ਬਲਦੀ ਦੇ ਬੁਥੇ ਦੇਣ ਲਈ ਸਮੇਂ ਦੇ ਸ਼ਕਤੀ ਕੇਂਦਰ, ਅਖਾਉਤੀ ਗਿਆਨ ਕੇਂਦਰ ਤੇ ਇਨ੍ਹਾਂ ਨਾਲ ਜੁੜੇ ਰਚਾਰ ਕੇਂਦਰ ਜ਼ਿੰਮੇਵਾਰ ਬਣੇ ਹਨ। ਕਿਰਸਾਣੀ ਇਨ੍ਹਾਂ ਕਦਰਾਂ ਦੀ ਸੰਮੋਹਕ ਸ਼ਕਤੀ ਅਗੇ ਹਾਰ ਗਈ ਹੈ ਅਤੇ ਉਸ ਦੀਆਂ ਅਖਾਂ ਅਗੇ ਛੇਤੀ ਅਮੀਰ ਹੋਣ ਦੇ ਸੁਪਨੇ ਲਟਕਾਏ ਗਏ ਹਨ। ਜੇ ਕਿਰਸਾਣੀ ਨੂੰ ਇਸ ਦੀ ਕੁ-ਦਰਤੀ ਤੇ ਸੁਭਾਵਕ ਚਾਲ ਚਲਣ ਦਿਤਾ ਜਾਂਦਾ ਤਾਂ ਸਿਟੇ ਸਹਿਜ ਤੇ ਸੁਭਾਵਕ ਨਿਕਲ ਸਕਦੇ ਸਨ।

ਕਿਰਸਾਣੀ ਉਤੇ ਸਥਾਪਤੀ ਅਤੇ ਇਸ ਦੇ ਪੈਰੋਕਾਰਾਂ ਦੀਆਂ ਭ੍ਰਿਸ਼ਟ ਚਾਲਾਂ ਦਾ ਭਿਆਨਕ ਅਸਰ ਹੋਇਆ ਹੈ। ਕਿਰਸਾਣੀ ਦੀਆਂ ਬੇੜੀਆਂ ਵਿਚ ਵਟੇ ਪਾਉਣ ਵਾਲੀਆਂ ਅਸਲ ਧਿਰਾਂ ਓਹੀ ਹਨ ਜੋ ਕਿਰਸਾਣੀ ਤੋਂ ਜਿਉਣ ਦੇ ਸਾਧਨ ਪ੍ਰਾਪਤ ਕਰਦੀਆਂ ਹਨ। ਛੋਟੇ ਤੋਂ ਛੋਟੇ ਕਰਮਚਾਰੀ ਤੋਂ ਲੈ ਕੇ ਵਡੀ ਤੋਂ ਵਡੀ ਕੁਰਸੀ ਤਕ ਦੀਆਂ ਸ਼ਕਤੀਆਂ ਉਸ ਨੂੰ ਕਾਵਾਂ ਗਿਰਝਾਂ ਵਾਂਗ ਚੰਬੜੀਆਂ ਹੋਈਆਂ ਹਨ। ਉਹ ਜਿਸ ਥਾਲੀ ਵਿਚੋਂ ਖਾਂਦੇ ਹਨ, ਉਸੇ ਵਿਚ ਛੇਕ ਕਰਨ ਤੋਂ ਨਹੀਂ ਝਿਜਕਦੇ। ਉਹ ਭੁਲ ਜਾਂਦੇ ਹਨ ਕਿ ਅਤੀ ਆਧੁਨਿਕ ਯੁਗ ਵਿਚ ਵੀ ਸਮੁਚੇ ਆਰਥਕ ਸਮਾਜਕ ਤੇ ਸਭਿਆਚਾਰਕ ਤਾਣੇਬਾਣੇ ਦੀ ਬੁਨਿਆਦ ਕਿਰਸਾਣੀ ਹੈ। ਇਹ ਇਕ ਅਜਿਹਾ ਰੁਖ ਹੈ ਜਿਸ ਦੀ ਛਾਂ ਤੋਂ ਵਰਤਾਰੇ ਦਾ ਖਾਤਮਾ ਹੋ ਗਿਆ ਹੈ। ਸਾਰੀ ਕਿਰਸਾਣੀ ਨੇ ਸ਼ਹਿਰਾਂ ਵਿਚ ਸਥਾਪਤ ਦਵਾਈਆਂ ਖਾਦਾਂ, ਬੀਜਾਂ ਦੇ ਕੇਂਦਰਾਂ ਵਲ ਵਹੀਰਾਂ ਘਤ ਲਈਆਂ ਹਨ ਤੇ ਨਵੇਂ ਬੀਜਾਂ ਦੇ ਨਾਲ ਗਾਜਰ ਬੂਟੀ ਵੀ ਆਪਣੇ ਖੇਤਾਂ ਲਈ ਕੋਹੜ ਵਜੋਂ ਸਹੇੜ ਲਈ ਹੈ। ਪੰਜਾਬ ਵਿਚ ਚਾਵਲ ਖਾਣ ਦਾ ਰਿਵਾਜ ਨਾਮ-ਮਾਤਰ ਹੀ ਸੀ ਅਤੇ ਇਹ ਪੰਜਾਬੀਆਂ ਦੀ ਸੁਭਾਵਕ ਖੁਰਾਕ ਨਹੀਂ ਸੀ। ਦੂਜੇ ਸੂਬਿਆਂ ਲਈ ਝੋਨਾ ਪੈਦਾ ਕਰਨ ਲਈ ਇਥੋਂ ਦੀ ਕਿਰਸਾਣੀ ਨੂੰ ਪਰਚਾਰ ਰਾਹੀਂ ਜੋਸ਼ ਨਾਲ ਭਰ ਦਿਤਾ ਗਿਆ। ਉਸ ਨੂੰ ਤੈ-ਗੁਣ ਮਾਇਆ ਦੇ ਜਾਲ ਵਿਚ ਫਸਾ ਲਿਆ ਗਿਆ। ਇਕ ਅਜਿਹੀ ਫਸਲ ਵਾਹੋਦਾਹੀ ਪੈਦਾ ਕਰਵਾਈ ਗਈ ਜੋ ਸਥਾਨਕ ਲੋਕਾਂ ਦੀ ਮੁਖ ਖੁਰਾਕ ਨਹੀਂ ਸੀ। ਮੰਡੀਆਂ, ਗੋਦਾਮ ਝੋਨੇ ਨਾਲ ਨਕੋ ਨਕ ਭਰ ਗਏ। ਇਥੋਂ ਤਕ ਕਿ ਝੋਨਾ ਗੋਦਾਮਾਂ ਵਿਚ ਸੜਦਾ ਰਿਹਾ ਢਿਡ ਜਿਉਂ ਦੇ ਤਿਉਂ ਭੁਖੇ ਰਹੇ। ਸ਼ੈਲਰਾਂ ਵਿਚੋਂ ਲੰਘਦਾ ਝੋਨਾ ਅਨੇਕਾਂ ਚੋਰਾਂ ਦੀਆਂ ਤਿਜੌਰੀਆਂ ਭਰਦਾ ਰਿਹਾ ਪਰ ਕਿਰਸਾਣੀ ਸੰਕਟ ਦੇ ਮੂੰਹ ਆ ਗਈ। ਸਰਕਾਰੀ ਗੈਰ ਸਰਕਾਰੀ ਏਜੰਸੀਆਂ ਉਸ ਦੇ ਕਾਲਜੇ ਨੂੰ ਹਥ ਪਾਉਣ ਤੋਂ ਬਾਜ਼ ਨਹੀਂ ਆਈਆਂ। ਪੰਜਾਬ ਵਿਚ ਖੇਤੀ ਕਾਮਿਆਂ ਦੀ ਲੋੜ ਵਧਣ ਕਰਕੇ ਯੂ.ਪੀ., ਮਧ ਪ੍ਰਦੇਸ਼, ਬਿਹਾਰ ਤੋਂ ਕਾਮਿਆਂ ਦੀਆਂ ਧਾੜਾਂ ਆਉਣ ਲਗੀਆਂ। ਆਪਣੇ ਆਪ ਨੂੰ ਗੁਰੂ ਦਾ ਸਿਖ, ਪੰਜਾਬ ਦੀ ਸ਼ਾਨ ਅਖਵਾਉਣ ਵਾਲਾ ਪੰਜਾਬੀ ਕਿਰਸਾਣ ਇਨ੍ਹਾਂ ਕਾਮਿਆਂ ਨਾਲ 'ਹਮਕੋ-ਤੁਮਕੋ' ਵਿਚ ਗਲ ਕਰਦਿਆਂ ਪੂਰਨ ਤੌਰ ਉਤੇ ਉਨ੍ਹਾਂ ਉਤੇ ਨਿਰਭਰ ਹੋ ਗਿਆ ਹੈ। ਇਸ ਦਾ ਇਕ ਹੋਰ ਨਫੀ ਸਿਟਾ ਇਹ ਨਿਕਲਿਆ ਹੈ ਕਿ ਇਹ ਲੋਕ ਆਪਣੇ ਨਾਲ ਵਾਤਾਵਰਣ ਦਾ ਪ੍ਰਦੂਸ਼ਣ, ਝੌਂਪੜੀ







ਜੋ ਆਪਣੇ ਹੀ ਢਿਡ ਤਕ ਸੀਮਤ ਹੈ ਉਹ ਆਪਣੇ ਆਪ ਵਿਚ ਵਡਾ ਪਾਪ ਕਰਦਾ ਹੈ। ਕੇਵਲ ਆਪਣੇ ਢਿਡ ਦਾ ਮਿਤਰ ਸਵਾਰਥੀ, ਮਹਾਂਦੋਸ਼ੀ ਤੇ ਪਾਪੀ ਹੈ। ਕਿਰਸਾਣ ਖੇਤਾਂ ਵਿਚ ਕੰਮ ਕਰਦਿਆਂ ਆਪਣੀ ਉਪਜੀਵਕਾਂ ਤਾਂ ਕਮਾਉਂਦਾ ਹੀ ਹੈ, ਦੂਜਿਆਂ ਲਈ ਵੀ ਰੋਟੀ ਦਾ ਪ੍ਰਬੰਧ ਕਰਦਾ ਹੈ। ਇਸ ਦੇ ਨਾਲ-ਨਾਲ ਜੈਵਿਕ ਚਕਰ ਨਾਲ ਜੁੜੀ ਹੋਈ ਕੁਲ ਕਿਰਤੀ ਲਈ ਵੀ ਸਹਾਈ ਹੁੰਦਾ ਹੈ। ਧਰਤੀ ਨੂੰ ਆਪਣੀ ਮਿਹਨਤ ਦੀ ਛੋਹ ਦੇ ਕੇ ਉਸ ਦੀ ਸਿਰਜਣ ਸ਼ਕਤੀ ਨੂੰ ਮਨੁਖ ਦੀਆਂ ਲੋੜਾਂ ਲਈ ਜਗਾਉਂਦਾ ਹੈ। ਬੀਜਣ ਦੇ ਸੰਕਲਪ ਨੂੰ ਅਤੀ ਪਵਿਤਰ ਕਾਰਜ ਵਜੋਂ ਵੇਖਦਿਆਂ ਹੀ ਗੁਰਬਾਣੀ ਵਿਚ ਕਥਨ ਕੀਤਾ ਗਿਆ ਹੈ :

ਅਬ ਕਲੂ ਆਇਓ ਰੇ ਰਾਮ ਬੋਵੋ ਅਨਰੁਤਿ ਨਾਹੀ ਮਤ ਭਰਮ ਭੂਲੋ।।

ਖੇਤੀ ਵਿਚ ਵਤਰ ਨੂੰ ਬਹੁਤ ਮਹਤਵ ਦਿਤਾ ਜਾਂਦਾ ਹੈ। ਗੁਰੂ ਸਾਹਿਬ ਨੇ ਖੇਤੀ ਦੇ ਇਸ ਮੂਲ ਸ਼ਬਦ ਨੂੰ ਆਧਾਰ ਬਣਾ ਕੇ ਲਿਖਿਆ ਹੈ :

ਜਿਨੀ ਵਤੇ ਹਰ ਨਾਮੁ ਨਾ ਬੀਜੀਓ ਸੇ ਕਾਹੇ ਜਗਿ ਆਇ।।

ਗੁਰਬਾਣੀ ਵਿਚ ਬੀਜਣ ਦੇ ਕਾਰਜ ਨੂੰ ਬੁਨਿਆਦੀ ਕਾਰਜ ਦਸਿਆ ਗਿਆ ਹੈ। ਕਰਮ-ਖੇਤਰ ਵਜੋਂ ਕਿਸਾਨੀ ਇਕ ਅਜਿਹਾ ਕਿਤਾ ਹੈ ਜਿਸ ਦੀ ਨਿਰਭਰਤਾ ਕਿਰਸਾਣ ਦੇ ਅਮਲ ਨਾਲ ਜੁੜੀ ਹੋਈ ਹੈ। ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਬੀਜਣ ਦਾ ਕਾਰਜ ਹੀ ਇਹ ਨਿਸ਼ਚਤ ਕਰ ਦਿੰਦਾ ਹੈ ਕਿ ਫਲ, ਕਿਸ ਤਰ੍ਹਾਂ ਦਾ ਪ੍ਰਾਪਤ ਹੋਣਾ ਹੈ। 'ਜੈਸਾ ਬੀਜੋਗੇ ਤੈਸਾ ਵਢੋਗੇ' ਆਪਣੇ ਆਪ ਵਿਚ ਇਕ ਅਟਲ ਨੇਮ ਹੈ : ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤ।।

ਗੁਰੂ ਸਾਹਿਬ ਕਿਰਸਾਣ ਨੂੰ ਪੂਰੇ ਯਕੀਨ ਨਾਲ ਚੰਗਿਆਈ ਤੇ ਨੇਕੀ ਨਾਲ ਭਰੇ ਹੋਏ ਅਮਲੀ ਜੀਵਨ ਨੂੰ ਅਪਨਾਉਣ ਲਈ ਪਰੇਰਿਤ ਕਰਦੇ ਹਨ ਅਤੇ ਇਹ ਦਸਦੇ ਹਨ ਕਿ ਕਰਮ ਖੇਤਰ ਵਿਚ ਅਪਣਾਇਆ ਗਿਆ ਠੀਕ ਪੈਂਤੜਾ ਹੀ ਸਾਰਥਕ ਸਿਟੇ ਕਢ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਮਹਾਨ ਬਾਣੀਕਾਰ ਸ਼ੇਖ ਫਰੀਦ ਜੀ ਕਿਰਸਾਣ ਨੂੰ ਸੇਧ ਦਿੰਦਿਆਂ ਨੇਕ ਕਰਮ ਕਰਨ ਲਈ ਪਰੇਰਿਤ ਕਰਦੇ ਹਨ ਕਿਉਂਕਿ ਕਿਰਸਾਣ ਸਮੁਚੀ ਮਨੁਖਤਾ ਦਾ ਕੇਂਦਰ ਬਿੰਦੂ ਹੈ :

ਲੋੜੈ ਦਾਖ ਬਿਜਉਰੀਆਂ ਕਿਕਰ ਬੀਜੈ ਜਟ ਹੰਢੇ ਉਨਿ ਕਤਾਇਦਾ ਪੈਧਾ ਲੋੜੈ ਪਟ।।

ਪੰਜਾਬ ਦੇ ਆਰਥਕ, ਸਮਾਜਕ ਤੇ ਸਭਿਆਚਾਰਕ ਇਤਿਹਾਸ ਵਿਚ ਕਿਰਸਾਣੀ ਸਦਾ ਮੋਹਰੀ ਧਿਰ ਵਜੋਂ ਵਿਚਰਦੀ

ਪਿਛਲੇ ਤਿੰਨ ਦਹਾਕਿਆਂ ਵਿਚ ਵਕਤ ਦੇ ਬੇਰਹਿਮ ਚਕਰ ਨੇ ਕਿਰਸਾਣੀ ਦੀ ਕੁਦਰਤ ਨਾਲ ਨੇੜਤਾ ਨੂੰ ਲਤਾੜ ਸੁਟਿਆ ਹੈ ਅਤੇ ਗੁਰੂ ਬਚਨਾਂ ਨੂੰ ਭੁਲ ਕੇ ਸਹਿਜ ਤੋਂ ਦੂਰ ਹੋ ਕੇ ਕਿਰਸਾਣੀ ਘੋਰ ਸੰਕਟ ਵਿਚ ਸੀ ਗਈ ਹੈ। ਉਸ ਦੇ ਆਲੇ-ਦੁਆਲੇ ਪਸਰੇ ਹੋਏ ਆਪਹੁਦਰੇ ਵਰਤਾਰੇ ਨੇ ਉਸ ਨੂੰ ਕੁਦਰਤ ਦੇ ਦੈਵੀ ਨੇਮਾਂ ਤੋਂ ਦੂਰ ਕਰ ਦਿਤਾ ਹੈ। ਗਿਆਨ ਵਿਗਿਆਨ ਦੇ ਰਾਹ ਪਏ ਬੁਧੀਜੀਵੀਆਂ ਅਤੇ ਮਨਆਈਆਂ ਕਰਨ ਵਾਲੇ ਅਧਿਕਾਰੀਆਂ ਨੂੰ ਇਹ ਭੁਲ ਗਿਆ ਹੈ ਕਿ ਜੀਵਨ ਦਾ ਆਰੰਭ ਉਨ੍ਹਾਂ ਤੋਂ ਪਹਿਲਾਂ ਅਤੇ ਉਨ੍ਹਾਂ ਤੋਂ ਬਿਨਾਂ ਹੀ ਹੋਇਆ ਸੀ ਅਤੇ ਉਸ ਦਾ ਆਧਾਰ ਕੁਦਰਤ ਸੀ। ਅਸੀਂ ਗੁਰੂ ਬਚਨਾਂ ਨੂੰ ਭੁਲ ਕੇ ਸਦੀਵੀਂ ਦੈਵੀ ਮੂਲਾਂ ਨੂੰ ਵਿਸਾਰ ਬੈਠੇ ਹਾਂ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।
ਜਲੁ ਤੇਤ੍ਰਿਭਵਨ ਸਾਜਿਆ ਘਟਿ ਘਟਿ ਜੋਤਿ ਸਮੋਇ।।

ਗੁਰੂ ਸਾਹਿਬਾਨ ਨੇ ਸੈਂਕੜੇ ਸਾਲ ਪਹਿਲਾਂ ਮਨੁਖ ਨੂੰ ਕੁਦਰਤ ਨਾਲ ਨੇੜਤਾ ਬਣਾਈ ਰਖਣ ਲਈ ਸਾਰਥਕ ਬਚਨ ਕੀਤੇ ਹਨ। ਇਨ੍ਹਾਂ ਬਚਨਾਂ ਪਿਛੇ ਮਨੁਖ ਵਲੋਂ ਆਪ ਪੈਦਾ ਕੀਤੇ ਜਾਣ ਵਾਲੇ ਸੰਕਟ ਨੂੰ ਵੇਖਿਆ ਜਾ ਸਕਦਾ ਹੈ। ਜੇ ਪਾਣੀ ਦੀ ਘਾਟ ਆ ਗਈ ਤਾਂ ਸਭ ਤੋਂ ਪਹਿਲਾਂ ਸੰਕਟ ਕਿਸ ਉਤੇ ਆਏਗਾ। ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।।

..................

ਵਣ ਤ੍ਰਿਣੁ ਤ੍ਰਿਭਵਣ ਕੀਤੋਨੁ ਹਰਿਆ।।
ਕਰਣਹਾਰਿ ਖਿਨ ਭੀਤਰ ਕਰਿਆ

ਪ੍ਰਮਾਤਮਾ ਵਲੋਂ ਪੈਦਾ ਕੀਤੇ ਗਏ ਅੰਮ੍ਰਿਤ ਰੂਪੀ ਜਲ ਵਿਚ ਹੀ ਮਨੁਖ ਦੀ ਜਾਨ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁਖ ਨਾਲ ਪਕੀ ਤੇ ਸਦੀਵੀਂ ਰਿਸ਼ਤੇਦਾਰੀ ਰਖਣ ਵਾਲੀ ਪ੍ਰਕਿਰਤੀ ਬਾਰੇ ਹੀ ਕਿਹਾ ਹੈ :

ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ।।
ਦਿਵਸ ਰਾਤਿ ਦੁਇ ਦਾਈ ਦਾਇਆ ਖੇਲੇ ਸਗਲ ਜਗਤੁ।।

ਪੌਣ ਤੋਂ ਬਿਨਾਂ ਸਾਹ ਨਹੀਂ ਤੇ ਸਾਹ ਤੋਂ ਬਿਨਾਂ ਸ਼ਬਦ ਨਹੀਂ, ਜਾਨ ਨਹੀਂ, ਜਾਨ ਤੋਂ ਬਿਨਾਂ ਜਹਾਨ ਨਹੀਂ ਪਾਣੀ ਤੋਂ ਬਿਨਾਂ ਜੀਵਨ ਨਹੀਂ, ਧਰਤੀ ਤੋਂ ਬਿਨਾਂ ਰਹਿਣ ਬਸੇਰਾ ਨਹੀਂ, ਜੀਵਨ ਦੀ ਨਿਰੰਤਰਤਾ ਨਹੀਂ। ਪੰਜਾਬ ਦੀ ਕਿਰਸਾਣੀ ਦਾ ਇਸ ਵੇਲੇ ਬਹੁਤ ਵਡਾ ਸੰਕਟ ਇਹੀ ਹੈ ਕਿ ਉਹਦੇ ਸਮੇਤ ਕੁਰਾਹੇ ਪਈ ਲੁਕਾਈ ਕੁਦਰਤ ਨਾਲ ਆਪਣੀ ਇਸ ਰਿਸ਼ਤੇਦਾਰੀ ਨੂੰ ਭੁਲ ਗਈ ਹੈ। ਪੌਣ, ਪਾਣੀ ਤੇ ਧਰਤੀ ਦਾ ਤਾਲਮੇਲ ਤੋੜਨ ਨਾਲ ਸਮਸਿਆਵਾਂ ਵਿਚ ਵਾਧਾ ਹੋਇਆ ਹੈ। ਕੁਦਰਤ ਤੋਂ ਦੂਰ ਹੋ ਕੇ ਬਿਨਾਂ ਕੋਈ ਸੁਖੀ ਨਹੀਂ ਰਹਿ ਸਕਦਾ। ਕਿਰਸਾਣ ਹੀ ਧਰਤੀ, ਪੌਣ, ਪਾਣੀ, ਕਿਰਤ ਦੇ ਸੁਮੇਲ ਨਾਲ ਪਰਮਾਤਮਾ ਦੀ ਬਖਸ਼ਿਸ਼ ਨਾਲ ਮਨੁਖ ਨੂੰ ਜਿਉਣ ਜੋਗਾ ਬਣਾਉਂਦੇ ਹਨ। ਕਾਰਖਾਨਿਆਂ ਤੇ ਕੰਪਿਊਟਰ ਸੈਂਟਰਾਂ ਵਿਚ ਸਹਾਇਕ ਸਾਧਨ ਪੈਦਾ ਕੀਤੇ ਜਾ ਸਕਦੇ ਹਨ, ਜਾਣਕਾਰੀ ਵਿਚ ਵਾਧਾ ਕੀਤਾ ਜਾ ਸਕਦਾ ਹੈ, ਸੰਸਾਰ ਨੂੰ ਇਕ ਪਿੰਡ ਵਿਚ ਬਦਲਿਆ ਜਾ ਸਕਦਾ ਹੈ, ਪਰ ਉਥੋਂ ਜੀਵਨ ਦਾਨ ਨਹੀਂ ਮਿਲ ਸਕਦਾ। ਰੋਜ਼ ਹੋਣ ਵਾਲੀ ਪੇਟ ਪੂਜਾ ਲਈ ਵਰਤਿਆ ਗਿਆ ਇਕ ਇਕ ਕਿਣਕਾ ਕਿਰਸਾਣ ਪੈਦਾ ਕਰਦਾ ਹੈ। ਜੇ ਕਿਰਸਾਣ ਸੰਕਟ ਵਿਚ ਹੈ ਤਾਂ ਸਮੁਚੀ ਮਨੁਖੀ ਹੋਂਦ ਖਤਰੇ ਵਿਚ ਪੈ ਸਕਦੀ ਹੈ। ਜੈਵਿਕ ਚਕਰ ਵਿਚ ਕਿਰਸਾਣ ਅਤੇ ਉਸ ਨਾਲ ਜੁੜੀ ਹੋਈ ਸਰਗਰਮੀ ਨਾਭੀ ਵਾਂਗ ਹੈ।

ਪਿਛਲੇ ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀ ਕਿਰਸਾਣੀ ਸੰਸਾਰ ਪਧਰ ਉੱਤੇ ਮਹਾਂ ਸ਼ਕਤੀਆਂ ਵਲੋਂ ਚਲਾਏ ਹੋਏ (ਸਾਮਰਾਜੀ) ਕਾਲਚਕਰ ਵਿਚ ਫਸ ਗਈ ਹੈ। ਨਵੇਂ ਬੀਜਾਂ, ਨਵੀਆਂ ਫਸਲਾਂ, ਖਾਦਾਂ, ਕੀੜੇਮਾਰ ਦਵਾਈਆਂ ਅਤੇ ਮਸ਼ੀਨੀਕਰਨ ਦੇ ਬੇਥਵ੍ਹੇ ਤੇ ਅੰਨੇ ਪ੍ਰਚਾਰ ਨੇ ਕਿਰਸਾਣੀ ਨੂੰ ਅੰਨ੍ਹੀ ਗਲੀ ਵਿਚ ਧਕ ਦਿਤਾ ਹੈ। ਪ੍ਰਚਾਰ ਕੇਂਦਰਾਂ ਵਲੋਂ ਕਿਰਸਾਣੀ ਨੂੰ ਹਿਪਨੋਟਾਈਜ਼ ਕਰਕੇ ਉਸ ਨੂੰ ਜ਼ਿਹਨੀ ਤੌਰ ਉਤੇ ਅਪੰਗ ਬਣਾ ਦਿਤਾ ਗਿਆ ਹੈ। ਉਸ ਵਿਚ ਛੇਤੀ ਅਮੀਰ ਹੋਣ ਦਾ ਅੰਨਾ ਜੋਸ਼ ਭਰ ਦਿਤਾ ਗਿਆ ਹੈ ਅਤੇ ਉਹ ਹਰ ਪਖ ਤੋਂ ਮੰਡੀ ਦਾ ਮਾਲ ਬਣ ਕੇ ਰਹਿ ਗਈ ਹੈ। ਉਸ ਲਈ ਲੈਣ ਦੇਣ ਦੀ ਕੁਲ ਵਿਵਸਥਾ ਸ਼ਹਿਰ ਕੇਂਦਰਿਤ ਕਰ ਦਿਤੀ ਗਈ ਹੈ। ਉਸ ਦੀ ਕਿਰਤ ਕਮਾਈ ਨੂੰ ਲੁਟਣ ਵਾਲੇ ਨਕਾਬਪੋਸ਼ ਡਾਕੂ ਲੰਮੇ ਸਮੇਂ ਤੋਂ ਉਸ ਦੀ ਪਛਾਣ ਵਿਚ ਹੀ ਨਹੀਂ ਆ ਰਹੇ। ਵੇਖਦਿਆਂ-ਵੇਖਦਿਆਂ ਖੇਤੀ ਵਿਚ ਆਤਮ ਨਿਰਭਰਤਾ ਦਾ ਵਿਧੀ ਵਿਧਾਨ ਇਕ ਭਰਮਜਾਲ ਦੇ ਹਨੇਰੇ ਵਿਚ ਗੁਆਚ ਗਿਆ ਹੈ ਅਤੇ ਪਿੰਡ ਦੀ ਆਪਣੀ ਸੁਤੰਤਰ ਹੋਂਦ ਸਮਾਪਤ ਹੋ ਗਈ ਹੈ। ਵੇਖਦਿਆਂ-ਵੇਖਦਿਆਂ ਪਿੰਡ ਮਰਨ ਕੰਢੇ ਆ ਗਿਆ ਹੈ। ਸਿਖਿਆ, ਸਿਹਤ, ਆਵਾਜਾਈ ਤੇ ਮਲ ਮੂਤਰ ਦੇ ਨਿਕਾਸ ਦੀਆਂ ਸਹੂਲਤਾਂ ਸ਼ਹਿਰਾਂ ਤੇ ਕਸਬਿਆਂ ਤਕ ਸੀਮਤ ਕਰ ਦਿਤੀਆਂ ਗਈਆਂ ਹਨ। ਸਿਟੇ ਵਜੋਂ ਅਜ ਕਿਰਸਾਣੀ ਤੇ ਪਿੰਡ ਜਾਹਲ ਹੋ ਰਹੇ ਹਨ, ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਤਕ ਪਹੁੰਚਦਿਆਂ ਪਹੁੰਚਦਿਆਂ ਕੁਦਰਤੀ ਜਲ ਸੋਮੇ ਦਮ ਤੋੜ ਰਹੇ ਹਨ। ਜਿਰਮਾਂ ਨਾਲ ਭਰੀ ਹੋਈ ਹਵਾ ਦਾ ਰੁਖ ਪਿੰਡਾਂ ਵਲ ਕਰ ਦਿਤਾ ਗਿਆ ਹੈ, ਜਿਥੇ ਕਿਰਸਾਣੀ ਵਸਦੀ ਹੈ। – ਹਰੇ ਇਨਕਲਾਬ ਦੇ ਨਾਅਰੇ ਕਾਰਨ ਰਵਾਇਤੀ ਸਹਿਜ ਸਭਿਆਚਾਰ, ਵੇਸਵਾਗਮਨੀ, ਨਸ਼ੇ, ਏਡਜ਼, ਜੁਰਮ, ਹਿੰਸਾ, ਮਾਰਧਾੜ, ਜਹਾਲਤ ਤੇ ਵਸ ਦੀ ਘਣਤਾ ਵਰਗੀਆਂ ਸਮਸਿਆਵਾਂ ਨੂੰ ਨਾਲ ਲੈ ਕੇ ਆਏ ਹਨ। ਇਸ ਨਾਲ ਕਿਰਸਾਣੀ ਦੇ ਨਾਲ-ਨਾਲ ਸਮੁਚਾ ਪੰਜਾਬੀ ਸਭਿਆਚਾਰ ਆਫਤ ਦੇ ਮੂੰਹ ਜਾ ਪਿਆ ਹੈ। ਇਸ ਨਾਲ ਪੰਜਾਬੀ ਕਿਰਸਾਣੀ ਦੀ ਸੁਤੰਤਰਤਾ ਸਮਾਪਤ ਹੋ ਗਈ ਹੈ ਤੇ ਪੂਰਬ ਤੋਂ ਆਈ ਇਸ ਧਾੜ ਉੱਤੇ ਨਿਰਭਰਤਾ ਵਧਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਨੈਤਿਕ ਤੇ ਸਭਿਆਚਾਰਕ ਸਮਸਿਆਵਾਂ ਪੈਦਾ ਹੋ ਗਈਆਂ ਹਨ।

ਹਰੇ ਇਨਕਲਾਬ ਦੇ ਭਰਮਜਾਲ ਹੇਠ ਪੰਜਾਬ ਦੀ ਭੂਮੀ ਦਾ 70ਗ ਰਕਬਾ ਝੋਨੇ ਦੀ ਫਸਲ ਹੇਠ ਆ ਗਿਆ ਹੈ।ਬਹੁਤੀ ਕਮਾਈ ਦੇ ਭਰਮ ਵਿਚ ਫਸੀ ਕਿਰਸਾਣੀ ਨੇ ਧਰਤੀ ਹੇਠਲਾ ਪਾਣੀ ਖ਼ਤਮ ਕਰ ਲਿਆ ਹੈ। ਇਕ ਅਨੁਮਾਨ ਅਨੁਸਾਰ ਇਕ ਕਿਲੋ ਚਾਵਲ ਪੈਦਾ ਕਰਨ ਲਈ 4000 ਲਿਟਰ ਪਾਣੀ ਦੀ ਲੋੜ ਪੈਂਦੀ ਹੈ। ਪਿਛਲੇ ਵੀਹ ਸਾਲਾਂ ਵਿਚ ਪੰਜਾਬ ਦੀ ਧਰਤੀ ਹੇਠਲਾ ਪਾਣੀ 20 ਫੁਟ ਤੋਂ 200 ਫੁਟ ਉਤੇ ਚਲਾ ਗਿਆ ਹੈ। ਜਿਥੇ ਪਹਿਲਾਂ ਪੰਜ ਹਾਰਸ ਪਾਵਰ ਦੀ ਮੋਟਰ ਕੰਮ ਕਰ ਸਕਦੀ ਸੀ, ਭੂਮੀਗਤ ਪਾਣੀ ਦੀ ਪਧਰ ਦੇ ਸੰਕਟ ਦੇ ਨਾਲ ਨਾਲ ਬਿਜਲੀ ਦੇ ਸੰਕਟ ਵਿਚ ਵੀ ਵਾਧਾ ਹੋਇਆ ਹੈ। ਇਸ ਵੇਲੇ ਪੰਜਾਬ ਦੀ ਕਿਰਸਾਣੀ ਬਿਜਲੀ ਪਾਣੀ ਦੇ ਘੋਰ ਸੰਕਟ ਵਿਚੋਂ ਲੰਘ ਰਹੀ ਹੈ। ਕਿਰਸਾਣੀ ਦੇ ਸੰਕਟ ਵਿਚ ਵਾਧਾ ਕਰਨ ਵਿਚ ਅਖੌਤੀ ਨਗਰ ਚੇਤਨਾ ਨੇ ਵੀ ਆਪਣਾ ਹਿਸਾ ਪਾਇਆ ਹੈ। ਸਾਰੇ ਸ਼ਹਿਰਾਂ ਤੇ ਕਸਬਿਆਂ ਨੇ ਆਪਣੇ ਮਲ ਮੂਤਰ ਦਾ ਨਿਕਾਸ ਕੁਦਰਤੀ ਜਲ ਸੋਮਿਆਂ ਵਿਚ ਪਾਉਣਾ ਆਰੰਭ ਕਰ ਦਿਤਾ ਹੈ, ਕਾਰਖਾਨਿਆਂ ਦਾ ਤੇਜ਼ਾਬੀ ਖਰਾਬਾ ਵੀ ਇਨ੍ਹਾਂ ਵਿਚ ਸੁਟ ਦਿਤਾ ਗਿਆ ਹੈ। ਜਿਹੜੇ ਵਗਦੇ ਪਾਣੀ ਕਿਸੇ ਵੇਲੇ ਕਿਰਸਾਣੀ ਲਈ ਵਰਦਾਨ ਸਨ, ਜਲ ਜੀਵਾਂ ਦਾ ਰੈਣ ਬਸੇਰਾ ਸਨ, ਡੰਗਰਾਂ ਲਈ ਚਰਾਗਾਹਾਂ ਦੇ ਪਾਲਣਹਾਰ ਸਨ, ਉਨ੍ਹਾਂ ਨੂੰ ਇਸ ਕਦਰ ਪਲੀਤ ਕਰ ਦਿਤਾ ਗਿਆ ਹੈ ਕਿ ਇਹ ਕੰਢਿਆਂ ਉਤੇ ਵਸੀ ਹੋਈ ਕਿਰਸਾਣੀ ਲਈ ਸਰਾਪ ਬਣ ਗਏ ਹਨ। ਜਿਹੜੇ ਨਦੀਆਂ ਨਾਲੇ ਲਖਾਂ ਕਿਰਸਾਣਾਂ ਤੇ ਕਿਰਸਾਣੀ ਨਾਲ ਸਬੰਧਤ ਕਿਤੇ ਕਰਨ ਵਾਲਿਆਂ ਲਈ ਇਸ਼ਨਾਨ ਘਰ ਸਨ, ਜੀਵਨ ਦਾਨ ਦੇਣ ਵਾਲੇ ਸਨ, ਕੁਦਰਤੀ ਦਿਸ਼ਾਂ ਦਾ ਆਧਾਰ ਸਨ, ਜੀਵਨ ਦੀ ਸੁੰਦਰਤਾ ਵਿਚ ਵਾਧਾ ਕਰਨ ਵਾਲੇ ਸਨ, ਉਹ ਇਸ ਉਲਟੇ ਚਕਰ ਨੇ ਤਬਾਹੋ ਬਰਬਾਦ ਕਰ ਦਿੱਤੇ।

ਸਮੁੱਚੇ ਤੌਰ ਉਤੇ ਹਰੇ ਇਨਕਲਾਬ, ਸ਼ਹਿਰੀ ਕਰਨ

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿਚ ਕਿਰਸਾਣੀ ਸੰਕਟ

(ਸਫਾ 16 ਦੀ ਬਾਕੀ)

ਅਤੇ ਹੁਣ ਸੰਸਾਰੀ ਕਰਨ ਕਰਕੇ ਪੰਜਾਬ ਦੀ ਕਿਰਸਾਣੀ ਕਾਲ ਦੀ ਬੁਰਕੀ ਬਣਨ ਵਲ ਧਕ ਦਿਤੀ ਗਈ ਹੈ। ਕੈਂਸਰ, ਗੁਰਦਾ ਰੋਗ, ਜਿਗਰ ਰੋਗ ਵਰਗੀਆਂ ਭਿਆਨਕ ਬਿਮਾਰੀਆਂ ਉਸ ਨੂੰ ਆਣ ਚੰਬੜੀਆਂ ਹਨ। ਸ਼ਹਿਰਾਂ ਵਿਚ ਹੋਟਲਾਂ ਵਾਂਗ ਬਣੇ ਨਿਜੀ ਨਰਸਿੰਗ ਹੋਮ ਖੁਲ੍ਹੇ ਹਥੀਂ ਉਨ੍ਹਾਂ ਨੂੰ ਲੁਟ ਰਹੇ ਹਨ। ਕਿਰਸਾਣੀ ਦਾ ਸ਼ਿਕਾਰ ਕਰਨ ਲਈ ਇਸ ਵੇਲੇ ਤਾਂ ਸੰਸਾਰੀਕਰਣ ਦਾ ਦਿਉ ਮੂੰਹ ਅੱਡੀ ਖਲੋਤਾ ਹੈ। ਆਮ ਨਜ਼ਰ ਨਾਲ ਵੇਖਿਆਂ ਇਸ ਦੇ ਘਿਨਾਉਣੇ ਚਿਹਰੇ ਉਤੇ ਬਹੁਤ ਖੂਬਸੂਰਤ ਨਕਾਬ ਚੜ੍ਹਿਆ ਹੋਇਆ ਹੈ। 'ਓਪਨ ਇਕਾਨੋਮੀ' (ਅਜ਼ਾਦ ਅਰਥਚਾਰੇ ਜਾਂ ਮੰਡੀ) ਦੇ ਸੰਕਲਪ ਨੇ ਭਾਰਤ ਦੀ ਸਨਅਤ ਦੇ ਨਾਲ-ਨਾਲ ਛੋਟੀ ਕਿਰਸਾਣੀ ਨੂੰ ਬੇਹਦ ਕਠੋਰਤਾ ਨਾਲ ਪ੍ਰਭਾਵਤ ਕੀਤਾ ਹੈ। ਸੰਸਾਰੀਕਰਣ ਦੇ ਨਾਮ ਹੇਠ ਅਸਲ ਵਿਚ ਵਿਕਸਤ ਦੇਸਾਂ ਦਾ ਮਲਬਾ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਆਰਥਿਕਤਾ, ਸਿਹਤ ਅਤੇ ਸਿਖਿਆ ਨੂੰ ਖੋਰਾ ਲਾ ਰਿਹਾ ਹੈ। ਵਿਖਾਵੇ ਲਈ ਵਪਾਰ ਵਿਚ ਭਾਵੇਂ ਵਾਧਾ ਹੋ ਰਿਹਾ ਹੈ ਪਰ ਇਸ ਉਤੇ ਗਲਬਾ ਵਿਕਸਤ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਦਾ ਹੀ ਹੋ ਰਿਹਾ ਹੈ। ਕੰਪਿਊਟਰ ਵਰਗੀ ਕਾਢ ਰਾਹੀਂ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਸਿਖਿਅਤ ਵਿਗਿਆਨੀਆਂ ਦੀ ਲੁਟ ਹੋ ਰਹੀ ਹੈ। ਇਨ੍ਹਾਂ ਬਹੁ ਕੌਮੀ ਕੰਪਨੀਆਂ ਨੇ ਅੰਤਰ ਰਾਸ਼ਟਰੀ ਮੁਦਰਾ ਦੇ ਆਧਾਰ ਉਤੇ ਕਿਰਸਾਣੀ ਦੀ ਜ਼ਮੀਨ ਉੱਤੇ ਹਲਾ ਬੋਲਿਆ ਹੋਇਆ ਹੈ ਅਤੇ ਭਾਰਤੀ ਸਤਾ ਉਸ ਦੀ ਦਲਾਲ ਬਣੀ ਹੋਈ ਹੈ। ਸਿਖਿਆ ਦੇ ਖੇਤਰ ਵਿਚ ਬਹੁਕੌਮੀ ਕੰਪਨੀਆਂ ਦੇ ਦਾਖਲੇ ਕਾਰਨ ਅੰਤਰ-ਰਾਸ਼ਟਰੀ ਪੱਧਰ ਤੇ ਦਰਵਾਜ਼ੇ ਖੁਲ੍ਹ ਗਏ ਹਨ ਪਰ ਨੀਵੇਂ ਮਧ ਵਰਗ ਦੀ ਕਿਰਸਾਣੀ ਸਿਖਿਆ ਦੇ ਮੁਢਲੇ ਅਧਿਕਾਰ ਤੋਂ ਵੰਚਿਤ ਹੋ ਗਈ ਹੈ। ਸੰਸਾਰੀਕਰਨ ਦੇ ਆਰਥਿਕਤਾ ਅਧਾਰਤ ਪੈਂਤੜੇ ਨਾਲ ਭਾਰਤੀ ਰੂਹਾਨੀਅਤ ਆਧਾਰਿਤ ਹਿਮੰਡੀ ਚਿੰਤਨ ਨੂੰ ਖੂੰਜੇ ਲਾਉਣ ਦਾ ਜਤਨ ਆਰੰਭ ਹੋਇਆ ਹੈ। ਜਾਣਕਾਰੀ ਦੇ ਡਬੇ ਬੰਦ ਗਿਆਨ ਨੇਰੂਹਾਨੀ ਗਿਆਨ ਦੇ ਬਹਿਮੰਡੀ ਰੂਪ ਨੂੰ ਖੋਰਾ ਲਾਇਆ ਹੈ। "ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ'' ਦਾ ਸਦੀਆਂ ਪੁਰਾਣਾ ਗੁਰਮਤਿ ਦਾ ਸੰਕਲਪ ਅਜ ਦੇ ਸੰਸਾਰੀਕਰਣ ਤੋਂ ਕਿਤੇ ਉੱਚਾ ਹੈ। ਸੰਸਾਰੀਕਰਣ ਦੇ ਮਾਇਆਵਾਦੀ ਭਰਮ ਨੇ ਹੋਰਨਾਂ ਵਾਂਗ ਕਿਰਸਾਣੀ ਨੂੰ ਵੀ ਪ੍ਰਭਾਵਤ ਕੀਤਾ ਹੈ। ਪਹਿਲਾਂ ਸਥਾਨਕ ਪਧਰ ਦੇ ਤਸਕਰ ਹੀ ਨਸ਼ੇ ਦੀ ਭਰਮਾਰ ਪੈਦਾ ਕਰਦੇ ਸਨ ਤੇ ਉਨ੍ਹਾਂ ਦੀ ਇਕ ਸੀਮਾ ਸੀ ਪਰ ਸੰਸਾਰੀਕਰਣ ਦੇ ਪਦਾਰਥਕ ਪਿਛੋਕੜ ਨੇ ਕਿਰਸਾਣੀ ਦੀ ਨੌਜੁਆਨ ਪੀੜੀ ਨੂੰ ਕੁਰਾਹੇ ਪਾ ਦਿਤਾ ਹੈ। ਤਣਾਓ ਤੋਂ ਮੁਕਤੀ ਲਈ ਨਸ਼ੇ ਅਤੇ ਨਸ਼ੇ ਦੀ ਪੂਰਤੀ ਲਈ ਮਾਰਧਾੜ, ਲੁਟ ਖੋਹ ਵਰਗੇ ਔਗੁਣ ਪੈਦਾ ਹੋਏ ਹਨ।ਤੈ ਗੁਣ ਮਾਇਆ ਦੇ ਜਾਲ ਵਿਚ ਕਿਰਸਾਣੀ ਵੀ ਪੂਰੀ ਤਰ੍ਹਾਂ ਫਸ ਗਈ ਹੈ। ਪਹਿਲਾਂ ਉਹ ਘਰ ਦੀ ਕਢੀ ਸ਼ਰਾਬ ਤਕ ਹੀ ਸੀਮਤ ਸੀ ਤੇ ਉਹ ਵੀ ਵਿਆਪਕ ਨਹੀਂ ਸੀ ਪਰ ਹੁਣ ਸਮੈਕ, ਕੋਕੀਨ ਨੇ ਹਮਲਾ ਬੋਲ ਦਿਤਾ ਹੈ। ਗੁਰੂ ਸਾਹਿਬਾਨ ਨੇ ਨਸ਼ਿਆਂ ਦੀ ਲਾਅਨਤ ਦੀ ਕਠੋਰ ਹਕੀਕਤ ਤੋਂ ਪਰਦਾ ਚੁਕਦਿਆਂ ਇਨ੍ਹਾਂ ਨੂੰ ਮੁਢੋਂ ਰਦ ਕੀਤਾ ਹੈ :

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ।।
ਜਿਤੁ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚ ਆਇ।।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।।
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ।।
ਝੂਠਾ ਮਦੁ ਮੂਲ ਨਾ ਪੀਚਈ ਜੇ ਕਾ ਪਾਰਿ ਵਸਾਇ।।
ਨਾਨਕ ਨਦਰ ਸਚ ਮਦੁ ਪਾਈਐ ਸਤਿਗੁਰੁ ਮਿਲੈ ਜਿਸ ਜਾਇ।।
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ।।

ਖੇਤੀ ਦੀ ਵੰਨ-ਸੁਵੰਨਤਾ, ਬਹੁਫਸਲੀ ਚਕਰ, ਬੀਜਾਂ, ਖਾਦਾਂ, ਦਵਾਈਆਂ ਤੇ ਮਸ਼ੀਨੀਕਰਨ ਨੇ ਕਿਰਸਾਣੀ ਨੂੰ ਕਰਜ਼ਿਆਂ ਦੀ ਦਲਦਲ ਵਿਚ ਧਕ ਦਿਤਾ ਹੈ। ਕਰਜ਼ੇ ਦੇਣ ਵਾਲੀਆਂ ਵਖ-ਵਖ ਏਜੰਸੀਆਂ ਨੇ ਆਪਣੇ ਮਕਰ ਜਾਲ ਵਿਛਾਏ ਹੋਏ ਹਨ। ਬੈਂਕਾਂ ਦੇ ਆਪਣੇ ਢੰਗ ਤਰੀਕੇ ਹਨ ਅਤੇ ਤਕਰੀਬਨ ਹਰ ਪਧਰ ਦੇ ਕਿਰਸਾਣ ਨੂੰ ਇਨ੍ਹਾਂ ਤੋਂ ਕਰਜ਼ਾ ਮਿਲ ਸਕਦਾ ਹੈ। ਦੂਜੇ ਪਾਸੇ ਅਜ ਵੀ ਕਿਰਸਾਣ ਨਿਜੀ ਪਧਰ ਉਤੇ ਕਰਜ਼ਾ ਦੇਣ ਵਾਲਿਆਂ ਵਲ ਵਧੇਰੇ ਜਾਂਦਾ ਹੈ। ਉਸ ਕੋਲੋਂ ਉਹ ਅੰਦਰ ਵੜ ਕੇ ਕਰਜ਼ਾ ਲੈਂਦਾ ਹੈ ਤੇ ਅੰਦਰ ਵੜ ਕੇ ਹੀ ਮੋੜਦਾ ਹੈ। ਇਸ ਵਰਗ ਵਿਚ ਉਸ ਦੀ ਫਸਲ ਖਰੀਦਣ ਵਾਲੇ ਆੜ੍ਹਤੀਏ ਵਿਸ਼ੇਸ਼ ਹਨ। ਆੜ੍ਹਤੀਏ ਦਾ ਕਰਜ਼ਾ ਉਸ ਦੀ ਦੋਹਰੀ ਲੁਟ ਕਰਦਾ ਹੈ। ਉਸ ਦੀ ਫਸਲ ਵੇਚ ਕੇ ਕਾਫ਼ੀ ਸਮੇਂ ਤਕ ਕਿਰਸਾਣ ਦਾ ਪੈਸਾ ਆਪਣੇ ਕੋਲ ਰਖਦਾ ਹੈ।ਉਸ ਪੈਸੇ ਨਾਲ ਆਪਣਾ ਵਪਾਰ ਚਲਾਉਂਦਾ ਹੈ। ਆਪ ਉਧਾਰ ਪੈਸੇ ਦੇਣ ਵੇਲੇ ਵਿਆਜ ਦੀ ਉੱਚੀ ਦਰ ਵਸਦਾ ਹੈ। ਪੰਜਾਬੀ ਕਿਰਸਾਣੀ ਲਈ ਕਰਜ਼ੇ ਦੀਆਂ ਸਾਰੀਆਂ ਵੰਨਗੀਆਂ ਗਲੇ ਦੀ ਹਡੀ ਬਣੀਆਂ ਹੋਈਆਂ ਹਨ। ਕਰਜ਼ੇ ਅਗੇ ਉਸ ਦੀ ਭੂਮੀ ਹੌਲੀ-ਹੌਲੀ ਖੁਰਦੀ ਰਹਿੰਦੀ ਹੈ ਤੇ ਨਾਲ ਹੀ ਉਸ ਦੇ ਸਵੈਮਾਨ ਨੂੰ ਮਾਰ ਪੈਂਦੀ ਹੈ। ਇਸ ਦੂਹਰੀ ਮਾਰ ਅਗੇ ਉਹ ਆਤਮ ਹਤਿਆ ਦੇ ਰਾਹ ਵੀ ਤੁਰ ਪੈਂਦਾ ਹੈ। ਪਿਛਲੇ ਇਕ ਦਹਾਕੇ ਤੋਂ ਕਿਰਸਾਣੀ ਵਿਚ ਇਹ ਰੁਝਾਣ ਖ਼ਤਰਨਾਕ ਹਾਲਤ ਧਾਰਨ ਕਰ ਚੁਕਾ ਹੈ। ਸ਼ੇਖ ਫਰੀਦ ਜੀ ਨੇ ਇਸ ਤਰ੍ਹਾਂ ਦੀ ਪ੍ਰਾਧੀਨਤਾ ਅਤੇ ਨਿਰਭਰਤਾ ਤੋਂ ਬਚਣ ਦੀ ਪ੍ਰੇਰਨਾ ਦਿੰਦਿਆਂ ਲਿਖਿਆ ਹੈ :

ਫਰੀਦਾ ਬਾਰਿ ਪਰਾਏ ਬੈਸਣਾ ਸਾਂਈ ਮੁਝੇ ਨਾ ਦੇਇ।।
ਜੇ ਤੂੰ ਏਵੈ ਰਖਸੀ ਤਾਂ ਜੀਓ ਸਰੀਰਹੁ ਲੇਇ।।

ਗੁਰੂ ਸਾਹਿਬਾਨ ਨੇ ਸਾਧਾਰਨ ਜੀਵਨ ਬਸਰ ਕਰਨ ਅਤੇ ਆਪਣੇ ਆਤਮਕ ਧੁਰੇ ਨਾਲ ਜੁੜੇ ਰਹਿਣ ਦਾ ਆਦੇਸ਼ ਦਿਤਾ ਹੈ। ਆਪ ਜੀ ਨੇ ਮਨੁਖ ਨੂੰ ਪਦਾਰਥ ਦੀ। ਅੰਨੀ ਦੌੜ ਵਿਚ ਪੈਣ ਦੀ ਥਾਂ ਸੰਤੁਲਨ ਵਿਚ ਰਹਿਣ ਦਾ ਸੁਝਾਅ ਦਿਤਾ ਹੈ :

ਗਰੀਬੀ ਗਦਾ ਹਮਾਰੀ।।
ਖੰਨਾ ਸਗਲ ਰੇਨੁ ਛਾਰੀ।।
ਇਸ ਆਗੈ ਕੋਟ ਟਿਕੇ ਵਿਕਾਰੀ।।
ਗੁਰੁ ਪੂਰੇ ਇਹ ਗਲ ਸਾਰੀ।।

ਸਾਧਾਰਨ ਜੀਵਨ ਅਤੇ ਪਵਿਤਰਤਾ ਇਕ ਦੂਜੇ ਦੇ ਅੰਗ-ਸੰਗ ਰਹਿਣ ਦੀ ਵਿਵਸਥਾ ਕਰਨ ਵਾਲੇ ਤਤ ਹਨ। ਅਸਲ ਵਿਚ ਮਨੁਖ ਦੀਆਂ ਬੁਨਿਆਦੀ ਲੋੜਾਂ ਤਾਂ ਬਹੁਤ ਥੋੜੀਆਂ ਹਨ।ਤ੍ਰੈਗੁਣ ਮਾਇਆ ਦਾ ਚਕਰ ਹੀ ਪੰਜਾਬ ਦੀ ਕਿਰਸਾਣੀ ਦੇ ਸੰਕਟ ਲਈ ਜ਼ਿੰਮੇਵਾਰ ਹੈ। ਗੁਰਬਾਣੀ ਵਿਚ "ਜਤੁ ਸਤੁ ਸੰਜਮ ਕਰਮ ਕਮਾਵੈ'' ਦੇ ਹੁਕਮ ਨੂੰ ਮੰਨ ਕੇ ਕੀਤੇ ਗਏ ਕਰਮਾਂ ਬਾਰੇ ਗੁਰਬਾਣੀ ਦਾ ਕਥਨ ਹੈ :

ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ।।
ਅਨਦਿਨੁ ਲਾਹਾ ਸਚੁ ਨਾਮੁ ਧਨੁ ਭਰੇ ਭੰਡਾਰਾ।।
ਸਚੁ ਖਾਣਾ ਸਚੁ ਪੈਨਣਾ ਸਚੁ ਏਕੁ ਹਰਿ ਨਾਉ।।
ਜਿਸ ਨੋ ਬਖਸੇ ਤਿਸੁ ਮਿਲੈ ਮਹਲੀ ਪਾਈਐ ਥਾਉ।।
ਗੁਰਮੁਖਿ ਖੇਤੀ ਹਰਿ ਅੰਤ ਬੀਜੀਐ
ਹਰਿਲੀਜੈ ਸਰੀਰ ਜਮਾਇ ਰਾਮ।।

ਦੂਜੇ ਪਾਸੇ ਅਜੋਕੇ ਸੰਕਟ ਵਿਚ ਫਸੀ ਹੋਈ ਕਿਰਸਾਣੀ ਬਾਰੇ ਬਹੁਤ ਢੁਕਵਾਂ ਕਥਨ ਹੈ :

ਮਨਮੁਖਿ ਖੇਤੀ ਵਣਜੁ ਕਰ ਥਾਕੇ ਤ੍ਰਿਸਨਾ ਭੁਖਨ ਜਾਏ।।
ਨਾਨਕ ਨਾਮੁ ਬੀਜਿ ਮਨ ਅੰਦਰ ਸਚੇ ਸ਼ਬਦ ਸੁਬਾਏ।।

ਗੁਰਬਾਣੀ ਇਕ ਚਾਨਣ ਮੁਨਾਰੇ ਵਾਂਗ ਸਭ ਦੇ ਮਨਾਂਦੀਆਂ ਹਨੇਰੀਆਂ ਨੁਕਰਾਂ ਨੂੰ ਰੌਸ਼ਨ ਕਰਨ ਦੇ ਸਮਰਥ ਹੈ। ਗੁਰਬਾਣੀ ਵਿਚ ਮਨੁਖੀ ਜੀਵਨ ਤੇ ਕਿਰਸਾਣੀ ਨੂੰ ਇਕਸੁਰ ਕਰਦਿਆਂ ਇਸ ਨੂੰ ਇਕ ਪਵਿਤਰ ਕਾਰਜ ਵਜੋਂ ਕਿਰਤ ਦਾ ਉਚਾ ਦਰਜਾ ਦਿਤਾ ਗਿਆ ਹੈ। ਇਹ ਕਾਰਜ ਬਾਹਰਮੁਖੀ ਹੋ ਕੇ ਮੁਦਰਾ ਦਾ ਗੁਲਾਮ ਬਣ ਜਾਵੇ ਤਾਂ ਸੰਕਟ ਦਾ ਰੂਪ ਲੈ ਲੈਂਦਾ ਹੈ। ਅੰਤਰ-ਮਨ ਅਤੇ ਆਤਮਾ ਦੀ ਖੇਡ ਅੰਗ ਸੰਗ ਰਹੇ ਤਾਂ ਹੀ ਸੰਕਟ ਤੋਂ ਬਚਿਆ ਜਾ ਸਕਦਾ ਹੈ। ਗੁਰਬਾਣੀ ਵਿਚ ਖੇਤੀ ਨੂੰ ਧਰਤੀ ਦੀ ਸਿਰਜਣ ਸ਼ਕਤੀ ਦੇ ਦਿਸਦੇ ਅਮਲ ਦੇ ਰੂਪ ਵਿਚ ਵੇਖਦਿਆਂ ਕਿਰਸਾਣੀ ਦੀ ਕਿਰਤ ਨੂੰ ਸੁਚੀ ਬਣਾਈ ਰਖਣ ਦਾ ਪੈਗਾਮ ਸਾਡੇ ਸਾਹਮਣੇ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀਤਨੁ ਖੇਤੁ।।
ਨਾਮੁ ਬੀਜੁ ਸੰਤੋਖ ਸੁਹਾਗਾ ਰਖ ਗਰੀਬੀ ਵੇਸੁ।।
ਭਾਉ ਕਰਮ ਕਰ ਮਿਸੀ ਸੇ ਘਰ ਭਾਗਨੁ ਦੇਖੁ।।
ਬਾਬਾ ਮਾਇਆ ਸਾਥ ਨ ਜਾਇ।।
ਇਨਿ ਮਾਈਆ ਜਗ ਮੋਹਿਆ ਵਿਰਲਾ ਬੂਝੈ ਕੋਇ।।

ਗੁਰੂ ਗ੍ਰੰਥ ਸਾਹਿਬ ਵਿਚ ਜਿਸ ਚਿੰਤਨ ਨੂੰ ਗੁਰੂ ਰੂਪ ਵਿਚ ਪਰਵਾਨ ਕੀਤਾ ਜਾਂਦਾ ਹੈ ਉਸ ਕੋਲ ਹੀ ਕਿਰਸਾਣੀ ਦੇ ਸੰਕਟ ਦਾ ਇਲਾਜ ਹੈ। ਜਿਹੜੀ ਦੌੜ ਵਿਚ ਕਿਰਸਾਣੀ ਨੂੰ ਪਾ ਦਿਤਾ ਗਿਆ ਹੈ, ਉਸ ਦਾ ਕੋਈ ਅੰਤ ਨਹੀਂ ਹੈ ਅਤੇ ਉਹ ਤਣਾਉ ਤੋਂ ਬਿਨਾਂ ਉਸ ਨੂੰ ਕੁਝ ਵੀ ਨਹੀਂ ਦੇ ਸਕੀ। ਪਹਿਲਾਂ ਉਸ ਨੂੰ ਖੇਤਾਂ ਦਾ ਸਾਧੂ ਮੰਨਣ ਦਾ ਆਧਾਰ ਇਹੀ ਰਿਹਾ ਹੈ ਕਿ ਉਹ ਸਵੈ ਨਿਰਭਰ ਹੈ, ਸੁਤੰਤਰ ਹੈ, ਸਵੈ ਸੰਤੁਸ਼ਟ ਹੈ, ਸੇਵਾ ਭਾਵਿ ਹੈ, ਸਜਮੀ ਹੈ ਤੇ ਸਹਿਜ ਹੈ। ਉਸ ਦਾ ਸੰਕਟ ਇਸ ਕੌੜੀ ਅਸਲੀਅਤ ਵਿਚ ਹੈ ਕਿ ਉਸ ਦਾ ਮੁਖ ਗੁਰੂ ਵਲ ਨਹੀਂ ਰਿਹਾ। ਉਹ ਤ੍ਰੈਗੁਣ ਮਾਇਆ ਦੇ ਚਕਰ ਵਿਚ ਪੈ ਗਿਆ ਤੇ ਭੁਲਾਂਦਰਿਆਂ ਨੇ ਉਸ ਨੂੰ ਭਟਕਣ ਵਿਚ ਪਾ ਦਿਤਾ ਹੈ। ਉਸ ਨੇ ਗੁਰੂ ਦਾ ਕਹਿਣਾ ਮੰਨਣ ਦੀ ਥਾਂ ਉਸ ਵਲ ਪਿਠ ਕਰ ਲਈ ਹੈ :

ਮਨਮੁਖਿ ਦੁਖ ਦਾ ਖੇਤ ਹੈ ਦੁਖ ਬੀਜੈ ਦੁਖ ਖਾਇ।।
ਦੁਖ ਵਿਚ ਜੰਮੈ ਦੁਖਿ ਮਰੈ ਹਉਮੈ ਕਿਰਤੁ ਵਿਹਾਇ।।

ਗੁਰਬਾਣੀ ਵਿਚ ਖੇਤੀ ਨੂੰ ਗੁਣਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਨਾਲ ਕਿਰਸਾਣੀ ਦਾ ਸਾਰਾ ਜੰਜਾਲ ਕਟਿਆ ਜਾ ਸਕਦਾ ਹੈ ਅਤੇ ਗਲੇ ਦੀ ਫਾਹੀ ਬਣਿਆ ਕੂੜ ਦਾ ਵਰਤਾਰਾ ਸਮਾਪਤ ਹੋ ਸਕਦਾ ਹੈ। ਰੂਹਾਨੀਅਤ ਦੀ ਦੈਵੀ ਬੇੜੀ ਦਾ ਸਹਾਰਾ ਲੈ ਕੇ ਹੀ ਪੰਜਾਬ ਦੀ ਕਿਰਸਾਣੀ ਮਾਇਆਵੀ ਹੜ੍ਹ ਵਿਚ ਡੁਬਣ ਤੋਂ ਬਚ ਸਕਦੀ ਹੈ। ਮੁਕਤੀ ਦਾ ਰਾਹ ਸਰਬ ਸਧਾਰਨਤਾ ਅਤੇ ਗੁਰੂ ਨਾਲ ਜੁੜਨ ਵਿਚ ਹੈ :

ਵਡੇ ਵਡੇ ਜੋ ਦੀਸਹਿ ਲੋਗ।।
ਤਿਨ ਕਉ ਬਿਆਪੈ ਚਿੰਤਾ ਰੋਗ।।
ਕਉਨ ਵਡਾ ਮਾਇਆ ਵਡਿਆਈ।।
ਸੋ ਵਡਾ ਜਿਨਿ ਰਾਮ ਲਿਵ ਲਾਈ।। ਰਹਾਉ।।
ਭੂਮੀਆ ਭੂਮਿ ਊਪਰਿ ਨਿਤ ਲੂਝੈ।।
ਛੋਡ ਚਲੈ ਤ੍ਰਿਸਨਾ ਨਹੀਂ ਬੂਝੈ।।

ਗੁਰਬਾਣੀ ਵਿਚ ਸਮਰਪਣ ਸੰਬੰਧੀ ਵਧੇਰੇ ਚਰਚਾ ਹੈ। ਕਿਰਤ ਤੇ ਸੰਜਮ ਨੂੰ ਅਪਨਾਉਣ ਦੀ ਪ੍ਰੇਰਨਾ ਹੈ। ਕਿਰਤ ਅੰਦਰ ਦੇ ਪਾਪ ਨੂੰ ਖੋਰਦੀ ਹੈ, ਮਨ ਨੂੰ ਇਕਸੁਰ ਕਰਦੀ ਹੈ, ਆਤਮਕ ਸ਼ਕਤੀ ਨੂੰ ਜਗਾਉਂਦੀ ਹੈ, ਗੁਰੂ ਨਾਨਕ ਦੇਵ ਜੀ ਦਾ ਮਾਲਕ ਭਾਗੋ ਦੀ ਥਾਂ ਭਾਈ ਲਾਲੋ ਨਾਲ ਨੇੜ ਅਮਲੀ ਤੌਰ ਉਤੇ ਕਿਰਤ ਦੇ ਸਤਿਕਾਰ ਦਾ ਪ੍ਰਤੀਕ ਹੈ। "ਹਥ ਕਾਰ ਵਲ ਦਿਲ ਯਾਰ ਵਲ'' ਦਾ ਸੰਕਲਪ ਪ੍ਰਮਾਤਮਾ ਦੇ ਅੰਗ ਸੰਗ ਹੋਣ ਲਈ ਕਿਰਤ ਅਤੇ ਰੂਹਾਨੀਅਤ ਦੇ ਸੁਮੇਲ ਨੂੰ ਪ੍ਰਗਟ ਕਰਦਾ ਹੈ।

ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ।।

ਇਹ ਸੰਪੂਰਨ ਸਮਰਪਣ ਦੀ ਅਵਸਥਾ ਹੈ ਅਤੇ ਇਹ ਜੀਵਨ ਮੁਕਤੀ ਦਾ ਰਾਹ ਹੈ। ਗੁਰਬਾਣੀ ਦਾ ਸੁਝਾਅ ਸਾਫ਼ ਹੈ ਕਿ ਕਿਰਤ ਕਰਦਿਆਂ ਰੂਹਾਨੀ ਮੂਲ ਪ੍ਰਬੰਧ ਨੂੰ ਹੀ ਬੁਨਿਆਦ ਬਣਾਇਆ ਜਾ ਸਕਦਾ ਹੈ। ਨੈਤਿਕ ਮੂਲ ਵਿਧਾਨ ਨੂੰ ਅਪਣਾ ਕੇ ਕੀਤੀ ਗਈ ਕਿਰਤ ਨਾ ਲਾਉਂਦੀ ਹੈ ਅਤੇ ਨਾ ਹੀ ਆਤਮਘਾਤ ਦੇ ਰਾਹ ਤੋਰਦੀ ਹੈ :

ਖੇਤੀ ਵਣਜ ਨਾਵੈ ਕੀ ਓਟ।।

ਗੁਰੂ ਸਾਹਿਬਾਨ ਨੇ ਨੈਤਿਕ-ਮੂਲਾਂ ਨੂੰ ਹੀ ਵਿਆਪਕ ਤੇ ਸਥਾਈ ਰਿਸ਼ਤਿਆਂ ਦੀ ਸਦੀਵਤਾ ਵਜੋਂ ਵੇਖਣ ਦੀ ਪ੍ਰੇਰਨਾ ਦਿਤੀ ਹੈ। ਹਰ ਸੰਕਟ ਵਿਚ "ਸਾਂਝ ਕੀਜੈ ਗੁਣਾ ਕੇਰੀ'' ਵਾਲਾ ਆਧਾਰ ਸਦੀਵੀ ਬਣਦਾ ਹੈ :

ਮਾਤਾ ਮਤਿ ਪਿਤਾ ਸੰਤੋਖੁ।।
ਸਤੁ ਭਾਈ ਕਰਿਏਹੁ ਵਿਸੇਖੁ।।
ਕਪਰ ਬੰਦੁ ਸੰਤੋਖ ਕਾ ਧਨੁ ਜੋਬਨ ਤੇਰਾ ਨਾਮ।।

ਗੁਰੂ ਸਾਹਿਬ ਨੇ ਖੌਫ਼, ਚਿੰਤਾ ਤੇ ਝੋਰੇ ਦਾ ਮੂਲ ਕਾਰਨ ਮਾਇਆਦੇ ਭਰਮਜਾਲ ਨੂੰ ਦਸਿਆ ਹੈ।ਤ੍ਰਿਸ਼ਨਾਂ ਤੇ ਵਿਸ਼ਾਦ ਇਸ ਤੋਂ ਉਤਪੰਨ ਹੋਣ ਵਾਲੀਆਂ ਨਿਖੇਧਾਤਮਕ ਬਿਰਤੀਆਂ ਹਨ। ਇਸ ਦੀ ਭੁਖ ਅਮੁਕ ਹੈ। ਇਹ ਮਨੁਖੀ ਆਤਮਾ ਨੂੰ ਭਟਕਣ ਦੇ ਹਨੇਰੇ ਵਿਚ ਸੁਟ ਕੇ ਬਾਹਰਮੁਖੀ ਰੋਗਾਂ ਦੇ ਨਾਲ ਅੰਤਰ-ਮਨ ਦੇ ਰੋਗ ਵੀ ਪੈਦਾ ਕਰਦੀ ਹੈ :

ਮਾਇਆ ਹੋਈ ਨਾਗਨੀ ਹੀ ਜਗਤ ਲਿਪਟਾਇ।।
ਇਸ ਕੀ ਸੇਵਾ ਜੋ ਕਰੈ ਤਿਸ ਹੀ ਕਉ ਫਿਰ ਖਾਇ।।
ਮਾਇਆ ਮੋਹ ਪ੍ਰੇਤ ਹੈ ਕਾਮ ਕ੍ਰੋਧ ਅਹੰਕਾਰਾ।।

ਗੁਰਬਾਣੀ ਵਿਚ ਵਿਕਾਸ ਦੀ ਨਾਭੀ ਵਿਸ਼ਵਾਸ ਹੈ, ਜਿਸ ਦੇ ਆਲੇ ਦੁਆਲੇ ਸਹਿਜ ਸੇਵਾ, ਸਮਰਪਣ, ਸਾਦਗੀ, ਸੰਜਮ, ਸਬਰ, ਸੰਤੋਖ, ਸਿਦਕ, ਸੁਹਿਰਦਤਾ, ਪ੍ਰੇਮ, ਕਿਰਤ, ਖਿਮਾ, ਦਇਆ ਇਸ ਨੂੰ ਬਲ ਦੇਣ ਵਾਲੇ ਗੁਣ ਹਨ। ਇਨ੍ਹਾਂ ਗੁਣਾਂ ਦੀ ਕਮਾਈ ਨਾਲ ਮਨ ਤੋਂ ਬੁਧੀ ਤੇ ਬੁਧੀ ਤੋਂ ਆਤਮਾ ਤਕ ਦੀ ਯਾਤਰਾ ਹੁੰਦੀ ਹੈ। ਹੋਂਦ ਦੇ ਅਰਥ ਸਰੀਰ, ਮਨ ਤੇ ਆਤਮਾ ਦੀ ਇਕਸੁਰਤਾ ਵਿਚ ਬਦਲ ਜਾਂਦੇ ਹਨ। ਪੰਜਾਬ ਦੀ ਕਿਰਸਾਣੀ ਦੇ ਸੰਕਟ ਦਾ ਹਲ ਝੂਠੀਆਂ ਸਰਕਾਰਾਂ, ਬੈਂਕਾਂ ਜਾਂ ਹੋਰ ਹੀਲਿਆਂ ਵਿਚ ਨਹੀਂ ਸਗੋਂ ਪ੍ਰਦੂਸ਼ਣ, ਨਸ਼ੇ, ਸ਼ਾਹ ਖਰਚੀ, ਕਰਜ਼ੇ, ਵਿਖਾਵੇ, ਹਉਮੈ ਤੇ ਮਾਇਆ ਤੋਂ ਮੁਕਤੀ ਵਿਚ ਹੈ। ਪੇਤਲੀ, ਬਾਹਰਮੁਖੀ ਤੇ ਛਿਨ ਭੰਗਰੀ ਜਾਣਕਾਰੀ ਦੀ ਥਾਂ ਗੁਰੂ ਦਾ ਕਿਹਾ ਮੰਨ ਕੇ ਹੀ ਹਨੇਰੇ ਵਿਚ ਭਟਕਣ ਦੀ ਥਾਂ ਉੱਦਮ ਕਰਕੇ ਉਸ ਨਿਸ਼ਾਨੇ ਉਤੇ ਪਹੁੰਚਿਆ ਜਾ ਸਕਦਾ ਹੈ ਜੋ ਸੁਖਾਂ ਦਾ ਸਾਧਨ ਬਣ ਸਕਦਾ ਹੈ ਅਤੇ ਸਹਿਜ ਸੰਸਾਰ ਨਾਲ ਜੋੜ ਕੇ ਚਿੰਤਾ ਤੋਂ ਮੁਕਤ ਕਰ ਸਕਦਾ ਹੈ:

ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।।
ਧਿਆਇਦਿਆਂ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤੁ।।

ਗੁਰਬਾਣੀ ਵਿਚ ਲਗਨ, ਮਿਹਨਤ, ਕਿਰਤ ਤੇ ਅਨੰਦ ਨੂੰ ਆਪਸ ਵਿਚ ਜੋੜ ਕੇ ਵੇਖਿਆ ਗਿਆ ਹੈ। ਗੁਰਬਾਣੀ ਕਿਰਤ ਉਪਰੰਤ ਥਕੇ ਹੋਏ ਕਿਰਸਾਣ ਲਈ ਕਿਸੇ ਨਸ਼ੇ ਦਾ ਵਿਧਾਨ ਨਹੀਂ ਕਰਦੀ, ਕਿਸੇ ਵੀ ਬੇਮੇਚੀ ਸਮਸਿਆ ਕਾਰਨ ਅਕੇ ਹੋਏ ਗਭਰੂ ਨੂੰ ਨਸ਼ਿਆਂ ਦੇ ਰਾਹ ਨਹੀਂ ਤੋਰਦੀ ਅਤੇ ਵਿਨਾਸ਼ਕਾਰੀ ਕਰਮਾਂ ਤੋਂ ਰੋਕਦੀ ਹੈ। ਆਪਣੇ ਤਨ ਮਨ ਦੇ ਨਾਲ-ਨਾਲ ਆਪਣੇ ਆਲੇਦੁਆਲੇ ਨੂੰ ਮਲੀਨ ਕਰਨ ਤੋਂ ਵਰਜਦੀ ਹੈ। ਗੁਰਬਾਣੀ ਅਨੁਸਾਰ ਜੀਵਨ ਦਾ ਹੁਸਨ ਸੁਚੀ ਕਿਰਤ ਤੋਂ ਵਿਕਸਤ ਹੋਣ ਵਾਲੀ ਉਸਾਰੂ ਸੋਚ ਹੈ। ਇਹ ਉਸਾਰੂ ਸੋਚ ਜੀਵਨ ਦੇ ਨਕਸ਼ਾਂ ਨੂੰ ਸੰਵਾਰਦੀ ਹੈ ਅਤੇ ਜੀਵਨ ਮੁਕਤ ਹੋਣ ਦਾ ਰਸਤਾ ਦਸਦੀ ਹੈ। ਮਨੁਖੀ ਹੋਂਦ ਦੇ ਕਿਲੇ ਵਿਚ ਮੋਰੀਆਂ ਪੈਦਾ ਕਰਨ ਵਾਲੀਆਂ ਨਫੀ ਹਾਲਤਾਂ ਤੇ ਜਿਤ ਪ੍ਰਾਪਤ ਹੁੰਦੀ ਹੈ।

ਪੰਚ ਦੂਤ ਤੁਧੁ ਵਸਿ ਕੀਤੇ ਕਾਲ ਕੰਟਕੁ ਮਾਰਿਆ।।

ਪੰਜਾਬ ਦੀ ਕਿਰਸਾਣੀ ਜਿਸ ਸੰਕਟ ਵਿਚ ਫਸੀ ਹੋਈ ਹੈ, ਉਸ ਦਾ ਰੂਪ ਵਿਕਰਾਲ ਹੈ। ਉਸ ਨੂੰ ਠਲ੍ਹ ਪਾਉਣ ਲਈ ਉਸ ਦਾ ਕਾਰਨ ਬਣਨ ਵਾਲੀਆਂ ਤਾਕਤਾਂ ਉੱਤੇ ਕੋਈ ਉਮੀਦ ਕਰਕੇ ਉਨ੍ਹਾਂ ਦੇ ਦਰ ਵਲ ਝਾਕਣਾ ਜਾਂ ਉਨ੍ਹਾਂ ਨੂੰ ਦੋਸ਼ ਦੇਣਾ ਜਾਂ ਉਨ੍ਹਾਂ ਤੋਂ ਅਕ ਥਕ ਕੇ ਆਤਮ ਹਤਿਆ ਦੇ ਰਾਹ ਤੁਰਨਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਣ ਦੀ ਲੋੜ ਹੈ। ਇਹ ਕੌੜੀ ਹਕੀਕਤ ਹੈ। ਕਿ ਪੰਜਾਬ ਦੀ ਆਰਥਿਕਤਾ ਦੀ ਨਾਭੀ ਵਜੋਂ ਜਾਣੀ ਜਾਂਦੀ ਕਿਰਸਾਣੀ ਨੇ ਗੁਰੂ ਗਰੰਥ ਸਾਹਿਬ ਨਾਲ ਸਿਧ ਮੂੰਹ ਜੁੜਨ ਲਈ ਕੋਈ ਸੇਧ ਨਹੀਂ ਅਪਣਾਈ। ਜੇ ਸਤਾ ਦੀਆਂ ਵਧੀਕੀਆਂ ਅਤੇ ਵਿਰੋਧੀਆਂ ਨਾਲ ਘੋਲ ਵੀ ਕਰਨਾ ਹੈ ਤਾਂ ਗੁਰਬਾਣੀ ਤੋਂ ਸੇਧ ਲਈ ਜਾ ਸਕਦੀ ਹੈ। ਕੁਰਾਹੇ ਪਾਉਣ ਵਾਲੀਆਂ ਤਾਕਤਾਂ ਦਾ ਆਪਣਾ ਸਵਾਰਥ ਹੁੰਦਾ ਹੈ, ਬੇਅਕਲ ਓਹੀ ਹੁੰਦਾ ਹੈ ਜੋ ਥੋੜ ਚਿਰੀਆਂ ਲਾਲਸਾਵਾਂ, ਭੁਲਾਂਦਰਿਆਂ ਅਤੇ ਦਬਾਵਾਂ ਥਲੇ ਲੀਹੋਂ ਲਹਿ ਕੇ ਆਪਣੇ ਪ੍ਰੇਰਨਾ ਸ੍ਰੋਤ, ਆਤਮਕ ਬਲ ਦੇ ਸੋਮੇ ਤੇ ਜੀਵਨ ਮੁਕਤੀ ਦੇ ਕੇਂਦਰਾਂ ਤੋਂ ਮੂੰਹ ਮੋੜ ਲੈਂਦਾ ਹੈ।

ਘੋਰ ਸੰਕਟ ਵਿਚ ਫਸੀ ਹੋਈ ਪੰਜਾਬ ਦੀ ਕਿਰਸਾਣੀ ਦੀ ਮੁਕਤੀ ਦਾ ਰਾਹ ਇਕੋ ਇਕ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤ।।
ਹਸਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆਂ
ਵਿਚੇ ਹੋਵੇ ਮੁਕਤਿ।।

## ਯੂਕੇ: ਫਿਟਨੈੱਸ ਟੈਸਟਾਂ ਅਨੁਸਾਰ ਹਜ਼ਾਰਾਂ ਬ੍ਰਿਟਿਸ਼ ਫੌਜੀ ਹਨ ਮੋਟਾਪੇ ਦਾ ਸ਼ਿਕਾਰ


**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਬਰਤਾਨੀਆ ਵਿੱਚ ਫੌਜ ਦੇ ਨਵੇਂ ਫਿਟਨੈੱਸ ਟੈਸਟਾਂ ਵਿੱਚ



ਸਾਹਮਣੇ ਆਇਆ ਹੈ ਕਿ ਫੌਜ ਦੇ ਕਈ ਜਵਾਨ ਲੜਾਈ ਆਦਿ ਦੀਆਂ ਚੁਣੌਤੀਆਂ ਲਈ ਬਹੁਤ ਮੋਟੇ ਹਨ। ਇਹਨਾਂ ਟੈਸਟਾਂ ਦੇ ਮੱਦੇਨਜ਼ਰ ਸਭ ਤੋਂ ਘੱਟ ਅੰਕ ਪ੍ਰਾਪਤ ਕਰਨ ਤੋਂ ਬਾਅਦ ਲੱਗਭਗ 6,000 ਦੇ ਕਰੀਬ ਸੈਨਿਕਾਂ ਨੂੰ ਮੋਟਾਪੇ ਵਜੋਂ ਸ਼੍ਰੇਣੀਬੱਧ ਕੀਤਾ ਗਿਆ, ਜਿਸ ਲਈ ਉਨ੍ਹਾਂ ਨੂੰ ਵਧੇਰੇ ਸਿਖਲਾਈ ਦੇਣੀ ਪਵੇਗੀ। ਸੈਨਿਕਾਂ ਦਾ ਹਰ ਸਾਲ ਨਿੱਜੀ ਤੰਦਰੁਸਤੀ ਮੁਲਾਂਕਣ ਹੁੰਦਾ ਹੈ, ਜਿਸ ਨੂੰ ਉਨ੍ਹਾਂ ਨੇ ਪਾਸ ਕਰਨਾ ਹੁੰਦਾ ਹੈ। ਪਰ 2019 ਤੋਂ, ਇਸ ਵਿੱਚ ਕੰਡੀਸ਼ਨਿੰਗ ਸਮੀਖਿਆਵਾਂ ਸ਼ਾਮਲ ਹਨ ਕਿ ਤੰਦਰੁਸਤੀ ਦੇ ਉਹ ਕਿਹੜੇ ਖੇਤਰ ਹਨ, ਜਿੱਥੇ ਫੌਜਾਂ ਨੂੰ ਬਿਹਤਰ ਕਰਨਾ ਚਾਹੀਦਾ ਹੈ। ਇਹ ਟੈਸਟ ਲੜਾਈ ਦੀ ਨਕਲ ਨਾਲ ਸੰਬੰਧਿਤ ਸਥਿਤੀਆਂ ਨੂੰ ਕਰਨ ਲਈ ਤਿਆਰ ਕੀਤੇ ਗਏ ਹਨ ਅਤੇ ਇਸ ਵਿਚ ਸਪ੍ਰਿੰਟ, ਜੰਪ, ਪੁਲ-ਅਪਸ ਅਤੇ 4 ਕਿੱਲੋਗ੍ਰਾਮ ਵਾਲੀ ਬਾਲ ਸੁੱਟਣਾ ਸ਼ਾਮਲ ਹੈ। ਐਮ ਓ ਡੀ ਦੇ ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਆਰਮੀ ਵਿੱਚ ਪੰਜ ਔਰਤਾਂ ਵਿੱਚੋਂ ਇੱਕ ਅਤੇ 50 ਵਿੱਚੋਂ ਇੱਕ ਪੁਰਸ਼ ਇਹਨਾਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ ਹੈ ਅਤੇ ਦਸ ਸੈਨਿਕਾਂ ਵਿੱਚੋਂ ਇੱਕ ਫੌਜੀ ਮੋਟਾਪੇ ਦਾ ਸ਼ਿਕਾਰ ਹੈ। ਅਧਿਕਾਰੀਆਂ ਅਨੁਸਾਰ ਸੈਨਿਕਾਂ ਵਿੱਚ ਮੋਟਾਪਾ ਉਹਨਾਂ ਲਈ ਲੜਾਈ ਆਦਿ ਦੀਆਂ ਸਥਿਤੀਆਂ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ।

## ਯੂਕੇ ਦੇ ਹਵਾਈ ਅੱਡਿਆਂ ਨੂੰ ਕੋਰੋਨਾ ਨੇ ਝੰਜੋੜਿਆ, ਘਟੀ ਯਾਤਰੀਆਂ ਦੀ ਆਮਦ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਯੂਕੇ ਸਰਕਾਰ ਦੁਆਰਾ ਕੋਰੋਨਾ ਵਾਇਰਸ ਮਹਾਂਮਾਰੀ ਦੇ ਦੌਰਾਨ ਸੁਰੱਖਿਆ ਨੂੰ ਪਹਿਲ ਦਿੰਦਿਆਂ ਹਵਾਈ ਯਾਤਰਾ ਪਾਬੰਦੀਆਂ ਲਗਾਈਆਂ ਹਨ। ਇਹਨਾਂ ਹੀ ਪਾਬੰਦੀਆਂ ਕਾਰਨ ਪਿਛਲੇ ਸਾਲ ਯੂਕੇ ਦੇ ਹਵਾਈ ਅੱਡਿਆਂ 'ਤੇ ਯਾਤਰੀਆਂ ਦੀ ਗਿਣਤੀ 75% ਦੀ ਸਾਲਾਨਾ ਗਿਰਾਵਟ ਨਾਲ 223 ਮਿਲੀਅਨ ਤੱਕ ਘੱਟ ਦਰਜ ਕੀਤੀ ਗਈ ਹੈ। ਸਿਵਲ ਹਵਾਬਾਜ਼ੀ ਅਥਾਰਟੀ ਦੇ ਸਾਲਾਨਾ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ, 2020 ਵਿੱਚ ਯੂਕੇ ਦੇ ਹਵਾਈ ਅੱਡਿਆਂ ਵਿੱਚੋਂ ਲੱਗਭਗ 74 ਮਿਲੀਅਨ ਲੋਕ ਲੰਘੇ, ਜੋ ਕਿ 2019 ਵਿੱਚ ਦਰਜ ਕੀਤੇ 297 ਮਿਲੀਅਨ ਦੇ ਇੱਕ ਚੌਥਾਈ ਹਿੱਸੇ ਤੋਂ ਵੀ ਘੱਟ ਹਨ। ਇਹਨਾਂ ਅੰਕੜਿਆਂ ਅਨੁਸਾਰ ਕਾਰਡਿਫ ਹਵਾਈ ਅੱਡੇ 'ਤੇ ਯਾਤਰੀਆਂ ਦੀ ਗਿਣਤੀ 'ਚ ਸਭ ਤੋਂ ਵੱਡੀ ਗਿਰਾਵਟ 86.7% ਰਹੀ ਹੈ, ਇਸ ਤੋਂ ਬਾਅਦ ਗਲਾਸਗੋ ਪ੍ਰੈਸਟਵਿਕ 85.8% ਅਤੇ ਐਕਸੀਟਰ ਏਅਰਪੋਰਟ 'ਤੇ 85.5% ਦਰਜ ਕੀਤੀ ਗਈ ਹੈ। ਇਸਦੇ ਇਲਾਵਾ ਸਾਊਥੈਮਪਟਨ ਲਈ ਇਹ ਅੰਕੜਾ 83.4% ਰਿਹਾ ਜਦਕਿ ਲੰਡਨ ਸਿਟੀ ਵਿੱਚ 82.3% ਅਤੇ ਲੀਡਜ਼ ਬ੍ਰੈਡਫੋਰਡ ਵਿੱਚ 81.2% ਦੀ ਗਿਰਾਵਟ ਆਈ। ਯੂਕੇ ਦੇ ਸਭ ਤੋਂ ਵੱਡੇ ਹਵਾਈ ਅੱਡੇ ਹੀਥਰੋ ਵਿੱਚ ਸਾਲ 2019 ਵਿੱਚ 80.9 ਮਿਲੀਅਨ ਯਾਤਰੀਆਂ ਦੀ ਗਿਣਤੀ ਨਾਲੋਂ ਪਿਛਲੇ ਸਾਲ 22.1 ਮਿਲੀਅਨ ਯਾਤਰੀਆਂ ਨਾਲ&; 72.7% ਦੀ ਗਿਰਾਵਟ ਦਰਜ ਕੀਤੀ ਗਈ। ਇਹਨਾਂ ਅੰਕੜਿਆਂ ਵਿੱਚ ਉਹ ਸਾਰੇ ਯਾਤਰੀ ਸ਼ਾਮਲ ਹਨ ਜੋ ਬ੍ਰਿਟਿਸ਼ ਹਵਾਈ ਅੱਡਿਆਂ 'ਤੇ ਚੈਨਲ ਆਈਲੈਂਡਜ਼ ਜਾਂ ਆਈਲ ਆਫ ਮੈਨ ਨੂੰ ਛੱਡ ਕੇ ਯਾਤਰਾ ਕਰਦੇ ਹਨ। ਮਾਰਚ 2020 ਵਿੱਚ ਯੂਕੇ ਦੀ ਪਹਿਲੀ ਰਾਸ਼ਟਰੀ ਤਾਲਾਬੰਦੀ ਦੌਰਾਨ ਹਵਾਈ ਸਫਰ ਦੀ ਮੰਦੀ ਸ਼ੁਰੂ ਹੋਈ। ਯਾਤਰਾ ਗਰਮੀ ਦੇ ਅਖੀਰ ਵਿੱਚ ਅਤੇ ਪਤਝੜ ਵਿੱਚ ਠੀਕ ਹੋਣ ਲੱਗੀ ਸੀ, ਪਰ ਯੂਕੇ ਵਿੱਚ ਪਾਬੰਦੀਆਂ ਦੇ ਮੁੜ ਲਾਗੂ ਹੋਣ ਤੋਂ ਬਾਅਦ ਨਵੰਬਰ ਵਿੱਚ ਯਾਤਰੀਆਂ ਦੀ ਗਿਣਤੀ ਇੱਕ ਵਾਰ ਫਿਰ ਘੱਟ ਗਈ। ਏਅਰਪੋਰਟ ਅਧਿ-ਕਾਰੀਆਂ ਅਨੁਸਾਰ ਯਾਤਰੀਆਂ ਦੀ&; ਕਮੀ ਆਉਣ ਨਾਲ ਹਵਾਈ ਅੱਡਿਆਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੋ ਗਈ ਤੇ ਮਹੱਤਵਪੂਰਣ ਨੌਕਰੀਆਂ ਵੀ ਖਤਮ ਹੋ ਰਹੀਆਂ ਹਨ।



## 20 ਜੂਨ 2021 ਨੂੰ "ਪਿਤਾ ਦਿਵਸ" ਤੇ ਵਿਸ਼ੇਸ਼

# ਪ੍ਰਭੂ ਪ੍ਰਮਾਤਮਾ ਦਾ ਹੀ ਰੂਪ ਹੁੰਦਾ ਹੈ "ਪਿਤਾ"



ਪ੍ਰਮੋਦ ਧੀਰ ਜੈਤੋ
91-98550-31081

### ਪਿਤਾ ਦਿਵਸ ਦੀ ਸ਼ੁਰੂਆਤ ਕਿਵੇਂ ਹੋਈ ?

ਪੱਛਮ ਵਰਜੀਨੀਆ ਦੇਸ਼ ਨੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸ਼ੁਰੂਆਤ ਕੀਤੀ। ਗਰੇਸ ਗੋਲਡਨ ਕਲੇਟਨ ਜੋ ਐਨਾਂ ਜਰਵਿਸ ਤੋ ਬਹੁਤ ਪ੍ਰਭਾਵਿਤ ਸੀ, ਐਨਾ ਜਰਵਿਸ ਜਿਸ ਨੇ ਮਾਤਾ ਦਿਵਸ ਮਨਾਉਣਾ ਸੁਰੂ ਕੀਤਾ ਸੀ। ਦਸੰਬਰ 1907 ਵਿੱਚ ਇੱਕ ਦਿਲ ਕੰਬਾਉ ਘਟਨਾ ਵਿੱਚ ਗਰੇਸ ਦੇ ਪਿਤਾ ਦੀ ਮੌਤ ਹੋ




ਗਈ ਸੀ। ਉਸ ਦੇ ਨਾਲ 210 ਆਦਮੀ ਵੀ ਆਪਣੇ ਵਿਲਕਦਿਆ ਬੱਚਿਆਂ ਨੂੰ ਛੱਡ ਕੇ ਦੁਨੀਆ ਤੋ ਰੁਖਸਤ ਹੋ ਗਏ ਸਨ। ਗਰੇਸ ਆਪਣੇ ਮਾਰੇ ਗਏ ਪਿਤਾ ਅਤੇ ਲੋਕਾਂ ਦੀ ਯਾਦ ' ਪਿਤਾ ਦਿਵਸ਼ ਮਨਾ ਕੇ ਉਹਨਾਂ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੀ ਸੀ ,ਪਰ ਉਸ ਸਮੇਂ ਆਪਣੇ ਇਲਾਕੇ ਤੋ ਬਿਨਾਂ ਹੋਰ ਲੋਕਾਂ ਨੂੰ ਇਸ ਪ੍ਰਤੀ ਉਤਸ਼ਾਹਿਤ ਨਾ ਕਰ ਸਕੀ। ਉਸ ਤੋ ਬਾਅਦ 19 ਜੂਨ 1910 ਈਸਵੀ ਨੂੰ ਵਾਸ਼ਿੰਗਟਨ 'ਚ ਇਹ ਦਿਵਸ ਮਨਾਇਆ ਗਿਆ। ਜਿਸ ਤੋ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਪਿਤਾ ਦਿਵਸ ਮਨਾਉਣਾ ਸੁਰੂ ਕੀਤਾ। ਸੰਨ 1966 ਵਿੱਚ ਰਾਸ਼ਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫੈਸਲਾ ਕੀਤਾ। ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਪਿਤਾ ਦਿਵਸ਼ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ।

ਅੱਜ ਅਮਰੀਕਾ, ਇੰਗਲੈਡ, ਕੈਨੇਡਾ, ਭਾਰਤ, ਪਾਕਿਸ਼ਤਾਨ, ਜਾਪਾਨ, ਮਲੇਸ਼ੀਆ, ਸ੍ਰੀਲੰਕਾ ਅਦਿ ਸਮੇਤ 40 ਦੇਸ਼ਾਂ ਵਿੱਚ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਵਜੋ ਮਨਾਉਦੇ ਹਨ। ਪਰੰਤੂ ਬਹੁਤ ਸਾਰੇ ਮੁਲਕ ਅਜਿਹੇ ਹਨ, ਜਿਥੇ ਵੱਖਰੇ-ਵੱਖਰੇ ਦਿਨਾਂ ਅਤੇ ਮਹੀਨਿਆਂ ਵਿੱਚ ਪਿਤਾ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿਚ ਜੂਨ ਦੇ ਤੀਸਰੇ ਐਤਵਾਰ ਨੂੰ 'ਪਿਤਾ ਦਿਵਸ' ਵਜੋ ਮਨਾਇਆ ਜਾਦਾ ਹੈ।

ਜਿਸ ਤਰਾਂ ਮਾਂ ਦਾ ਦਰਜਾ ਸਾਡੇ ਲਈ ਸਭ ਤੋਂ ਉੱਚਾ ਸਮਝਿਆ ਜਾਂਦਾ ਹੈ ਉਸੇ ਤਰਾਂ ਪਿਤਾ ਦਾ ਦਰਜ਼ਾ ਵੀ ਮਾਂ ਦੇ ਬਰਾਬਰ ਹੀ ਮੰਨਿਆ ਜਾਂਦਾ ਹੈ। ਹਰੇਕ ਪਿਤਾ ਆਪਣੇ ਬੱਚਿਆਂ ਲਈ ਦਿਨ ਰਾਤ ਮਿਹਨਤ ਕਰਕੇ ਕਿਰਤ ਕਮਾਈ ਕਰਦਾ ਹੈ । ਬੇਸ਼ਕ ਆਪ ਰੁੱਖੀ ਮਿੱਸੀ ਖਾ ਲਵੇ ਪਰ ਬੱਚਿਆਂ ਨੂੰ ਹਮੇਸ਼ਾ ਵਧੀਆ ਖਾਣਾ, ਚੰਗੀ ਸਿੱਖਿਆ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ ਅਤੇ ਜੀਵਨ ਜਿਉਣ ਦੀ ਜੁਗਤੀ ਵੀ ਸਿਖਾਉਂਦਾ ਹੈ। ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ।



ਲੇਖਕ ਪ੍ਰਮੋਦ ਧੀਰ ਆਪਣੇ ਬੇਟੇ ਸੰਤੁਸ਼ਟ ਧੀਰ ਨਾਲ

### ਦੁਨੀਆਂ ਦੇ ਸਾਰੇ ਪਿਤਾ ਨੂੰ ਸਮਰਪਿਤ

ਆਓ ਇਸ ਵਿਸ਼ੇਸ਼ ਦਿਨ ਤੇ ਪਿਤਾ ਨੂੰ ਸਮਰਪਿਤ ਹੁੰਦੇ ਹੋਏ ਚੰਗੇ ਵਿਦਵਾਨਾਂ, ਗੁਰੂਆਂ, ਪੀਰਾਂ ਵੱਲੋਂ ਆਖੇ ਕੁਝ ਵਾਅਦੇ ਕਰੀਏ ਤੇ ਆਪਣੇ ਜੀਵਣ ਨੂੰ ਸਵਰਗਮਈ ਬਣਾਈਏ। ਪਿਤਾ ਦੀ ਸਖਤੀ ਬਰਦਾਸ਼ਤ ਕਰੋ, ਤਾਂ ਕਿ ਕਾਬਿਲ ਇਨਸਾਨ ਬਣ ਸਕੋਂ।

ਪਿਤਾ ਦੀਆਂ ਗੱਲਾਂ ਗੌਰ ਨਾਲ ਸੁਣੋ, ਤਾਂ ਕਿ ਦੂਸਰਿਆਂ ਦੀ ਨਾਂ ਸੁਣਨੀ ਪਵੇ।

ਪਿਤਾ ਦੇ ਸਾਹਮਣੇ ਉੱਚਾਂ ਨਾਂ ਬੋਲੋ ਵਰਨਾ ਭਗਵਾਨ ਤੁਹਾਨੂੰ ਨੀਵਾਂ ਕਰ ਦੇਵੇਗਾ।

ਪਿਤਾ ਦਾ ਸਨਮਾਨ ਕਰੋ , ਤਾਂ ਕਿ ਤੁਹਾਡੀ ਸੰਤਾਨ ਤੁਹਾਡਾ ਸਨਮਾਨ ਕਰੇ।

ਪਿਤਾ ਦੀ ਇੱਜ਼ਤ ਕਰੋ, ਤਾਂ ਕਿ ਇਸਤੋਂ ਫਾਇਦਾ ਉਠਾ ਸਕੋਂ।

ਪਿਤਾ ਦਾ ਹੁਕਮ ਮੰਨੋ, ਤਾਂ ਕਿ ਖੁਸ਼ਹਾਲ ਰਹਿ ਸਕੋਂ।

ਪਿਤਾ ਦੇ ਸਾਹਮਣੇ ਨਜ਼ਰਾਂ ਝੁਕਾ ਕੇ ਰੱਖੋ, ਤਾਂ ਕੇ ਪ੍ਰਮਾਤਮਾ ਤੁਹਾਨੂੰ ਦੁਨੀਆਂ ਵਿੱਚ ਤਰੱਕੀਆਂ ਦੇਵੇ।

ਪਿਤਾ ਇੱਕ ਕਿਤਾਬ ਹੈ, ਜਿਸਤੇ ਅਨੁਭਵ ਲਿਖਿਆ ਜਾਂਦਾ ਹੈ।

ਪਿਤਾ ਦੇ ਹੰਝੂ ਤੁਹਾਡੇ ਸਾਹਮਣੇ ਨਾਂ ਡਿੱਗਣ, ਵਰਨਾ ਪ੍ਰਮਾਤਮਾ ਤੁਹਾਨੂੰ ਦੁਨੀਆਂ ਤੋਂ ਗਿਰਾ ਦੇਵੇਗਾ।

### ਪਿਤਾ ਇੱਕ ਐਸੀ ਹਸਤੀ ਹੈ ....

ਮਾਂ ਦਾ ਮੁਕਾਮ ਤਾਂ ਬੇਸ਼ਕ ਆਪਣੀ ਜਗ੍ਹਾ ਹੈ । ਪਰ ਪਿਤਾ ਦਾ ਵੀ ਕੋਈ ਘੱਟ ਨਹੀਂ, ਮਾਂ ਦੇ ਕਦਮਾਂ ਵਿੱਚ ਸਵਰਗ ਹੈ ਪਰ ਪਿਤਾ ਸਵਰਗ ਦਾ ਦਰਵਾਜਾ ਹੈ, ਅਗਰ ਦਰਵਾਜਾ ਨਾਂ ਖੁਲ੍ਹਿਆ ਤਾਂ ਸਵਰਗ ਦੇ ਅੰਦਰ ਕਿਵੇਂ ਜਾਓਗੇ?

ਭਾਵੇਂ ਗਰਮੀ ਹੋਵੇ ਜਾਂ ਸਰਦੀ ਜੋ ਆਪਣੇ ਬੱਚਿਆਂ ਦੀ ਰੋਜ਼ੀ ਰੋਟੀ ਦੀ ਫਿਕਰ 'ਚ ਪਰੇਸ਼ਾਨ ਰਹਿੰਦਾ ਹੈ, ਨਾਂ ਕੋਈ ਪਿਤਾ ਦੇ ਵਾਂਗ ਆਪਣੇ ਬੱਚਿਆਂ ਨੂੰ ਪਿਆਰ ਦੇ ਸਕਦਾ ਹੈ ਨਾਂ ਕਰ ਸਕਦਾ ਹੈ।

ਯਾਦ ਰੱਖੋ ਸੂਰਜ ਗਰਮ ਜਰੂਰ ਹੁੰਦਾ ਹੈ ਪਰ ਡੁੱਬ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ।

ਜਿਉਂਦੇ ਜੀ ਕਦੇ ਵੀ ਪਿਤਾ ਦਾ ਦੇਣ ਨਹੀਂ ਦਿੱਤਾ ਜਾ ਸਕਦਾ, ਸਿਰਫ ਉਹਨਾਂ ਦੀ ਸੇਵਾ ਕਰਕੇ ਉਹਨਾਂ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਪਿਤਾ ਹਰ ਵੇਲੇ ਆਪਣੇ ਬੱਚਿਆਂ ਨੂੰ ਹਸਦੇ-ਵਸਦੇ ਵੇਖਣਾ ਚਾਹੁੰਦਾ ਹੈ।

ਪਿਤਾ ਦੇ ਸਾਏ ਹੇਠ ਸਾਰਾ ਸੰਸਾਰ ਆਪਣਾ ਲੱਗਦਾ ਹੈ ਅਤੇ ਪਿਤਾ ਤੋ ਬਿਨ੍ਹਾਂ ਤਾਂ ਸੰਸਾਰ ਵੀ ਇੱਕ ਸੁਪਨਾ ਮਾਤਰ ਬਣ ਕੇ ਰਹਿ ਜਾਂਦਾ ਹੈ। ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਲਈ ਪਿਤਾ ਦਾ ਅਹਿਮ ਰੋਲ ਹੁੰਦਾ ਹੈ। ਸੋ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪਿਤਾ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ ਤਾਂ ਜੋ ਉਹਨਾ ਦੇ ਸਤਿਕਾਰ ਵਿੱਚ ਕਦੇ ਵੀ ਕਮੀ ਨਾ ਆਵੇ।

ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ। ਆਉ ਇਸ ਵਿਸੇਸ਼ ਦਿਨ ਨੂੰ ਸਮਰਪਿਤ ਹੁੰਦੇ ਹੋਏ ਮਾਤਾ-ਪਿਤਾ ਅਤੇ ਬਜੁਰਗਾਂ ਦੀ ਸੇਵਾ ਦਾ ਪ੍ਰਣ ਕਰੀਏ ਤੇ ਆਪਣੇ ਜੀਵਨ ਨੂੰ ਜਿਉਂਦੇ ਜੀਅ ਸਵਰਗ ਮਈ ਬਣਾਈਏ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੀਏ।




# ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ



ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਪਰੇਮ ਭਗਤੀ ਸ਼ਾਂਤੀ ਅਤੇ ਕੁਰਬਾਨੀ ਦੇ ਪੁੰਜ ਸਨ। ਉਨ੍ਹਾਂ ਦਾ ਅਵਤਾਰ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਸ੍ਰੀਮਤੀ ਬੀਬੀ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ 1563 ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ ਅਤੇ ਬਚਪਨ ਵੀ ਉੱਥੇ ਹੀ ਬੀਤਿਆ ਬਚਪਨ ਵਿੱਚ ਹੀ ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਂਰਾਜ ਜੀ ਨੇ ਉਨ੍ਹਾਂ ਨੂੰ ਗੁਰਿਆਈ ਦਾ ਵਰ ਦਿੱਤਾ । ਇਸ ਸਬੰਧੀ ਦਰਜ ਕਥਾ ਅਨੁਸਾਰ ਦੱਸਿਆ ਜਾਂਦਾ ਹੈ ਕਿ ਇੱਕ ਦਿਨ ਖੇਡਦੇ ਖੇਡਦੇ ਗੁਰੂ ਅਮਰਦਾਸ ਜੀ ਮਹਾਂਰਾਜ ਦੇ ਨਿਵਾਸ ਅਸਥਾਨ ਵੱਲ ਚਲੇ ਗਏ। ਉਹ ਹਾਲੇ ਰਿੜਣਾ ਹੀ ਜਾਣਦੇ ਸਨ, ਤੁਰਨਾ ਨਹੀਂ ਸੀ ਸਿੱਖੇ ਫਿਰ ਵੀ ਪਾਵੇ ਆਸਰਾ ਲੈ ਕੇ ਗੁਰੂ ਮਹਾਰਾਜ ਦੇ ਪਲੰਘ ਨੂੰ ਫੜਕੇ ਖੜੇ ਹੋ ਗਏ ਅਤੇ ਹੰਭਲਾ ਮਾਰ ਕੇ ਪਲੰਘ ਤੇ ਚੜਣ ਦਾ ਯਤਨ ਕਰਨ ਲੱਗੇ ਉਨ੍ਹਾ ਨੂੰ ਅਜਿਹਾ ਯਤਨ ਕਰਦਿਆਂ ਵੇਖ ਮਾਤਾ ਭਾਨੀ ਜੀ ਨੇ ਵੇਖ ਲਿਆ ਅਤੇ ਦੌੜ ਕੇ ਫੜਣ ਲੱਗੇ, ਕਿਉਂਕਿ ਗੁਰੂ ਮਹਾਂਰਾਜ ਦੇ ਆਸਣ ਤੇ ਬੈਠਣਾ ਠੀਕ ਨਹੀਂ ਸੀ ਸਮਝਿਆ ਜਾਂਦਾ ਹਾਲਾਂ ਕਿ ਮਾਤਾ ਭਾਨੀ ਜੀ ਉਨ੍ਹਾਂ ਵੱਲ ਜਾ ਹੀ ਰਹੇ ਸਨ ਕਿ ਗੁਰੂ ਮਹਾਰਾਜ ਹੱਸ ਪਏ ਅਤੇ ਮੁੱਖੋਂ ਫਰਮਾਉਣ ਲੱਗੋਂ ਬੱਚਾ ਕਾਹਲਾ ਨਾ ਪੈ, ਜਿਸ ਆਸਣ ਪਰ ਬੈਠਣਾ ਚਾਹੁੰਦਾਂ ਏਂ, ਉਹ ਮਿਲੇਗਾ ਜਰੂਰ ਪਰ ਸਮੇਂ ਸਿਰ ਹੀਂ ਇਹ ਵਰ ਦੇ ਕੇ ਗੁਰੂ ਮਹਾਂਰਾਜ ਨੇ ਬਾਲਾ ਪ੍ਰੀਤਮ ਸ੍ਰੀ ਅਰਜਨ ਦੇਵ ਜੀ ਨੂੰ ਗੋਦੀ ਵਿੱਚ ਚੁੱਕ ਕੇ ਪਿਆਰ ਕੀਤਾ ਤੇ ਫਰਮਾਇਆਂ ਦੋਹਿਤਾ ਬਾਣੀ ਕਾ ਬੋਹਿਥਾਂ ਗੁਰੂ ਜੀ ਦਾ ਵਰ ਵੀ ਸਫਲ ਹੋਇਆ ਅਤੇ ਗੁਰੂ ਬਨਣ ਪਿਛੋਂ ਉਸ ਸਮੇਂ ਤੱਕ ਦੇ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਇੱਕਠੀ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਤਿਆਰ ਕੀਤੀ ਕਿ ਜਿਸ ਨੂੰ ਅੱਜ ਲੱਖਾਂ ਨਹੀਂ ਸਗੋਂ ਕਰੋੜਾਂ ਸਿਰ ਝੁੱਕਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਤਿੰਨ ਸਾਹਿਬਜਾਦੇ ਸਨ ਵੱਡੇ ਸ੍ਰੀ ਪ੍ਰਿਥੀ ਚੰਦ, ਵਿਚਕਾਰਲੇ ਸ੍ਰੀ ਮਹਾਂਦੇਵ ਅਤੇ ਛੋਟੇ ਸ੍ਰੀ ਅਰਜਨ ਦੇਵ ਜੀ । ਅੰਮ੍ਰਿਤਸਰ ਵਿੱਚ ਗੁਰੂ ਘਰ ਦਾ ਸਾਰਾ ਪ੍ਰਬੰਧ ਸ੍ਰੀ ਪ੍ਰਿਥੀ ਚੰਦ ਦੇ ਹੱਥ ਵਿੱਚ ਸੀ ਪਰੰਤੂ ਓਹ ਦਿਲ ਦਾ ਕੋਈ ਬਹੁਤਾ ਚੰਗਾ ਨਹੀਂ ਸੀ। ਇੱਕ ਪਾਸੇ ਤਾਂ ਬਚਾ ਬਚਾ ਕੇ ਮਾਇਆ ਇੱਕਠੀ ਕੀਤੀ ਜਾਂਦਾ ਸੀ ਅਤੇ ਦੂਜੇ ਪਾਸੇ ਇਸ ਤਰ੍ਹਾਂ ਦੀਆਂ ਚਾਲਾਂ ਚਲਦਾ ਸੀ ਜਿਸ ਤਰ੍ਹਾਂ ਸੱਚਾ ਵੀ ਬਣਿਆ ਰਹੇ ਅਤੇ ਗੁਰੂ ਮਹਾਰਾਜ ਗਦੀ ਵੀ ਉਸੇ ਨੂੰ ਹੀ ਦੇ ਕੇ ਜਾਣ । ਸ੍ਰੀ ਮਹਾਦੇਵ ਜੀ ਹਰ ਵੇਲੇ ਵਹਿਗੁਰੂ ਦੀ ਭਗਤੀ ਵਿੱਚ ਲੀਨ ਰਹਿੰਦੇ ਤੇ ਕਿਸੇ ਗਲ ਵਿੱਚ ਦਖਲ ਨਹੀਂ ਸਨ ਦਿੰਦੇ, ਸ੍ਰੀ ਅਰਜਨ ਦੇਵ ਜੀ ਬੜੇ ਹੋਣਹਾਰ ਤੇ ਸੁੰਦਰ ਸਨ, ਪਰੰਤੂ ਵੱਡੇ ਭਰਾ ਤੇ ਕਿਸੇ ਮਾਮਲੇ ਵਿੱਚ ਉਹ ਵੀ ਕੋਈ ਦਾਖ਼ਲ ਨਹੀਂ ਸਨ ਦਿੰਦੇ ਅਤੇ ਗੁਰੂ ਮਹਾਂਰਾਜ ਦੇ ਹੁਕਮ ਵਿੱਚ ਰਹਿ ਕੇ ਉਹਨਾਂ ਦੀ ਸੇਵਾ ਕਰਨੀ ਹੀ ਆਪਣਾ ਇੱਕ ਮਾਤਰ ਫ਼ਰਜ ਸਮਝਦੇ ਸਨ, ਜਿਸ ਕਰਕੇ ਗੁਰੂ ਮਹਾਂਰਾਜ ਦੇ ਹਿਰਦੇ ਵਿੱਚ ਉਨ੍ਹਾਂ ਲਈ ਥਾਂ ਬਣਦੀ ਚਲੀ ਜਾਂਦੀ ਸੀ।

ਇਕ ਵਾਰ ਗੁਰੂ ਮਹਾਂਰਾਜ ਦੇ ਤਾਏ ਦੇ ਭਰਾ ਸ੍ਰੀ ਸੇਹਾਰੀ ਮਲ ਲਾਹੌਰ ਤੋਂ ਆਇਆ ਅਤੇ ਬੇਨਤੀ ਕੀਤੀ ਕਿ ਮਹਾਂਰਾਜ ਮੇਰੇ ਪੁੱਤਰ ਦਾ ਵਿਆਹ ਹੈ, ਇਸ ਮੌਕੇ ਤੇ ਤੁਸੀਂ ਜਰੂਰ ਲਾਹੌਰ ਵਿੱਚ ਦਰਸ਼ਨ ਦਿਓ। ਗੁਰੂ ਮਹਾਂਰਾਜ ਨੇ ਆਪ ਇਸ ਲਈ ਜਾਣਾ ਠੀਕ ਨਾ ਸਮਝਿਆ ਕਿ ਜੇਕਰ ਉਹ ਗਏ ਤਾਂ ਬੇਅੰਤ ਸਿਖ ਨਾਲ ਜਾਣਗੇ। ਅਤੇ ਇਸ ਤਰ੍ਹਾਂ ਉਹਨਾਂ ਦਾ ਖਰਚ ਬਹੁਤ ਹੋ ਜਾਵੇਗਾ ।ਉਹਨਾਂ ਨੇ ਸੇਹਾਰੀ ਮਲ ਨੂੰ ਇਹ ਗੱਲ ਸਮਝਾ ਦਿੱਤੀ ਅਤੇ ਕਿਹਾ ਕਿ ਸਾਹਿਬਜਾਦਿਆਂ ਵਿੱਚ ਕਿਸੇ ਨੂੰ ਭੇਜ਼ ਦਿੰਦੇ ਹਾਂ। ਉਨ੍ਹਾਂ ਨੇ ਪ੍ਰਿਥੀ ਚੰਦ ਨੂੰ ਸਦ ਕੇ ਲਾਹੋਰ ਜਾਣ ਲਈ ਕਿਹਾ, ਪਰੰਤੂ ਉਹ ਜਾਣਾ ਨਹੀਂ ਸੀ ਚਾਹੁੰਦਾ, ਇਸ ਲਈ ਕਿ ਬੇਅੰਤ ਮਾਇਆ, ਜ਼ੋ ਗੁਰੂ ਘਰ ਵਿੱਚ ਆਈਆਂ ਸੰਗਤਾਂ ਭੇਟ ਕਰਦੀਆਂ ਸਨ ਉਸ ਦੇ ਹੱਥੋਂ ਨਿਕਲ ਜਾਣ ਦਾ ਡਰ ਸੀ ਇਸ ਲਈ ਉਹ ਟਾਲ ਮਟੋਲ ਕਰਨ ਲੱਗਾ । ਗੁਰੂ ਮਹਾਂਰਾਜ ਨੇ ਉਸ ਦੀ ਨੀਤ ਨੂੰ ਭਾਂਪ ਲਿਆ ਅਤੇ ਸ੍ਰੀ ਅਰਜਨਦੇਵ ਜੀ ਨੂੰ ਸੱਦ ਕੇ ਹੁਕਮ ਦਿੱਤਾ ਕਿੌਂ ਸੇਹਾਰੀ ਜੀ ਨਾਲ ਵਿਆਹ ਪਰ ਲਾਹੋਰ ਜਾਓ ਅਤੇ ਜਦ ਤੱਕ ਅਸੀਂ ਹੁਕਮ ਨਾ ਭੇਜੀਏ ਵਾਪਿਸ ਨਾ ਆਓਂ ਇਹ ਸੁਣ ਕੌਂ ਸਤਿ ਬਚਨੌਂ ਆਖ ਕੇ ਅਤੇ ਸਿਰ ਝੁਕਾ ਕੇ ਸ੍ਰੀ ਅਰਜਨ ਦੇਵ ਜੀ ਲਾਹੌਰ ਚਲੇ ਗਏ। ਵਿਆਹ ਹੋ ਗਿਆ, ਹੋਰ ਕਈ ਦਿਨ ਬੀਤ ਗਏ, ਪਰੰਤੂ ਅੰਮ੍ਰਿਤਸਰ ਤੋਂ ਗੁਰੂ ਮਹਾਂਰਾਜ ਵੱਲੋਂ ਵਾਪਿਸੀ ਦਾ ਹੁਕਮ ਨਾ ਪੁੱਜਿਆ।ਗੁਰੂ ਮਹਾਂਰਾਜ ਵੱਲੋਂ ਵਾਪਸੀ ਲਈ ਅਸਹਿ ਸੀ ਅਤੇ ਦਿਨੋ ਦਿਨ ਹੋਰ ਵੀ ਅਸਹਿ ਹੁੰਦਾ ਜਾਂਦਾ ਸੀ। ਇਸ ਲਈ ਉਹਨਾਂ ਨੇ ਹੇਠ ਲਿਖੀ ਚਿੱਠੀ ਲਿਖ ਕੇ ਇੱਕ ਖੱਤ ਕਾਸਦ ਹੱਥ ਅੰਮ੍ਰਿਤਸਰ ਭੇਜੀ।

ਮੇਰਾ ਮਨ ਲੋਚੈ ਗੁਰੂ ਦਰਸ਼ਨ ਤਾਈ ਜ਼ਜ਼ ਬਿਲਪ ਕਰੇ ਚਾਤ੍ਰਿਕ ਕੀ ਨਿਆਈ ਜ਼ਜ਼
ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੇ ਜ਼ਜ਼ ਬਿਨ ਦਰਸਨ ਸੰਤ ਪਿਆਰੇ ਜੀਓ ਜ਼ਜ਼1 ਜ਼ਜ਼
ਹੋਅ ਘੋਲੀ ਜੀਓ ਘੋਲਿ ਘੁਮਾਈ ਜ਼ਜ਼ ਗੁਰੂ ਦਰਸ਼ਨ ਸੰਤ ਪਿਆਰੇ ਜੀਉ ਜ਼ਜ਼1 ਜ਼ਜ਼

ਇਸ ਚਿੱਠੀ ਦਾ ਉਤਰ ਨਾ ਆਇਆ ਤਾਂ ਕੁੱਝ ਦਿਨਾਂ ਪਿੱਛੋਂ ਉਨ੍ਹਾਂ ਨੇ ਹੇਠ ਲਿਖੇ ਅਨੁਸਾਰ ਦੂਸਰੀ ਤੇ ਤੀਸਰੀ ਚਿੱਠੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਲਿਖੀ।

ਤੇਰਾ ਮੁੱਖ ਸਹਾਵਾ ਜੀਉ ਸਹਜ ਧੁਨਿ ਬਾਣੀ ਜ਼ਜ਼ ਚਿਰ ਹੋਆ ਸਾਰਿੰਗ ਪਾਣੀ ਜ਼ਜ਼
ਧੰਨ ਸੁ ਦੇਸੁ ਜਹਾਂ ਤੂੰ ਵਸਿਆ, ਮੇਰੇ ਸਜਣ ਮੀਤ ਮੁਰਾਰੇ ਜੀਓ ਜ਼ਜ਼ ਜ਼ਜ਼
ਹੋਅ ਘੋਲੀ ਜੀਓ ਘੋਲਿ ਘੁਮਾਈ ਜ਼ਜ਼ ਗੁਰੂ ਸਜਣ ਮੀਤ ਮੁਰਾਰੇ ਜੀਓ ਜ਼ਜ਼
ਇੱਕ ਘੜੀ ਨਾ ਮਿਲਤੇ ਤਾ ਕਲਜੁਗੁ ਹੋਤਾ ਜ਼ਜ਼
ਹੁਣ ਕਦਿ ਮਿਲੀਆ ਪ੍ਰਿਆ ਤੁਧੁ ਭਗਵੰਤਾ ਜ਼ਜ਼
ਮੋਹਿ ਰੇਣਿ ਨਾ ਵਿਹਾਵੈ ਨੀਦ ਨ ਆਵੈ ਜ਼ਜ਼ ਬਿਨ ਦੇਖੇ ਗੁਰੂ ਦਰਬਾਰੇ ਜੀਓ ਜ਼ਜ਼3 ਜ਼ਜ਼

ਪਹਿਲੀ ਤੇ ਦੂਜੀ ਦੋਵੇ ਚਿਠੀਆਂ ਸ੍ਰੀ ਗੁਰੂ ਰਾਮਦਾਸ ਜੀ ਮਹਾਂਰਾਜ ਤੱਕ ਨਾ ਪੁੱਜੀਆਂ ਇਹ ਦੋਵੇਂ ਹੀ ਰਸਤੇ ਵਿੱਚ ਸ੍ਰੀ ਪ੍ਰਿਥੀ ਚੰਦ ਨੇ ਕਾਸਦ ਪਾਸੋਂ ਲੈ ਕੇ ਆਪਣੇ ਪਾਸ ਰੱਖ ਲਈਆਂ, ਪਰੰਤੂ ਤੀਜੀ ਚਿਠੀ ਭੇਜਣ ਸਮੇਂ ਕਿਉਂਕਿ ਸ੍ਰੀ ਅਰਜਨ ਦੇਵ ਜੀ ਨੇ ਕਾਸਦ ਨੂੰ ਤਾਕੀਦ ਕਰ ਦਿੱਤੀ ਸੀ ਕਿ ਉਹ ਸ੍ਰੀ ਗੁਰੂ ਰਾਮਦਾਸ ਜੀ ਮਹਾਂਰਾਜ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਦੇਵੇ ਇਸ ਲਈ ਉਹ ਉਨ੍ਹਾਂ ਪਾਸ ਪੁੱਜ ਗਈ। ਚਿੱਠੀ ਦੇ ਹੇਠਾਂ ਤੀਸਰਾ ਅੰਕ ਵੇਖ ਕੇ ਓਨ੍ਹਾਂ ਨੇ ਸਮਝ ਲਿਆ ਕਿ ਦੋ ਚਿੱਠੀਆਂ ਇਸ ਤੋਂ ਪਹਿਲਾਂ ਵੀ ਆ ਚੁੱਕੀਆਂ ਹਨ।

ਉਨ੍ਹਾਂ ਨੇ ਸ੍ਰੀ ਪ੍ਰਿਥੀ ਚੰਦ ਨੂੰ ਸਦ ਕੇ ਪਹਿਲੀਆਂ ਚਿੱਠੀਆਂ ਮੰਗੀਆਂ ਪਰੰਤੂ ਉਹ ਸਾਫ ਹੀ ਮੁੱਕਰ ਗਿਆ ਇਸ ਤੇ ਗੁਰੂ ਜੀ ਨੇ ਇੱਕ ਸੇਵਕ ਨੂੰ ਹੁਕਮ ਦਿੱਤਾ ਕਿ ਚਿੱਠੀਆਂ ਉਸ ਦੇ ਚੋਗੇ ਦੀ ਜੇਬ ਵਿੱਚ ਪਈਆਂ ਹਨ, ਜਾ ਕੇ ਕੱਢ ਲਿਆਵੇ। ਸੇਵਕ ਹੁਕਮ ਅਨੁਸਾਰ ਚਿੱਠੀਆਂ ਕੱਢ ਲਿਆਇਆ, ਸ੍ਰੀ ਗੁਰੂ ਰਾਮਦਾਸ ਜੀ ਮਹਾਂਰਾਜ ਇਹ ਪ੍ਰੇਮ ਭਰਪੂਰ ਚਿੱਠੀਆਂ ਵੇਖ ਕੇ ਬਹੁਤ ਹੀ ਪ੍ਰਸੰਨ ਹੋਏ। ਉਸੇ ਵੇਲੇ ਇੱਕ ਖਾਸ ਆਦਮੀ ਲਾਹੌਰ ਸ੍ਰੀ ਅਰਜਨ ਦੇਵ ਜੀ ਨੂੰ ਸਦਣ ਲਈ ਭੇਜ਼ ਦਿੱਤਾ ਅਤੇ ਦੂਸਰੇ ਦਿਨ ਹੀ ਉਹ ਅੰਮ੍ਰਿਤਸਰ ਪੁਜ ਗਏ । ਜਦੋਂ ਉਹ ਦਰਬਾਰ ਵਿੱਚ ਆਏ ਤਾਂ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਉਕਤ ਸ਼ਬਦਾਂ ਦਾ ਚੋਥਾ ਅੰਕ ਉਚਾਰ ਕੇ ਉਸ ਨੂੰ ਸੰਪੂਰਨ ਕਰਨ ਲਈ ਕਿਹਾ। ਗੁਰੂ ਪਿਤਾ ਦੀ ਚਰਨ ਧੂੜ ਲੈ ਕੇ ਉਨਾਂ ਨੇ ਹੇਠ ਲਿਖੇ ਅਨੁਸਾਰ ਸ਼ਬਦ ਦਾ ਉਚਾਰਨ ਕੀਤਾ:



ਵਿਨੋਦ ਫ਼ਕੀਰਾ
ਸਟੇਟ ਐਵਾਰਡੀ,
91-98721-97326

ਭਾਗ ਹੋਆ ਗੁਰ ਸੰਤੁ ਮਿਲਾਇਆ ਜ਼ਜ਼ ਪ੍ਰਭ
ਅਬਿਨਾਸੀ ਘਰ ਮਹਿ ਪਾਇਆ ਜ਼ਜ਼ ਸੇਵ
ਕਹੀਂ ਪਲੁ ਚਜਾ ਨਾ ਵਿਛੁੜਾ ਜਨ ਨਾਨਕ
ਦਾਸ ਤੁਮਾਰੇ ਜੀਉ ਜ਼ਜ਼ ਹਉ ਘੋਲੀ ਜੀਉ
ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ
ਜੀਉ ਜ਼ਜ਼

ਇਹ ਸ਼ਬਦ ਦਾ ਉਚਾਰਣ ਸੁਣ ਕੇ ਗੁਰੂ ਜੀ ਮਹਾਰਾਜ ਸਾਰੀ ਸੰਗਤ ਨਾਲ ਖੁਸ਼ੀ ਨਾਲ ਖਿੜ ਉਠੀ ਗੁਰੂ ਮਹਾਂਰਾਜ ਨੇ ਉਹਨਾਂ ਨੂੰ ਗੁਰੂ ਗੱਦੀ ਦੇਣ ਦਾ ਫੈਸਲਾ ਲਿਆ । ਇਸ ਤੇ ਪ੍ਰਿਥੀ ਚੰਦ ਬੜਾ ਔਖਾ ਹੋਇਆ । ਉਸ ਨੇ ਕਿਹਾ ਕਿ ਂ ਵੱਡਾ ਪੁੱਤਰ ਮੈਂ ਹਾਂ, ਇਸ ਲਈ ਗੁਰ ਗੱਦੀ ਅਤੇ ਜਾਇਦਾਦ ਤੇ ਮੇਰਾ ਹੱਕ ਹੈਂ ਉਸ ਨੇ ਇਸ ਲਈ ਭਜ ਦੋੜ ਕੀਤੀ ਅਤੇ ਅਤੇ ਲਾਲਚ ਦੇ ਕੇ ਕੁੱਝ ਸਿੱਖਾਂ ਤੇ ਮਸੰਦਾਂ ਨੂੰ ਵੀ ਆਪਣੇ ਵੱਲ ਕਰ ਲਿਆ, ਉਹ ਨਹੀਂ ਸੀ ਜਾਣਦਾ ਗੁਰ ਗਦੀ ਕੋਈ ਸੰਸਾਰਕ ਚੀਜ਼ ਨਹੀਂ ਕਿ ਜਿਸ ਉਪਰ ਵੱਡੇ ਪੁੱਤਰ ਦਾ ਹੀ ਹੱਕ ਹੋ ਸਕਦਾ ਹੈ, ਉਹ ਲਾਲਚ ਨਾਲ ਅੰਨਾ ਹੋਇਆ ਰੋਲਾ ਪਾਈ ਚਲਿਆ ਗਿਆ, ਪ੍ਰੰਤੂ ਗੁਰੂ ਨਾਨਕ ਦੀ ਗੱਦੀ ਇਹੋ ਜਿਹੇ ਹੌਲੇ ਤੇ ਲਾਲਚੀ ਬੰਦੇ ਨੂੰ ਕਿਸ ਤਰ੍ਹਾਂ ਮਿਲ ਸਕਦੀ ਸੀ, ਚੋਥੇ ਸਤਿਗੁਰੂ ਨੇ ਉਸ ਦੇ ਰੋਲੇ ਗੋਲੇ ਦੀ ਰਤਾ ਵੀ ਪ੍ਰਵਾਹ ਨਾ ਕੀਤੀ ਅਤੇ ਭਾਦੋਂ ਸੁਦੀ 2 ਸੰਮਤ 1638 ਬਿ.( 1 ਸਤੰਬਰ 1581) ਨੂੰ ਸ੍ਰੀ ਅਰਜਨ ਦੇਵ ਜੀ ਨੂੰ ਗੁਰ ਗਦੀ ਦੇ ਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਣਾ ਦਿਤਾ ਅਤੇ ਇਸ ਤੋਂ ਅਗਲੇ ਦਿਨ ਆਪ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜਾ ਕੇ ਜ਼ੋਤੀ ਜ਼ੋਤ ਸਮਾ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਗੁਰ ਗਦੀ ਤੇ ਬਿਰਾਜਮਾਨ ਹੋਣ ਕਰਕੇ ਉਨ੍ਹਾਂ ਦਾ ਵੱਡਾ ਭਰਾ ਪ੍ਰਿਥੀ ਚੰਦ ਸੜ ਬਲ ਕੇ ਕੋਲੇ ਹੋ ਗਿਆ। ਉਸ ਵੱਲੋਂ ਉਹਨਾਂ ਦੀ ਬੜੇ ਜ਼ੋਰ ਨਾਲ ਵਿਰੋਧਤਾ ਸ਼ੁਰੂ ਕਰ ਦਿੱਤੀ ਗਈ। ਉਸ ਨੇ ਕਈ ਮਸੰਦਾਂ ਨੂੰ ਵੀ ਆਪਣੇ ਨਾਲ ਮਿਲਾ ਲਿਆ ਅਤੇ ਬਾਹਰੋਂ ਸੰਗਤਾਂ ਵੱਲੋਂ ਆਈ ਸਾਰੀ ਮਾਇਆ ਸਮੇਟਣੀ ਸ਼ੁਰੂ ਕਰ ਦਿੱਤੀ। ਮਾਇਆ ਤੇ ਰਾਸ਼ਨ ਜ਼ੋ ਕੁੱਝ ਵੀ ਬਾਹਰੋਂ ਔਂਦਾ, ਉਹ ਆਪ ਸਮੇਟ ਲੈਦਾ ਅਤੇ ਜਦ ਸੰਗਤਾਂ ਪ੍ਰਸ਼ਾਦਿ ਛੱਕਣ ਲਈ ਆਉਂਦੀਆਂ ਤਾਂ ਉਹਨਾਂ ਨੂੰ ਗੁਰੂ ਦੇ ਲੰਗਰ ਵੱਲ ਤੋਰ ਦਿੰਦਾ ਇਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਦਾ ਲੰਗਰ ਮਸਤਾਨਾ ਰਹਿਣ ਲਗ ਪਿਆ ਅਤੇ ਗੁਰੂ ਮਹਾਂਰਾਜ ਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਰੁੱਖੀ ਮਿਸੀ ਖਾ ਕੇ ਗੁਜਾਰਾ ਕਰਨ ਲਈ ਮਜਬੂਰ ਹੋਣਾ ਪਿਆ, ਕਿਉਂਕਿ ਸ੍ਰੀ ਪ੍ਰਿਥੀ ਚੰਦ ਨੇ ਆਮਦਨ ਦੇ ਤਾਂ ਸਾਰੇ ਹੀ ਰਸਤੇ ਰੋਕ ਲਏ ਸਨ।

ਸ੍ਰੀ ਪ੍ਰਿਥੀ ਚੰਦ ਬੜਾ ਹੀ ਨੀਚ ਸਾਬਤ ਹੋਇਆ, ਉਸ ਨੇ ਇੱਕ ਪਾਸੇ ਤਾਂ ਗੁਰੂ ਘਰ ਦੀ ਆਮਦਨੀ ਤੇ ਜਾਇਦਾਦ ਪਰ ਇੱਕ ਤਰ੍ਹਾਂ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਦੂਸਰੇ ਪਾਸੇ ਗੁਰੂ ਮਹਾਰਾਜ ਦੇ ਵਿਰੁੱਧ ਬਾਦਸ਼ਾਹ ਤੇ ਉਸ ਦੇ ਆਦਮੀਆਂ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਪਿਛੋਂ ਜਾ ਕੇ ਗੁਰੂ ਮਹਾਰਾਜ ਨੂੰ ਸ਼ਹੀਦੀ ਦੇਣੀ ਪਈ।

ਜੱਦ ਗੁਰੂ ਦਾ ਲੰਗਰ ਇਸ ਤਰ੍ਹਾਂ ਮਸਤਾਨਾ ਰਹਿਣ ਲਗਾ ਤਾਂ ਸਿਦਕਵਾਨ ਸਿਖਾਂ ਨੂੰ ਬੜੀ ਪ੍ਰੇਸ਼ਾਨੀ ਹੋਈ। ਭਾਈ ਗੁਰਦਾਸ ਜੀ ਆਗਰੇ ਤੋਂ ਭੱਜੇ ਭੱਜੇ ਸ੍ਰੀ ਅੰਮ੍ਰਿਤਸਰ ਆਏ ਅਤੇ ਹੋਰ ਸਿੱਖਾਂ ਬਾਬਾ ਬੁੱਢਾ ਜੀ ਤੇ ਭਾਈ ਸਾਹਲੋ ਜੀ ਆਦਿ ਨਾਲ ਸਲਾਹ ਕਰਕੇ ਮੁੜ ਲੰਗਰ ਚਲਾਉਣ ਦਾ ਪ੍ਰਬੰਧ ਕਰਨ ਲਗੇ। ਉਹ ਕੁਝ ਸਿੱਖਾਂ ਨੂੰ ਨਾਲ ਲੈ ਕੇ ਉਸ ਥਾਂ ਤੇ ਜਾ ਬੈਠੇ ਜਿੱਥੇ ਅੱਜ ਕੱਲ੍ਹ ਪੁਤਲੀ ਘਰ ਦੇ ਕੋਲ ਗੁਰਦੁਆਰਾ ਪਿਪਲੀ ਸਾਹਿਬੋ ਬਣਿਆ ਹੋਇਆ ਹੈ। ਸਾਰੇ ਸਿਖਾਂ ਨੂੰ ਸਚਾਈ ਤੋਂ ਜਾਣੂ ਕਰਵਾਉਣਾ ਸ਼ੁਰੂ ਕਰ ਦਿੱਤਾ । ਇਸ ਦਾ ਨਤੀਜਾ ਬਹੁਤ ਹੀ ਚੰਗਾ ਹੋਇਆ। ਸੰਗਤਾਂ ਪ੍ਰਿਥੀ ਚੰਦ ਨੂੰ ਨਫ਼ਰਤ ਕਰਨ ਲਗ ਪਈਆਂ ਅਤੇ ਉਸ ਦਾ ਨਾਮ ਮਿਣਾਂ ਪਾ ਦਿੱਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਤੋਂ ਉੱਠਕੇ ਸ੍ਰੀ ਵਡਾਲੀ ਸਾਹਿਬ ਜਾ ਬੈਠੇ ਅਤੇ ਸੰਗਤਾਂ ਨੇ ਵੀ ਉਥੇ ਹੀ ਉਨਾਂ ਦੇ ਦਰਸ਼ਨਾ ਲਈ ਆਉਣਾ ਸ਼ੁਰੂ ਕਰ ਦਿੱਤਾ, ਜਿੱਥੇ ਜੰਗਲ ਵਿੱਚ ਮੰਗਲ ਹੋ ਗਿਆ ਅਤੇ ਬੇ-ਗਿਣਤ ਮਾਇਆ ਗੁਰੂ ਘਰ ਵਿੱਚ ਪੁਜਣੀ ਸ਼ੁਰੂ ਹੋ ਗਈ। ਗੁਰੂ ਦਾ ਲੰਗਰ ਇੱਕ ਵਾਰ ਫਿਰ ਅਤੁੱਟ ਵਰਤਣਾ ਸ਼ੁਰੂ ਹੋ ਗਿਆ। ਹੁਣ ਪ੍ਰਿਥੀ ਚੰਦ ਦਾ ਕੰਮ ਕੇਵਲ ਸੜਣਾ ਹੀ ਰਹਿ ਗਿਆ, ਕਿਉਂਕਿ ਸੰਗਤਾਂ ਨੇ ਉਸ ਤੇ ਭਰੋਸਾ ਕਰਨ ਤੋਂ ਉਕਾ ਹੀ ਇਨਕਾਰ ਕਰ ਦਿੱਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤਿੰਨ ਸਾਲ ਸ੍ਰੀ ਵਡਾਲੀ ਸਾਹਿਬ ਵਿੱਚ ਰਹੇ ਅਤੇ ਇੱਥੇ ਹੀ ਬਾਬਾ ਬੁੱਢਾ ਜੀ ਦੇ ਵਰ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਵਤਾਰ ਧਾਰਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸੋਭਾ ਤੇ ਪਰਤਾਪ ਛੇਤੀ ਹੀ ਸੂਰਜ ਵਾਂਗ ਚਮਕਾਰੇ ਮਾਰਦਾ ਹੋਇਆ ਵਿਖਾਈ ਦੇਣ ਲਗਾ, ਬੇਅੰਤ ਸੰਗਤਾਂ ਹਰ ਰੋਜ਼ ਅੰਮ੍ਰਿਤਸਰ ਪੁਜਣ ਅਤੇ ਬੇਅੰਤ ਮਾਇਆ ਅਰਦਾਸ ਕਰਾਉਣ ਲਗੀਆਂ। ਇਸ ਤੇ ਗੁਰੂ ਮਹਾਰਾਜ ਨੇ ਉਸਾਰੀ ਤੇ ਠੋਸ ਕੰਮਾਂ ਵੱਲ ਧਿਆਨ ਦੇਣ ਸ਼ੁਰੂ ਕਰ ਦਿੱਤਾ ਵਡਾਲੀ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਆ ਕੇ ਉਨ੍ਹਾਂ ਨੇ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਸਰੋਵਰ ਦੀ ਕਾਰਸੇਵਾ ਕਰਾ ਕੇ ਉਸ ਨੂੰ ਪੱਕਿਆਂ ਕਰ ਦਿੱਤਾ । ਇਸ ਤੋਂ ਪਿਛੋਂ ਦਰਸ਼ਨੀ ਡਿਉਢੀ, ਗੁਰੂ ਬਜ਼ਾਰ ਤੇ ਗੁਰੂ ਕੇ ਮਹੱਲ ਬਣਵਾਏ। ਫੇਰ ਸੰਤੋਖ਼ਸਰ ਦੇ ਸਰੋਵਰ ਨੂੰ ਪੱਕਿਆਂ ਕੀਤਾ ਅਤੇ ਜਦੋਂ ਉਸ ਪਾਸੇ ਵਲੋਂ ਵੇਹਲੇ ਹੋਏ ਤਾਂ ਸ੍ਰੀ ਹਰਮਿੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਇਸ ਦੀ ਨੀਂਹ ਰੱਖਣ ਲਈ ਗੁਰੂ ਮਹਾਂਰਾਜ ਨੇ ਉਸ ਸਮੇਂ ਦੇ ਇੱਕ ਬੜੇ ਵੱਡੇ ਮੁਸਲਮਾਨ ਮਹਾਂ ਪੁਰਖ ਮੀਆਂ ਮੀਰ ਜੀ ਨੂੰ ਖਾਸ ਤੋਰ ਤੇ ਲਾਹੌਰ ਤੋਂ ਸਦਿਆ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹਰੀ ਦੇ ਇਸ ਘਰ ਦੀ ਉਸਾਰੀ ਕਰਕੇ ਇਸ ਦੇ ਚਾਰੇ ਬੂਹੇ ਸੰਸਾਰ ਦੇ ਚੌਂਹਾਂ ਹੀ ਵਰਣਾ ਲਈ ਖੋਹਲ ਦਿੱਤੇ। ਬ੍ਰਾਹਮਣ, ਖੱਤਰੀ, ਵੈਸ਼ ਸ਼ੂਦਰ ਅਥਵਾ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਆਦਿ ਕਿਸੇ ਲਈ ਇਸ ਦੇ ਅੰਦਰ ਆਉਣ ਲਈ ਕੋਈ ਰੋਕ ਨਹੀ ਲਾਈ ਗਈ।

ਸ੍ਰੀ ਹਰਿਮੰਦਰ ਸਾਹਿਬ ਦੇ ਪਿੱਛੋ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਸਗੋਂ ਹੋਰ ਤੇਜ਼ ਕਰ ਦਿੱਤਾ। ਉਨ੍ਹਾਂ ਨੇ ਸ੍ਰੀ ਤਰਨਤਾਰਨ ਦਾ ਸ਼ਹਿਰ ਵਸਾਇਆ ਅਤੇ ਉੱਥੇ ਇੱਕ ਬਹੁਤ ਵੱਡਾ ਸਰੋਵਰ ਅਤੇ ਉਸ ਦੇ ਇੱਕ ਪਾਸੇ ਬਹੁਤ ਹੀ ਸੁਦੰਰ ਹਰਿਮੰਦਰ ਬਣਵਾਇਆ, ਸ੍ਰੀ ਛਿਹਰਟਾ ਸਾਹਿਬ, ਗੁਰੂ ਕਾ ਬਾਗ, ਸ੍ਰੀ ਬਾਉਲੀ ਸਾਹਿਬ ਅਤੇ ਹੋਰ ਬਹੁਤ ਸਾਰੀਆਂ ਉਸਾਰੀਆਂ ਗੁਰੂ ਅਰਜਨ ਦੇਵ ਜੀ ਵੱਲੋਂ ਕਰਵਾਈਆਂ ਗਈਆਂ। ਸਚਾਈ ਇਹ ਕਿ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਉਸਾਰੀ ਦੇ ਕੰਮ ਦਾ ਇੱਕ ਸ਼ਾਨਦਾਰ ਨਵਾਂ ਰਿਕਾਰਡ ਕਾਇਮ ਕਰ ਕੇ ਵਿਖਾ ਦਿੱਤਾ ਸੀ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸਿਖ ਕੌਮ ਅਤੇ ਸੰਸਾਰ ਉਤੇ ਬੇਅੰਤ ਉਪਰਕਾਰ ਕੀਤੇ ਹਨ ਉਨਾਂ ਵਿੱਚ ਸਭ ਤੋਂ ਵੱਡਾ ਉਪਕਾਰ ਰੱਬੀ ਬਾਣੀ ਦੇ ਸਵਾਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਣਾਉਣੀ ਅਤੇ ਉਸ ਦੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਸਥਾਪਨਾ ਕਰਨੀ ਹੈ। ਇਸ ਮਹਾਨ ਕੰਮ ਨੂੰ ਗੁਰੂ ਮਹਾਰਾਜ ਨੇ ਹੱਥ ਵਿੱਚ ਲਿਆ ਅਤੇ ਸਿਰੇ ਚਾੜਿਆ।

ਇਹ ਇੱਕ ਕਠਿਨ ਕੰਮ ਸੀ । ਇਸ ਦੀ ਖਾਸ ਕਠਿਨਾਈ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਤੀਸਰੀ ਅਤੇ ਚੋਥੀ ਪਾਤਿਸ਼ਾਹੀ ਨੇ ਬਾਣੀ ਦਾ ਜ਼ੋ ਉਚਾਰਨ ਕੀਤਾ ਸੀ ਉਹ ਇੱਕ ਥਾਂ ਨਹੀਂ ਸੀ। ਗੁਰਬਾਣੀ ਦੀ ਸੰਭਾਲ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ਼ੁਰੂ ਕੀਤੀ ਸੀ ਪਰੰਤੂ ਸੈਂਚੀਆਂ ਦੇ ਰੂਪ ਵਿੱਚ ਉਸ ਦਾ ਬਹੁਤਾ ਹਿੱਸਾ ਸ੍ਰੀ ਗੁਰੂ ਅਰਮਦਾਸ ਜੀ ਮਹਾਰਾਜ ਦੇ ਸਪੁੱਤਰ ਸ੍ਰੀ ਮੋਹਨ ਜੀ ਕੋਲ ਸੀ ਜੋ ਉਸ ਸਮੇਂ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਵਾਹਿਗੁਰੂ ਵਿੱਚ ਵਾਹਿਗੁਰੂ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ ਅਤੇ ਕਿਸੇ ਨਾਲ ਕੋਈ ਗਲ ਬਾਤ ਬਹੁਤ ਹੀ ਘੱਟ ਕਰਦੇ ਸਨ।ਉਸ ਸਮੇਂ ਤੱਕ ਬੀੜ ਤਿਆਰ ਨਹੀਂ ਸੀ ਹੋ ਸਕਦੀ ਜੱਦ ਤੱਕ ਇਹ ਸੈਂਚੀਆਂ ਅਥਵਾ ਪੋਥੀਆਂ ਪ੍ਰਾਪਤ ਨਾ ਕੀਤੀਆ ਜਾਂਦੀਆਂ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਕੀਤਾ। ਜਦੋਂ ਬੀੜ ਦਾ ਕੰਮ ਸ਼ੁਰੂ ਕੀਤਾ ਤਾਂ ਮੋਹਨ ਜੀ ਪਾਸੋਂ ਸੈਂਚੀਆਂ ਲਿਆਉਣ ਲਈ ਦੋ ਵੱਡੇ ਸਿਖਾਂ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਮੋਹਨ ਜੀ ਪਾਸ ਭੇਜਿਆ। ਪ੍ਰੰਤੂ ਉਨ੍ਹਾਂ ਨੇ ਸਮਾਧੀ ਤੋਂ ਉੱਠ ਕੇ ਸੈਂਚੀਆਂ ਦੇਣ ਤੋਂ ਨਾਂਹ ਕਰ ਦਿੱਤੀ ਤੇ ਆਖਣ ਲੱਗੇ ਗੁਰੂ ਘਰ ਦੀ ਯਾਦਗਰ ਇਹ ਸੈਂਚੀਆਂ ਹੀ ਤਾਂ ਸਾਡੇ ਪਾਸ ਹਨ, ਇਹ ਅਸੀ ਕਿਸੇ ਨੂੰ ਹੀ ਨਹੀਂ ਦੇ ਸਕਦੇੌਂ ਇਹ ਕੋਰਾ ਜਵਾਬ ਲੈ ਕੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਿਰਾਸ਼ ਹੋ ਕੇ ਸ੍ਰੀ ਅੰਮ੍ਰਿਤਸਰ ਵਾਪਿਸ ਆ ਗਏ । ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਪੈਦਲ ਨੰਗੇ ਪੈਰੀਂ ਸ੍ਰੀ ਗੋਇੰਵਾਲ ਸਾਹਿਬ ਸ੍ਰੀ ਮੋਹਨ ਜੀ ਦੇ ਚੁਬਾਰੇ ਹੇਠਾਂ ਜਾ ਖੜੇ ਹੋਏ ਮੋਹਨ ਜੀ ਸਮਾਧੀ ਲਾਈ ਬੈਠੇ ਸਨ। ਉਨ੍ਹਾਂ ਦਾ ਧਿਆਨ ਖਿੱਚਣਾ ਤੇ ਖੁੱਸ਼ ਕਰਕੇ ਗੁਰਬਾਣੀ ਦੀਆਂ ਸੈਂਚੀਆਂ ਜਿਹੀ ਅੱਮੂਲੀ ਦੋਲਤ ਪ੍ਰਾਪਤ ਕਰਨੀ ਕੋਈ ਸੋਖੀ ਗੱਲ ਨਹੀਂ ਸੀ ਪਰੰਤੂ ਗੁਰੂ ਮਹਾਂਰਾਜ ਲਈ ਇਹ ਮੁਸ਼ਕਲ ਵੀ ਕੀ ਸੀ, ਕਿਉਂਕਿ ਉਹ ਤਾਂ ਪ੍ਰੇਮ ਤੇ ਨਿੰਮ੍ਰਤਾ ਦਾ ਅਵਤਾਰ ਸਨ।

ਉਹਨਾਂ ਨੇ ਸ੍ਰੀ ਮੋਹਨ ਜੀ ਨੂੰ ਪ੍ਰੇਮ ਨਾਲ ਮੋਹਣ ਦਾ ਫੈਸਲਾ ਕੀਤਾ ਚੁਬਾਰੇ ਦੇ ਹੇਠਾਂ ਬਹਿ ਕੇ ਕੀਰਤਨ ਉਚਾਰਨ ਕੀਤਾ ਤਾਂ ਮੋਹਨ ਜੀ ਗੁਰੂ ਜੀ ਦੀ ਪ੍ਰੇਮਾ ਭਗਤੀ ਨੂੰ ਵੇਖ ਕੇ ਖੁੱਸ਼ ਹੋ ਗਏ ਅਤੇ ਬੀੜ ਤਿਆਰ ਕਰਨ ਲਈ ਸੈਂਚੀਆਂ ਗੁਰੂ ਜੀ ਨੂੰ ਦੇ ਦਿੱਤੀਆਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਬਾਣੀ ਦਾ ਉਚਾਰਨ ਕੀਤਾ। ਸੁਖਮਨੀ ਸਾਹਿਬ, ਬਾਰਹਮਾਹਾ ਮਾਝ, ਬਾਵਨ ਅੱਖਰੀ, ਗਾਥਾ, ਫੁਨਹੇ, ਸਲੋਕ ਸਹਸਕ੍ਰਿਤੀ ਆਪ ਜੀ ਦੀਆਂ ਆਮ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਸਿੱਖੀ ਦਾ ਵੱਧਦਾ ਪ੍ਰਸਾਰ ਅਤੇ ਗੁਰੂ ਸਾਹਿਬਾਨ ਜੀ ਵੱਲੋਂ ਨਿਰਭਉ ਹੋ ਕੇ ਅਜ਼ਾਦੀ ਨਾਲ ਜਿੰ ਜੀਉਣ ਦੀ ਕੀਤੀ ਜਾ ਰਹੀ ਪ੍ਰੇਰਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪਹਿਲਾ ਮੁੱਖ ਕਾਰਨ ਸੀ। ਇਸ ਸਭ ਕੁੱਝ ਨੂੰ ਵੇਖ ਕੇ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਗੁਰਿਆਈ ਨਾ ਮਿਲਣ ਕਾਰਣ ਗੁਰੂ ਜੀ ਨਾਲ ਈਰਖਾ ਰੱਖਦਾ ਸੀ ਅਤੇ ਉਸ ਨੇ ਮੁਗਲ ਸਲਤਨਤ ਨੂੰ ਗੁਰੂ ਜੀ ਦੇ ਖਿਲਾਫ ਭੜਕਾਉਣਾ ਸ਼ੁਰੂ ਕਰ ਦਿੱਤਾ।ਗੁਰੂ ਸਾਹਿਬ ਵੱਲੋਂ ਸੰਗਤ ਦੇ ਕਹਿਣ ਤੇ ਚੰਦੂ ਦੀ ਧੀ ਦਾ ਰਿਸ਼ਤਾ ਸ੍ਰੀ ਹਰਿਗੋਬਿੰਦ ਜੀ ਨਾਲ ਨਾ ਕਰਨ ਕਰਕੇ ਉਹ ਵੀ ਗੁਰੂ ਜੀ ਦਾ ਦੁਸ਼ਮਣ ਬਣ ਗਿਆ ਅਤੇ ਉਸਨੇ ਵੀ ਗੁਰੂ ਜੀ ਖਿਲਾਫ਼ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ।

ਸ਼ੇਖ ਅਹਿਮਦ ਸਰਹਿੰਦੀ ਰਾਜਸੀ ਸ਼ਕਤੀ ਨੂੰ ਇਸਲਾਮਿਕ ਵਾਧੇ ਲਈ ਵਰਤਣ ਦਾ ਮੁਦਈ ਸੀ। ਉਹ ਮੁਰਤਜ਼ਾ ਖਾਨ ਰਾਂਹੀ ਜਹਾਂਗੀਰ ਨੂੰ ਗੁਰੂ ਜੀ ਖਿਲਾਫ ਭੜਕਾਉਂਦਾ ਰਹਿੰਦਾ ਸੀ। ਉਹ ਗੁਰੂ ਸਾਹਿਬ ਦੀ ਸ਼ਹਾਦਤ ਲਈ ਮੁਗਲ ਹਕੂਮਤ ਨੂੰ ਉਕਸਾਉਣ ਦਾ ਕਾਰਨ ਬਣਿਆ।ਇਸ ਦੇ ਨਾਲ ਹੀ ਭਗਤ ਕਾਹਨਾ ਵਰਗੇ ਹੰਕਾਰੀ ਅਤੇ ਅਖੌਤੀ ਧਾਰਮਿਕ ਪੁਰਸ਼ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਵਾਉਣਾ ਚਾਹੁੰਦੇ ਸਨ, ਜਿਸ ਲਈ ਉਨ੍ਹਾਂ ਸਰਕਾਰੀ ਦਬਾਅ ਵੀ ਪਾਇਆ ਪਰ ਗੁਰੂ ਜੀ ਨੇ ਉਨ੍ਹਾਂ ਦੀ ਬਾਣੀ, ਬ੍ਰਹਿਮੰਡੀ ਵਿਚਾਰਧਾਰਾ ਦੇ ਅਨੁਕੂਲ ਨਾ ਹੋਣ ਕਾਰਨ, ਕਿਸੇ ਦਬਾਅ ਦੀ ਪ੍ਰਵਾਹ ਨਾ ਕਰਦੇ ਹੋਏ ਸਿਰਫ਼ ਰੱਬੀ ਬਾਣੀ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਿਲ ਕੀਤਾ। ਇਸ ਕਾਰਨ ਉਹ ਸਾਰੇ ਗੁਰੂ ਜੀ ਦੇ ਖਿਲਾਫ਼ ਹੋ ਗਏ। ਇਸ ਦੇ ਨਾਲ ਹੀ ਸ੍ਰੀ ਗੁਰੂ

(ਬਾਕੀ ਅਗਲੇ ਸਫੇ 'ਤੇ)

# "ਬੰਗਿਆਂ ਦੇ ਭੰਡ"

ਇਕਬਾਲ ਸਿੰਘ ਜੱਬੋਵਾਲੀਆ
1-917-375-6395



"ਜੜ੍ਹਾਂ ਹਰੀਆਂ, ਭਾਗ ਲੱਗੇ ਰਹਿਣ, ਜਜ਼ਮਾਨਾਂ ਦੀ ਹਵੇਲੀ ਜੁੱਗ ਜੁੱਗ ਜੀਵੇ, ਹੈਡਮਾਸਟਰ ਸਾ'ਬ ਦੀ ਹਵੇਲੀ ਨੂੰ ਭਾਗ ਲੱਗੇ ਰਹੈਣ, 'ਮਰੀਕਾ ਆਲਿਆਂ ਦੇ ਬੱਚੇ ਜੀਦੇਂ ਰਹੈਣ।"-ਕਹਿੰਦੇ ਬੰਗਿਆਂ ਦੇ ਭੰਡ ਡੌਰੂ ਵਜਾਉਂਦੇ ਗੇਟਾਂ 'ਚ ਆ ਖੜ੍ਹੇ।

ਮੈਂ ਹੈਰਾਨ ਵੀ ਹੋਇਆ ਤੇ ਖੁਸ਼ ਵੀ।ਹੈਰਾਨ ਇਸ ਕਰਕੇ ਹੋਇਆ ਕਿ ਮੇਰੇ ਆਉਂਣ ਦਾ ਇਨ੍ਹਾਂ ਨੂੰ ਪਤਾ ਕਿਵੇਂ ਲੱਗਾ।ਖੁਸ਼ ਇਸ ਕਰਕੇ ਕਿ ਪਿੰਡਾਂ 'ਚ ਘੁੰਮਦੇ ਘੁੰਮਾਉਂਦੇ ਮੈਨੂੰ ਕਿਤੇ ਨਾ ਕਿਤੇ ਮਿਲ ਜਰੂਰ ਜਾਂਦੇ ਸਨ।ਦੂਜਾ ਮੇਰੇ ਵੱਡੇ ਸਵ.ਵੀਰ ਹੈਡਮਾਸਟਰ ਗਿਆਨ ਸਿੰਘ ਵੀ ਉਹਨਾਂ ਨੂੰ ਕਦੇ ਖਾਲੀ ਨਹੀਂ ਸੀ ਮੋੜਦਾ।

"ਭੰਡਾ ਪਹਿਲਾਂ ਇਹ ਦੱਸ, ਤੈਨੂੰ ਮੇਰੇ ਆਉਂਣ ਦਾ ਪਤਾ ਕਿਵੇਂ ਲੱਗਾ"-ਮੈਂ ਸਰਸਰੀ ਪੁਛਿਆ। ਉਹਦਾ ਨਾਂ ਤਾਂ ਮੀਤਾ ਸੀ ਪਰ ਮੈਂ ਉਹਨੂੰ ਭੰਡ ਕਹਿੰਦਾ ਸਾਂ। "ਸਰਦਾਰਾ! ਤੂੰ ਸਾਡਾ ਖਾਸ ਬੰਦੈ, ਤੇਰੇ ਕੋਲ ਝੂਠ ਕਾਹਦਾ! ਪਿੰਡਾਂ 'ਚ ਸਾਡੇ ਖਾਸ ਬੰਦੇ ਹੁੰਦੇ ਨੇ, ਸਾਨੂੰ ਮਿੰਟ ਮਿੰਟ ਦੀ ਰਿਪੋਟ ਦਿੰਦੇਂ ਰਹਿੰਦੇ ਨੇ। ਪਲ ਪਲ ਦੀ ਖਬਰ ਸਾਨੂੰ ਮਿਲਦੀ ਰਹਿੰਦੀ ਐ,ਕੇਹੜੇ ਪਿੰਡ 'ਚ ਕੌਣ ਕੌਣ ਆਇਐ।ਜਦੋਂ ਸਾਨੂੰ ਤੇਰੇ ਆਏ ਦਾ ਪਤਾ ਲੱਗਾ ਧਰਮ ਨਾਲ ਚਾਅ ਚੜ੍ਹ ਗਿਆ।ਝੱਟ ਭੱਜੇ ਆਏ , ਰੋਟੀ ਨਾ ਖਾਧੀ।ਸੋਚਿਆ ਜਾ ਕੇ ਜੱਬੋਆਲ ਈ ਖਾਵਾਂਗੇ।"

"ਜੇ ਕੈਮ ਆ ਤਾਂ, ਆਉ ਲਾਈਏ ਰੌਣਕ ਮੇਲਾ"-ਮੇਰੇ ਕਹਿਣ ਦੀ ਦੇਰ ਸੀ, ਲੱਗ ਪਏ ਪਟਾਕੀਆਂ 'ਤੇ ਪਟਾਕੀਆਂ ਮਾਰਨ। ਜਿਥੇ ਪਟਾਕੀ ਵੱਜੇ,ਉਥੇ ਠਾ ਹੱਥ ਰੱਖ ਲੈਣ।

"ਭੰਡਾ ਪਟਾਕੀ ਅਸਲੀ ਐ ਜਾਂ ਨਕਲੀ। ਤੇਰੇ ਸੱਟ ਨੀ ਲੱਗਦੀ?"

"ਮਰੀਕਾ ਆਲਿਆਂ ਕਿਉਂ ਭੰਡਾ ਪਿਛੇ ਪੈ ਗਿਐ! ਜੇ ਪਟਾਕੀ ਅਸਲੀ ਹੋਵੇ ਤਾਂ ਰੋਜ਼ ਦਾ ਇਕ ਭੰਡ ਨਾ ਮਰ ਜਾਏ?ਇਹ ਪਲਾਸਟਿਕ 'ਕੱਠੀ ਕੀਤੀ ਹੁੰਦੀ ਐ, ਖੜਕਾ ਬਹੁਤ ਕਰਦੀ ਐ। ਸਾਡੇ ਸੱਟ ਸੁੱਟ ਕੋਈ ਨੀ ਜੇ ਲੱਗਦੀ! ਬੱਸ ਡਰਾਮਾਂ ਜਿਹਾ ਕਰਦੇ ਹੁੰਨੇਂ ਆ, ਪੈਸੇ 'ਕੱਠੇ ਕਰਨ ਲਈ।"-ਕਹਿੰਦਾ ਹੱਸਿਆ।

"ਭੰਡੋ ਆਉ! ਤਾ'ਡੀ ਫ਼ੋਟੋ ਖਿੱਚਾਂ।"-ਕੈਮਰਾ ਅੱਗੇ ਕਰਦੇ ਮੈਂ ਕਿਹਾ।

"ਖਿੱਚ ਲੈ ਖਿੱਚ ਲੈ, ਕੀ ਪਤਾ ਸਾਡੇ ਭੰਡਾਂ ਦੇ ਵੀ ਭਾਗ ਜਾਗ ਪੈਣ।ਅਸੀਂ ਤਾਂ 'ਮਰੀਕਾ ਕੀ ਜਾਣੈ,ਸਾਡੀਆਂ ਫ਼ੋਟੋਆਂ ਲੈ ਜਾ, ਕਦੀਂ ਯਾਦ ਕਰ ਲਿਆ ਕਰੇਂਗਾ। ਜਜ਼ਮਾਨਾਂ ਹੋਰ ਸੁਣ, ਜਦੋਂ ਆਪਣੇਂ ਮੁੰਡਿਆਂ ਦਾ ਵਿਆਹ ਕਰਨ ਆਇਆ ਤਾਂ ਇਸ ਤਰ੍ਹਾਂ ਦਾ ਕੈਮਰਾ ਸਾਡੇ ਲਈ ਵੀ ਲੈ ਆਵੀਂ। ਭੰਡਾਂ ਦੀਆਂ ਅਸੀਸਾਂ ਲੈਣੀਆਂ ਨਾ ਭੁੱਲੀ।ਜਦੋਂ ਔਹ ਤਾ'ਡੀ ਸਫ਼ਾਰੀ ਗੱਡੀ ਪੁਰਾਣੀਂ ਹੋ ਜੇ ਤਾਂ ਸਾਡੇ ਵਾਸਤੇ ਰੱਖ ਲੀ, ਚਾਰ ਦਿਨ ਅਸਾਂ ਵੀ ਘੁੰਮ ਲਾਂ'ਗੇ।"ੜ ਉਚਲੋ ਸਫ਼ਾਰੀ ਨਾ ਸਹੀ ਔਹ ਧੁੱਕ ਧੁੱਕ ਮੋਟਰਸੈਕਲ ਦੇ ਛੱਡੀਂ"-ਬੁਲੇਟ ਮੋਟਰਸਾਇਕਲ ਵੱਲ੍ਹ ਨੂੰ ਹੱਥ ਕਰਕੇ ਕਹਿਣ ਲੱਗਾ।

ਹੁਣ ਮੈਂ ਜਦੋਂ ਵੀ ਪੰਜਾਬ ਜਾਂਦਾ ਹਾਂ ਤਾਂ ਮੈਨੂੰ ਆਲੇ-ਦੁਆਲੇ ਦੇ ਪਿੰਡਾਂ ਦੇ ਵਿਆਹਾਂ-ਸ਼ਾਦੀਆਂ ਜਾਂ ਹੋਰ ਖੁਸ਼ੀ ਸਮਾਗਮਾਂ 'ਚ ਕਿਤੇ ਨਾ ਕਿਤੇ ਮਿਲ ਹੀ ਜਾਂਦੇ ਨੇ।ਬੰਗਿਆਂ ਤੋਂ ਪਰੇ ਕਿਸੇ ਪਿੰਡੋਂ ਆਉਂਦੇ ਮਿਲ ਪਏ।ਗੱਡੀ ਰੋਕ ਕੇ ਪੁਛਿਆ,ਕਿਧਰੋਂ ਆਏ ਜੇ।.. "ਤੂੰ ਸਾਨੂੰ ਛੱਡ! ਗੱਲ ਸੁਣ ਧਿਆਨ ਨਾਲ , ਤੂੰ ਵੀ ਸਾਡੇ ਭੰਡਾਂ ਵਾਂਗ ਬਥੇਰਾ ਘੁੰਮਦਾ ਰਹਿੰਨੈਂ, 'ਮਰੀਕਾ-ਮਰੂਕਾ ਨੂੰ ਛੱਡ, ਸਾਡੇ ਭੰਡਾਂ ਨਾਲ ਘੁੰਮਿਆਂ ਕਰ! ਗੱਡੀ 'ਚ ਸਾਨੂੰ ਲੈ ਗਿਆ ਤੇ ਲੈ ਆਇਆ, 'ਮਰੀਕਾ ਤੋਂ ਵਾਧੂ ਕਮਾਈ ਕਰੇਗਾਂ।"

ਲਾਗਲੇ ਪਿੰਡ ਸ. ਸਤਵੀਰ ਸਿੰਘ ਪੱਲੀ-ਝਿੱਕੀ ਦੇ ਅਮਰੀਕਾ ਤੋਂ ਗਏ ਛੋਟੇ ਭਰਾ ਜਸਵੀਰ ਸਿੰਘ ਨੂੰ ਪਿੰਡ ਮਿਲਣ ਗਿਆ ਤਾਂ ਕੁਦਰਤੀ ਪ੍ਰਦੀਪ ਸਿੰਘ ਦੀਪਾ ਵੀ ਅਮਰੀਕਾ ਤੋਂ ਗਿਆ ਹੋਇਆ ਮਿਲ ਪਿਆ। ਮਿੰਨਾਂ ਮਿੰਨਾਂ ਮੀਂਹ ਪੈ ਰਿਹਾ ਸੀ।ਜਸਵੀਰ ਦੇ ਘਰ ਮੂਹਰੇ ਵੱਡੇ ਚੌਰੱਸਤੇ 'ਚ ਖੜ੍ਹੇ ਗੱਲਾਂ ਕਰ ਰਹੇ ਸਾਂ।ਅਚਾਨਕ ਦੋ ਮੋਟਰਸਾਇਕਲਾਂ 'ਤੇ ਧੂੜਾਂ ਪੱਟਦੇ ਆਉਂਦੇ ਉਹੀ ਭੰਡ ਨਜ਼ਰੀ ਪਏ।

"ਲੈ ਬਈ ਜਸਵੀਰ, ਭੰਡ ਆ ਗਏ, ਹੁਣ ਲੌਨੇਂ ਆ ਮਜ਼ਮਾ।"-ਖੁਸ਼ ਹੁੰਦੇ ਮੈਂ ਕਿਹਾ

ਦੋ ਮੋਟਰਸਾਇਕਲਾਂ 'ਤੇ ਛੇ ਜਣੇਂ-ਚਾਰ ਬੰਦੇ,ਦੋ ਔਰਤਾਂ ਲੱਦੇ ਹੋਏ ਸਨ, ਜਿਵੇਂ ਕਿਤੇ ਕਬਜ਼ਾ ਕਰਨ ਚੱਲੇ ਹੋਣ।ਤੇਜ਼ੀ ਨਾਲ ਆਉਦੇਂ ਮੈਂ ਰੋਕ ਲਏ।

"ਭੰਡਾ ਕਿਧਰ ਨੂੰ ਧਾਵਾ ਬੋਲਣ ਚੱਲੇ।"

"ਜਾਣਾ ਅਸੀਂ ਢੱਠੇ ਖੂਹ 'ਚ ਆ? ਆਹ ਸੁੱਜੋਂ-ਸੂਰਾਪੁਰ ਕਿਸੇ ਵਿਆਹ 'ਤੇ ਚੱਲੇ ਆਂ, ਦੋ ਪੈਸੇ ਬਣ ਜਾਣਗੇ,ਗਰੀਬਾਂ ਦਾ ਤੋਰੀ ਫ਼ੁਲਕਾ ਚਲਦਾ ਹੋਜੂ"

"ਉਧਰ ਬਾਅਦ ਜਾਇਓ, ਪਹਿਲਾਂ ਦੋ ਮਿੰਟ ਇਥੇ ਲਾਓ।" ਪਿਛਿਓਂ ਤਿਆਰੀ 'ਚ ਆਏ ਭੰਡਾਂ ਨੇ ਨਾਲ ਦੀਆਂ ਦੋਵੇਂ ਔਰਤਾਂ ਨੂੰ ਇਸ਼ਾਰੇ ਨਾਲ ਸੁੱਜੋਂ ਸੂਰਾਪੁਰ ਵੱਲ੍ਹ ਤੋਰ ਦਿਤਾ ਤੇ ਆਪ ਲੱਗ ਪਏ ਪਟਾਕੀਆਂ ਤੇ ਪਟਾਕੀਆਂ ਮਾਰਨ।ਨਕਲਾਂ ਕਰਦੇ ਰਹੇ।ਵੇਲ ਤੇ ਵੇਲ, ਰੁਪਏ ਦੀ ਵੇਲ, 'ਮਰੀਕਾ ਵਾਲਿਆਂ ਦੀ ਵੇਲ, ਭਾਗ ਲੱਗੇ ਰਹਿਣ ਮੋਤੀਆਂ ਆਲੀ ਸਰਕਾਰ ਦੇ, ਕਰਦੇ ਕਰਦੇ ਕਿੰਨੇਂ ਪੈਸੇ ਬਣਾ ਗਏ।ਖੁਸ਼ ਹੁੰਦੇਂ ਜੀਂਦੇ-ਵਸਦੇ ਰਹਿਣ ਦੀਆਂ ਦੁਆਵਾਂ ਦਿੰਦੇਂ ਮੋਟਰ ਸਾਇਕਲਾਂ 'ਤੇ ਚੜ੍ਹਨ ਲੱਗੇ ਤਾਂ ਜਸਵੀਰ ਨੂੰ ਕਹਿਣ ਲੱਗੇ, "ਜਸਵੀਰ ਸਿੰਹਾਂ, ਆਪਣੇਂ ਭਰਾ ਸਤਵੀਰ ਸਿੰਘ ਨੂੰ ਕਹਿਣਾ ਉਹਦੀ ਕਾਰ ਜਦੋਂ ਪੁਰਾਣੀਂ ਹੋ ਜਾਵੇ ਤਾਂ ਕਿਸੇ ਨੂੰ ਦੇਵੇ ਨਾ, ਸਾਡੇ ਵਾਸਤੇ ਰੱਖ ਲਵੇ।

"ਭੰਡਾ, ਉਸ ਦਿਨ ਮੇਰੇ ਕੋਲੋਂ ਸਫ਼ਾਰੀ ਮੰਗਦਾ ਸੀ, ਹੁਣ ਤੂੰ ਜਸਵੀਰ ਕੋਲੋਂ ਕਾਰ ਮੰਗਣ ਡਿਹੈਂ, ਐਨੀਆਂ ਗੱਡੀਆਂ ਰੱਖੇਂਗਾ ਕਿਥੇ?"-ਮੈਂ ਕਿਹਾ "'ਮਰੀਕਾ ਆਲਿਓ, ਤੁਸੀਂ ਵੀ ਸਾਡੇ ਮਰਾਸੀਆਂ ਵਾਂਗ ਗੱਲਾਂ ਦੇ ਗੋਗਲੇ ਬਣਾਈ ਜਾਂਦੇਂ ਓ। ਤੁਸੀਂ ਕੇਹੜਾ ਸਾਡੇ ਘਰ ਖੜ੍ਹੀਆਂ ਕਰ'ਤੀਆਂ।

ਅਸੀਂ ਪਿਆਰ ਨਾਲ ਮੰਗਦੇ ਆਂ, ਕੇਹੜਾ ਕੋਈ ਜ਼ਬਰਦਸਤੀ ਆ।"

ਮੇਰੇ ਅਮਰੀਕਾ ਵਾਪਸ ਆਉਂਣ ਤੋਂ ਦੋ ਕੁ ਦਿਨ ਪਹਿਲਾਂ ਮੈਂ ਅਸ਼ੋਕ ਭੌਰੇ ਦੇ ਘਰ ਲੋਹੜੀ-ਸਮਾਗਮ 'ਤੇ ਭੌਰੇ ਗਿਆ ਤਾਂ ਭੰਡ ਉਥੇ ਵੀ ਪਹੁੰਚੇ ਹੋਏ ਸਨ। "ਭੰਡਾ ਤੁਸੀ ਹਰ ਪਾਸੇ ਮੋਹਰੇ , ਕੀ ਗੱਲ ਐ?"

"ਸਰਦਾਰਾ ਏਹ ਸਾਰਾ ਇਲਾਕਾ ਸਾਡਾ ਐ। ਸਾਡੇ ਇਲਾਕੇ 'ਚ ਸਾਥੋਂ ਬਗੈਰ ਕੋਈ ਖੰਘ ਨੀ ਸਕਦਾ। ਅਸੀਂ ਦੂਜੇ ਭੰਡਾਂ ਦੇ ਇਲਾਕੇ 'ਚ ਨਹੀਂ ਜਾ ਸਕਦੇ।ਉਹ ਸਾਡੇ ਨ੍ਹੀ ਵੜ੍ਹ ਸਕਦੇ।"

"ਤੂੰ ਤਾਂ ਅਮਰੀਸ਼ਪੁਰੀ ਵਾਂਗ ਇਲਾਕੇ ਵੰਡੀ ਫ਼ਿਰਦੈ।"

"ਅਮਰੀਸ਼ਪੁਰੀ ਸਾਡੇ ਮੋਹਰੇ ਕੀ ਐ? ਅਸੀਂ ਮਰਾਸੀ ਹੁੰਨੇਂ ਆ, ਮਰਾਸੀ। ਅਸੀਂ ਤਾਂ ਕਈ ਅਮਰੀਸ਼ਪੁਰੀ ਅਰਗਿਆਂ ਨੂੰ ਹਸਾ ਹਸਾ ਕੇ ਮਾਰ ਦਈਏ।ਭੰਡਾਂ ਤੋਂ ਤਾਂ ਰੱਬ ਵੀ ਡਰਦੈ।"

ਉਸ ਪ੍ਰੋਗਰਾਮ ਵਿੱਚ ਆਏ ਸਾਰੇ ਸੱਜਣਾਂ ਭੰਡਾਂ ਉਤੋਂ ਵਾਹਵਾ ਪੈਸੇ ਵਾਰੇ।ਅਸਲ ਵਿੱਚ ਮੀਤੇ ਭੰਡ ਨੇ ਪਰਦੇ ਨਾਲ ਮੈਨੂੰ ਪਹਿਲਾਂ ਸਮਝਾ ਦਿਤਾ ਸੀ, ਪੈਸਿਆਂ ਦੀ ਸ਼ੁਰੂਆਤ ਇਕ ਵਾਰ ਕਰ ਦੇਵਾਂ, ਫਿਰ ਹੋਰ ਵਲੈਤੀਏ ਰੀਸੋ-ਰੀਸ ਆਪੇ ਪੈਸੇ ਦੇਣਗੇ।ਇਸੇ ਤਰ੍ਹਾਂ ਹੋਈ ਉਨ੍ਹਾਂ ਉਥੋਂ ਚੰਗੇ ਪੈਸੇ ਬਣਾਏ।

ਅਮਰੀਕਾ ਦੀ ਵਾਪਸੀ 'ਤੇ ਜਾਂਦੀ ਵਾਰ ਦੀ ਸਤਿ ਸ੍ਰੀ ਅਕਾਲ ਕਹਿਣ ਲਈ ਦੂਜੇ ਦਿਨ ਮੈਂ ਮੀਤੇ ਨੂੰ ਫ਼ੋਨ ਕੀਤਾ ਤਾਂ ਕਹਿਣ ਲੱਗਾ, "ਛੇਤੀ ਛੇਤੀ ਗੇੜਾ ਮਾਰਦੇ ਰਿਹਾ ਕਰੋ ਵਲੈਤੀਓ! ਅਸੀਂ ਮਰਾਸੀ ਬਾਹਰਲਿਆਂ ਸਿਰੋਂ ਰੋਟੀ ਖਾਨੇਂ ਆਂ। ਅਸਾਂ ਨਿਆਣੇਂ ਵੀ ਤਾ'ਡੇ ਸਿਰੋਂ ਵਿਆਹੁਣੇਂ ਆਂ। ਅਸਾਂ ਪਹਿਲਾਂ ਸੈਕਲਾਂ 'ਤੇ ਘੁੰਮਦੇ ਸਾਂ ਫਿਰ ਮੋਟਰਸੈਕਲਾਂ 'ਤੇ।ਹੁਣ ਗੱਡੀਆਂ 'ਚ ਵੀ ਤਾ' ਡੀ ਕ੍ਰਿਪਾ ਨਾਲ ਘੁੰਮਣੈਂ। ਫਿਰ ਜਹਾਜ਼ਾਂ ਦੀਆਂ ਵੀ ਸੈਰਾਂ ਕਰਾਂਗੇ।

ਭੁੱਲ ਨਾ ਜਾਇਓ ਭੰਡਾਂ ਨੂੰ। ਕਿਤੇ ਕਿਤੇ ਸਾਨੂੰ ਵੀ ਯਾਦ ਕਰ ਲਿਆ ਕਰੋ, ਕੀ ਪਤਾ ਮਰਾਸੀਆਂ ਦੀ ਕਿਤੇ ਕਿਸਮਤ ਖੁਲ ਜੇ"-ਕਹਿੰਦਾ ਠਹਾਕੇ ਮਾਰ ਹੱਸਣ ਲੱਗ ਪਿਆ।

ਫਿਰ ਸਹਿਜ ਨਾਲ ਕਹਿਣ ਲੱਗਾ,"ਮੋਤੀਆਂ ਆਲਿਆ ਪਤਾ ਲੱਗੈ ਤੂੰ 'ਖਬਾਰਾਂ (ਅਖ਼ਬਾਰਾਂ)'ਚ ਲਿਖਦਾ ਹੁੰਨਾਂ!ਕੀ ਲਿਖਦਾ ਹੁੰਨੇਂ?ਸਾਡੇ ਮਰਾਸੀਆਂ ਬਾਰੇ ਵੀ ਕੁਝ ਲਿਖਦੇ। ਰੱਬ ਤੇਰਾ ਭਲਾ ਕਰੂ।

"ਮੀਤਿਆ ਮੈਂ ਤਾਂ ਖਿਡਾਰੀਆਂ, ਭਲਵਾਨਾਂ ਬਾਰੇ ਲਿਖਦਾ ਹੁੰਨਾਂ! ਕਬੱਡੀ ਤੂੰ ਨੀ ਖੇਡਦਾ, ਭਲਵਾਨੀਂ ਤੂੰ ਨੀ ਕਰਦਾ, ਕੀ ਲਿਖਾ ਤੇਰੇ ਬਾਰੇ?"

"ਲਿਖ ਦੇ ਲਿਖ ਦੇ, ਬੰਗਿਆਂ ਦੇ ਮਰਾਸੀ ਦੁਨੀਆਂ ਦੇ ਮੰਨੇਂ ਪ੍ਰਮੰਨੇਂ ਘੈਂਟ ਮਰਾਸੀ ਆ, ਹਸਾ ਹਸਾ ਲੋਕਾਂ ਦੀਆਂ ਵੱਖੀਆਂ ਭੰਨ ਦਿੰਦੇਂ ਆ, ਢਿੱਡੀਂ ਪੀੜਾਂ ਪਾ ਦਿੰਦੇਂ ਸੂ", ਕਹਿੰਦਾ ਉਚੀ ਉਚੀ ਹੱਸਣ ਲੱਗਾ।



# ਵਿਦਿਆਰਥੀਆਂ ਬਿਨਾਂ ਸਕੂਲ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ



ਸਾਨੂੰ ਸਭ ਨੂੰ ਆਪਣੀ ਜ਼ਿੰਦਗੀ 'ਚੋਂ ਅਗਿਆਨਤਾ ਰੂਪੀ ਹਨ੍ਹੇਰੇ ਨੂੰ ਦੂਰ ਕਰਨ ਲਈ ਯੋਗ ਅਗਵਾਈ ਦੀ ਜ਼ਰੂਰਤ ਪੈਂਦੀ ਹੈ। ਇਹ ਅਗਵਾਈ ਅਧਿਆਪਕ ਦਿੰਦੇ ਹਨ। ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਆਪਣੇ ਤੋਂ ਉੱਚੇ ਮੁਕਾਮ 'ਤੇ ਪਹੁੰਚਾ ਕੇ ਖ਼ੁਸ਼ੀ ਮਹਿਸੂਸ ਕਰਦਾ ਹੈ। ਉਹ ਆਪਣੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਨਵੇਂ, ਸੌਖੇ ਅਤੇ ਪ੍ਰੇਰਨਾਦਾਇਕ ਤਰੀਕਿਆਂ ਦੀ ਵਰਤੋਂ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਉਸ ਦੀ ਘਾਲਣਾ ਨੂੰ ਕਦੇ ਵੀ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਅਧਿਆਪਨ ਵਿਚੋਂ ਹੀ ਦੂਸਰੇ ਸਾਰੇ ਕਿੱਤਿਆਂ ਦਾ ਜਨਮ ਹੁੰਦਾ ਹੈ। ਅਜੋਕੇ ਸਮੇਂ ਪੜ੍ਹਾਈ ਨੂੰ ਜ਼ਿੰਦਗੀ 'ਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਨਪੜ੍ਹ ਵਿਅਕਤੀ ਦੀ ਹਾਲਤ ਇਕ ਹਨੇਰੀ ਕੁੰਦਰ ਦੇ ਸਮਾਨ ਹੁੰਦੀ ਹੈ।

ਜੇਕਰ ਸਾਡੇ ਕੋਲ ਵਿੱਦਿਆ ਰੂਪੀ ਹਥਿਆਰ ਹੋਵੇਗਾ ਤਾਂ ਕਮਾਈ ਕਰਨੀ ਸੌਖੀ ਹੋਵੇਗੀ। ਸਰੀਰਕ ਮਿਹਨਤ ਨਾਲੋਂ ਦਿਮਾਗੀ ਮਿਹਨਤ ਆਸਾਨ ਹੁੰਦੀ ਹੈ। ਇਕੱਲੇ ਗਾਰੇ, ਇੱਟਾਂ-ਬੱਜਰੀ ਆਦਿ ਚੁੱਕਣਾ ਹੀ ਮਿਹਨਤ ਨਹੀਂ ਹੁੰਦੀ। ਪੜ੍ਹਨ-ਲਿਖਣ ਨਾਲ ਮਨ ਸਾਫ਼ ਹੁੰਦੇ ਹਨ ਤੇ ਇਸ ਨਾਲ ਸਾਡਾ ਜ਼ਿੰਦਗੀ ਜਿਊਣ ਦਾ ਢੰਗ ਸੌਖਾ ਹੋ ਜਾਂਦਾ ਹੈ। ਕੋਰੋਨਾ ਮਹਾਮਾਰੀ ਨੇ ਸਦੀਆਂ ਪੁਰਾਣੀ ਅਧਿਆਪਨ ਤਕਨੀਕ ਵਿਚ ਅਣਕਿਆਸੀ ਤਬਦੀਲੀ ਲਿਆਂਦੀ ਹੈ। ਜਿਵੇਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਇਸ ਆਨਲਾਈਨ ਸਿੱਖਿਆ ਦੇ ਵੀ ਦੋ ਪਹਿਲੂ ਹਨ-ਚੰਗੇ ਅਤੇ ਮਾੜੇ। ਹਮ,ਵਿਦਿਆ ਨੂੰ ਵੀ ਇਨ੍ਹਾਂ ਚੰਗੇ-ਮਾੜੇ ਪੜਾਵਾਂ 'ਚੋਂ ਗੁਜ਼ਰਨਾ ਪਿਆ। ਲੱਗਦਾ ਹੈ ਕਿ ਇਸ 'ਤੇ ਕੀਤੇ ਜਾ ਰਹੇ ਤਜਰਬੇ ਕਿਸੇ ਤਰ੍ਹਾਂ ਵੀ ਕਾਮਯਾਬ ਨਹੀਂ ਹੋ ਸਕੇ। ਸਭ ਤੋਂ ਪਹਿਲਾਂ ਆਪਾਂ ਇਸ ਦੇ ਵਿਦਿਆਰਥੀਆਂ ਨੂੰ ਹੋਏ ਲਾਭ ਦੀ ਗੱਲ ਕਰਾਂਗੇ। ਜੋ ਵਿਦਿਆਰਥੀ ਪੜ੍ਹਾਈ ਵਿਚ ਪੂਰੀ ਰੀਝ ਰੱਖਦੇ ਹਨ, ਉਨ੍ਹਾਂ ਨੇ ਵਿੱਦਿਆ ਦੀ ਨਵੀਂ ਤਕਨੀਕ ਦਾ ਭਰਪੂਰ ਫ਼ਾਇਦਾ ਲਿਆ ਹੈ। ਉਹ ਪੜ੍ਹਾਈ ਨਾਲ ਲਗਾਤਾਰ ਜੁੜੇ ਰਹੇ। ਯੂ-ਟਿਊਬ ਵਰਗੇ ਸਾਧਨਾਂ ਦਾ ਸਦਉਪਯੋਗ ਕਰ ਕੇ ਉਨ੍ਹਾਂ ਨੇ ਮਾਹਿਰ ਸਿੱਖਿਆ ਸ਼ਾਸਤਰੀਆਂ ਤੋਂ ਆਪਣੀ ਸਮਝ ਤੋਂ ਪਰੇ ਦਾ ਗਿਆਨ ਇਕੱਠਾ ਕੀਤਾ। ਉਨ੍ਹਾਂ ਲਾਇਕ ਵਿਦਿਆਰਥੀਆਂ ਨੇ ਇਸ ਗੱਲ ਨੂੰ ਦਿਮਾਗ ਵਿਚ ਰੱਖਿਆ ਕਿ ਜੇ ਅਸੀਂ 'ਅੱਜ ਸਮੇਂ ਨੂੰ ਬਰਾਬਾਦ ਕਰਾਂਗੇ ਤਾਂ ਇਹ ਸੌ ਪ੍ਰਤੀਸ਼ਤ ਸਾਨੂੰ ਬਰਬਾਦ ਕਰੇਗਾ।' ਪਰ ਇਸ ਇਕਪਾਸੜ ਸਿੱਖਿਆ ਪ੍ਰਾਪਤੀ ਵਿਚ ਸਿੱਖਣ ਵਾਲਿਆਂ ਦੀ ਗਿਣਤੀ 10% ਹੀ ਸੀ।

ਦੂਜੇ ਪਾਸੇ ਇਸ ਲੰਬੇ ਸਮੇਂ ਦੌਰਾਨ ਇਸ ਤਰ੍ਹਾਂ ਕਰਵਾਈ ਆਨਲਾਈਨ ਪੜ੍ਹਾਈ ਦੇ ਨੁਕਸਾਨ ਦੀ ਗੱਲ ਕਰੀਏ ਤਾਂ ਸਿੱਖਿਆ ਲੈਣ ਵਾਲਾ ਵਿਦਿਆਰਥੀ ਗਾਇਬ ਹੀ ਰਿਹਾ। ਜਿਹੜੀ ਪੜ੍ਹਾਈ ਗਰੀਬਾਂ ਦੇ ਬੱਚਿਆਂ ਲਈ ਪਹਿਲੀ ਤੋਂ ਅੱਠਵੀਂ ਤਕ ਮੁਫ਼ਤ ਸੀ, ਉਹ ਮਹਿੰਗੀ ਹੋ ਗਈ। ਨੈੱਟਪੈਕ ਪੁਆਉਣੇ ਪੈ ਗਏ। ਘਰ ਵਿਚ 2-3 ਬੱਚੇ ਹਨ ਤਾਂ ਅਲੱਗ-ਅਲੱਗ ਫੋਨਾਂ ਦੀ ਜ਼ਰੂਰਤ ਪਈ। ਮਾਪਿਆਂ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਲਈ ਵੀ ਫੋਨ ਦੀ ਜ਼ਰੂਰਤ ਹੈ ਜੋ ਕਿ ਘਰੇਲੂ ਕਲੇਸ਼ ਦਾ ਕਾਰਨ ਬਣੀ। ਫੋਨ ਦੀ ਜ਼ਿਆਦਾ ਵਰਤੋਂ ਨਾਲ ਬਿਜਲੀ ਦਾ ਖ਼ਰਚਾ ਵੀ ਵਧਿਆ। ਇਸ ਤਰ੍ਹਾਂ ਆਮਦਨ ਘਟਣ ਦੇ ਬਾਵਜੂਦ ਖ਼ਰਚੇ ਵਧੇ। ਮਾਪਿਆਂ ਤੋਂ ਮਹਿੰਗੇ ਫੋਨ ਅਤੇ ਨੈੱਟ ਪੈਕ ਦੀ ਰੋਜ਼ ਦੀ ਮੰਗ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਬਣੀ। ਹਰੇਕ ਮਾਂ-ਬਾਪ ਆਪਣੀ ਔਲਾਦ ਨੂੰ ਕਾਮਯਾਬ ਹੋਇਆ ਵੇਖਣਾ ਚਾਹੁੰਦਾ ਹੈ ਜਿਸ ਲਈ ਉਨ੍ਹਾਂ ਨੇ ਬੱਚਿਆਂ ਦੀ ਮੰਗ ਨੂੰ ਜਿਵੇਂ-ਕਿਵੇਂ ਪੂਰੀ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਕਈ ਬੱਚਿਆਂ ਨੇ ਇਸ ਦੀ ਦੁਰਵਰਤੋਂ ਸ਼ੁਰੂ ਕਰ ਦਿੱਤੀ। ਅਧਿਆਪਕਾਂ ਵੱਲੋਂ ਦਿੱਤੇ ਕੰਮ ਨੂੰ ਇਮਾਨਦਾਰੀ ਨਾਲ ਬਹੁਤ ਘੱਟ ਵਿਦਿਆਰਥੀਆਂ ਹੀ ਕਰਦੇ ਹਨ। ਬਾਕੀ ਤਾਂ ਸਾਰਾ ਦਿਨ ਆਨਲਾਈਨ ਗੇਮਾਂ ਖੇਡਦੇ ਜਾਂ ਫਿਰ ਹੋਰ ਬਹੁਤ ਕੁਝ ਵੇਖਦੇ ਹਨ ਜੋ ਉਨ੍ਹਾਂ ਦੇ ਵੇਖਣ ਯੋਗ ਨਹੀਂ ਹੁੰਦਾ। ਅਧਿਆਪਕ ਅਤੇ ਵਿਦਿਆਰਥੀਆਂ ਦੇ ਕੰਮ ਦੀ ਕੋਈ ਸਮਾਂ-ਸਾਰਣੀ ਨਹੀਂ ਰਹੀ। ਦੇਰ ਰਾਤ ਤਕ ਕੰਮ ਕਰਵਾਉਣ ਦੇ ਮੈਸੇਜ ਆਉਂਦੇ ਰਹਿੰਦੇ ਜਿਸ ਨਾਲ ਅਧਿਆਪਕਾਂ ਦੇ ਪਰਿਵਾਰਕ ਮਾਹੌਲ ਖ਼ਰਾਬ ਹੋਏ ਕਿਉਂਕਿ ਸਕੂਲ 'ਚ ਸਾਰਾ ਕੁਝ ਸਮੇਂ ਦੇ ਦਾਇਰੇ ਵਿਚ ਰਹਿ ਕੇ ਹੁੰਦਾ ਸੀ। ਮੋਬਾਈਲ ਫੋਨ ਦੀ ਹੱਦ ਤੋਂ ਵੱਧ ਵਰਤੋਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਅੱਖਾਂ ਦੀ ਲੋਅ ਘਟਾ ਦਿੱਤੀ ਅਤੇ ਹੋਰ ਸਰੀਰਕ ਕਮਜ਼ੋਰੀਆਂ ਨੂੰ ਵੀ ਜਨਮ ਸਾਰਾ ਦਿਨ ਜ਼ਿਆਦਾ ਬੈਠਣ ਨਾਲ ਪਿੱਠ ਦਰਦ ਵਰਗੀਆਂ ਸਮੱਸਿਆਵਾਂ ਨੇ ਜਨਮ ਲਿਆ। ਪਿੰਡਾਂ 'ਚ ਨੈੱਟਵਰਕ ਪ੍ਰੋਬਲਮ ਜ਼ਿਆਦਾ ਹੋਣ ਕਾਰਨ ਵਿਦਿਆਰਥੀਆਂ ਦੇ ਮਨਾਂ ਅੰਦਰ ਪੜ੍ਹਾਈ ਲਈ ਅਕੇਵਾਂ ਵਧਿਆ। ਮੁੱਕਦੀ ਗੱਲ ਇਹ ਕਿ ਕੋਈ ਵੀ ਟੈਕਨਾਲੋਜੀ ਬੰਦੇ ਦੀ ਥਾਂ ਨਹੀਂ ਲੈ ਸਕਦੀ। ਰੁਚੀਹੀਣ ਵਿਦਿਆਰਥੀਆਂ ਨੇ ਪੂਰੇ ਅਨੰਦ ਮਾਣਿਆ। ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਘਾਟਾ ਜ਼ਿੰਦਗੀ ਭਰ ਪੂਰਾ ਨਹੀਂ ਹੋ ਸਕਦਾ। ਹੁਣ ਤਾਂ ਰੱਬ ਅੱਗੇ ਇਹੀ ਅਰਦਾਸ ਹੈ ਕਿ ਸਾਰੇ ਛੇਤੀ ਹੀ ਕੋਰੋਨਾ ਦੇ ਮੱਕੜਜਾਲ 'ਚੋਂ ਬਾਹਰ ਨਿਕਲਣ। ਹੁਣ ਸਕੂਲ ਖੁੱਲ੍ਹਣ ਤਾਂ ਵਿਦਿਆਰਥੀ ਵੀ ਚਾਈਂ -ਚਾਈਂ ਸਕੂਲ ਆਉਣ ਤੇ ਆਪਣੀ ਪੜ੍ਹਾਈ ਪ੍ਰਤੀ ਰੁਚੀ ਦਿਖਾਉਣ। ਵਿਦਿਆਰਥੀਆਂ ਬਿਨਾਂ ਸਕੂਲ ਹੀ ਉਦਾਸ ਲੱਗਦਾ ਹੈ।

# ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ

**(ਸਫਾ 19 ਦੀ ਬਾਕੀ)**

ਅਰਜਨ ਦੇਵ ਜੀ ਦੇ ਸਮੇਂ ਅਕਬਰ ਬਾਦਸ਼ਾਹ ਦਾ ਰਾਜ ਸੀ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ ਪਰ ਕੱਟੜ ਮੁਸਲਮਾਨਾਂ ਨੂੰ ਇਹ ਗੱਲ ਪਸੰਦ ਨਹੀਂ ਸੀ। ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ, ਕੱਟੜ ਮੁਸਲਮਾਨਾਂ, ਸੇ ਫਰੀਦ ਬੁਖਾਰੀ ਤੇ ਸੇ ਅਹਿਮਦ ਸਰਹਿੰਦੀ ਆਦਿ ਦੀ ਮੱਦਦ ਨਾਲ ਤਖ਼ਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਉਨਾਂ ਨੇ ਜਹਾਂਗੀਰ ਨੂੰ ਸਿੱਖ ਲਹਿਰ ਨੂੰ ਕੁਚਲਣ ਦਾ ਸੁਝਾਅ ਦਿੱਤਾ।

ਇਸ ਦੇ ਨਾਲ ਹੀ ਸਾਰੀਆਂ ਵਿਰੋਧੀ ਤਾਕਤਾਂ ਵੀ ਮੁਗਲ ਹਕੂਮਤ ਦੇ ਕੰਨ ਭਰਦੀਆਂ ਰਹੀਆਂ। ਸਿੱਟੇ ਵਜੋਂ ਗੁਰੂ ਜੀ ਉੱਤੇ ਜਹਾਂਗੀਰ ਦੇ ਪੁੱਤਰ ਖੁਸਰੋ ਵੱਲੋਂ ਬਗ਼ਾਵਤ ਵਿੱਚ ਸਹਾਇਤਾ ਕਰਨ ਦਾ ਝੂਠਾ ਦੋਸ਼ ਲਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ।

27 ਮਈ 1606 ਈ. ਨੂੰ ਜੇਠ ਦੇ ਅੱਤ ਗਰਮੀ ਦੇ ਦਿਨਾਂ ਵਿੱਚ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸਤਿਗੁਰੂ ਜੀ ਨੂੰ ਉਬਲਦੇ ਪਾਣੀ ਵਿੱਚ ਅਤੇ ਫਿਰ ਤੱਤੀ ਤਵੀ ਉਪੱਰ ਬਿਠਾ ਕੇ, ਸਿਰ ਵਿੱਚ ਗਰਮ ਰੇਤ ਪਾ ਕੇ ਤਸੀਹੇ ਦਿੱਤੇ ਜਾਂਦੇ ਰਹੇ, ਬਾਰ-ਬਾਰ ਗੁਰੂ ਜੀ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ ਗਿਆ, ਪਰ ਗੁਰੂ ਜੀ ਜ਼ੁਲਮ ਅੱਗੇ ਨਾ ਝੁਕੇ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਅਜ਼ਾਦੀ ਅਤੇ ਧਰਮ ਦੀ ਰੱਖਿਆ ਲਈ ਕਸ਼ਟ ਸਹਾਰਦੇ ਰਹੇ। ਇਹ ਦੁੱਖ ਦੇਖ ਕੇ ਸਾਈਂ ਮੀਆਂ ਮੀਰ ਜੀ ਕੋਲੋਂ ਰਿਹਾ ਗਿਆ । ਉਨ੍ਹਾਂ ਨੇ ਗੁੱਸੇ ਵਿੱਚ ਆ ਕੇ ਗੁਰੂ ਜੀ ਕੋਲੋਂ ਲਾਹੌਰ ਅਤੇ ਦਿੱਲੀ ਦਰਬਾਰ ਦੀ ਇੱਟ ਨਾਲ ਇੱਟ ਖੜਕਾਉਣ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦੇ ਕੇ ਫਰਮਾਇਆ:

ਤੇਰਾ ਕੀਆ ਮੀਠਾ ਲਾਗੇ ਜ਼ਜ਼
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ਜ਼ਜ਼

ਦੇ ਉਪਦੇਸ਼ ਨੂੰ ਜਿੰਦਗੀ ਵਿੱਚ ਜੀਉਣ ਦੀ ਅਨੋਖੀ ਮਿਸਾਲ ਕਾਇਮ ਕਰ ਕੇ ਇਤਿਹਾਸ ਵਿੱਚ ਨਵਾਂ ਰੰਗ ਭਰ ਦਿੱਤਾ । ਸਰਬ ਕਲਾ ਸਮਰੱਥ ਹੋਣ ਦੇ ਬਾਵਜੂਦ ਵੀ ਤੱਤੀ ਤਵੀ ਤੇ ਬੈਠ ਕੇ ਤਸੀਹੇ ਝੱਲ ਕੇ ਖੁ ਨਾਲ ਮਿਤੀ 30 ਮਈ 1606 ਨੂੰ ਲਾਹੌਰ (ਪਾਕਿਸਤਾਨ) ਜਿੱਥੇ ਅੱਜ ਗੁਰਦੁਆਰਾ ਡੇਰਾ ਸਾਹਿਬ ਸੁਸ਼ੋਭਿਤ ਹੈ ਉਸ ਸਥਾਨ ਤੇ ਸ਼ਹੀਦੀ ਦਿੱਤੀ। ਸ਼ਹੀਦੀ ਦਾ ਜਾਮ ਪੀਣ ਵਾਲੇ ਵਿਸ਼ਵ ਦੇ ਇਤਿਹਾਸ ਵਿੱਚ ਆਪ ਜੀ ਪਹਿਲੇ ਮਹਾਂਪੁਰਖ ਹੋਏ ਹਨ। ਇਸੇ ਕਰਕੇ ਆਪ ਜੀ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਮਹਾਂਰਾਜ ਜੀ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਦੇ ਵੀ ਜ਼ੁਲਮ ਅੱਗੇ ਨਾ ਝੁੱਕ ਕੇ ਸੱਚ ਨੂੰ ਸੱਚ ਕਹਿਣ ਦੀ ਹਿੰਮਤ ਰੱਖਣੀ ਚਾਹੀਦੀ ਹੈ ਅਤੇ ਪਰਮਾਤਮਾ ਦੀ ਰਜ਼ਾ ਵਿੱਚ ਰਹਿੰਦੇ ਜਿੰਦਗੀ ਦੇ ਹਰ ਹਰ ਦੁੱਖ-ਸੁੱਖ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ।

ਇਸ ਲਈ ਇਸ ਰੱਬੀ ਬਾਣੀ ਨੂੰ ਦਿਲਾਂ ਅੰਦਰ ਵਸਾ ਕੇ ਉਸ ਅਕਾਲ ਪੁਰਖ ਦੀ ਹੋਂਦ ਨੂੰ ਚਾਰੇ ਪਾਸੇ ਮਹਿਸੂਸ ਕਰਦੇ ਹੋਏ ਕੁਲ ਆਲਮ ਵਿੱਚ ਸ਼ਾਂਤੀ ਅਤੇ ਪਿਆਰ ਦਾ ਸੰਦੇਸ਼ ਪਹੁੰਚਾਈਏ।

## ਸਿੱਖ ਧਰਮ, ਪੰਜਾਬੀ ਬੋਲੀ ਸਭ ਸਿਆਸਤ ਦੀ ਭੇਂਟ!

# ਸਿੱਖ ਜੱਗਤ ਇਸ ਨੂੰ ਬਚਾਉਣ ਲਈ ਗੰਭੀਰਤਾ ਨਾਲ ਵਿਚਾਰ ਕਰੇ



ਜੱਗ ਸਿੰਘ
91-94170-95965

ਸਿੱਖ ਸਿਆਸਤ ਤੇ ਗੁਰਦੁਆਰਿਆਂ ਤੇ ਕਾਬਜ ਮੌਜੂਦਾ ਲੀਡਰਸ਼ਿਪ ਦੇ ਰਾਜ ਵਿੱਚ ਪਤਾ ਨਹੀਂ ਸਿੱਖ ਧਰਮ , ਪੰਜਾਬ, ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਖਤਮ ਕਰਾਉਣ ਲਈ ਭਾਜਪਾ ਨਾਲ ਭਿਆਲੀ ਪਾ ਕੇ ਕੀ ਕੀ ਕੀਤਾ ਗਿਆ ਹੈ? ਇਸ ਤੇ ਨੀਝ ਨਾਲ ਕੁੱਝ ਪੱਖ ਜਿਵੇਂ ਇਸਤਰੀਆਂ ਦਾਲ ਬਣਾਉਣ ਸਮੇਂ ਕੁਝ ਕੁ ਦਾਲ ਦੇ ਦਾਣੇ ਫੇਹ ਕੇ ਟੋਹ ਲੈਂਦੀਆ ਹਨ ਕਿ ਦਾਲ ਗਲੀ ਵੀ ਹੈ ਕਿ ਨਹੀਂ । ਬਿਲਕੁਲ ਉਸੇ ਤਰਾਂ ਇਹ ਸਭ ਮਸਲੇ ਉਜਾਗਰ ਕਰਕੇ ਸਿੱਖ ਜੱਗਤ ਨੂੰ ਜਾਗ੍ਰਿਤ ਕੀਤਾ ਗਿਆਹੈ ਕਿ ਸਿੱਖ ਧਰਮ ਦੇ ਰੱਖਵਾਲੇ ਤੇ ਪੰਜਾਬੀ ਬੋਲੀ ਦੇ ਮੁਦੱਈ ਆਖੀ ਜਾਂਦੀ ਕਾਬਜ ਲੀਡਰਸ਼ਿਪ ਨੇ ਆਪਣੇ ਹੱਥੀਂ ਹੀ ਆਪਣਾ ਘਾਣ ਕਰਦੀ ਆ ਰਹੀ ਹੈ ਤੇ ਇਸ ਦਾਰੱਖਵਾਲਾ ਸਿੱਖ ਜੱਗਤ ਚਾਦਰਾਂ ਤਾਣ ਕੇ ਸੁੱਤਾਰਿਹਾ ਹੈ ਤੇ ਕੱਟੜ੍ਹ ਹਿੰਦੂ ਸੰਸਥਾਵਾਂ ਸਿੱਖ ਧਰਮ ਨੂੰ ਖਤਮ ਕਰਨ ਲਈ ਆਪਣੀ ਚਾਲੇ ਚਲਦੀਆਂਰਹੀਆਂ ਹਨ। ਕਿਸੇ ਧਰਮ ਨੂੰ ਖਤਮ ਕਰਨਾ ਹੋਵੇ ਉਸ ਦੀ ਬੋਲੀ, ਉਸ ਦੇ ਇਤਿਹਾਸ ਨੂੰ ਖਤਮ ਕਰ ਦਿਉ । ਉਹ ਆਪੇ ਖਤਮ ਹੋ ਜਾਵੇਗਾ ।ਬਸ ਉਹ ਹੀ ਕੁਝ ਸਾਜਿਸ਼ੀ ਢੰਗ ਨਾਲ ਲਗਾਤਾਰ ਕੀਤਾ ਜਾਂਦਾ ਆ ਰਿਹਾ ਹੈ। ਭਾਜਪਾ ਬਾਰੇ ਹਰ ਕੋਈ ਜਾਣਦਾ ਹੈ ਕਿ ਇਹ ਵਿਉਪਾਰੀਆਂ ਦੀ ਜਮਾਤ ਹੈ ਤੇ ਫਿਰ ਬਹੁਗਿਣਤੀ ਵਿੱਚ ਵਪਾਰੀਆਂ ਚਾਹੇ ਕਾਂਗਰਸ ਪਾਰਟੀ ਦੇ ਹੀ ਕਿਉਂ ਨਾ ਹੋਣ ਲਗ ਭਗ ਸਭ ਤੇ ਰ.ਸ.ਸ. ਦਾ ਪ੍ਰਭਾਵ ਹੈ, ਇਹ ਮੂੰਹ ਦੇ ਮਿੱਠੇ ਤੇ ਗੱਠ ਦੇ ਪੂਰੇ ਹੁੰਦੇ ਹਨ। ਇਹਨਾਂ ਨੇ ਸਿੱਖਾਂ ਦੀ ਇਸ ਲੀਡਰਸ਼ਿਪ ਨੂੰ ਮੋਹਰਾ ਬਣਾ ਕੇ ਉਨਾਂਕੋਲੋਂ ਹੀ ਉਨਾਂ ਦੇ ਧਰਮ, ਬੋਲੀ ਨੂੰ ਖਤਮ ਕਰਵਾਉਣ ਦੀਆਂ ਚਾਲਾਂ ਚਲਦੇ ਰਹੇ ਹਨ। ਅਕਾਲੀਆਂ ਦੇ ਰਾਜ ਵਿੱਚ ਜਦੋਂ ਪੰਜਾਬ ਦੇ ਸਿਖਿਆ ਮੰਤਰੀ ਡਾ ਦਲਜੀਤ ਸਿੰਘ ਚੀਮਾ ਸਨ। ਉਸ ਸਮੇਂ ਕੇਂਦਰ ਦੀ ਮੰਤਰੀ ਸ਼੍ਰੀਮਤੀ ਸਿਮਰਤੀ ਈਰਾਨੀ ਸੀ ।ਉਸ ਨੇ ਸਾਰੇ ਭਾਰਤ ਦੇ ਸਕੂਲਾਂ ਦੀ ਇਕ ਸਾਰ ਪੜਾਈ ਕਰਾਉਣ ਲਈ ਇਕ ਰਾਸ਼ਟਰੀ ਪੱਧਰ ਦੀ ਸਿਖਿਆ ਕਮੇਟੀ ਬਣਾਈ। ਜਿਸ ਵਿੱਚ ਅਕਾਲੀ ਵਜਾਰਤ ਦੇ ਸਿਖਿਆ ਮੰਤਰੀ ਮੰਤਰੀ ਡਾ ਦਲਜੀਤ ਸਿੰਘ ਚੀਮਾ ਨੂੰ ਚੇਅਰਮੈਨ ਬਣਾਇਆ ਗਿਆ। ਇਸ ਕਮੇਟੀ ਦਾ ਜਨਰਲ ਸਕੱਤਰ ਮੋਦੀ ਦੇ ਨਜਦੀਕੀ ਤੇ ਰ.ਸ.ਸ. ਦੇ ਕੌਮੀ ਪੱਧਰ ਦੇ ਆਗੂ ਕੱਟੜ੍ਹ ਹਿੰਦੂ ਫਿਰਕਾਪ੍ਰਸਤ ਸ੍ਰੀ ਦੀਨਾ ਨਾਥ ਬੱਤਰਾ ਨੂੰ ਲਾਇਆ ਗਿਆ। ਜਦੋਂ ਅਕਾਲੀ ਵਜਾਰਤ ਬਣਦੀ ਹੈ ਤਾਂ ਵਜਾਰਤ ਵਿੱਚ ਸ਼ਾਮਲ ਸਾਡੇ ਆਗੂਆਂ ਦਾ ਮੁੱਖ ਜੋਰ ਧੰਨ ਨੂੰ ਇਕੱਠਾ ਕਰਨ ਦੀਆਂ ਗਿੱਣਤੀਆਂ ਮਿੱਣਤੀਆਂ ਵੱਲ ਹੀ ਲਗਾ ਰਹਿੰਦਾ ਹੈ। ਉਸ ਸਮੇਂ ਇਨਾਂ ਨੂੰ ਪੰਜਾਬ ਦੇ ਸਾਰੇ ਮੱਸਲੇ ਭੁੱਲ ਜਾਂਦੇ ਹਨ ਤੇ ਜਦੋਂ ਗਦੀਓਂ ਲਹਿ ਜਾਂਦੇ ਹਨ ਤਾਂ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਮੂਰਖ ਬਣਾਉਣ ਲਈ ਪੰਜਾਬ ਦੇ ਸਾਰੇ ਮਸਲੇ ਚੇਤੇ ਆ ਜਾਂਦੇ ਹਨ । ਪਰ ਰ.ਸ.ਸ. ਦੇ ਆਗੂ ਦੇਸ਼ ਵਿੱਚ ਹਿੰਦੂ ਰਾਸ਼ਟਰ ਸਥਾਪਤ ਕਰਨ ਲਈ ਸਿਰ ਧੜ੍ਹ ਦੀ ਬਾਜੀ ਲਗਾ ਕੰਮ ਕਰਦੇ ਆ ਰਹੇ ਹਨ। ਉਨਾਂ ਦਾ ਹਜਾਰਾਂ ਆਈ. ਟੀ. ਮੁਲਾਜਮਾਂ ਦਾ "ਥਿੰਕ ਟੈਂਕ" ਨਿੱਤ ਦਿਨ ਨਿਸ਼ਾਨੇ ਤੇ ਲਿਆਂਦੇ ਗਏ ਸਿੱਖ ਧਰਮ ਨੂੰ ਖਤਮ ਕਰਨ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਨਿੱਤ ਨਵੀਆਂ ਨੀਤੀਆਂ ਘੱੜ੍ਹ ਕੇ ਲਾਗੂ ਕਰਾਉਣ ਦੀਆਂ ਕੋਸ਼ਿਸ਼ਾਂ ਕਰਦੀ ਆ ਰਹੀ ਹੈ। ਵਿਦਿਆ ਨੀਤੀ ਇਕ ਸਾਰ ਕਰਨੀ ਵੀ ਇਸ ਦੀ ਇਕ ਗਹਿਰੀ ਚਾਲ ਸੀ। ਜਿਸ ਨਾਲ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੀ ਵਿਦਿਆ ਨੂੰ ਕੇਂਦਰ ਦੇ ਅਧੀਨ ਲਿਆ ਕੇ ਆਪਣੀ ਨੀਤੀ ਨਾਲ ਭਗਵੀਂ ਵਿਦਿਆ ਪੰਜਾਬ ਵਿੱਚ ਲਾਗੂ ਕਰਨੀ ਚਾਹੁੰਦੀ ਸੀ। ਜਿਸ ਵਿੱਚ ਉਹ ਪੂਰੀ ਤਰਾਂ ਸਫਲ ਹੋਏ ਹਨ।ਇਸ ਸਮੇਂ ਪੰਜਾਬ ਵਿੱਚ ਜੋ ਸਿਖਿਆ ਪ੍ਰਦਾਨ ਕੀਤੀ ਜਾ ਰਹੀ ਹੈ ਉਸ ਦੀ ਨੀਤੀ ਕੇਂਦਰ ਸਰਕਾਰ ਵਲੋਂ ਘੜ੍ਹੀ ਜਾਂਦੀ ਹੈ। ਸਭ ਨੇ ਅਖਬਾਰਾਂ ਵਿੱਚ ਪੜ੍ਹ ਲਿਆ ਹੋਵੇਗਾ ਕਿ ਪੰਜਾਬ ਦੇ ਵਿਦਿਆਰਥੀਆਂ ਨਾਲ ਵੱਡੀ ਬੇਇਨਸਾਫੀ ਉਨਾਂ ਦੀ ਮਾਂ ਬੋਲੀ ਪੰਜਾਬੀ ਨਾਲ ਸੀ. ਬੀ. ਐਸ. ਈ .ਸਕੂਲਾਂ ਦਾ ਬੋਰਡਕਰ ਰਿਹਾ ਹੈ। ਉਨਾਂ ਦੇ ਪੰਜਾਬੀ ਵਿਸ਼ੇ ਦੇ ਅੰਕ ਉਨਾਂ ਦੀ ਪ੍ਰੀਖਿਆ ਦੇ ਤਿਆਰ ਕੀਤੇ ਜਾ ਰਹੇ ਸਾਲਾਨਾ ਨਤੀਜੇ ਵਿੱਚ ਜੋੜ੍ਹਣ ਦੀ ਥਾਂ ਤੇ ਹਿੰਦੀ ਦੇ ਅੰਕ ਜੋੜ੍ਹ ਕੇ ਉਨਾਂ ਦਾ ਨਤੀਜਾ ਤਿਆਰ ਕਰ ਰਹੇ ਹਨ।ਜੋ ਪੰਜਾਬ ਦੇ ਬੱਚਿਆਂ ਨਾਲ ਸਿੱਧਾ ਧੱਕਾ ਤੇ ਬੇ- ਇਨਸਾਫੀ ਹੈ।ਜਿਸ ਵਿੱਚ ਭਾਜਪਾ ਲੀਡਰਸ਼ਿਪ ਪੂਰੀ ਤਰਾਂ ਕਾਮਯਾਬ ਹੋਈ ਤੇ ਸਾਡੇ ਤਤਕਾਲੀ ਅਕਾਲੀ ਮੰਤਰੀ ਮੂੰਹ ਅੱਡੀ ਵੇਖਦੇ ਰਹੇ ਹਨ। ਜਿਹਨਾਂ ਦੀ ਚੇਅਰਮੈਨੀ ਹੇਠ ਅਜਿਹਾ ਕੁਝ ਬਿਨਵਾਚੇ ਪਰਖੇ ਪੰਜਾਬੀ ਬੋਲੀ ਨਾਲ ਕਰਵਾ ਦਿੱਤਾ ਗਿਆ ਹੈ।ਪੰਜਾਬ ਸਕੂਲ ਸਿਖਿਆ ਬੋਰਡ ਜਿਹੜਾ ਸੂਬੇ ਦੇ ਵਿਦਿਆਰਥੀ ਨੂੰ ਕਿਸ ਤਰਾਂ ਦਾ ਸਲੈਬਸ ਪੜਾਉਣਾ ਹੈ ਨੂੰ ਤਿਆਰ ਕਰਦਾ ਹੈ। ਜਿਸ ਨੂੰ ਪੰਜਾਬ ਦੇ ਵਿਦਿਆਰਥੀ ਨਵੇਂ ਸੈਸ਼ਨ ਵਿੱਚ ਪੜਦੇ ਹਨ।ਚਾਹੀਦਾ ਤਾਂ ਇਹ ਸੀ ਕਿ ਜੇ ਕਰ ਦੇਸ਼ ਦੀ ਪੜਾਈ ਇਕ ਸਾਰ ਕਰਨੀ ਹੈ ਤਾਂ ਉਹ ਕੌਮਾਂਤਰੀ ਵਿਸ਼ੇ ਸਾਇੰਸ, ਮੈਥ, ਅੰਗਰੇਜੀ ਨੂੰ ਇਕ ਸਾਰ ਕਰ ਲੈਂਦੇ। ਮਾਂ ਬੋਲੀ ਪੰਜਾਬੀ ,ਇਤਿਹਾਸ ਦੇ ਵਿਸ਼ੇ ਪੰਜਾਬ ਲਈ ਛੱਡ ਕੇ ਬਾਕੀ ਨੂੰ ਪ੍ਰਵਾਨਗੀ ਦੇ ਦੇਂਦੇ ਪਰ ਸਾਡੇ ਸਿਖਿਆ ਮੰਤਰੀ ਤਾਂ ਪੰਜਾਬ ਦੀ ਪੜਾਈ ਜਾਂਦੀ ਮਾਂ ਬੋਲੀ ਪੰਜਾਬੀ, ਇਤਿਹਾਸ ਆਦਿ ਸਾਰਾ ਕੁਝ ਸੀ. ਬੀ .ਐਸ. ਈ .ਤੇ ਹੋਰ ਹਿੰਦੂ ਕੇਂਦਰੀ ਵਿਦਿਆਲਿਆਂ ਦੇ ਹੱਥ ਫੜਾ ਆਏ। ਜਿਸ ਦਾ ਨਤੀਜਾ ਜੋ ਹੁਣ ਪੰਜਾਬ ਦੇ ਵਿਦਿਆਰਥੀ ਇਨਾਂ ਕੇਂਦਰੀ ਵਿਦਿਆਲਿਆਂ ਵਿੱਚ ਪੰਜਾਬੀ ਵਿਸ਼ਾ ਪੜ੍ਹ ਰਹੇ ਹਨ ਉਹ ਜਰੂਰੀ ਵਿਸ਼ਾ ਰੱਖਣ ਦੀ ਥਾਂ ਤੇ ਆਪਸ਼ਨਲ ਵਿਸ਼ੇ ਵਜੋਂ ਪੜ੍ਹਣਗੇ, ਜਿਸ ਦੀ ਦਸਵੀਂ ਜਮਾਤ ਦਾ ਪੰਜਾਬੀ ਦਾ ਸਲੈਬਸ ਪੰਜਾਬ ਸਕੂਲ ਸਿਖਿਆ ਬੋਰਡ ਦੇ ਪਾਸਕੂ ਵੀ ਨਹੀਂ ਹੈ। ਇਹ ਹੀ ਨਹੀਂ ਬਲਕਿ ਵਿਦਿਆਰਥੀਆਂ ਨੂੰ ਇਹ ਵੀ ਖੁੱਲ ਹੈ ਕਿ ਉਹ ਚਾਹੇ ਉਹ ਇਹ ਆਪਸ਼ਨਲ ਵਿਸ਼ਾ ਪੰਜਾਬੀ ਦੇ ਨਾਲ ਪੰਜਾਬ ਦਾ ਇਤਿਹਾਸ ਪੜ੍ਹਣ ਜਾ ਨਾ। ਸਿੱਧਾ ਹੀ ਪੰਜਾਬੀ ਬੋਲੀ ਤੇ ਇਤਿਹਾਸ ਨੂੰ ਪੰਜਾਬ ਵਿੱਚੋਂ ਖਤਮ ਕਰਨ ਦੀ ਡੂੰਘੀ ਸਾਜਿਸ਼ ਰੱਚੀ ਗਈ ਹੈ। ਸਾਡੇ ਸਿਖਿਆ ਮੰਤਰੀ ਡਾ ਦਲਜੀਤ ਸਿੰਘ ਚੀਮਾ ਦੇ ਰਾਜ ਵਿੱਚ ਪੰਜਾਬ ਸਕੂਲ ਬੋਰਡ ਵਿੱਚ ਬੈਠੀ ਭਾਜਪਾ ਲਾਬੀ ਨੇ ਹਾਇਰ ਸੈਕੰਡਰੀ ਕਲਾਸ ਵਿੱਚ ਪੰਜਾਬ ਦਾ ਇਤਿਹਾਸ ਬੱਚੇ ਨਾ ਪੜ ਸਕਣ ਉਨਾਂ ਨੇ ਕਈ ਸਾਲ ਪੰਜਾਬ ਦੇ ਇਤਿਹਾਸ ਦੀਆਂ ਕਿਤਾਬਾਂ ਹੀ ਨਹੀਂ ਛਪਵਾਈਆਂ। ਜਿਸ ਦਾ ਨਤੀਜਾ ਇਹ ਹੋਇਆ ਕਿ ਸਕੂਲਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਇਸ ਵਿਸ਼ੇ ਨੂੰ ਛੱਡ ਕੇ ਹੋਰ ਵਿਸ਼ਾ ਲੈ ਗਏ। ਇਸ ਸਾਜਿਸ਼ ਤਹਿਤ ਪੰਜਾਬ ਦੇ ਵਿਦਿਆਰਥੀ ਪੰਜਾਬ ਦੇ ਇਤਿਹਾਸ ਨੂੰ ਪੜ੍ਹਣ ਤੋਂ ਵਾਂਝੇ ਕਰ ਦਿੱਤੇ ਗਏ। ਇਸ ਮਸਲੇ ਸਬੰਧੀ ਕਈ ਵਾਰੀ ਇਸੇ ਸਿਖਿਆ ਮੰਤਰੀ ਦਾ ਧਿਆਨ ਪੱਤਰਕਾਰਾਂ ਨੇ ਦੁਆਇਆ ਵੀ ਸੀ।

ਇਥੋਂ ਤਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇ ਸੁਖਦੇਵ ਸਿੰਘ ਭੋਰ ਨੇ ਵੀ ਡਾ ਚੀਮਾ ਨਾਲ ਇਸ ਮਸੱਲੇ ਤੇ ਗੱਲ ਵੀ ਕੀਤੀ ਸੀ, ਪਰ ਨਤੀਜਾ ਜੀਰੋ ਨਿਕਲਿਆ। ਜਦੋਂ ਵਾੜ੍ਹ ਹੀ ਖੇਤ ਨੂੰ ਖਾਣ ਲਗ ਜਾਵੇ , ਫਿਰ ਉਸਖੇਤ ਨੂੰ ਕੋਈ ਬੱਚਾ ਨਹੀਂ ਸਕਦਾ। ਇਹੋ ਕੁਝ ਸਾਡੀ ਸਿੱਖ ਸਿਆਸਤ ਵਿੱਚ ਕਾਬਜ ਲੀਡਰਸ਼ਿਪ ਪੰਜਾਬੀ ਬੋਲੀ ਤੇ ਪੰਜਾਬ ਦੇ ਇਤਿਹਾਸ ਨਾਲ ਕਰਦੀ ਰਹੀ ਹੈ। ਹੁਣ ਦੇਸ਼ ਦੇ ਦੂਜੇ ਪ੍ਰਾਂਤਾਂ ਵਾਂਗ ਬਹੁਤ ਹੀ ਸੀਮਤ ਜਿਹੀ ਜਾਣਕਾਰੀ ਪੰਜਾਬ ਦੇ ਵਿਦਿਆਰਥੀ ਪੰਜਾਬੀ ਬੋਲੀ ਤੇ ਪੰਜਾਬ ਦੇ ਇਤਿਹਾਸ ਬਾਰੇ ਪ੍ਰਾਪਤ ਕਰ ਸਕਣਗੇ। ਭਾਜਪਾ ਦੀ ਇਹੀ ਨੀਤੀ ਹੈ ਕਿ ਪੰਜਾਬ ਦੇ ਵਿਦਿਆਰਥੀਆਂ ਨੂੰ ਉਨਾਂ ਦੀ ਮਾਂ ਬੋਲੀ ਪੰਜਾਬੀ ਤੇ ਇਤਿਹਾਸ ਤੋਂ ਵਾਂਝਾ ਕਰ ਦਿੱਤਾ ਜਾਵੇ। ਸਿੱਖ ਧਰਮ ਤਾਂ ਫਿਰ ਆਪੇ ਹੀ ਕੁਝ ਸਮੇਂ ਬਾਅਦ ਖਤਮ ਹੋ ਜਾਵੇਗਾ । ਇਸ ਸਮੇਂ ਪੰਜਾਬ ਵਿੱਚ ਸਿਰਫ 10% ਵਿਦਿਆਰਥੀ ਸਰਕਾਰੀ ਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਭਾਸ਼ਾ ਵਜੋਂ ਪੰਜਾਬੀ ਪੜ੍ਹ ਰਹੇ ਹਨ। ਬਾਕੀ ਸਾਰੇ ਨਿੱਜੀ ਤੇ ਗੈਰ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਬੋਲੀ ਦਾ ਭੋਗ ਕੇਂਦਰੀ ਸਕੂਲਾਂ ਵਿਚੋਂ ਤਾਂ ਸਾਡੇ ਬੜੇ ਸੁੱਘੜ ਸਿਆਣੇ ਸਿਖਿਆ ਮੰਤਰੀ ਸਾਹਿਬ ਨੇ ਆਪਣੀ ਚੇਅਰਮੈਨੀ ਸ਼ਿਪ ਵਿੱਚ ਪਵਾ ਦਿੱਤਾ ਹੈ। ਭਾਜਪਾ ਨੇ ਬੜੀ ਸ਼ਤਰੰਜੀ ਚਾਲ ਨਾਲ ਇਹ ਕੰਮ ਕੀਤਾ ਹੈ । ਜਿਸ ਨਾਲ ਪੰਜਾਬੀ ਬੋਲੀ ਤੇ ਪੰਜਾਬ ਦੇ ਇਤਿਹਾਸ ਤੋਂ ਸਾਡੇ ਪੰਜਾਬ ਦੇ ਵਿਦਿਆਰਥੀ ਵਿਰਵੇਂ ਕਰ ਦਿਤੇ ਗਏ ਹਨ । ਦੇਸ਼ ਦੀ ਅਜਾਦੀ ਤੋਂ ਬਾਅਦ ਸੁਹਿਰੱਦ ਅਕਾਲੀ ਲੀਡਰੀਸ਼ਪ ਨੇ ਪੰਜਾਬੀ ਸੂਬਾ ਬਣਾਉਣ ਲਈ ਲੰਮਾ ਸਮਾਂ ਸੰਘਰਸ਼ ਲੜਿਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਪੰਜਾਬੀਆਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ, ਜੇਲਾਂ ਵਿੱਚ ਰਹਿਣ ਦੇ ਨਾਲ ਪੁਲੀਸ ਦਾ ਕਹਿਰਾਂ ਦਾ ਤਸ਼ੱਦਦ ਝਲਣਾ ਪਿਆ। ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਮਹਿੰਦਰਗੜ੍ਹ ਨਾਰਨੌਲ (ਹਰਿਆਣਾ) ਤੋਂ ਲੈ ਕੇ ਲਹੁਲਸਪਿੱਤੀ (ਹਿਮਾਚਲ ਪ੍ਰਦੇਸ਼) ਤਕ ਪੰਜਾਬੀ ਬੋਲੀ ਪਹਿਲੀ ਭਾਸ਼ਾ ਜਾਂ ਦੂਜੀ ਭਾਸ਼ਾ ਵਜੋਂ ਪੜਾਈ ਜਾਂਦੀ ਸੀ। ਮੌਜੂਦਾ ਸਿੱਖ ਲੀਡਰਸ਼ਿਪ ਨੇ ਸਿਰਫ ਰਾਜ ਭਾਗ ਲੈਣ ਲਈ "ਪੰਜਾਬੀ ਸੂਬਾ" ਆਪਣੀ ਮਰਜੀ ਨਾਲ ਬਹੁ ਸਿੱਖ ਵਸੋਂ ਵਾਲਾ ਲੈ ਕੇ ਉਸ ਨੂੰ ਸਿਖਰਾਂ ਦਾ ਛੋਟਾ ਕਰਾ ਕੇ ਲਿਆਤਾਂ ਕਿ ਜਲਦੀ ਤੋਂ ਜਲਦੀ ਰਾਜ ਗੱਦੀ ਤੇ ਬੈਠਣ ਦਾ ਮੌਕਾ ਮਿਲੇ।ਪਰ ਸਾਡੀ ਸੁਆਰਥੀ ਲੀਡਰਸ਼ਿਪ ਇਸ ਛੋਟੇ ਜਿਹੇ ਪੰਜਾਬੀਸੂਬੇ ਵਿੱਚ ਵੀ "ਪੰਜਾਬੀ ਬੋਲੀ" ਨੂੰ ਇਨਾਂ ਭਾਜਪਾਈਆਂ ਨਾਲ ਭਿਆਲੀ ਰਖਣ ਕਾਰਨ ਕਾਇਮ ਨਾ ਰੱਖ ਸਕੀ। ਇਸ ਸੂਬੇ ਵਿੱਚ ਪਹਿਲੀ ਭਾਸ਼ਾ ਵਜੋਂ ਪੰਜਾਬੀ ਬੋਲੀ ਪੜਾਈ ਜਾਣੀ ਸੀ ਪਰ ਇਥੇਵੀ ਅਕਾਲੀ ਲੀਡਰਸ਼ਿਪ ਪੰਜਾਬੀ ਬੋਲੀ ਨੂੰ ਪੂਰਨ ਮਾਣ ਸਨਮਾਨ ਨਾ ਦੇ ਸਕੀ। ਇਥੇ ਹੀ ਬਸ ਨਹੀਂ ਕਿ ਉਨਾਂ ਕੋਲੋਂ ਰਾਜ ਦੀ ਗੱਦੀ ਨਾ ਖੁੱਸ ਜਾਏ ਭਾਜਪਾਈਆਂ ਦੇ ਦਬਾਅ ਥੱਲੇ ਪੰਜਾਬ ਵਿੱਚ ਹਿੰਦੀ ਪਹਿਲੀ ਭਾਸ਼ਾ ਵਜੋ ਐਸ. ਡੀ., ਡੀ. ਏ ਵੀ. ਤੇ ਹੋਰ ਕੇਂਦਰ ਦੇ ਸਕੂਲਾਂ ਵਿੱਚ ਪੜਾਏ ਜਾਣ ਦੀ ਆਗਿਆ ਵੀ ਦਿੱਤੀ ਗਈ। ਜਦੋਂ ਕਿ ਹਰਿਆਣੇਵਿੱਚ ਕੋਈ ਵੀ ਖਾਲਸਾ ਸਕੂ.ਲ ਪਹਿਲੀ ਭਾਸ਼ਾ ਵਜੋਂ "ਪੰਜਾਬੀ"ਨਹੀਂ ਪੜਾ ਸਕਦਾ। ਫਿਰ ਪੰਜਾਬ ਵਿੱਚ ਅਜਿਹੀ ਕਿਉਂ ਆਗਿਆ ਦਿੱਤੀ ਗਈ?

ਇਥੇ ਇਕ ਗੱਲ ਵਿਸ਼ੇਸ਼ ਤੌਰ ਤੇ ਸਿੱਖ ਜਗੱਤ ਨਾਲ ਸਾਂਝੀ ਕਰਨੀ ਵਾਜਬ ਬਣਦੀ ਹੈ।ਪੰਜਾਬ ਸਕੂਲ ਸਿਖਿਆ ਬੋਰਡ ਦੇ ਚੇਅਰਮੈਨ ਸ੍ਰ ਗੁਰਬਖਸ਼ ਸਿੰਘ ਸ਼ੇਰਗਿੱਲ ਰਹੇ ਹਨ। ਉਨਾਂ ਨੂੰ ਕੁਝ ਪੰਜਾਬੀ ਹਿਤੇਸ਼ੀਆਂ ਦਾ ਵਫਦ ਮਿਲਿਆ ਜਿਸ ਵਿੱਚ ਉਨਾਂ ਨੇ ਬੇਨਤੀ ਕੀਤੀ ਸੀ ਕਿ ਹਰਿਆਣੇ ਵਿੱਚ ਕੋਈ ਵੀ ਸਰਕਾਰੀ, ਅਰਧ ਸਰਕਾਰੀ, ਨਿੱਜੀ ਸਕੂਲ ਸਮੇਤ ਖਾਲਸਾ ਸਕੂਲਾਂ ਦੇ ਪਹਿਲੀ ਭਾਸ਼ਾ ਵਜੋਂ 'ਪੰਜਾਬੀ' ਨਹੀਂ ਪੜਾ ਸਕਦਾ ਤਾਂ ਫਿਰ ਪੰਜਾਬ ਵਿੱਚ ਕਿਉਂ ਹਿੰਦੀ ਪੜਾਉਣ ਦੀ ਆਗਿਆ ਦਿੱਤੀ ਗਈ ਹੈ? ਉਹਨਾਂ ਨੇ ਇਸ ਸਾਰੇ ਕੁਝ ਦੀ ਪੜਤਾਲ ਕਰਨ ਉਪਰੰਤ ਸਾਰੇ ਪੰਜਾਬ ਵਿੱਚ ਪੱਤਰ ਜਾਰੀ ਕਰ ਦਿੱਤਾ ਕਿ ਨਵੇਂ ਸੈਸ਼ਨ ਤੋਂ ਪੰਜਾਬ ਦੇ ਸਾਰੇ ਮਾਨਤਾ ਪ੍ਰਾਪਤ, ਅਰਧ ਸਰਕਾਰੀ, ਨਿੱਜੀ ਸਕੂਲ ਪਹਿਲੀ ਭਾਸ਼ਾ ਵਜੋਂ "ਪੰਜਾਬੀ" ਪੜਾਉਣਗੇ! ਜਿਸ ਦਾ ਇੰਨਾ ਅਸਰ ਹੋਇਆ ਕਿ ਪੰਜਾਬ ਦੀ ਸਾਰੀ ਭਾਜਪਾ ਤੇ ਕਟੱੜ੍ਹ ਹਿੰਦੂ ਲਾਬੀ ਤੁਰੰਤ ਇੱਕਠੀ ਹੋ ਕੇ ਪੰਜਾਬ ਦੇ ਤਤਕਾਲੀ ਅਕਾਲੀ ਮੁੱਖ ਮੰਤਰੀ ਨੂੰ ਮਿਲੇ ਜਾਣ ਦੀ ਸੂਚਨਾ ਹੈ। ਇਸ ਲਾਬੀ ਨੇ ਸਭ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਤੋਂ ਇਹ ਕੰੰਮ ਕਰਾਇਆ ਕਿ ਪੰਜਾਬ ਸਕੂ.ਲ ਸਿਖਿਆ ਬੋਰਡ ਦੇ ਚੇਅਰਮੈਨ ਦੀ ਬੋਰਡ ਵਿੱਚੋਂ ਸਦਾ ਲਈ ਛੁੱਟੀ ਕਰਾ ਦਿੱਤੀ ਤੇ ਉਸ ਵਲੋਂ ਜਾਰੀ ਕੀਤਾ "ਪੰਜਾਬੀ" ਬਾਰੇ ਪੱਤਰ ਵੀ ਰੱਦ ਕਰਵਾਲਿਆ। ਸਾਰਾ ਫਸਤਾ ਹੀ ਵੱਢਾ ਦਿੱਤਾ ਤਾਂ ਕਿ ਅਗੋਂ ਤੋਂ ਕੋਈ ਵੀ ਅਧਿਕਾਰੀ ਅਜਿਹੀ ਜੁਅੱਰਤ ਨਾ ਕਰ ਸਕੇ। ਇਹ ਹਾਲ ਹੈ ਸਾਡੀ ਅਕਾਲੀ ਲੀਡਰਸ਼ਿਪ ਦਾ! ਇਨਾਂ ਭੱਦਰ ਪੁਰਸ਼ਾਂ ਕੋਲੋਂ ਕੋਈ ਪੁੱਛੇ, ਜੇ ਤੁਸੀ ਇਹੋ ਕੁਝਕਰਨਾ ਸੀ ਤਾਂ ਕੀ ਲੋੜ੍ਹ ਸੀ ਪੰਜਾਬੀ ਸੂਬਾ ਲੈਣ ਲਈ ਜਦੋਜਹਿਦਾਂ ਕਰਨ ਦਾ! ਅਕਾਲੀ ਸਰਕਾਰ ਨੇਸਾਰੇ ਰਾਜ ਕਾਲ ਵਿੱਚ ਕੋਈ ਵਿਉਂਤ ਹੀ ਨਹੀਂ ਬਣਾਈ ਕਿ ਕਿਵੇਂ ਪੰਜਾਬ ਤੇ ਮਾਂ ਬੋਲੀ ਪੰਜਾਬੀ ਦਾ ਵਿਕਾਸ ਕਰਨਾ ਹੈ। ਲਗ ਭਗ ਸਾਰੀ ਲੀਡਰਸ਼ਿਪ ਦਾ ਧਿਆਨ ਇਸ ਗੱਲ ਵੱਲਲਗਾ ਰਿਹਾ ਜਾਪਦਾ ਹੈ ਕਿ ਕਿਵੇਂ ਇਸ ਪ੍ਰਾਪਤ ਕੀਤੀ ਗੱਦੀ ਰਾਹੀਂ ਕਰੋੜਾਂ ਰੁਪਏ ਦਾ ਧੰਨ ਇਕਠਾ ਕਰਨਾ ਹੈ ਤੇ ਆਪਣੇ ਕਾਰੋਬਾਰ ਚਮਕਾ ਕੇ ਸੰਸਾਰ ਦੇ ਧਨਾਢਾਂ ਵਿੱਚ ਨਾਂ ਦਰਜ ਕਰਾਉਣਾ ਹੈ। ਇੰਜ ਲਗਦਾ ਹੈ ਕਿ ਇਸ ਲ਼ੀਡਰਸ਼ਿਪ ਨੂੰ ਨਾ ਤਾਂ ਪੰਜਾਬ ਨਾਲ ਪਿਆਰ ਹੈ, ਨਾ ਹੀ ਮਾਂ ਬੋਲੀ ਪੰਜਾਬੀ ਨਾਲ ਤੇ ਨਾ ਹੀ ਪੰਜਾਬ ਦੇ ਇਤਿਹਾਸ ਨਾਲ ! ਇਹ ਆਪਣੇ ਰਾਜ ਵਿੱਚ ਆਪਣੇ ਟੱਬਰ ਤੇ ਰਿਸ਼ਤੇਦਾਰੀਆਂ ਨੂੰ ਪਾਲਦੇ ਰਹੇ ਹਨ।ਪੰਥ ਲਈ ਕੁਰਬਾਨੀਆ ਦੇਣ ਵਾਲੇ ਆਗੂਆਂ ਨੂੰ ਪਿਛੇ ਕਰਕੇ ਆਪਣੇ ਘਰ ਦੇ ਮੈਂਬਰਾਂ ਨੂੰ ਉੱਚੇ ਉੱਚੇ ਅਹੁੱਦੇ ਸਰਕਾਰ ਤੇ ਪਾਰਟੀ ਵਿੱਚ ਦੇ ਕੇ ਆਪਣੀ ਸਰਦਾਰੀ ਕਾਇਮ ਕਰਦੇ ਰਹੇ ਹਨਤਾਂ ਕਿ ਕੋਈ ਵੀ ਜੁਅੱਰਤ ਕਰ ਕੇ ਇਹਨਾਂ ਕੋਲੋਂ ਪੁੱਛ ਹੀ ਨਾ ਸਕੇ ਕਿ ਤੁਸੀ ਕਰ ਕੀ ਰਹੇ ਹੋ? ਜਿਸ ਦਾ ਨਤੀਜਾ ਅੱਜ ਇਸ ਪਾਰਟੀ ਲਈ ਕੁਰਬਾਨੀਆਂ ਦੇਣ ਵਾਲੇ ਪੁਰਾਣੇ ਲੀਡਰ ਇਸ ਪਾਰਟੀ ਤੋਂ ਕਿਨਾਰਾ ਕਰਕੇ ਆਪਣੀਆਂ ਵੱਖਰੀਆਂ ਅਕਾਲੀ ਪਾਰਟੀਆਂ ਬਣਾਈ ਬੈਠੇ ਹਨ। ਜਿੰਨੇ ਅਕਾਲੀ ਤੇ ਪੰਜਾਬੀ ਆਪਸ ਵਿੱਚ ਪਾਟੋ ਧਾੜ ਵਿੱਚ ਰਹਿਣਗੇ ਭਾਜਪਾ ਵਾਲਿਆਂ ਦੀ ਚਾਂਦੀ ਬਣੇਗੀ। ਭਾਜਪਾ ਦੀ ਚਾਲ ਹੈ ਕਿ ਸਿੱਖਾਂ ਨੂੰ ਆਪਿਸ ਵਿੱਚ ਪਾੜ੍ਹ ਕੇ ਰਖਿਆ ਜਾਵੇ ਤਾਂ ਕਿ 2022 ਦੀਆਂ ਚੋਣਾਂ ਵਿੱਚ ਆਪਣੀ ਪਾਰਟੀ ਦਾ ਵੱਧ ਤੋਂ ਵੱਧ ਲਾਹਾ ਖੱਟਿਆ ਜਾ ਸਕੇ। ਹੁਣ ਅਕਾਲੀ ਦੱਲ ਬਾਦਲ ਨੇ ਮਾਇਆ ਵੱਤੀ ਦੀ ਪਾਰਟੀ ਬਸਪਾ ਨਾਲ ਸਮਝੌਤਾ ਕਰ ਲਿਆ ਹੈ। ਕਾਂਗਰਸ ਵਿੱਚ ਬੈਠੀ ਬਹੁਤ ਹੀ ਸੀਮਤ ਅਜਿਹੀ ਲੀਡਰਸ਼ਿਪ ਜਿਹੀ ਰਹਿ ਗਈ ਹੈ ਜੋ ਸੈਕੂਲਰ ਹੋਵੇ, ਬਹੁਤਿਆਂ ਉਤੇ ਹਿੰਦੂ ਕਟੱੜਵਾਦ ਦਾ ਮੁਲੰਮਾ ਚੜ੍ਹ ਚੁੱਕਾ ਹੈ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਜਪਾ ਪੰਜਾਬ ਦੀ ਗੱਦੀ ਨੂੰ ਲੈਣ ਲਈ ਪੱਬਾਂ ਭਾਰ ਹੋਈ ਫਿਰਦੀ ਹੈ। ਬਾਦਲ ਅਕਾਲੀ ਦੱਲ ਤੇ ਬਸਪਾ ਵਿੱਚ ਚੋਣ ਅਹਿਦ ਤਾਂ ਇਕ ਉਸ ਦਾ ਟਰੇਲਰ ਹੈ ।ਉਹ ਕੈਪਟਨ ਅਮਰਿੰਦਰ ਸਿੰਘ ਗਰੁੱਪ ਤੇ ਕਾਂਗਰਸ ਵਿਚਲੇ ਭਾਜਪਾ ਹਮਦਰਦਾਂ ਨਾਲ ਗੁਪਤ ਸਾਂਝ ਬਣਾ ਕੇ ਸਾਂਝੀ ਚੋਣ ਲੜ੍ਹ ਕੇ ਪੰਜਾਬ ਨੂੰ ਹਥਿਆਉਣ ਦੀ ਚਾਲ ਵਿੱਚ ਹੈ। ਜਿਸ ਨੂੰ ਸਮਝਣ ਦੀ ਲੋੜ੍ਹ ਹੈ। ਸੰਸਾਰ ਵਿੱਚ ਵਸਦੇ ਪੰਜਾਬੀਆਂ ਨੂੰ ਅਪੀਲ ਹੈ ਕਿ ਉਹ ਜਾਗਰੂਕ ਹੋਣ। ਹਾਲੇ ਵੀ ਡੁੱਲੇ ਬੇਰਾਂ ਦਾ ਬਹੁਤਾ ਕੁਝ ਨਹੀਂ ਵਿਗੜਿਆ। ਜੇ ਕਰ ਉਹ ਪਹਿਲਾਂ ਦੀ ਤਰਾਂ ਅਵੇਸਲੇ ਰਹੇ ਤਾਂ ਪੰਜਾਬ ਜਰੂਰ ਬਰਬਾਦ ਹੋ ਜਾਵੇਗਾ। ਜਿਸ ਨਾਲ ਸਿੱਖ ਧਰਮ ਤੇ ਪੰਜਾਬ ਦੀ ਹੋਂਦ ਵੀ ਜਰੂਰ ਖਤਮ ਹੋ ਜਾਵੇਗੀ ।

(ਸਮਾਪਤ)

# ਕਿੱਧਰ ਗਏ ਆੜ੍ਹਤੀ, ਵਾਗੀ ਅਤੇ ਗੱਦੀ?



ਮਾਸਟਰ ਸੰਜੀਵ ਧਰਮਾਣੀ
91-94785-61356


ਸਮੇਂ ਦੀ ਤੋਰ ਨਾਲ ਮਨੁੱਖ ਦੇ ਕੰਮ- ਧੰਦੇ ਆਦਿ ਵਿੱਚ ਤਬਦੀਲੀ ਆਉਣਾ ਸੁਭਾਵਿਕ ਹੀ ਹੈ। ਲਗਭਗ ਤਿੰਨ - ਚਾਰ ਦਹਾਕੇ ਪਹਿਲਾਂ ਪਿੰਡਾਂ ਵਿੱਚ ਭੇਡਾਂ , ਬੱਕਰੀਆਂ , ਗਾਵਾਂ , ਮੱਝਾਂ ਆਦਿ ਘਰ - ਘਰ ਪਾਲੀਆਂ ਜਾਂਦੀਆਂ ਸਨ। ਲੋਕ ਇਨ੍ਹਾਂ ਪਸ਼ੂਆਂ ਤੋਂ ਦੁੱਧ , ਘਿਉ , ਉੱਨ ਆਦਿ ਪ੍ਰਾਪਤ ਕਰ ਲੈਂਦੇ ਸੀ। ਉਸ ਸਮੇਂ ਲੋਕ ਦੇਸੀ ਗਾਵਾਂ ਵੀ ਪਾਲਦੇ ਸਨ। ਬਹੁਤੇਰੇ ਲੋਕ ਇਨ੍ਹਾਂ ਪਸ਼ੂਆਂ ਨੂੰ ਪਾਲ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਉਦੋਂ ਲੋਕ ਇਨ੍ਹਾਂ ਪਸ਼ੂਆਂ ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਦਾ ਪ੍ਰਬੰਧ ਵੀ ਕਰਦੇ ਸਨ। ਉਸ ਸਮੇਂ ਖੁੱਲ੍ਹੀਆਂ - ਡੁੱਲ੍ਹੀਆਂ ਗੈਰ- ਆਬਾਦ ਜ਼ਮੀਨਾਂ ਅਤੇ ਜੰਗਲ - ਬੇਲੇ ਕਾਫ਼ੀ ਹੁੰਦੇ ਸਨ ਤੇ ਖੇਤੀ ਯੋਗ ਭੂਮੀ ਕਾਫੀ ਘੱਟ ਹੁੰਦੀ ਸੀ। ਇਸ ਲਈ ਪਸ਼ੂਆਂ ਆਦਿ ਨੂੰ ਚਰਾਉਣ ਲਈ ਖੁੱਲ੍ਹੀਆਂ ਚਰਾਂਦਾਂ ਹੁੰਦੀਆਂ ਸਨ। ਭੇਡਾਂ, ਬੱਕਰੀਆਂ ਦੇ ਇਕੱਠ ਨੂੰ ਆਮ ਤੌਰ 'ਤੇ ਇੱਜੜ ਕਿਹਾ ਜਾਂਦਾ ਹੈ ਅਤੇ ਇਸ ਇੱਜੜ ਨੂੰ ਚਰਵਾਉਣ ਵਾਲਾ 'ਆਜੜੀ' ਅਖਵਾਉਂਦਾ ਸੀ। ਗਊਆਂ ਦੇ ਇਕੱਠ ਨੂੰ ਵਗ ਕਿਹਾ ਜਾਂਦੈ ਅਤੇ 'ਵਗ' ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਵਾਲੇ ਨੂੰ 'ਵਾਗੀ' ਕਿਹਾ ਜਾਂਦਾ ਰਿਹਾ। ਸਾਰੇ ਪਿੰਡ ਦੀਆਂ ਗਊਆਂ ਨੂੰ ਚਰਵਾਉਣ ਲਈ ਵਾਗੀ ਰੱਖੇ ਹੁੰਦੇ ਸਨ ਅਤੇ ਕਈ ਵਾਰ ਉਨ੍ਹਾਂ ਵੱਲੋਂ ਆਪਣੀ ਸਹਾਇਤਾ ਲਈ ਸਹਾਇਕ ਦੇ ਤੌਰ 'ਤੇ ਛੋਟੀ ਉਮਰ ਦੇ ਲੜਕੇ ਵੀ ਰੱਖੇ ਹੁੰਦੇ ਸਨ। ਪਸ਼ੂਆਂ ਨੂੰ ਚਰਵਾਉਣ ਲਈ ਲੈ ਕੇ ਜਾਣ ਸਮੇਂ ਇੱਕ ਥਾਂ ਇਕੱਠਾ ਕਰ ਲਿਆ ਜਾਂਦਾ। ਵਾਗੀ ਅਤੇ ਆਜੜੀ ਆਪਣੇ ਕੋਲ ਇੱਕ ਡੰਡਾ , ਢਾਂਗੀ ਅਤੇ ਪਾਣੀ ਵਾਲਾ ਬਰਤਨ ਜ਼ਰੂਰ ਰੱਖਦੇ ਸਨ। ਢਾਂਗੀ ਭੇਡਾਂ ਅਤੇ ਬੱਕਰੀਆਂ ਲਈ ਰੁੱਖਾਂ ਤੋਂ ਪੱਤੇ ਆਦਿ ਝਾੜਨ ਲਈ ਆਜੜੀਆਂ ਦੇ ਕੰਮ ਆਉਂਦੀ ਹੁੰਦੀ ਸੀ। ਇਹ ਲੋਕ ਦੁਪਹਿਰ ਦੀ ਰੋਟੀ ਆਦਿ ਵੀ ਆਪਣੇ ਨਾਲ ਰੱਖ ਲੈਂਦੇ। ਇਨ੍ਹਾਂ ਆਜੜੀਆਂ ਅਤੇ ਬਾਗੀਆਂ ਦੀ ਪ੍ਰਕ੍ਰਿਤੀ ਬਹੁਤ ਸ਼ਾਂਤ ਸੁਭਾਅ ਦੀ ਅਤੇ ਜੀਵਨ ਬਹੁਤ ਹੀ ਸਾਦਾ ਅਤੇ ਸਿੱਧਾ ਜਿਹਾ ਹੁੰਦਾ ਸੀ। ਮੌਸਮ ਦਾ ਹਰ ਰੰਗ ਆਜੜੀ , ਵਾਗੀ ਤੇ ਗੱਦੀ ਆਪਣੇ ਪਿੰਡੇ 'ਤੇ ਸਹਿੰਦੇ ਸਨ। ਗੱਦੀ ,ਵਾਗੀ ਤੇ ਆਜੜੀ ਲਈ ਸਰਦੀਆਂ ਦੀ ਠੰਢ , ਗਰਮੀਆਂ ਦੀ ਧੁੱਪ ਤੇ ਲੂ ਸਮੱਸਿਆ ਖੜ੍ਹੀ ਕਰਦੇ ਸਨ। ਇਨ੍ਹਾਂ ਦਾ ਕੰਮ ਕਾਫੀ ਔਖਾ ਅਤੇ ਜੋਖਮ ਭਰਿਆ ਹੁੰਦਾ ਸੀ। ਇਹ ਲੋਕ ਪਸ਼ੂਆਂ ਨੂੰ ਚਰਵਾਉਂਦੇ ਹੋਏ ਰਸਤੇ ਵਿੱਚ ਚਾਹ - ਪਾਣੀ ਦੀ ਤਿਆਰੀ ਆਪ ਕਰਕੇ ਉਸ ਦਾ ਪ੍ਰਬੰਧ ਵੀ ਖੁਦ ਹੀ ਕਰ ਲੈਂਦੇ। ਪਹਿਲਾਂ-ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ ਆਦਿ 'ਤੇ ਹੀ ਨਿਰਭਰ ਸਨ। ਹਿਮਾਚਲ ਪ੍ਰਦੇਸ਼ , ਜੰਮੂ-ਕਸ਼ਮੀਰ ਆਦਿ ਖੇਤਰਾਂ ਵਿੱਚ ਗੱਦੀ ਲੋਕ ਵੀ ਰਹਿੰਦੇ ਹੁੰਦੇ ਸਨ , ਜੋ ਕਿ ਆਪਣੇ ਘਰ ਤੋਂ ਚਰਵਾਉਣ ਲਈ ਜਾਨਵਰਾਂ ਨੂੰ ਲੈ ਕੇ ਜਾਂਦੇ ਅਤੇ ਸਾਲ ਜਾਂ ਛੇ ਮਹੀਨੇ ਘਰ ਤੋਂ ਦੂਰ ਹੀ ਰਹਿੰਦੇ ਸਨ। ਇਹ ਲੋਕ ਭੇਡਾਂ , ਬੱਕਰੀਆਂ ਆਦਿ ਦੇ ਬੱਚਿਆਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਵੀ ਸਫ਼ਰ ਕਰਦੇ ਸਨ। ਇਨ੍ਹਾਂ ਦਾ ਜੀਵਨ ਆਜੜੀ ਅਤੇ ਵਾਗੀਆਂ ਨਾਲੋਂ ਬਹੁਤ ਜਿਆਦਾ ਕਠਿਨ ਹੁੰਦਾ ਸੀ। ਕਈ ਵਾਰ ਕਿਸੇ ਕਾਰਨ ਵੱਸ ਇਹਨਾਂ ਦੀ ਮ੍ਰਿਤੂ ਹੋ ਜਾਣ ਦਾ ਸਮਾਚਾਰ ਵੀ ਇਨ੍ਹਾਂ ਦੇ ਘਰ ਤੱਕ ਛੇ ਮਹੀਨੇ ਜਾਂ ਸਾਲ ਬਾਅਦ ਹੀ ਪੁੱਜਦਾ ਹੁੰਦਾ ਸੀ। ਇਨ੍ਹਾਂ ਦਾ ਇਹ ਕਿੱਤਾ ਬਹੁਤ ਹੀ ਔਕੜਾਂ ਭਰਿਆ ਹੁੰਦਾ ਸੀ।ਪਹਿਲਾਂ - ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ 'ਤੇ ਹੀ ਨਿਰਭਰ ਸਨ। ਫਿਰ ਹੌਲੀ - ਹੌਲੀ ਸਮਾਂ ਬਦਲਿਆ ਅਤੇ ਨਹਿਰਾਂ, ਖੂਹਾਂ ਅਤੇ ਮੋਟਰਾਂ ਦੀ ਆਮਦ ਵਧੀ। ਮਸ਼ੀਨੀ ਯੁੱਗ ਦੇ ਆਉਣ ਨਾਲ ਗ਼ੈਰ - ਆਬਾਦ ਜ਼ਮੀਨਾਂ ਘਟ ਗਈਆਂ। ਹੁਣ ਪਿੰਡਾਂ ਵਿੱਚ ਕੋਈ ਵੀ ਸਾਂਝੀ ਥਾਂ ਜਾਂ ਨਿੱਜੀ ਥਾਂ ਗੈਰ-ਆਬਾਦ ਨਹੀਂ ਰਹੀ। ਪਹਿਲਾਂ- ਪਹਿਲ ਵਾਗੀ ਅਤੇ ਆਜੜੀ ਨੂੰ ਸਾਉਣੀ ਜਾਂ ਹਾੜ੍ਹੀ ਦੀ ਫਸਲ ਤਨਖ਼ਾਹ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ। ਫਿਰ ਹੌਲੀ- ਹੌਲੀ ਇਹ ਪ੍ਰਥਾ ਘਟਦੀ ਗਈ ਤੇ ਪੈਸੇ ਦਿੱਤੇ ਜਾਣ ਲੱਗੇ।ਆਜੜੀ , ਵਾਗੀ ਜਾਂ ਗੱਦੀ ਇਨ੍ਹਾਂ ਦਾ ਕਿੱਤਾ , ਇਨ੍ਹਾਂ ਦਾ ਜੀਵਨ , ਇਨ੍ਹਾਂ ਦਾ ਰਹਿਣ - ਸਹਿਣ ਬਹੁਤ ਹੀ ਸਾਦਾ, ਪਰੰਤੂ ਸਿਦਕ , ਸਿਰੜ ਤੇ ਸਹਿਣਸ਼ੀਲਤਾ ਵਾਲਾ ਹੁੰਦਾ ਸੀ। ਅੱਜ ਵੀ ਹਿਮਾਚਲ - ਪ੍ਰਦੇਸ਼ , ਜੰਮੂ - ਕਸ਼ਮੀਰ , ਲੱਦਾਖ , ਰਾਜਸਥਾਨ ਆਦਿ ਖੇਤਰਾਂ ਵਿੱਚ ਕਿੱਧਰੇ-ਕਿੱਧਰੇ ਵਿਰਲੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਜਾਂ ਵੀਰਾਨ-ਬੀਆਬਾਨਾਂ ਵਿੱਚ ਆਜੜੀ ਤੇ ਵਾਗੀ ਨਜ਼ਰੀਂ ਆਉਂਦੇ ਹਨ। ਹੁਣ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਇਸ ਕਿੱਤੇ ਤੋਂ ਪਾਸਾ ਵੱਟ ਗਈਆਂ ਹਨ; ਕਿਉਂਕਿ ਗ਼ੈਰ - ਆਬਾਦ ਜ਼ਮੀਨਾਂ ਘਟ ਗਈਆਂ ਹਨ , ਪਸ਼ੂ ਪਾਲਣ ਪ੍ਰਤੀ ਲੋਕਾਂ ਦੀ ਰੁਚੀ ਵੀ ਘਟਦੀ ਜਾ ਰਹੀ ਹੈ , ਇਨ੍ਹਾਂ ਲੋਕਾਂ ਦਾ ਰੁਝਾਨ ਵੀ ਹੋਰ ਕੰਮ-ਧੰਦਿਆਂ ਅਤੇ ਨੌਕਰੀਆਂ ਵੱਲ ਵਧਦਾ ਜਾ ਰਿਹਾ ਹੈ , ਇਸ ਕਿੱਤੇ ਵਿੱਚ ਕਾਫ਼ੀ ਖ਼ਤਰਾ ਹੁੰਦਾ ਹੈ , ਆਮਦਨ ਵੀ ਬਹੁਤੀ ਜ਼ਿਆਦਾ ਨਹੀਂ ਹੁੰਦੀ ਤੇ ਪਸ਼ੂਆਂ - ਜਾਨਵਰਾਂ ਦੇ ਬੱਚਿਆਂ ਜਾਂ ਬੀਮਾਰ ਪਸ਼ੂਆਂ ਨੂੰ ਚੁੱਕ ਕੇ ਲੰਬਾ ਸਮਾਂ ਸਫ਼ਰ ਕਰਨਾ ਪੈਂਦਾ ਹੈ। ਹੁਣ ਪੰਜਾਬ ਦੀ ਧਰਤੀ ਪਹਿਲਾਂ ਨਾਲੋਂ ਆਬਾਦ ਹੋ ਗਈ ਹੈ ਅਤੇ ਜੰਗਲ - ਬੇਲੇ ਵੀ ਪਹਿਲਾਂ ਨਾਲੋਂ ਕੁਝ ਘਟ ਗਏ ਹਨ। ਇਸ ਤੋਂ ਇਲਾਵਾ ਬੱਕਰੀਆਂ , ਭੇਡਾਂ ਆਦਿ ਦੇ ਪਾਲਣ ਦਾ ਰੁਝਾਨ ਵੀ ਲੋਕਾਂ ਵਿੱਚੋਂ ਘਟਦਾ ਜਾ ਰਿਹਾ ਹੈ। ਹੁਣ ਆਜੜੀ, ਵਾਗੀ ਤੇ ਗੱਦੀ ਦਾ ਕਿੱਤਾ ਲਗਭਗ ਖ਼ਤਮ ਹੀ ਹੋ ਗਿਆ ਹੈ।ਅੱਜ ਜਦੋਂ ਕਦੇ ਵੀ ਆਜੜੀ , ਵਾਗ਼ੀ ਜਾਂ ਗੱਦੀ ਅਚਾਨਕ ਕਿੱਧਰੇ ਨਜ਼ਰ ਆ ਜਾਣ ਤਾਂ ਬੀਤੇ ਸਮੇਂ ਦੀ ਯਾਦ ਮਨ - ਮਸਤਕ ਵਿੱਚ ਸੁਭਾਵਿਕ ਹੀ ਆ ਜਾਂਦੀ ਹੈ ਅਤੇ ਮਨ ਇੱਕ ਪ੍ਰਸ਼ਨ ਕਰਦਾ ਹੈ , "ਅੱਜ ਕਿੱਧਰ ਗਏ ਆਜੜੀ , ਵਾਗੀ ਅਤੇ ਗੱਦੀ? "ਸ਼ਾਇਦ ਨਵੀਂ ਪੀੜ੍ਹੀ ਇਨ੍ਹਾਂ ਸ਼ਬਦਾਂ ਤੋਂ ਹੀ ਅਣਜਾਣ ਹੋਵੇ।



# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ)

## ਵਿਸੇਸ਼ ਲੇਖ

# ਮੈਂ ਅਤੇ ਮੇਰੇ ਨਾਵਲ






ਅਵਤਾਰ ਸਿੰਘ ਬਿਲਿੰਗ

ਮੈਂ ਆਪਣੇ ਨਾਵਲਾਂ ਤੇ ਚਾਰ ਕਹਾਣੀ ਪੁਸਤਕਾਂ ਵਿਚ ਢਾਹੇ ਦੀ ਆਮ ਬੋਲੀ ਹੀ ਪਾਤਰਾਂ ਦੇ ਮੂੰਹੋਂ ਬੁਲਵਾਈ ਹੈ। ਅੱਠਵੇਂ ਨਾਵਲ ਵਿਚ ਮੇਰੇ ਪਾਤਰ ਢਾਹੇ ਤੋਂ ਇਲਾਵਾ ਪੁਆਧ, ਦੁਆਬੇ ਅਤੇ ਮਾਝੇ ਦੀ ਬੋਲੀ ਵੀ ਬੋਲਦੇ ਹਨ ਕਿਉਂਕਿ ਉਹਨਾਂ ਦਾ ਸੰਬੰਧ ਇਹਨਾਂ ਇਲਾਕਿਆਂ ਨਾਲ ਹੈ।

ਢਾਹਾ-ਮਹਿਕਮਾ ਮਾਲ ਦੇ ਕਾਗਜ਼ਾਂ ਵਿਚ ਸਤਲੁਜ ਦੇ ਉਰਾਰ ਦਾ ਲੁਧਿਆਣਾ ਤਰਫ਼ ਦਾ ਪੂਰਬੀ ਕੰਢਾ ਹੈ। ਸਤਲੁਜ ਤੋਂ ਪਾਰ ਪੱਛਮ ਵੱਲ ਦੁਆਬਾ ਹੈ। "1 ਢਾਹਾ-ਖੰਨਾ, ਸਮਰਾਲਾ, ਲੁਧਿਆਣਾ, ਦੋਰਾਹਾ, ਪਾਇਲ ਆਦਿ ਜੋ ਸਤਲੁਜ ਤੋਂ ਦੂਰ ਹੈ, ਮੇਰੀ ਜੰਮਣ ਭੋਇੰ ਹੈ। ਨੀਵਾਂ ਢਾਹਾ-ਮਾਛੀਵਾੜਾ, ਪਵਾਤ, ਪੰਜ ਗਰਾਈਆਂ ਆਦਿ ਨੇੜਲਾ ਨੀਵਾਂ ਏਰੀਆ ਜੋ ਸਤਲੁਜ ਦੇ ਬਹੁਤ ਨੇੜੇ ਹੈ ਪਰ ਫੇਰ ਵੀ ਉ"1 ਹੋਣ ਕਰਕੇ ਪਾਣੀ ਦੀ ਮਾਰ ਤੋਂ ਬਚਿਆ ਹੈ। ਇਸ ਤੋਂ ਅੱਗੇ ਦਰਿਆ ਦੀ ਮਾਰ ਵਿਚਲੇ ਬਹੁਤ ਨੀਵੇਂ ਏਰੀਏ ਨੂੰ ਬੇਟ ਕਹਿੰਦੇ ਹਨ। ਇਹ ਤਿੰਨੇ ਮਾਲਵਾ ਦੇ ਹੀ ਉਪ-ਖੰਡ ਹਨ।

ਮੇਰੇ ਪਿਤਾ ਸ੍ਰ. ਨੌਰੰਗ ਸਿੰਘ ਢਾਹੇ ਦੇ ਪ੍ਰਸਿੱਧ ਕਵੀਸ਼ਰ ਜਰਨੈਲ ਸਿੰਘ ਨਿਰਾਲਾ (ਮਲਕਪੁਰ) ਦੇ ਸ਼ਾਗਿਰਦ ਸਨ। ਕਵਿਤਾ ਨਿਰਾਲਾ ਜੀ ਲਿਖਦੇ ਤੇ ਵਿਆਖਿਆ ਕਰਦੇ। ਮੇਰੇ ਪਿਤਾ ਕਵਿਤਾ ਗਾਉਣ ਵਾਲੇ ਤਿੰਨ ਸਾਥੀ ਕਵੀਸ਼ਰਾਂ ਪ੍ਰੇਮ ਸਿੰਘ ਗੋਹ, ਗੁਰਦੇਵ ਸਿੰਘ ਟੱਪਰੀਆਂ, ਸਾਧੂ ਸਿੰਘ ਜੱਲ੍ਹਣਪੁਰ ਦੇ ਆਗੂ ਸਨ। ਸਭ ਤੋਂ ਅੱਗੇ ਗਾਉਂਦੇ। 50ਵਿਆਂ ਤੇ 60ਵਿਆਂ ਵਿਚ ਪੰਜਾਬ ਦੇ ਮਾਲਵਾ ਵਿਚ ਕਵੀਸ਼ਰੀ ਦਾ ਬੋਲਬਾਲਾ ਸੀ। ਕਿਰਸਾਨੀ ਨਾਲ ਸੰਬੰਧਤ ਸਾਂਝੇ ਪਰਿਵਾਰਾਂ ਵਿਚੋਂ ਜੇ ਕੋਈ ਫ਼ੌਜ ਵਿਚ ਨਾ ਜਾਂਦਾ ਤਾਂ ਕਵੀਸ਼ਰ ਬਣ ਜਾਂਦਾ। ਖੇਤੀ ਦੇ ਕਿੱਤੇ ਨਾਲੋਂ ਵੱਧ ਕੇ ਇਹ ਸ਼ੌਕ ਹੀ ਸੀ। ਵਿਆਹਾਂ/ਧਾਰਮਿਕ ਸਮਾਗਮਾਂ "ਉਦੋਂ ਕਵੀਸ਼ਰਾਂ ਦੇ ਅਖਾੜੇ ਲੱਗਦੇ। ਸੋ ਢਾਹੇ ਦੇ ਇਲਾਕੇ ਵਿਚਲੇ ਨੌਂ ਇਕੱਠੇ ਪਿੰਡ ਜਿਹਨਾਂ ਨਾਲ ਮੇਰਾ ਸੰਬੰਧ ਹੈ, ਉਹਨਾਂ ਦੇ ਬੰਨੇ ਇਕ ਦੂਜੇ ਨਾਲ ਮਿਲਦੇ ਹੋਣ ਕਰ ਕੇ ਇਕ ਕਹਾਵਤ ਬਣੀ ਹੋਈ ਹੈ:

ਸੇਹ ਸਲੌਦੀ ਸਰਵਰਪੁਰ,
ਗੋਹ ਗੋਸਲਾਂ ਮਾਨੂੰਪੁਰ
ਚੱਕ ਨੌਲੜੀ ਦਾਊਦਪੁਰ।

ਇਕ ਕਹਾਵਤ ਹੋਰ ਵੀ ਪ੍ਰਚਲਤ ਸੀ :

ਚੜੀ ਭੜੀ ਨਗਾਰਾ ਵੱਜੇ,
ਭੁੱਟੇ ਵੱਜੇ ਟੱਲੀ।
ਸੇਹ ਬੇਚਾਰੀ ਕੀ ਕਰੇ,
ਸਲੌਦੀ ਉ"ਰ ਚੱਲੀ।

ਇਹ ਸਾਰਾ ਹੀ ਹਿੰਦੂ ਪਿਛੋਕੜ ਵਾਲਾ ਇਲਾਕਾ ਸੀ। ਬਾਬਾ ਬੰਦਾ ਬਹਾਦਰ ਵੇਲੇ ਪਿੰਡ ਸਲੌਦੀ 'ਸਿੰਘਾਂ ਦੀ ਸਲੌਦੀ' ਅਖਵਾਉਣ ਲੱਗਾ ਕਿਉਂਕਿ ਇਥੋਂ ਦੇ ਆਲੀ ਸਿੰਘ ਮਾਲੀ ਸਿੰਘ ਨੇ ਸਰਹਿੰਦ ਫ਼ਤਹਿ ਦੌਰਾਨ ਬਾਬਾ ਬੰਦਾ ਬਹਾਦਰ ਦਾ ਸਾਥ ਦਿੱਤਾ ਸੀ। ਮੇਰੇ ਪਿੰਡ ਸੇਹ ਵਿਖੇ ਕੂਕਿਆਂ ਦੇ ਕਈ ਘਰ ਸਨ। ਬਾਬਾ ਰਾਮ ਸਿੰਘ ਦੇ ਬੁੱਚੜਾਂ ਖ਼ਿਲਾਫ਼ ਲਾਏ ਮੋਰਚੇ ਵਿਚ ਕਈ ਨਾਮਧਾਰੀਏ ਸ਼ਹੀਦ ਹੋਏ ਅਤੇ ਕੈਦਾਂ ਕੱਟੀਆਂ। ਬਾਕੀ ਪਿੰਡ ਤੇ ਇਲਾਕੇ ਵਿਚ ਅਕਾਲੀ ਲਹਿਰ ਤੋਂ ਬਾਅਦ ਹੀ ਸਿੱਖੀ ਦਾ ਪ੍ਰਚਾਰ ਹੋਇਆ। ਜਿਵੇਂ ਇਸ ਇਲਾਕੇ ਦੇ ਸਾਰੇ ਪਿੰਡਾਂ ਵਿਚਲੇ ਬਜ਼ੁਰਗਾਂ ਦੇ ਨਾਵਾਂ ਤੋਂ ਸਪਸ਼ਟ ਹੈ। (ਮੇਰੇ ਦਾਦੇ ਦਾ ਨਾਂ ਸਾਈਂ ਦਿੱਤਾ, ਪੜਦਾਦੇ ਦਾ ਦੇਵੀ ਦਿੱਤਾ ਅਤੇ ਨੱਕੜਦਾਦੇ ਦਾ ਨਾਮ ਬੰਨਾ ਸੀ) ਹਿੰਦੂ ਸਿੱਖ ਵਾਲਾ ਵਿਤਕਰਾ ਹੀ ਅਸਲ ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਚੱਲੀਆਂ ਲਹਿਰਾਂ (ਆਰੀਆਂ ਸਮਾਜ ਅਤੇ ਅਕਾਲੀ ਲਹਿਰ ਆਦਿ) ਨੇ ਪਾਇਆ ਹੈ। ਪਹਿਲਾਂ ਲੋਕ ਇਸ ਤਰ੍ਹਾਂ ਦੀ ਸੰਕੀਰਣ ਸੋਚ ਦੇ ਧਾਰਨੀ ਨਹੀਂ ਸਨ। ਮੇਰੇ ਪਿੰਡ ਦੇ ਮਹਾਜਨ ਵੀ ਹਿੰਦੀ ਜਾਂ ਉਰਦੂ ਵਿਚ ਜਪੁਜੀ ਸਾਹਿਬ ਪੜ੍ਹਦੇ ਸਨ। ਪੰਜਾਬੀ ਵਰਗੀ ਭਾਸ਼ਾ 'ਲੰਡੇ' ਵਿਚ ਲਿਖਦੇ ਸਨ। ਬਾਬਾ ਮਾਘੀ ਮਹਾਜਨ ਖੱਤਰੀ ਪਿੰਡ ਵਿਚ ਗੁਰਮੁਖੀ ਸਿਖਾਉਂਦਾ ਸੀ। ਜਵਾਲਾ ਸਿੰਘ ਭਾਈ ਜੀ ਹੁੱਕਾ ਵੀ ਪੀਂਦਾ ਅਤੇ ਪਿੰਡ ਵਿਚ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਨਵੇਂ ਬਣੇ ਗੁਰਦੁਆਰੇ ਦਾ ਪਹਿਲਾ ਗ੍ਰੰਥੀ ਵੀ ਸੀ। ਗੁਰੂਘਰ ਵਿਚ ਗੁਰਮੁਖੀ ਪੜ੍ਹਾਉਂਦਾ। ਨਹਾ ਧੋ ਕੇ ਪਾਠ ਕਰਨ ਲੱਗ ਜਾਂਦਾ। ਪੂਜਾ ਪਾਠ ਵਾਲੇ ਕਈ ਬ੍ਰਾਹਮਣ ਕੇਸਾਧਾਰੀ ਵੀ ਸਨ। ਸਭ ਦੇ ਸਾਂਝੇ ਤਿਉਹਾਰ ਸਨ। ਸਾਂਝਾ ਲੋਕ ਧਰਮ ਸੀ। ਮਿਸਾਲ ਵਜੋਂ, ਮੇਰੇ ਦੂਜੇ ਵੱਡ ਆਕਾਰੀ ਨਾਵਲ 'ਖੇੜੇ ਸੁੱਖ ਵਿਹੜੇ ਸੁੱਖ' ਦਾ ਸੱਭਿਆਚਾਰਕ ਜੀਵਨ ਦੇਖਿਆ ਜਾ ਸਕਦਾ ਹੈ। ਮੇਰੇ ਦੋਵੇਂ ਪੁੱਤਰ ਅਤੇ ਨੂੰਹਾਂ ਮਨਦੀਪ ਕੌਰ, ਜਸਮੀਨ ਕੌਰ ਉ" ਯੋਗਤਾ ਪ੍ਰਾਪਤ ਹਨ। ਵੱਡਾ ਰੁਪਿੰਦਰ ਸਿੰਘ ਅਤੇ ਨੂੰਹ ਮਨਦੀਪ ਕੌਰ ਜੋ ਪਹਿਲਾਂ ਦੁਬਈ ਵਿਚ ਸਨ, 2011 ਵਿਚ ਫਾਸਟ ਟਰੈਕ ਪੋਆਇੰਟ ਸਿਸਟਮ ਰਾਹੀਂ ਪੱਕਾ ਵੀਜ਼ਾ ਲੈ ਕੇ ਕੈਨੇਡਾ ਆ ਗਏ।

ਛੋਟਾ ਬੀਰਦਵਿੰਦਰ ਸਿੰਘ ਜੋ ਬਤੌਰ ਮਕੈਨੀਕਲ ਇੰਜੀਨੀਅਰ ਪਹਿਲਾਂ ਆਸਟਰੇਲੀਆ ਗਿਆ, ਉਥੋਂ ਦਾ ਸਿਟੀਜ਼ਨ ਬਣਿਆ, ਹੁਣ ਅਮਰੀਕਾ ਦਾ ਵੀ ਨਾਗਰਿਕ ਹੈ। ਮੈਂ ਭਾਰਤੀ ਨਾਗਰਿਕ ਹਾਂ। ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਰਹਿੰਦਾ ਹਾਂ। ਮੇਰੀ ਪਤਨੀ ਸੁਖਦੇਵ ਕੌਰ ਜੋ ਸਰਕਾਰੀ ਕਾਲਜ ਲੁਧਿਆਣਾ ਤੋਂ ਐਮ.ਏ.ਬੀ. ਹੈ ਉਸ ਨੇ ਸਾਡੇ ਪਿੰਡ ਸੇਹ ਵਿਖੇ ਹੀ ਵੀਹ ਸਾਲ 'ਪੰਜਾਬੀ ਮਾਡਲ ਸਕੂਲ ਸੇਹ' ਚਲਾਇਆ ਹੈ ਜੋ ਨਰਸਰੀ ਤੋਂ ਬਾਰ੍ਹਵੀਂ ਤੱਕ ਸਿਰਫ਼ ਪਿੰਡ ਦੇ ਬੱਚਿਆਂ ਲਈ ਪੰਜਾਬੀ ਮੀਡੀਅਮ ਸਕੂਲ ਸੀ ਜਿੱਥੇ ਅੰਗਰੇਜ਼ੀ ਪਹਿਲੀ ਤੋਂ ਪੜ੍ਹਾਈ ਜਾਂਦੀ। ਇਹ ਬਹੁਤ ਸਫਲ ਤਜਰਬਾ ਸੀ। ਇਸਦੀ ਮਹਿਮਾ ਸੁਣ ਕੇ ਬਾਅਦ ਵਿਚ ਬਾਹਰਲੇ ਪਿੰਡਾਂ ਤੋਂ ਵੀ ਬੱਚੇ ਆਪਣੇ ਸਾਧਨਾਂ ਰਾਹੀਂ ਆਉਣ ਲੱਗ ਪਏ ਸਨ।

ਮੈਂ ਬੇਰੁਜ਼ਗਾਰੀ ਦੇ ਦਿਨਾਂ ਵਿਚ ਕੁਝ ਮਹੀਨੇ ਅੰਮ੍ਰਿਤਸਰ ਦੇ ਨੇੜੇ ਜੀ.ਟੀ.ਬੀ. ਪਬਲਿਕ ਸਕੂਲ ਖਾਨਕੋਟ ਵਿਖੇ ਪੜ੍ਹਾਇਆ। ਇਸ ਤੋਂ ਪਹਿਲਾਂ ਥੋੜ੍ਹਾ ਸਮਾਂ ਏ.ਐਸ. ਕਾਲਜ ਖੰਨਾ ਵਿਚ ਪੜ੍ਹਾਇਆ ਸੀ। ਪੜ੍ਹਿਆਂ ਲਿਖਿਆਂ ਦੀ ਭੀੜ ਕਾਰਨ ਕਾਲਜ ਲੈਕਚਰਾਰ ਵਜੋਂ ਜੌਬ ਲੈਣ ਵਿਚ ਮੈਂ ਕਾਮਯਾਬ ਨਾ ਹੋ ਸਕਿਆ ਤਾਂ ਦੋ ਸਾਲ ਬਾਅਦ ਬੀ. 15ੱ ਕੀਤੀ। ਮੇਰੀ ਪੱਕੀ ਨਿਯੁਕਤੀ ਆਰੀਆਂ ਸਕੂਲ ਖੰਨਾ ਵਿਖੇ ਹੋਈ ਜਿਥੇ ਮੈਂ ਗਿਆਰ੍ਹਵੀਂ ਜਮਾਤ ਨੂੰ ਅੰਗਰੇਜ਼ੀ ਪੜ੍ਹਾਉਂਦਾ ਸੀ। ਫੇਰ ਸੈਂਟਰ ਸਰਕਾਰ ਦੇ ਕੇਂਦਰੀ ਵਿਦਿਆਲਾ ਅਖਨੂਰ (ਜੰਮੂ ਕਸ਼ਮੀਰ) ਵਿਖੇ ਵੀ ਪੜ੍ਹਾਇਆ। ਬਾਅਦ ਵਿਚ 1980 ਵਿਚ ਮੈਨੂੰ ਬਤੌਰ ਅਧਿਆਪਕ ਖ਼ਾਲਸਾ ਸਕੂਲ ਖੰਨਾ ਵਿਖੇ ਗਿਆਰ੍ਹਵੀਂ ਬਾਰ੍ਹਵੀਂ ਨੂੰ ਪੜ੍ਹਾਉਣ ਲਈ ਰੱਖਿਆ ਗਿਆ। ਸਰਕਾਰੀ ਸਰਵਿਸ ਸਿੱਧੀ ਭਰਤੀ ਰਾਹੀਂ 1989 ਵਿਚ ਨਸੀਬ ਹੋਈ ਜਿਥੋਂ ਸਿੱਧੀ ਭਰਤੀ ਰਾਹੀਂ ਹੀ ਮੈਂ 1996 ਵਿਚ ਲੈਕਚਰਾਰ ਅੰਗਰੇਜ਼ੀ ਚੁਣਿਆ ਗਿਆ। ਮੈਂ ਬਾਰ੍ਹਾਂ ਸਾਲ ਬਤੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸਕੂਲ ਚੱਕ ਜਟਾਣਾ ਅਤੇ ਸਰਕਾਰੀ ਸੀਨੀਅਰ ਸਕੂਲ ਗੋਸਲਾਂ (ਲੁਧਿਆਣਾ) ਵਿਖੇ ਕਾਰਜ ਕੀਤਾ। ਬਾਅਦ ਵਿਚ ਹਾਈਕੋਰਟ ਦੇ ਹੁਕਮਾਂ ਨਾਲ ਮੇਰੀ ਪ੍ਰਾਈਵੇਟ ਸਰਵਿਸ ਵੀ ਸਰਕਾਰੀ ਸੇਵਾ ਵਜੋਂ ਗਿਣੀ ਗਈ।

ਮੇਰੀ ਪਹਿਲੀ ਕਹਾਣੀ 'ਸੌਂਹ ਬਾਪ ਦੀ', ਤੇ ਦੂਜੀ 'ਦਾ ਪੈਂਚ' ਵੀ ਏ.ਐਸ. ਕਾਲਜ ਖੰਨਾ ਦੇ ਸਪਤ ਸਰੋਜ ਵਿਚ ਛਪੀਆਂ। ਸਤੀਸ਼ ਧਵਨ ਸਰਕਾਰੀ ਕਾਲਜ ਲੁਧਿਆਣਾ ਵਿਖੇ 'ਸਤਲੁਜ' ਵਿਚ 'ਵੱਟ' ਪ੍ਰਕਾਸ਼ਤ ਹੋਈ। 'ਪੱਥਰ ਵੀ ਬੋਲਦਾ ਏ' ਸਰਕਾਰੀ ਬੀ.15ੱ ਕਾਲਜ ਚੰਡੀਗੜ੍ਹ ਦੇ ਮੈਗਜ਼ੀਨ ਵਿਚ। ਇਥੇ ਮੇਰੇ ਅਧਿਆਪਕ ਪ੍ਰੋਫੈਸਰ ਅਵਤਾਰ ਸਿੰਘ ਧਾਲੀਵਾਲ ਹੋਰਾਂ ਮੇਰੀ ਸਾਹਿਤਕ ਰੁਚੀ ਨੂੰ ਭਾਂਪਦਿਆਂ ਮੈਨੂੰ ਕਾਲਜ ਮੈਗਜ਼ੀਨ ਪੰਜਾਬੀ ਸੈਕਸ਼ਨ ਦਾ ਸੰਪਾਦਕ ਬਣਾ ਦਿੱਤਾ। ਇਨਾਮ ਸਨਮਾਨ ਮੇਰੀ ਸਮੁੱਚੀ ਸਾਹਿਤਕ ਦੇਣ ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ 2015 ਵਿਚ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਿੱਤਾ ਗਿਆ। 2010 ਵਿਚ ਐਲਾਨਿਆ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਸ਼੍ਰੋਮਣੀ ਲੇਖਕ ਸਨਮਾਨ ਜੋ ਸਮੁੱਚੀ ਘਾਲਣਾ ਲਈ ਦਿੱਤਾ ਜਾਂਦਾ ਹੈ, 2014 ਵਿਚ ਦਿੱਤਾ ਗਿਆ। ਇਹ ਦੋਵੇਂ ਸਨਮਾਨ ਕਿਸੇ ਲੇਖਕ ਨੂੰ ਜੀਵਨ ਵਿਚ ਇਕੋ ਵਾਰ ਮਿਲਦੇ ਹਨ। ਢਾਹਾਂ ਐਵਾਰਡ ਫਾਰ ਪੰਜਾਬੀ ਲਿਟਰੇਚਰ ਇਕੱਲੇ ਨਾਵਲ 'ਖ਼ਾਲੀ ਖੂਹਾਂ ਦੀ ਕਥਾ' ਨੇ 2014 ਵਿਚ ਜਿੱਤਿਆ।

ਨਾਨਕ ਸਿੰਘ ਗਲਪ ਪੁਰਸਕਾਰ 2003 'ਖੇੜੇ ਸੁੱਖ ਵਿਹੜੇ ਸੁੱਖ', ਨਾਨਕ ਸਿੰਘ ਗਲਪ ਪੁਰਸਕਾਰ 2008- 'ਇਹਨਾਂ ਰਾਹਾਂ ਉੱ ਨਾਵਲਾਂ ਦੇ ਹਿੱਸੇ ਆਇਆ। ਬੀਬੀ ਸਵਰਨ ਕੌਰ ਸਰਬੋਤਮ ਪੁਸਤਕ ਸਨਮਾਨ 2010 ਵਿਚ 'ਪੱਤ ਕੁਮਲਾ ਗਏ' ਪੁਸਤਕ ਨੂੰ 'ਨਵਾਂ ਜ਼ਮਾਨਾ' ਅਖ਼ਬਾਰ ਜਲੰਧਰ ਵੱਲੋਂ ਦਿੱਤਾ ਗਿਆ। ਮੇਰੇ ਨਾਵਲ:- ਵੀਹਵੀਂ ਸਦੀ ਦੇ ਆਰੰਭ ਤੋਂ ਲੈ ਕੇ ਅੱਜ ਇੱਕੀਵੀਂ ਸਦੀ ਤੱਕ ਦੇ ਪੰਜਾਬ ਦਾ ਸਮੁੱਚਾ ਜੀਵਨ (ਸਮਾਜਿਕ, ਸੱਭਿਆਚਾਰਕ, ਧਾਰਮਿਕ, ਆਰਥਿਕ, ਰਾਜਨੀਤਕ) ਇਹਨਾਂ ਨਾਵਲਾਂ ਵਿਚ ਸੰਭਾਲਿਆ ਪਿਆ ਹੈ।

ਮੈਂ ਜਗੀਰੂ ਜੀਵਨ ਸੱਭਿਆਚਾਰ ਨੂੰ ਚਿੱਤਰਦਿਆਂ, ਇਸ ਦੀਆਂ ਖਾਮੀਆਂ ਤੇ ਸਮਾਜ ਉੱ ਪੈਂਦੇ ਮਾੜੇ ਪ੍ਰਭਾਵਾਂ (ਜਾਤ ਪਾਤ, ਵਗਾਰ, ਛੂਤ ਛਾਤ, ਸਮਾਜਿਕ ਵਿਤਕਰਾ, ਪੁੱਤਰ ਮੋਹ, ਭੂਮੀ ਮੋਹ, ਲੜਕੀਆਂ ਦੀ ਦੁਰਦਸ਼ਾ, ਔਰਤ ਦੀ ਬੇਕਦਰੀ ਆਦਿ) ਨੂੰ ਦਰਸਾਇਆ ਹੈ। ਨਾਲ ਹੀ ਜਾਗੀਰਦਾਰੀ ਜੁੱਗ ਦੇ ਚੰਗੇ ਪੱਖ ਜਿਵੇਂ ਭਾਈਚਾਰਕ ਏਕਤਾ, ਆਪਸੀ ਨਿਰਭਰਤਾ, ਸਮਾਜਿਕ ਪ੍ਰੇਮ ਪਿਆਰ ਆਦਿ ਵੀ ਉਜਾਗਰ ਹੋਏ ਹਨ। ਮਿਸਾਲ ਵਜੋਂ, 'ਖੇੜੇ ਸੁੱਖ ਵਿਹੜੇ ਸੁੱਖ' ਵਿਚਲਾ ਪਿੰਡ ਜਗੀਰੂ ਸੱਭਿਆਚਾਰ ਦੀ ਜਕੜ ਵਿਚ ਹੈ। ਉਥੇ ਜਾਤੀ ਵਿਤਕਰਾ ਕੇਵਲ ਜੱਟਾਂ ਜਾਂ ਹੋਰ ਜਾਤੀਆਂ ਵੱਲੋਂ ਹੀ ਨਹੀਂ ਕੀਤਾ ਜਾਂਦਾ, ਸਗੋਂ ਬ੍ਰਾਹਮਣ ਖੱਤਰੀ ਵੱਲੋਂ ਕਿਰਸਾਣੀ ਨਾਲ ਵੀ ਛੂਆ ਛਾਤ ਪ੍ਰਚੱਲਤ ਹੈ। ਵਗਾਰ ਹੈ। ਧੌਂਸ ਸੱਭਿਆਚਾਰ ਹੈ। ਹੈਂਕੜ ਹੈ। ਚੌਧਰ ਹੈ। ਲੋਕਰਾਜੀ ਕਦਰਾਂ ਕੀਮਤਾਂ ਗ਼ਾਇਬ ਹਨ, ਪਰ ਉਹ ਪਿੰਡ ਆਤਮ ਨਿਰਭਰ ਹੈ। ਸਾਰੀਆਂ ਜਾਤਾਂ ਆਤਮ ਨਿਰਭਰ ਹਨ। ਕਿਸੇ ਨੂੰ ਕੋਈ ਚੀਜ਼ ਸ਼ਹਿਰੋਂ ਲਿਆਉਣ ਦੀ ਜ਼ਰੂਰਤ ਨਹੀਂ। ਸਾਰਿਆਂ ਕੋਲ ਆਪਣੇ ਪਿਤਾ ਪੁਰਖੀ ਕਿੱਤੇ ਹਨ। ਕਿਰਤ ਸੱਭਿਆਚਾਰ ਹੈ। ਬੇਸ਼ੱਕ ਗ਼ਰੀਬੀ ਹੈ, ਅਨਪੜ੍ਹਤਾ ਹੈ, ਜ਼ਹਿਮਤ ਹੈ, ਮੁਕੱਦਮੇਬਾਜ਼ੀ ਹੈ। ਉਧਾਲੇ ਹਨ। ਪਰ ਪਿੰਡ ਫੇਰ ਵੀ ਕਮਾਉਂਦਾ ਅਤੇ ਗਾਉਂਦਾ ਹੈ। ਮੈਂ ਉਸ ਹਿੰਦੂ, ਮੁਸਲਿਮ ਤੇ ਸਿੱਖ ਸਰਬ ਸਾਂਝੇ ਸਮਾਜ ਨੂੰ ਸਮੁੱਚਤਾ ਵਿਚ ਚਿੱਤਰਿਆ ਹੈ। ਉਥੇ ਵੀ ਇਕ ਵਾਰੀ ਪਹਿਲਾਂ ਵਿਕੀ ਹੋਈ ਭਾਗੋ ਵਰਗੀ ਔਰਤ ਆਪਣੇ ਦੁਹਾਜੂ ਬੁੱਢੇ ਪਤੀ ਕੋਲ ਦੁਬਾਰਾ ਜਾਣ ਦਾ ਵਿਰੋਧ ਹੀ ਨਹੀਂ ਕਰਦੀ ਸਗੋਂ ਆਪਣੇ ਮੌਜੂਦਾ ਪਤੀ ਜਗਤੇ ਨੂੰ ਮਰਦ ਵਜੋਂ ਵੰਗਾਰਦੀ ਹੈ।

'ਇਹਨਾਂ ਰਾਹਾਂ ਉੱ ਦੀ ਜਗੀਰੂ ਕਦਰਾਂ ਕੀਮਤਾਂ ਨੂੰ ਪਰਨਾਈ ਲਾਣੇਦਾਰਨੀ ਲਾਭ ਕੌਰ ਆਪਣੀ ਪੱਕੜ ਵਿਧਵਾ ਨੂੰਹ ਨੂੰ ਸਿਰਫ਼ ਵਿਰਾਸਤੀ ਜ਼ਮੀਨ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੇ ਲਾਲਚਵੱਸ ਹੀ ਅਲੂੰਏਂ ਪੋਤਰੇ ਦੇ ਸਿਰ ਧਰ ਕੇ ਦੋਹਾਂ ਦਾ ਜੀਵਨ ਨਰਕ ਬਣਾ ਕੇ ਰੱਖ ਦਿੰਦੀ ਹੈ। ਇਹ ਨਾਵਲ ਪਹਿਲੀ ਪੀੜ੍ਹੀ ਦੀ ਜਗੀਰੂ ਸੋਚ ਕਾਰਨ ਹੁੰਦੇ ਸਮਾਜਿਕ ਤੇ ਭਾਈਚਾਰਕ ਨੁਕਸਾਨ ਦਾ ਲਖਾਇਕ ਹੈ। 'ਖ਼ਾਲੀ ਖੂਹਾਂ ਦੀ ਕਥਾ' ਦੀ ਮੁੱਖ ਕਹਾਣੀ ਵੀ ਪਹਿਲੀ ਪੀੜ੍ਹੀ ਦੀ ਜਗੀਰੂ ਸੋਚ ਕਾਰਨ ਵਾਪਰਦੇ ਦੁਖਾਂਤ ਨੂੰ ਦਰਸਾਉਂਦੀ ਹੈ। ਚੰਗੀ ਭਲੀ ਇਕਲੌਤੀ ਧੀ ਦਾ ਬਾਪ ਬਚਨਾ ਆਪਣੀ ਜ਼ਮੀਨ ਭਤੀਜਿਆਂ ਨੂੰ ਦੇ ਕੇ ਆਪਣੀ ਘਰ ਗ੍ਰਹਿਸਥੀ ਨੂੰ ਹੀ ਨਰਕ ਨਹੀਂ ਬਣਾਉਂਦਾ, ਸਗੋਂ ਭਤੀਜਿਆਂ ਨੂੰ ਅਯਾਸ਼ ਬਣਾਉਣ ਤੇ ਕਿਰਤ ਸੱਭਿਆਚਾਰ ਤੋਂ ਮੁਨਕਰ ਹੋਣ ਦੇ ਰਾਹ ਪਾ ਕੇ ਪਰਿਵਾਰਕ ਪਤਨ ਦਾ ਕਾਰਨ ਵੀ ਬਣਦਾ ਹੈ ਜਦੋਂਕਿ ਉਸਦੀ ਉਮਰ ਦਾ ਹੀ ਉਸੇ ਪਿੰਡ ਦਾ ਹਰਨਾਮਾ ਲੰਬੜਦਾਰ ਉਹਨਾਂ ਹੀ ਸਥਿਤੀਆਂ ਵਿਚ ਆਪਣੀ ਇਕਲੌਤੀ ਧੀ ਦੇ ਨਸ਼ੇੜੀ ਖ਼ਾਵੰਦ ਦੀਆਂ ਕਰਤੂਤਾਂ ਕਾਰਨ ਟੱਬਰ ਦੀ ਡੁੱਬਦੀ ਬੇੜੀ ਦਾ ਖਵੱਈਆ (ਮਲਾਹ) ਬਣ ਕੇ ਦੋਹਤਿਆਂ ਨੂੰ ਕਿਰਤ ਸੱਭਿਆਚਾਰ ਦੇ ਧਾਰਨੀ ਬਣਾਉਂਦਾ ਹੈ। ਮੇਰੇ ਨਾਵਲਾਂ ਦਾ ਗੁੱਝਾ ਸੁਨੇਹਾ ਹਮੇਸ਼ਾ ਪਾਤਰਾਂ ਜਾਂ ਸਥਿਤੀਆਂ ਦੀ ਤੁਲਨਾ ਕੀਤਿਆਂ ਲੱਭਿਆ ਜਾ ਸਕਦਾ ਹੈ। 'ਗੁਲਾਬੀ ਨਗ ਵਾਲੀ ਮੁੰਦਰੀ' ਨੂੰ ਵੀ ਜਗੀਰੂ ਕਦਰਾਂ ਕੀਮਤਾਂ ਬਨਾਮ ਆਧੁਨਿਕਤਾ/ਅਜੋਕੇ ਨਿੱਜਵਾਦ/ਪਦਾਰਥਵਾਦ ਦੇ ਟਕਰਾਅ ਦੇ ਸੰਬੰਧ ਵਿਚ ਪਰਖਿਆ ਜਾ ਸਕਦਾ ਹੈ। ਇੰਝ ਹੀ ਨਾਵਲ 'ਪੱਤ ਕੁਮਲਾ ਗਏ' ਅਤੇ 'ਦੀਵੇ ਜਗਦੇ ਰਹਿਣਗੇ' ਪੇਂਡੂ ਕਿਰਸਾਣੀ ਦੇ ਵੱਖੋ ਵੱਖਰੇ ਰੰਗਾਂ ਨੂੰ ਉਜਾਗਰ ਕਰਦੇ ਹਨ। 'ਰਿਜ਼ਕ' ਨਾਲ ਮੇਰਾ ਨਾਵਲੀ ਸਫ਼ਰ ਭਾਰਤ ਤੋਂ ਅਮਰੀਕਾ ਆ ਵੜਦਾ ਹੈ ਜੋ ਅਮਰੀਕਾ ਵੱਲ ਪਰਵਾਸ ਕਰਦੇ ਪੰਜਾਬੀਆਂ ਦੀਆਂ ਦੁਸ਼ਵਾਰੀਆਂ ਅਤੇ ਪਰਿਵਾਰਕ ਜੀਵਨ ਨੂੰ ਵੱਡੇ ਕੈਨਵਸ ਉੱ ਦਰਸਾਉਂਦਾ ਹੈ।

ਮੇਰੀ ਪਹਿਲੀ ਪੁਸਤਕ ਨਿਰਸੰਦੇਹ ਮਿੰਨੀ ਕਹਾਣੀਆਂ ਦੀ ਸੀ 'ਮੌਤ ਦੇ ਸਾਏ ਹੇਠ' (1991), ਜਿਸ ਨੂੰ ਡਾਕਟਰ ਕਰਤਾਰ ਸਿੰਘ ਸੂਰੀ ਨੇ ਛਾਪਿਆ ਸੀ। ਇਹ ਖਾੜਕੂਵਾਦ ਦੇ ਦਸਾਂ ਸਾਲਾਂ ਦੌਰਾਨ ਪੁਲਸ ਜਬਰ ਤੇ ਗਰਮ ਖ਼ਿਆਲੀ ਮੁੰਡਿਆਂ ਦੇ ਜ਼ੁਲਮਾਂ ਦੇ ਦੋ ਪੁੜਾਂ ਵਿਚਾਲੇ ਪਿਸਦੀ ਆਮ ਪਬਲਿਕ ਦੇ ਦੁੱਖਾਂ ਦੀ ਦਾਸਤਾਨ ਹੈ।

ਦੂਜੀ ਪੁਸਤਕ ਜੋ ਵੱਡੀਆਂ ਕਹਾਣੀਆਂ ਦੀ ਪੁਸਤਕ ਹੈ-'ਆਪਣਾ ਖ਼ੂਨ' (1994), ਜਿਸ ਨੂੰ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ ਛਾਪਿਆ ਸੀ। ਇਸੇ ਪੁਸਤਕ ਨੂੰ ਦੁਬਾਰਾ ਯੂਨੀਸਟਾਰ ਨੇ 2011 ਵਿਚ 'ਤਿਹਾਰ ਦੇ ਦਿਨ' ਵਜੋਂ ਛਾਪਿਆ।

ਤੀਜੀ 'ਨਿਆਜ਼' 1998 ਹੈ। ਚੌਥੀ 'ਪੱਛੋਂ ਦੀ ਹਵਾ'। ਚਾਰ ਕਹਾਣੀ ਸੰਗ੍ਰਹਿ। ਹੁਣ ਤੱਕ ਅੱਠ ਨਾਵਲ। ਤਿੰਨ ਬਾਲ ਸਾਹਿਤ ਪੁਸਤਕਾਂ-'ਰਿਸ਼ੀਆਂ ਦੇ ਬੋਲ', 'ਚਾਚਾ ਚੇਤੂ ਦਾ ਇਸ਼ਨਾਨ' ਅਤੇ 'ਜੇ ਤੁਰਾਂਗੇ ਤਾਂ ਮੰਜ਼ਲਾਂ ਮਾਰਾਂਗੇ' ਤੋਂ ਇਲਾਵਾ ਦੋ ਫੁਟਕਲ ਕਿਤਾਬਾਂ 'ਸਿਦਕੀ ਪਰਵਾਨੇ' (ਸੰਪਾਦਿਤ ਕਵੀਸ਼ਰੀ ਜਰਨੈਲ ਸਿੰਘ ਨਿਰਾਲਾ) ਅਤੇ 'ਟਿੱਪਸ ਔਨ ਸਕੂਲ ਮੈਨੇਜਮੈਂਟ' ਅੰਗਰੇਜ਼ੀ ਵਿਚ ਲਿਖੀ ਮੌਲਿਕ ਪੁਸਤਕ ਹੈ। 1991 ਤੋਂ ਸ਼ੁਰੂ ਹੋ ਕੇ ਇਹਨਾਂ ਤੀਹ ਵਰ੍ਹਿਆਂ ਦੌਰਾਨ ਕੇਵਲ 17 ਪੁਸਤਕਾਂ ਹੀ ਲਿਖ ਸਕਿਆਂ ਹਾਂ।

# "ਦੁਆਵਾਂ.." ਗੀਤ ਜਲਦੀ ਹੋਵੇਗਾ ਸਰੋਤਿਆਂ ਦੇ ਰੂਬਰੂ-ਗਾਇਕਾ ਸੁੱਖੀ ਬਰਾੜ

ਸੁਖਮਿੰਦਰ ਬਰਾੜ ਉਰਫ ਸੁੱਖੀ ਬਰਾੜ ਪੰਜਾਬੀ ਲੋਕ ਗਾਇਕਾ ਨੂੰ ਜੇਕਰ ਪੰਜਾਬੀ ਸੱਭਿਆਚਾਰ ਦਾ ਖਜ਼ਾਨਾ ਕਹਿ ਦਿੱਤਾ ਜਾਵੇ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਵਿਰਸੇ ਦੀ ਅਮੀਰੀ ਦਾ ਪਹਿਚਾਣ ਨਵੀਂ ਪੀੜ੍ਹੀ ਨੂੰ ਸਾਡੇ ਗੀਤਾਂ, ਕਵਿਤਾਵਾਂ, ਲੇਖਾਂ , ਪਹਿਰਾਵਿਆਂ, ਗਹਿਣਿਆਂ, ਕਹਾਣੀਆਂ, ਫਿਲਮਾਂ ਆਦਿ ਤੋਂ ਹੀ ਹੁੰਦੀ ਹੈ।ਸੋ ਇਸ ਮਹਾਨ ਗਾਇਕਾ ਨੇ ਪੰਜਾਬੀ ਮਾਂ-ਬੋਲੀ ਦੇ ਮਾਖਿਉਂ ਬੋਲਾਂ ਰਾਹੀਂ ਪੰਜਾਬੀਅਤ ਦੀ ਅਮੀਰੀ ਨੂੰ ਬਰਕਰਾਰ ਅਤੇ ਜ਼ੀਂਦਾ ਰੱਖਿਆ ਹੋਇਆ ਹੈ। ਪੰਜਾਬੀ ਪਹਿਰਾਵੇ ਚ, ਰਿਵਾਇਤੀ ਗਹਿਣਿਆਂ ਨਾਲ ਲੱਦੀ,ਉੱਚੀ ਲੰਮੀ ਮੁਟਿਆਰ ਜਦੋਂ ਪੰਜਾਬੀ ਦੇ ਮਿਸਰੀ ਤੋਂ ਮਿੱਠੇ ਸੁਰੀਲੀ ਆਵਾਜ਼ ਚ ਸ਼ਬਦਾਂ ਦਾ ਉਚਾਰਣ ਕਰਕੇ ਗਾਉਂਦੀ ਹੈ ਤਾਂ ਵਾਕਿਆ ਹੀ ਪੰਜਾਬ ਕੌਰ ਲੱਗਦੀ ਹੈ।

ਪੇਂਡੂ ਪਿਛੋਕੜ ਵਾਲੀ ਮੁਹਾਲੀ ਰਹਿੰਦੀ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਮਾਂ-ਬੋਲੀ ਦੀ ਅਸਲ ਦੀ ਗਾਇਕਾ ਸੁੱਖੀ ਬਰਾੜ ਪੰਜਾਬੀ ਸਾਹਿਤਕਾਰਾਂ ਅਤੇ ਅਮੀਰ ਵਿਰਸੇ ਨੂੰ ਦਰਸਾਉਂਦੀਆਂ ਰਚਨਾਵਾਂ ਨੂੰ ਗਾਉਣ ਚ ਮਾਣ ਅਤੇ ਸਕੂਨ ਮਹਿਸੂਸ ਕਰਦੇ ਹਨ। ਵਰਣਨਯੋਗ ਹੈ ਕਿ ਉਹਨਾਂ ਖੁਦ ਦੀ



ਪੰਜਾਬੀ ਸ਼ਬਦਾਂ ਤੇ ਚੰਗੀ ਪਕੜ ਹੈ, ਉਹਨਾਂ ਦੀਆਂ ਰਚਨਾਵਾਂ ਪੰਜਾਬੀਅਤ ਦੀ ਤਰਜਮਾਨੀ ਕਰਦੀਆਂ ਹਨ।

ਸੰਸਕਾਰ ਭਾਰਤੀ ਪੰਜਾਬ ਵੱਲੋਂ ਉਹਨਾਂ ਦੇ ਲਿਖੇ ਗੀਤ ਨੂੰ ਇੱਕ ਦੁਆ ਦੇ ਰੂਪ ਚ ਪੇਸ਼ ਕੀਤਾ ਗਿਆ ਹੈ। ਗੀਤ ਦੇ ਦੁਆ ਰੂਪੀ ਬੋਲ ਦਿਲ ਨੂੰ ਟੁੰਬਦੇ ਹਨ,ਗੀਤ ਦੇ ਬੋਲ ਹਨ:-

ਆਇਆ ਵਕਤ ਕਹਿਰ ਦਾ ਜੀ
ਕਾਤਲ ਹੋਈਆਂ ਫਿਰਨ ਹਵਾਵਾਂ,
ਵੱਸ ਕੋਈ ਵੀ ਨਾ ਚੱਲੇ
ਕਰ ਲਓ ਦਾਤੇ ਕੋਲ ਦੁਆਵਾਂ,
ਆਇਆ ਵਕਤ ਕਹਿਰ .....

ਇਸ ਗੀਤ ਨੂੰ ਗਾਇਕ ਕੁਲਦੀਪ ਤੂਰ, ਜਗਮੋਹਨ ਅਤੇ ਖੁਦ ਸੁੱਖੀ ਬਰਾੜ ਨੇ ਬੁਲੰਦ, ਸੁਰੀਲੀ ਅਤੇ ਦਿਲ ਟੁੰਬਵੀਂ ਆਵਾਜ਼ ਦਿੱਤੀ ਹੈ। ਦੁਆਵਾਂ ਰੂਪੀ ਸਰੋਤਿਆਂ ਦੇ ਰੂਬਰੂ ਹੋਏ ਰਹੇ ਇਸ ਗੀਤ ਚ ਦੀ ਵੀਡੀਓ।

ਬਿਧੀ ਬਰਨਾਲਵੀ ਨੇ ਦਿਲ ਖਿੱਚਵੇਂ ਦ੍ਰਿਸ਼ ਨਾਲ ਡਾਇਰੈਕਟ ਕੀਤੀ ਹੈ। ਇਸ ਗੀਤ ਦੀ ਵੀਡੀਓ ਚ ਸੰਸਕਾਰ ਭਾਰਤੀ ਪੰਜਾਬ ਦੇ ਮਹਾਂ ਮੰਤਰੀ ਦੀਪਕ ਮਖੀਜਾ, ਸੰਸਕਾਰ ਭਾਰਤੀ ਦੇ ਸਹਿ ਪ੍ਰਮੁੱਖ ਉੱਤਰੀ ਖੇਤਰ ਇੰਡੀਆ ਨਵੀਨ ਆਸੂਮਨ ਅਤੇ ਖੁਦ ਖੁਦ ਸੁੱਖੀ ਬਰਾੜ ਨੇ ਅਦਾਕਾਰੀ ਦਾ ਕੰਮ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਤਿਕਾਰਯੋਗ ਗਾਇਕਾ ਸੁੱਖੀ ਬਰਾੜ ਨੇ ਕਿਹਾ ਹੈ ਕਿ ਇਹ ਗੀਤ ਸਰੋਤਿਆਂ ਨੂੰ ਬਹੁਤ ਪਸੰਦ ਆਵੇਗਾ। ਪੂਰੀ ਟੀਮ ਚ ਗੀਤ ਦੇ ਸਰੋਤਿਆਂ ਦੀਆਂ ਉਮੀਦਾਂ ਤੇ ਪੂਰਾ ਉੱਤਰਨ ਦੀ ਉਮੀਦ ਹੈ ਅਤੇ ਟੀਮ ਚ ਪੂਰਾ ਉਤਸ਼ਾਹ ਹੈ।

**ਇੰਜੀ.ਸਤਨਾਮ ਸਿੰਘ ਮੱਟੂ 91-97797-08257**

# ਮੇਰੀ ਸੁਹਿਰਦ ਪਤਨੀ - ਮੇਰੇ ਬੱਚਿਆਂ ਦੀ ਪਿਆਰੀ ਮਾਂ

**ਬਖਸੀ ਰਾਮ, ਲੁਧਿਆਣਾ**
**91-94632-68101**

ਗੁਰਮੀਤ ਕੌਰ ਨੂੰ ਅੱਜ ਬੀਮਾਰ ਹੋਈ ਨੂੰ 18ਵਾਂ ਦਿਨ ਹੈ। ਉਸ ਦੀਆਂ ਧੀਆਂ ਆਈਆਂ ਹੋਈਆਂ ਹਨ। ਨੂੰਹ ਰਾਣੀ ਸਣੇ ਸਾਰੀਆਂ ਧੀਆਂ ਮਾਸਕ ਲਾ ਕੇ ਅੱਗੇ ਪਿੱਛੇ ਹਰ ਤਰ੍ਹਾਂ ਦੀ ਹਰ ਸਮੇਂ ਸੇਵਾਦਾਰੀ ਲਈ ਦਿਨੇਂ ਰਾਤ ਤਤਪਰ ਹਨ।ਡਾਕਟਰਾਂ ਦੇ ਆਪਣੇ ਮੁੰਡਿਆਂ ਦੇ ਟੋਲੇ ਵਿਚੋਂ ਹਰ ਸਮੇਂ ਕੋਈ ਨਾ ਕੋਈ ਆਉਂਦਾ ਜਾਂਦਾ ਹੀ ਰਹਿੰਦਾ ਹੈ। ਪਹਿਲਾਂ ਕਿਸੇ ਨੇ ਤਸ਼ਖ਼ੀਸ਼ ਕੀਤਾ ਕਿ ਕਰੋਨਾ ਵਾਇਰਸ ਦੀ ਸ਼ਿਕਾਇਤ ਹੈ । ਘਰ ਵਿਚ ਹੀ ਵੱਖਰੇ ਕਮਰੇ ਵਿਚ ਕੁਆਰਨਟਾਈਨ ਕਰ ਦਿੱਤਾ। ਦੁਆਈ ਦਾਰੂ ਚੱਲੀ ਗਿਆ। ਇਕਲੌਤਾ ਪੁੱਤਰ ਰਵਿੰਦਰ ਜਾਨ ਦਿੰਦਾ ਹੈ ਮਾਂ ਤੇ। ਕਦੇ ਇਕ ਮਿੰਟ ਦਾ ਵਿਸਾਹ ਨਹੀਂ ਕਰਦਾ। ਦਸ ਦਿਨ ਤੱਕ ਦੁਆਈਆਂ ਖੁਆਈਆਂ।ਜ਼ਰਾ ਅਰਾਮ ਨਾ ਆਇਆ ।ਅਖੀਰ ਰੋਟੀ ਵੀ ਛੁੱਟ ਗਈ ।ਸ਼ਰੀਰ ਨਿਢਾ਼ਲ ਹੋਣ ਲੱਗਾ, ਕਮਜ਼ੋਰੀ ਵਧਣ ਲੱਗੀ, ਥੋੜੀ ਥੋੜੀ ਬੇਹੋਸ਼ੀ ਹੋਣ ਲੱਗੀ । ਫਿਰ ਜ਼ਰੂਰੀ ਬਣਦੇ ਮੈਡੀਕਲ ਟੈਸਟ ਕੀਤੇ ਗਏ । ਟਾਈਫਾਈਡ ਦੇ ਲੱਛਣ ਪਾਏ ਗਏ। ਪਹਿਲੀਆਂ ਦਵਾਈਆਂ ਬੰਦ ਕਰ ਕੇ ਨਵੀਆਂ ਦਵਾਈਆਂ ਸ਼ੁਰੂ ਕੀਤੀਆਂ ਗਈਆਂ ।ਪਿਛਲੇ ਤਿੰਨ ਦਿਨਾਂ ਤੋਂ ਹਾਂ ਵਾਚਕ ਲੱਛਣ ਦਿਖਾਈ ਦੇਣ ਲੱਗੇ ਹਨ ਕੁਝ ਅੰਦਰ ਵੀ ਟਿਕਣ ਲੱਗਾ ਹੈ। ਡਕਾਰ ਆਉਂਦਾ ਹੈ, ਛਿੱਕ ਆਉਂਦੀ ਹੈ ਪਿਸ਼ਾਬ ਆਉਂਦਾ ਹੈ, ਹਵਾ ਸਰਦੀ ਹੈ । ਬਲੱਡ ਪਰੈਸ਼ਰ ਨਾਰਮਲ ਹੈ ਪਲਸ ਠੀਕ ਹੈ । ਕਦੇ ਕਦੇ ਕੁੜੀਆਂ ਨਾ਼ਲ ਵਿਰਲੀ ਟਾਵੀਂ ਗੱਲ ਵੀ ਕਰਦੀ ਹੈ। ਮੈਨੂੰ ਇਹ ਸਾਰਾ ਦੇਖ ਸੁਣ ਕੇ ਡਾਢਾ ਚੈਨ ਮਹਿਸੂਸ ਹੋਇਆ। ਪਿੱਛੇ ਸਾਂਝੇ ਗੁਜ਼ਰ ਗਏ 58 ਸਾਲਾਂ ਦੇ ਸਮੇਂ ਤੇ ਝਾਤੀ ਮਾਰਦਾ ਹਾਂ। ਬਹੁਤ ਸਾਰੀਆਂ ਛੋਟੀਆਂ ਵੱਡੀਆਂ ਘਟਨਾਵਾਂ ਮੇਰੀਆਂ ਅੱਖਾਂ ਦੇ ਮੂਹਰੇ ਦੀ ਮੈਨੂੰ ਸਿਨਮੇ ਦੀ ਰੀਲ ਦੀ ਤਰ੍ਹਾਂ ਘੁੰਮਦੀਆਂ ਨਜ਼ਰ ਆ ਰਹੀਆਂ ਹਨ। ਇਸ ਅਨਪੜ੍ਹ ਸੁਹਿਰਦ ਪਤਨੀ ਤੇ ਮੇਰੇ ਪੰਜਾਂ ਬੁੱਚਿਆਂ ਦੀ ਸੁਹਿਰਦ ਮਾਂ, ਉਨ੍ਹਾਂ ਦੀ ਬੀਬੀ ਜੀ ਬਾਬਤ ਮੈਂ ਆਮ ਜਨ ਸਾਧਾਰਣ ਬੀਬੀਆਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ।

ਗੁਰਮੀਤ ਕੌਰ ਦਾ ਜਨਮ ਪਾਕਿਸਤਾਨ ਵਿਚ ਰਹਿ ਗਏ ਪੰਜਾਬ ਦੇ ਲਾਇਲ ਪੁਰ (ਹੁਣ ਫੈਸਲਾ ਬਾਦ) ਜ਼ਿਲੇ ਦੀ ਤਸੀਲ ਟੋਬਾ ਟੇਕ ਸਿੰਘ ਦੇ ਜੱਟ ਸਰਦਾਰਾਂ ਦੇ ਪਿੰਡ ਸੂੰਢ (ਚੱਕ ਨੰਬਰ ਦਾ ਪਤਾ ਨਹੀਂ) ਵਿਖੇ ਹੋਇਆ ਦੱਸਿਆ ਜਾਂਦਾ ਹੈ। ਪਾਕਿਸਤਾਨ ਬਣਨ ਤੋਂ ਦੋ ਸਾਲ ਪਹਿਲਾਂ ਦੀ ਇਨਾਂ ਦੀ ਪੈਦਾਇਸ਼ ਦੱਸੀ ਜਾਂਦੀ ਹੈ। ਵੈਸੇ ਸਰਕਾਰੀ ਰੀਕਾਰਡ ਵਿਚ ਇਨ੍ਹਾਂ ਦੀ ਜਨਮ ਤਰੀਕ 2 ਮਾਰਚ, 1945 ਹੈ। ਆਪਣੇ ਮਾਪਿਆਂ ਦੇ ਪਰਿਵਾਰ ਵਿਚ ਇਹ 6 ਭੈਣਾਂ ਤੇ ਇਕ ਭਾਈ ਆਪਣੇ ਮਾਪਿਆਂ ਦੇ ਕੁੱਲ ਸੱਤ ਬੱਚੇ ਸਨ। ਗੁਰਮੀਤ ਕੌਰ ਆਪਣੇ ਮਾਪਿਆਂ ਦੀ ਸਭ ਤੋਂ ਛੋਟੀ ਉਲਾਦ ਸੀ। ਤਿੰਨ ਵੱਡੀਆਂ ਭੈਣਾਂ ਵੰਡ ਤੋਂ ਪਹਿਲਾਂ ਹੀ ਵਿਆਹੀਆ ਵਰੀਆਂ ਆਪੋ ਆਪਣੇ ਘਰ ਵਸਦੀਆਂ ਰਸਦੀਆਂ ਸਨ। ਪਾਕਿਸਤਾਨ ਬਣਨ ਤੋਂ ਬਾਅਦ ਇਨ੍ਹਾਂ ਦੇ ਮਾਪੇ ਆਪਣੇ ਜੱਦੀ ਪਿੰਡ ਗੁਣਾਚੌਰ (ਮੌਜੂਦਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ- ਨਵਾਂ ਸ਼ਹਿਰ ਆ ਗਏ)। ਉੱਜੜੇ ਪੁੱਜੜੇ ਹੋਏ ਪਿੰਡ ਵਿਚ ਘਾਹ ਖੋਤ ਕੇ ਵੇਚਣ ਤੋ ਸਿਵਾ ਹੋਰ ਕੰਮ ਕੋਈ ਨਹੀਂ ਸੀ ।ਘਾਹ ਖੋਤ ਕੇ ਵੇਚਣ ਲਈ 5 ਮੀਲ ਦੂਰ ਬੰਗਾ ਵਿਖੇ ਜਾਣਾ ਪੈਦਾ ਸੀ। ਜੀਵਨ ਨਿਰਵਾਹ ਬੜਾ ਔਖਾ ਚੱਲਦਾ ਸੀ ।ਕੁਝ ਰਿਸ਼ਤੇਦਾਰ ਰਾਜਸਥਾਨ ਦੇ ਸ਼੍ਰੀਗੰਗਾਨਗਰ ਜ਼ਿਲੇ ਦੇ ਪਦਮ ਪੁਰ ਤਸੀਲ ਦੇ ਪਿੰਡ 2 ਬੀ ਬੀ ਏ ਵਿਖੇ ਵਸੇ ਹੋਏ ਸਨ। 2 ਬੀ ਬੀ ਏ ਦੁਆਬੀਏ ਜੱਟ ਸਰਦਾਰਾਂ ਦਾ ਚੰਗਾ ਛੋਟਾ ਜਿਹਾ ਪਿੰਡ ਹੈ ।ਰੁਜ਼ਗਾਰ ਦੇ ਸਾਧਨ ਬਹੁਤ ਹਨ। ਰਿਸ਼ਤੇਦਾਰਾਂ ਦੇ ਆਸਰੇ ਨਾ਼ਲ 1949 ਵਿਚ ਗੁਰਮੀਤ ਕੌਰ ਦਾ ਪਰਿਵਾਰ ਉਸ ਪਿੰਡ ਵਿਚ ਜਾ ਵਸਿਆ। ਰਾਜਸਥਾਨ ਸਰਕਾਰ ਵਲੋਂ ਬੇਜ਼ਮੀਨੇ ਦਲਿਤ ਲੋਕਾਂ ਨੂੰ ਜ਼ਮੀਨ ਦੇਣ ਦੀ ਯੋਜਨਾ ਅਧੀਨ ਗੁਰਮੀਤ ਕੌਰ ਦੇ ਬਾਪ ਨੂੰ ਡੇਢ ਮੁਰੱਬਾ ਮਾਰੂ ਜ਼ਮੀਨ ਅਲਾਟ ਹੋ ਗਈ।

ਬਾਈ ਬਤਨਾ ਰਾਮ ਜੀ (ਮੇਰੇ ਧਰਮ ਪਿਤਾ ਤੇ ਗੁਰਮੀਤ ਕੌਰ ਦੇ ਪਿਤਾ ਜੀ) ਉਸ ਪਿੰਡ ਵਿਚ ਤੰਦ ਤਾਣੀ ਦਾ ਕੰਮ ਕਰਨ ਦੇ ਨਾ਼ਲ ਨਾ਼ਲ ਡੇਢ ਮੁਰੱਬਾ ਮਾਰੂ ਜ਼ਮੀਨ ਵਿਚ ਖੇਤੀ ਦਾ ਕੰਮ ਕਾਰ ਵੀ ਦੇਖਣ ਲੱਗੇ ।ਕੁਝ ਤੰਦ ਤਾਣੀ ਤੋਂ ਤੇ ਕੁਝ ਮਾਰੂ ਜ਼ਮੀਨ ਤੋਂ ਥੋੜ੍ਹੀ ਬਹੁਤੀ ਆਮਦਨ ਹੋਣ ਕਰਕੇ ਜੀਵਨ ਨਿਰਵਾਹ ਸੌਖਾ ਚੱਲਣ ਲੱਗ ਪਿਆ। ਗੁਰਮੀਤ ਕੌਰ ਹਾਲੇ ਬਚਪਨ ਹੰਢਾ ਰਹੀ ਸੀ। ਛੇ ਸਾਲਾਂ ਦੀ ਹੋਣ ਤੇ ਗੁਰਮੀਤ ਕੌਰ ਨੂੰ ਪਿੰਡ ਦੇ ਸਰਕਾਰੀ ਪਰਾਇਮਰੀ ਸਕੂਲ ਵਿਚ ਪੜ੍ਹਨੇ ਪਾ ਦਿੱਤਾ। 10 ਸਾਲਾਂ ਦੀ ਹੋਣ ਤੇ ਇਸ ਨੇ ਆਪਣੀ ਪਰਾਇਮਰੀ ਦੀ ਪੜ੍ਹਾਈ ਪਿੰਡ ਵਿਚ ਹੀ ਪੂਰੀ ਕਰ ਲਈ। ਅੱਗੇ ਪੜ੍ਹਾਈ ਦਾ ਕੋਈ ਸਾਧਨ ਨਾ ਹੋਣ ਕਰਕੇ ਪਰਾਇਮਰੀ ਤੋਂ ਬਾਅਦ ਪੜ੍ਹਾਈ ਛੱਡਣੀ ਪਈ । ਇਸ ਸਮੇਂ ਦੌਰਾਨ ਬਾਈ ਜੀ ਨੇ ਆਪਣੀਆਂ ਰਹਿੰਦਿਆਂ ਦੋ ਧੀਆਂ ਤੇ ਇਕਲੌਤੇ ਪੁੱਤਰ ਦੀਆਂ ਸ਼ਾਦੀਆਂ ਕਰ ਦਿੱਤੀਆਂ।

ਸਮਾਂ ਆਪਣੀ ਤੋਰ ਚੱਲਦਾ ਗਿਆ। ਮੈਨੂੰ ਸਰਕਾਰੀ ਨੌਕਰੀ ਕਰਦੇ ਨੂੰ 4 ਸਾਲ ਹੋ ਗਏ ਸਨ। ਬਾਪੂ ਜੀ ਨੂੰ ਮੇਰੇ ਵਿਆਹ ਦੀ ਫਿਕਰ ਲੱਗੀ । ਮੈਂ 22 ਸਾਲਾਂ ਦਾ ਹੋ ਗਿਆ ਸੀ । ਮੇਰਾ ਵਿਆਹ ਕਰਨ ਉਪਰੰਤ ਬਾਪੂ ਜੀ ਮੈਥੋਂ ਛੋਟੀਆਂ ਆਪਣੀਆਂ ਧੀਆਂ ਦੀ ਸ਼ਾਦੀ ਵੀ ਕਰ ਕੇ ਕਬੀਲਦਾਰੀ ਨਜਿੱਠਣ ਦੇ ਨੇੜੇ ਹੋਣਾ ਚਾਹੁੰਦੇ ਸਨ। ਉਨ੍ਹਾਂ ਨੇ ਮੇਰੇ ਵਿਆਹ ਦੀ ਮੰਗ ਮੇਰੇ ਸਹੁਰਿਆਂ ਪਾਸ ਰੱਖ ਦਿੱਤੀ । ਗੁਰਮੀਤ ਕੌਰ 18 ਸਾਲਾਂ ਦੀ ਹੋ ਚੁੱਕੀ ਸੀ । ਮੇਰੇ ਸਹੁਰਾ ਪਰਿਵਾਰ ਨੇ ਬਾਪੂ ਜੀ ਦੀ ਮੰਗ ਝੱਟ ਸਵੀਕਾਰ ਕਰ ਲਈ । ਇਸ ਤਰ੍ਹਾਂ 9 ਜੁਲਾਈ 1963 ਨੂੰ ਸਾਡਾ ਵਿਆਹ ਹੋਇਆ।

ਗੁਰਮੀਤ ਕੌਰ ਸਹੁਰੇ ਪਰਿਵਾਰ ਵਿਚ ਆ ਗਈ । ਸਾਡਾ ਵਿਆਹ ਬਹੁਤ ਹੀ ਸਾਦਾ ਜਿਹੇ ਢੰਗ ਨਾ਼ਲ ਬਿਨਾਂ ਕਿਸੇ ਕਿਸਮ ਦੀ ਚਮਕ ਦਮਕ ਦੇ ਹੋਇਆ ਸੀ । ਮੈਨੂੰ ਵਿਆਹੁਣ ਲਈ ਕੇਵਲ ਛੇ ਬਰਾਤੀ ਗਏ ਸਨ । ਉਨ੍ਹਾਂ ਛੇਆਂ ਵਿਚ ਮੈਂ ਤੇ ਮੇਰੇ ਬਾਪੂ ਜੀ ਵੀ ਸ਼ਾਮਲ ਸਨ। ਤਿੰਨ ਦਿਨ ਬਰਾਤ ਸਹੁਰੇ ਪਰਿਵਾਰ ਨਾ਼ਲ ਰਹੀ । ਤਰ੍ਹਾਂ ਤਰ੍ਹਾਂ ਦੇ ਪਕਵਾਨ ਖਿਲਾ ਖਿਲਾ ਕੇ ਸਾਡੇ ਮੂੰਹ ਮੋੜ ਦਿੱਤੇ। ਹਰ ਨਵੇਂ ਦਿਨ ਨਵੇਂ ਘਰ ਦਾਅਵਤ ਹੁੰਦੀ । ਤੀਜੇ ਦਿਨ ਬਰਾਤ ਵਾਪਿਸ ਰਵਾਨਾ ਕੀਤੀ । ਗੁਰਮੀਤ ਕੌਰ ਸਹੁਰੀਂ ਆ ਗਈ। ਨਾ ਕੋਈ ਹਾਰ ਸਿੰਗਾਰ ਨਾ ਕੋਈ ਭੜਕੀਲੀ ਸਜ ਧਜ।ਚਾਰ ਦਿਨ ਪਿੰਡ ਦੀਆਂ ਜਨਾਨੀਆਂ ਨਵੀਂ ਸਜ ਬਹੂ ਨੂੰ ਦੇਖਣ ਆਉਂਦੀਆਂ ਰਹੀਆਂ। ਗੁਰਮੀਤ ਕੌਰ ਨੇ ਪਰਿਵਾਰ ਦੇ ਜੀਆਂ ਵਿਚ ਰਚਣਾ ਮਿਚਣਾ ਸ਼ੁਰੂ ਕਰ ਦਿੱਤਾ। ਲਾਲ ਚੂੜਾ ਲਾਹ ਕੇ ਪਰੇ ਮਾਰਿਆ ਤੇ ਘਰ ਦੇ ਕੰਮਾਂ ਵਿਚ ਮੇਰੀਆਂ ਭੈਣਾਂ ਨਾਲ ਜੁਟ ਗਈ ।ਘਰ ਦਾ ਚੁੱਲ੍ਹੇ ਚੌਂਕੇ ਦਾ ਕੰਮ ਹੀ ਤਾਂ ਹੁੰਦਾ ਸੀ। ਵਿਆਹ ਸਮੇਂ ਗੁਰਮੀਤ ਕੌਰ ਨੇ ਬਹੁਤ ਸਧਾਰਣ ਕਿਸਮ ਦੀ ਮੇਕ ਅੱਪ ਕੀਤੀ ਹੋਈ ਸੀ । ਉਹ ਉੱਤਰ ਗਈ । ਮੁੜ ਸਾਰੀ ਉਮਰ ਨਾ ਕਦੇ ਹਾਰ ਸ਼ਿੰਗਾਰ ਵਲ ਧਿਆਨ ਦਿੱਤਾ ਤੇ ਨਾ ਕਿਸੇ ਤਰਾਂ ਦੀ ਮੇਕ ਅੱਪ ਵਲ ।ਮੈਨੂੰ ਯਾਦ ਨਹੀਂ ਕਿ ਉਸ ਤ੍ਰੀਮਤ ਨੇ ਕਦੇ ਸੁਰਖੀਆਂ ਪਾਊਡਰ ਖਰੀਦੇ ਵੀ ਹੋਣ।ਹਾਂ,ਬੱਚਿਆਂ ਵਾਸਤੇ ਤਰਾਂ ਤਰਾਂ ਦੇ ਤੇਲ ਪਾਊਡਰ ਆਦਿ ਜ਼ਰੂਰ ਲਿਆਉਂਦੇ ਰਹੇ ਹਨ। ਉਨ੍ਹਾਂ ਨੇ ਸਾਰੀ ਉਮਰ ਕਦੇ ਵਾ਼ਲ ਨਹੀਂ ਰੰਗੇ ।ਉਹ ਇਸ ਨੂੰ ਫਜ਼ੂਲ ਦਾ ਝੰਜਟ ਤੇ ਸਮੇਂ ਦੀ ਬਰਬਾਦੀ ਸਮਝਦੇ ਰਹੇ।

ਗੁਰਮੀਤ ਕੌਰ ਹਾਲੇ ਇਕ ਅੱਲ੍ਹੜ ਵਰੇਸ ਕੁੜੀ ਹੀ ਸੀ । ਆਪਣੀ ਉਮਰ ਤੋਂ ਵਧ ਕੇ ਉਹ ਭਾਵੇਂ ਸਿਆਣੀ ਸੀ ਪਰ ਅਲ੍ਹੜਪਣ ਦੀਆਂ ਨਿਸ਼ਾਨੀਆਂ ਹਾਲੇ ਉਸ ਉਤੇ ਮੌਜਦੂ ਸਨ। ਵਿਆਹ ਤੋਂ ਬਾਅਦ ਦੀਆਂ ਛੁੱਟੀਆਂ ਖ਼ਤਮ ਹੋਈਆਂ ਤਾਂ ਅਸੀਂ ਮੋਗੇ ਆ ਗਏ ਜਿਥੇ ਮੇਰੀ ਸਰਕਾਰੀ ਡਿਊਟੀ ਸੀ। 100 ਰੁਪਿਆ ਮਹੀਨਾ ਤੋਂ ਜ਼ਰਾ ਵੱਧ ਮੇਰੀ ਤਨਖਾਹ ਸੀ । ਮੈਂ ਗੁਰਮੀਤ ਕੌਰ ਨੂੰ ਸਪਸ਼ਟ ਕਰ ਦਿੱਤਾ ਕਿ ਇਹੀ ਤਨਖਾਹ ਹੈ । ਇਸ ਤੋਂ ਇਲਾਵਾ ਹੋਰ ਕੋਈ ਆਮਦਨ ਨਹੀਂ ਹੈ। ਅਤੇ ਇਸੇ ਵਿਚ ਹੀ ਗੁਜ਼ਾਰਾ ਕਰਨਾ ਹੈ। ਦੋ ਕੁ ਮਹੀਨੇ ਕੰਮ ਚਲਾਇਆ। ਗੁਰਮੀਤ ਕੌਰ ਨੇ ਮੇਰੇ ਪਾਸ ਯੋਜਨਾ ਰੱਖ ਦਿੱਤੀ ਕਿ ਉਹ ਕੱਪੜੇ ਸਿਉਣਾ ਸਿੱਖ ਲੈਂਦੀ ਹੈ। 6 ਮਹੀਨੇ, ਸਾਲ ਭਰ ਵਿਚ ਕੱਪੜੇ ਸਿਉਣੇ ਜਦ ਆ ਜਾਣਗੇ ਤਾਂ ਉਹ ਲੋਕਾਂ ਦੇ ਕੱਪੜੇ ਸਿਊਂ ਕੇ ਅਮਦਨ ਵਿਚ ਵਾਧਾ ਕਰਨ ਵਿਚ ਸਹਾਈ ਹੋ ਸਕੇਗੀ। ਮੈਨੂੰ ਵੀ ਚੰਗਾ ਲੱਗਾ। ਗੁਰਮੀਤ ਕੌਰ ਨੇ ਕੱਪੜੇ ਸਿਉਣੇ ਸਿੱਖਣੇ ਸ਼ੁਰੂ ਕਰ ਦਿੱਤੇ। ਸਰਕਾਰੀ ਨੌਕਰੀ ਕਰਦੇ ਸਮੇਂ ਹੀ ਮੈਂ ਆਪਣੀ ਅਕੈਡਮਿਕ ਪੜ੍ਹਾਈ ਚਾਲੂ ਰੱਖੀ ਹੋਈ ਸੀ। ਮੈਟ੍ਰਿਕ (ਪੰਜਾਬੀ ਕੇਵਲ), ਹਿੰਦੀ ਪ੍ਰਭਾਕਰ ਤੇ ਐਫ ਏ ਦੀਆਂ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਮੈਂ ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਪਹਿਲਾਂ ਹੀ ਪਾਸ ਕਰ ਚੁੱਕਾ ਸੀ ਤੇ ਬੀ ਏ ਦੀ ਤਿਆਰੀ ਵਿਚ ਸੀ । ਗੁਰਮੀਤ ਕੌਰ ਨੇ ਵੀ ਮੇਰੀ ਪੜ੍ਹਾਈ ਵਿਚ ਚੰਗੀ ਦਿਲਚਸਪੀ ਦਿਖਾਈ ਜਿਸ ਨਾ਼ਲ ਮੈਨੂੰ ਹੋਰ ਵੀ ਉਤਸ਼ਾਹ ਮਿਲਿਆ।

ਸਾਲ ਕੁ ਬਾਦ ਕੱਪੜੇ ਸਿੱਖਣ ਤੋਂ ਵਿਹਲ ਮਿਲੀ ਤਾਂ ਗੁਰਮੀਤ ਕੌਰ ਨੇ ਆਪਣੀ ਸੰਸਾਰ ਫਰਜ਼ ਪੂਰਤੀ ਵਲ ਕਦਮ ਵਧਾਇਆ। ਉਹ ਮਾਂ ਬਣਨ ਵਾਲੀ ਸੀ।ਇਸੇ ਦੌਰਾਨ ਇਕ ਵਾਰ ਪਿੰਡ ਘਰਦਿਆਂ ਨੂੰ ਮਿਲਣ ਦੌਧਰ ਚਲੇ ਗਏ । ਉਥੇ ਮਾਂ ਬਾਪੂ ਸਾਡੇ ਨਾ਼ਲ ਲੜ ਪਏ। ਤਨਖਾਹ ਵਿਚੋਂ 80 ਰੁਪਏ ਮਹੀਨਾ ਹਰ ਮਹੀਨੇ ਲੈਣ ਦੀ ਮੰਗ ਰੱਖ ਦਿੱਤੀ । ਮੈਂ ਇਨੇ ਦੇ ਸਕਣ ਦੀ ਕਦੇ ਵੀ ਸਥਿਤੀ ਵਿਚ ਨਹੀਂ ਸੀ। ਬਾਪੂ ਜੀ ਨੇ ਬਿਨਾਂ ਕੁਝ ਵੰਡਿਆਂ ਵੰਡਾਇਆਂ ਸਾਨੂੰ ਜੁਦੇ ਕਰ ਦਿੱਤਾ। ਸਤੰਬਰ 1965 ਵਿਚ ਉਸ ਨੇ ਆਪਣੇ ਪਹਿਲੇ ਬੱਚੇ ਨੂੰ ਜਨਮ ਦਿੱਤਾ। ਮਈ 1966 ਵਿਚ ਅਸੀਂ ਬਦਲੀ ਕਰਵਾ ਕੇ ਲੁਧਿਆਣਾ ਵਿਖੇ ਆ ਗਏ। ਸਾਡੇ ਮਗਰ ਹੀ ਦੌਧਰ ਤੋਂ ਬਾਪੂ ਜੀ ਵੀ ਮਕਾਨ ਵੇਚ ਵੱਟ ਕੇ ਲੁਧਿਆਣਾ ਆ ਗਏ । ਪਲਾਟ ਲੈ ਲਏ । ਤੇ ਆਪਣੇ ਆਪਣੇ ਮਕਾਨ ਵੀ ਪਾ ਲਏ। ਮੈਂ ਆਪਣੀ ਪੜ੍ਹਾਈ ਚਾਲੂ ਰੱਖੀ ਹੋਈ ਸੀ । ਮੈਨੂੰ ਲੱਗਾ ਜਿਵੇਂ ਗੁਰਮੀਤ ਕੌਰ ਜੀ ਨੂੰ ਮੇਰੇ ਨਾਲੋਂ ਵੀ ਮੇਰੀ ਪੜ੍ਹਾਈ ਵਿਚ ਵੱਧ ਦਿਲਚਸਪੀ ਸੀ । ਉਹ ਮੈਨੂੰ ਕਦੇ ਕੋਈ ਵੀ ਬਜ਼ਾਰ ਦਾ ਕੰਮ ਕਰਨ ਨਾ ਦਿਆ ਕਰਨ। ਕਿਤੇ ਕਬੀਲਦਾਰੀ ਵਿਚ ਜਾਣਾ ਬਣਦਾ ਹੋਵੇ ਤਾਂ ਗੁਰਮੀਤ ਮਾਂ ਦੇ ਨਾ਼ਲ ਆਪ ਜਾ ਕੇ ਭੁਗਤ ਆਇਆ ਕਰੇ। ਇਸੇ ਤਰ੍ਹਾਂ ਕਰਦਿਆਂ ਕਰਾਉਂਦਿਆਂ ਮੈਂ ਜੂਨ 1972 ਵਿਚ ਮਹਿਕਮਾਨਾ ਪ੍ਰੀਖਿਆ ਪਾਸ ਕਰ ਗਿਆ। ਇਹ ਬਹੁਤ ਵੱਡੀ ਗੱਲ ਸੀ। ਗੁਰਮੀਤ ਕੌਰ ਤੇ ਮਾਂ ਨੇ ਰ਼ਲ ਕੇ ਚਾਈਂ ਚਾਈਂ ਸਾਰੇ ਹੀ ਮਹੱਲੇ ਵਿਚ ਲੱਡੂ ਵੰਡੇ। ਇਸ ਦਾ ਸੱਚਾ ਸਿਹਰਾ ਗੁਰਮੀਤ ਕੌਰ ਨੂੰ ਜਾਂਦਾ ਸੀ। ਸਤੰਬਰ 1972 ਵਿਚ ਬਿਜਲੀ ਬੋਰਡ ਨੇ ਮੈਨੂੰ ਮੰਡਲ ਲੇਖਾ ਕਾਰ ਬਣਾ ਦਿੱਤਾ। ਇਹ ਮੇਰੀ ਅਫਸਰੀ ਦੀ ਪਹਿਲੀ ਪੌੜੀ ਸੀ ।ਹੁਣ ਤੱਕ ਮੈਂ ਤਿੰਨਾਂ ਬੱਚਿਆਂ ਦਾ ਬਾਪ ਵੀ ਬਣ ਚੁੱਕਾ ਸੀ।

ਸਮਾਂ ਲੰਘਦਾ ਗਿਆ। ਸਮੇਂ ਸਮੇਂ ਤੇ ਤਿੰਨ ਤਿੰਨ ਸਾਲ ਦੇ ਫਰਕ ਨਾ਼ਲ ਗੁਰਮੀਤ ਕੌਰ ਨੇ ਪੰਜ ਬੱਚਿਆਂ ਨੂੰ ਜਨਮ ਦਿੱਤਾ ਚਾਰ ਧੀਆਂ ਤੇ ਇਕ ਪੁੱਤਰ। ਪੁੱਤਰ ਵੱਡੀ ਧੀ ਤੋਂ ਛੋਟਾ ਸੀ ਤੇ ਉਸ ਤੋਂ ਥੱਲੇ ਤਿੰਨ ਬੱਚੀਆਂ। ਗੁਰਮੀਤ ਕੌਰ ਨੇ ਕਦੇ ਵੀ ਪਰਿਵਾਰ ਨਿਯੋਜਨ ਵਿਚ ਦਿਲਚਸਪੀ ਨਾ ਦਿਖਾਈ । ਮੈਂ ਜਦ ਕਦੇ ਵੀ ਇਸ ਪਾਸੇ ਗੱਲ ਤੋਰੀ ਤਾਂ ਉਨ੍ਹਾਂ ਵਲੋਂ ਨਾਂਹ ਵਾਚਕ ਹੁੰਗਾਰਾ ਹੀ ਮਿਲਿਆ। ਅਖੀਰ ਸਤੰਬਰ 1978 ਵਿਚ ਪੰਜਵੇਂ ਤੇ ਅਖੀਰਲੇ ਬੱਚੇ ਦੀ ਜਦ ਸਾਡੇ ਆਮਦ ਹੋਈ ਤਾਂ ਮੈਂ ਆਪਣੇ ਤੌਰ ਤੇ ਫੈਸਲਾ ਲੈ ਕੇ ਪਰਿਵਾਰ ਨਿਯੋਜਨ ਅਪਰੇਸ਼ਨ ਕਰਵਾਇਆ। ਗੁਰਮੀਤ ਕੌਰ ਬੱਚਿਆਂ ਦੀ ਬੇਹੱਦ ਸ਼ੌਕੀਨ ਸੀ। ਬੜੇ ਉਤਸ਼ਾਹ ਤੇ ਸ਼ੌਕ ਨਾਲ ਅਸੀਂ ਆਪਣੇ ਪੰਜਾਂ ਹੀ ਬੱਚਿਆਂ ਦਾ ਲਾਲਣ ਪਾਲਣ ਕੀਤਾ । ਆਪਣੀ ਸੀਮਤ ਜਿਹੀ ਆਮਦਨ ਵਿਚੋਂ ਕਦੇ ਵੀ ਉਨ੍ਹਾਂ ਨੂੰ ਕਿਸੇ ਗੱਲ ਤੋਂ ਤੋਟ ਆਉਣ ਨਾ ਦਿੱਤੀ।ਬੱਚਿਆਂ ਦੇ ਪਾਲਣ ਪੋਸਣ ਦੇ ਨਾਲ ਨਾਲ ਘਰ ਦੀ ਕਬੀਲਦਾਰੀ ਦੀ ਪੰਡ ਵੀ ਮਾਂ ਬਾਪ ਨੇ ਜੁਦੇ ਹੋਣ ਦੇ ਬਾਵਜੂਦ ਸਾਡੇ ਉੱਤੇ ਸੁੱਟੀ ਹੋਈ ਸੀ ।ਅਸੀਂ ਮਾਂ ਬਾਪ ਅੱਗੇ ਕਦੇ ਵੀ ਹੁੱਤ ਕਰਨ ਵਾਲੇ ਨਹੀਂ ਸਾਂ ਕਬੀਲਦਾਰੀ ਦੇ ਹਾਲਾਤ ਅਜਿਹੇ ਸਨ ਕਿ ਸਾਡੇ ਵਿਆਹ ਤੋਂ ਹੀ ਬਹੁਤ ਸਾਲ ਪਹਿਲਾਂ ਤੋਂ ਗੁਰਮੀਤ ਕੌਰ ਦੀਆਂ ਦੋ ਵੱਡੀਆਂ ਭੈਣਾ ਆਪਣੇ ਘਰੀਂ ਵਸਦੀਆਂ ਰਸਦੀਆਂ ਸਨ । ਉਨ੍ਹਾਂ ਦੇ ਬੱਚੇ ਲਗਭਗ ਸਾਡੇ ਬਰਾਬਰ ਦੀਆਂ ਉਮਰਾਂ ਦੇ ਸਨ। ਦੋ ਮੇਰੀਆਂ ਵੀ ਵੱਡੀਆਂ ਭੈਣਾਂ ਵਸਦੀਆਂ ਰਸਦੀਆਂ ਸਨ। ਇਸ ਤਰਾਂ ਵੱਡੀ ਸਾਰੀ ਕਬੀਲਦਾਰੀ ਮੱਲੋ ਮੱਲੀ ਸਾਡੇ ਗ਼ਲ ਪਾ ਦਿੱਤੀ ਗਈ । ਕਦੇ ਕਿਤੇ ਵਿਆਹ ਸ਼ਾਦੀ ਤੇ ਕਦੇ ਕਿਤੇ ਦੁੱਖ ਅਫਸੋਸ। ਆਏ ਦਿਨ ਕੁਝ ਨਾ ਕੁਝ ਖੜਾ ਹੀ ਰਹਿੰਦਾ। ਗੁਰਮੀਤ ਕੌਰ ਨੂੰ ਮਾਂ ਦੇ ਨਾ਼ਲ ਜਾਣਾ ਹੀ ਪੈਂਦਾ । ਕਈ ਵਾਰੀ ਮਾਂ ਦਾ ਭਾੜਾ ਕਿਰਾਇਆ ਵੀ ਖਰਚਣਾ ਪੈਂਦਾ। ਬਾਕੀ ਦੇ ਤਿੰਨੇ ਹੀ ਭਰਾ ਮੌਜ ਮੇਲੇ ਨਾ਼ਲ ਸਮਾਂ ਪਾਸ ਕਰ ਰਹੇ ਸਨ।

ਕਬੀਲਦਾਰੀ ਅੱਗੇ ਤੁਰਦੀ ਗਈ ਬੱਚੇ ਪੜ੍ਹਦੇ ਗਏ ਵੱਡੇ ਹੁੰਦੇ ਗਏ। ਸਮਾਂ ਗੁਜ਼ਰਦਾ ਗਿਆ। ਆਮਦਨ ਘੱਟ ਸੀ ਖਰਚਾ ਵੱਧ ਸੀ । ਦਿਨ ਬਹੁਤ ਔਖੇ ਕੱਟ ਰਹੇ ਸਨ । ਅੱਜ ਦੇ ਦਿਨਾਂ ਦੀ ਤਰ੍ਹਾਂ ਨਾ ਤਾਂ ਗੈਸੀ ਚੁਲ੍ਹੇ ਹੀ ਆਏ ਸਨ ਤੇ ਨਾ ਗੈਸ ਹੀ ।ਤਰਲੇ ਲੈ ਲੈ ਕੇ ਧੂਖੜ ਧੂਖੜ ਕੇ ਭੂਕਨੇ ਚਿਮਟੇ ਨਾ਼ਲ ਮੱਥਾ ਮਾਰ ਕੇ ਅੰਗੀਠੀ ਭਖਾਉਣੀ ਪੈਂਦੀ ਸੀ ਕਦੇ ਚੁੱਲ੍ਹੇ ਅੱਗ ਬਾਲਣੀ ਪੈਂਦੀ ਸੀ। ਕਦੇ ਅੰਗੀਠੀ ਵਿਚ ਪਾਥੀਆਂ ਪਾ ਕੇ ਧੂਖੜਨਾ ਪੈਂਦਾ ਕਦੇ ਮਿੱਟੀ ਕੋਲੇ ਦੀ ਕੇਰੀ ਰ਼ਲੇ ਗੋ਼ਲੇ ਲਾ ਕੇ ਅੰਗੀਠੀ ਭਖਾਉਣੀ ਪੈਂਦੀ । ਕਦੇ ਸਟੋਵ ਤੇ ਮਿੱਟੀ ਦੇ ਤੇਲ ਨਾ਼ਲ ਹੀ ਸਾਰਨਾ ਪੈਂਦਾ। ਪਰ ਫਿਰ ਵੀ ਔਖੇ ਸੌਖੇ ਗੱਡੀ ਰਿੜ੍ਹਦੀ ਸੀ ।ਅੱਜ ਵਾਲਾ ਅਸਾਨ ਜ਼ਮਾਨਾ ਨਹੀਂ ਸੀ ਕਿ ਲਾਈਟਰ ਨਾ਼ਲ ਘੜਿਚ ਕੀਤੀ ਤੇ ਗੈਸੀ ਚੁੱਲ੍ਹਾ ਭਖ਼ ਪਿਆ। ਮੇਰੀ ਕਦੇ ਬਦਲੀ ਹੋ ਜਾਂਦੀ ਕਦੀ ਪਰਮੋਸ਼ਨ ਹੋ ਜਾਂਦੀ । ਇਸ ਤਰ੍ਹਾਂ ਜ਼ਿੰਦਗੀ ਪ੍ਰਤੀ ਉਤਸ਼ਾਹ ਵੀ ਬਣਿਆਂ ਰਿਹਾ।

ਇਕ ਮੌਕਾ ਅਜਿਹਾ ਵੀ ਆਇਆ ਕਿ ਸਾਡੇ ਪੰਜਾਂ ਦੇ ਪੰਜੇ ਹੀ ਬੱਚੇ ਸਕੂਲ ਦੀ ਪ੍ਰਾਇਮਰੀ ਸ਼੍ਰੇਣੀ ਤੋਂ ਲੈ ਕੇ ਕਾਲਜ ਤੱਕ ਜਾਂਦੇ ਸਨ । ਗੁਰਮੀਤ ਕੌਰ ਘਰ ਦੇ ਕੰਮਾਂ ਕਾਰਾਂ ਵਿਚ ਬਹੁਤ ਹੀ ਉਲਝੀ ਰਹਿੰਦੀ । ਕਦੇ ਕਿਸੇ ਬੱਚੇ ਨੂੰ ਸਕੂਲ ਜਾਣ ਲਈ ਤਿਆਰ ਕਰਨਾ ਹੁੰਦਾ ਤੇ ਕਦੇ ਕਿਸੇ ਨੂੰ ਸਕੂਲ ਤੋਂ ਆਏ ਨੂੰ ਸੰਭਾਲਣਾ ਹੁੰਦਾ।ਕਿਸੇ ਬੱਚੇ ਦੇ ਕੱਪੜੇ ਧੋਣੇ ਹੁੰਦੇ ਤੇ ਕਿਸੇ ਨੂੰ ਨੁਹਾਉਣਾ ਧੁਆਉਣਾ ਹੁੰਦਾ ਕਦੇ ਰੋਟੀ ਪਕਾਉਣੀ ਕਦੇ ਚਾਹ ਬਣਾਉਣੀ । ਕਦੇ ਕਿਸੇ ਰਿਸ਼ਤੇਦਾਰ ਨੂੰ ਆਏ ਨੂੰ ਵੀ ਨਿਵਾਜਣਾ ਹੁੰਦਾ। ਕਈ ਵਾਰ ਬਜ਼ਾਰ ਵੀ ਸੌਦਾ ਸਮਾਨ ਲੈਣ ਜਾਣਾ ਹੁੰਦਾ ਤੇ ਕਦੇ ਸਬਜ਼ੀ ਮੰਡੀ, ਸਬਜ਼ੀ ਭਾਜੀ ਲਈ । ਕਦੇ ਡਿੱਪੂ ਤੇ ਮਿੱਟੀ ਦਾ ਤੇਲ ਲੈਣ ਜਾਣਾ ਹੁੰਦਾ। ਕਦੇ ਕਿਸੇ ਰਿਸ਼ਤੇਦਾਰੀ ਵਿਚ ਵਿਆਹ ਸ਼ਾਦੀ ਜਾਂ ਮਰਨੇ ਧਰਨੇ ਤੇ ਜਾਣਾ ਹੁੰਦਾ। ਗੱਲ ਕੀ ਇਕ ਮਿੰਟ ਦੀ ਵੀ ਗੁਰਮੀਤ ਕੌਰ ਨੂੰ ਸਿਰ ਖੁਰਕਣ ਦੀ ਵੀ ਵਿਹਲ ਤੱਕ ਨਹੀਂ ਸੀ । ਇਸ ਸਾਰੇ ਰੁਝੇਵੇਂ ਭਰੇ ਸਮੇਂ ਵਿਚੋਂ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਦਾ ਸਮਾਂ ਵੀ ਕੱਢਣਾ ਹੀ ਪੈਂਦਾ ।ਆਪ ਗੁਰਮੀਤ ਕੌਰ ਭਾਵੇਂ ਪ੍ਰਾਇਮਰੀ ਤੱਕ ਹੀ ਪੜ੍ਹੀ ਸੀ ਪਰ ਉਸ ਦੀ ਸਮਝਦਾਰੀ ਇਨੀਂ ਤਿੱਖੀ ਸੀ, ਉਹ ਏਨੀ ਹੁਸ਼ਿਆਰ ਸੀ ਕਿ ਉਹ ਆਪਣੇ ਸਾਰੇ ਹੀ ਬੱਚਿਆਂ ਨੂੰ ਅੱਠਵੀਂ ਜਮਾਤ ਤੱਕ ਪੜ੍ਹਾ ਲੈਂਦੀ ਰਹੀ ਹੈ। ਉਸ ਦੇ ਪੜ੍ਹਾਏ ਹੋਏ ਬੱਚੇ ਅੱਗੇ ਜਾ ਕੇ ਕਦੇ ਵੀ ਥਿੜ੍ਹਕੇ ਨਾ ਤੇ ਮਜ਼ਬੂਤ ਪੈਰੀਂ ਕਾਲਜਾਂ ਵਿਚ ਵਿਦਿਆ ਹਾਸਲ ਕੀਤੀ। ਸਾਨੂੰ ਚੌਹਾਂ ਹੀ ਕੁੜੀਆਂ ਨੂੰ ਪੜ੍ਹਾਉਂਦੇ ਦੇਖ ਸੁਣ ਕੇ ਮਹੱਲੇ ਦੇ ਲੋਕ ਤੇ ਰਿਸ਼ਤੇ ਦਾਰ ਬਹੁਤ ਬਹੁਤ ਹੈਰਾਨ ਹੋਇਆ ਕਰਦੇ ਸਨ । ਕਈਆਂ ਨੇ ਇਕ ਸਮੇਂ ਸਾਡੇ ਮਗਰ ਇਹ ਲੱਲ ਜਿਹੀ ਪਾ ਲਈ ਸੀ ਕਿ "ਕੀ ਤੁਸੀਂ ਉਨ੍ਹਾਂ ਦੀ ਗੱਲ ਕਰਦੇ ਹੋ ਜਿਨ੍ਹਾਂ ਦੀਆਂ ਕੁੜੀਆਂ ਪੜ੍ਹਦੀਆਂ ਹਨ" ਕੁੜੀਆਂ ਨੂੰ ਪੜ੍ਹਾਉਂਦੇ ਹੋਏ ਜਿਵੇਂ ਅਸੀਂ ਕੋਈ ਬਹੁਤ ਹੀ ਮਾੜਾ ਕੰਮ ਕਰ ਰਹੇ ਹੋਈਏ। ਕਈਆਂ ਨੇ ਸਬਜ਼ੀ ਮੰਡੀ ਵਿਖੇ ਸਬਜ਼ੀ ਭਾਜੀ ਲੈਣ ਗਈ ਨੂੰ ਗੁਰਮੀਤ ਕੌਰ ਨੂੰ ਰਸਤੇ ਵਿਚ ਮਿ਼ਲ ਕੇ ਕੁੜੀਆਂ ਦੀ ਪੜ੍ਹਾਈ ਬਾਰੇ ਅਜੀਬ ਅਸਚਰਜ ਸਵਾਲ ਕਰਿਆ ਕਰਨੇ। ਗੁਰਮੀਤ ਕੌਰ ਨੇ ਸਹਿਜ ਵਿਚ ਦੱਸਣਾ ਕਿ ਭਾਈ ਅਸੀਂ ਪੁੱਤ ਨੂੰ ਪੜ੍ਹਾਉਂਦੇ ਹਾਂ ਤਾਂ ਧੀਆਂ ਨੂੰ ਵੀ ਬਰਾਬਰ ਪੜ੍ਹਾਵਾਂਗੇ। ਇਹ ਗੱਲ ਜੱਗ ਜ਼ਾਹਿਰ ਹੈ ਕਿ ਅਸੀਂ ਚਾਰਾਂ ਹੀ ਧੀਆਂ ਨੂੰ ਉਨਾਂ ਪੜ੍ਹਾਇਆ ਜਿੰਨਾ ਉਨ੍ਹਾਂ ਨੇ ਆਪ ਪੜ੍ਹਨਾ ਚਾਹਿਆ।

ਚਾਰਾਂ ਹੀ ਬੱਚੀਆਂ ਨੂੰ ਅਕੈਡਮਿਕ ਪੜ੍ਹਾਈ ਦੇ ਨਾ਼ਲ ਨਾ਼ਲ ਘਰ ਦੇ ਕੰਮ ਕਾਜ ਵਿਚ ਵੀ ਪੂਰੀ ਤਰ੍ਹਾਂ ਨਿਪੁੰਨ ਕਰੀ ਰੱਖਣ ਵਲ ਗੁਰਮੀਤ ਕੌਰ ਨੇ ਉਚੇਚਾ ਧਿਆਨ ਦਿੱਤਾ।ਸਾਰੀਆਂ ਹੀ ਬੇਟੀਆਂ ਨੂੰ ਰਸੋਈ ਦੇ ਕੰਮ ਕਾਜ ਵਿਚ ਪੂਰੀ ਤਰ੍ਹਾਂ ਮਾਹਿਰ ਬਣਾਇਆ।ਕਦੇ ਕਿਸੇ ਕੱਪੜੇ ਦੀ ਮੁਰੰਮਤ ਤੋਪੇ ਵਾਸਤੇ ਸਿਲਾਈ ਮਸ਼ੀਨ ਵੀ ਡਾਹ ਲੈਣੀ ਤਾਂ ਉਨ੍ਹਾਂ ਨੂੰ ਵੀ ਨਾ਼ਲ ਦੀ ਨਾ਼ਲ ਮੱਤ ਦੇਈ ਜਾਣੀ ਕਿ ਕਿਹੜਾ ਕੰਮ ਕਿਸ ਤਰ੍ਹਾਂ ਕਰਨਾ ਹੈ। ਕਿਤੇ ਦੁਖ ਸੁਖ ਤੋਂ ਆਉਣਾ ਤਾਂ ਉਨ੍ਹਾਂ ਦੀਆਂ ਕਹਾਣੀਆਂ ਪਾ ਪਾ ਕੇ ਬੱਚੀਆਂ ਨੂੰ ਸੁਣਾਉਣੀਆਂ ਤਾਂ ਕਿ ਆਉਣ ਵਾਲੀ ਜ਼ਿੰਦਗੀ ਵਿਚ ਉਨਾਂ ਨੂੰ ਜਦੋ ਸਾਹਮਣਾ ਕਰਨਾ ਪਵੇ ਤਾਂ ਕੋਈ ਔਕੜ ਪੇਸ਼ ਨਾ ਆਵੇ ।ਗੱਲ ਕੀ ਗੁਰਮੀਤ ਨੇ ਆਪਣੀਆਂ ਧੀਆਂ ਨੂੰ ਹਰ ਤਰਾਂ ਨਾ਼ਲ ਹੀ ਟਰੇਂਡ ਕਰ ਕੇ ਰੱਖਣ ਦਾ ਅਹਿਦ ਲਿਆ ਹੋਇਆ ਸੀ।

ਵੱਡੀ ਬੱਚੀ ਜਦ ਕਾਲਿਜ ਜਾਣ ਵਾਸਤੇ ਤਿਆਰ ਹੋਈ ਤਾਂ ਉਸ ਨੂੰ ਮੱਤ ਦਿੱਤੀ ਕਿ ਉਸ ਨੇ ਹਰ ਹਾਲਾਤ ਵਿਚ ਆਪਣੇ ਆਪ ਨੂੰ ਮੁੰਡਾ ਹੀ ਸਮਝਣਾ ਹੈ। ਲੁਧਿਆਣੇ ਵਰਗੇ ਸ਼ਹਿਰ ਵਿਚ ਸੌ ਕਿਸਮ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਕਿਸੇ ਵਲ ਵੀ ਗ਼ੈਰ ਜ਼ਰੂਰੀ ਧਿਆਨ ਨਹੀਂ ਦੇਣਾ । ਆਪਣੇ ਧਿਆਨ ਤੁਰੇ ਜਾਣਾ ਹੈ। ਮਨੋਬਲ ਉਚਾ ਰੱਖਣਾ ਹੈ। ਮੌਕਾ ਪੈਣ ਤੇ ਆਪਣੀ ਪਰੋਟੈਕਸ਼ਨ ਆਪ ਕਰਨੀ ਹੈ । ਦਿਲ ਦਿਮਾਗ ਵਿਚ ਪੁੱਠੇ ਸਿੱਧੇ ਖਿਆਲ ਨਹੀਂ ਲਿਆਉਣੇ । ਪੜ੍ਹਨਾ ਤੇ ਕੇਵਲ ਪੜ੍ਹਨਾ ਹੈ । ਦੋਵਾਂ ਹੀ ਕਾਲਜ ਜਾਣ ਵਾਲਿ਼ਆਂ ਬੱਚਿਆਂ ਨੂੰ ਹਮੇਸ਼ਾ ਆਪਣੇ ਕੋ਼ਲ ਘੱਟੋ ਘੱਟ 50 ਰੁਪਏ ਹਰ ਸਮੇਂ ਰੱਖਣੇ ਦੀ ਹਦ-ਾਇਤ ਸੀ । ਇਹ ਐਸ਼ ਲੈਣ ਲਈ ਖਰਚਣ ਵਾਸਤੇ ਨਹੀਂ ਸਨ। ਕਿਤੇ ਸਾਈਕਲ ਪੰਕਚਰ ਹੋ ਗਿਆ,ਕਿਤੇ ਸਾਈਕਲ ਵਿਚ ਹਵਾ ਭਰਵਾਉਣੀ ਹੈ, ਕਿਤੇ ਕੋਈ ਪੈੱਨ ਕਾਪੀ ਲੈਣੀ ਹੈ ।ਇਹ ਖਰਚ ਕਰਨੇ ਹਨ ਇਨ੍ਹਾਂ ਪੈਸਿਆਂ ਵਿਚੋਂ । ਜਿੰਨੇ ਪੈਸੇ ਖਰਚੋ ਉਨੇ ਹੀ ਮਾਂ ਕੋਲੋਂ ਸ਼ਾਮ ਨੂੰ ਹੋਰ ਲੈ ਕੇ ਆਪਣੇ 50 ਪੂਰੇ ਕਰ ਲਵੋ।ਹਾਂ, ਜੇਕਰ ਕਦੇ ਕਦਾਈਂ ਮਿਤਰ ਚਾਰੇ ਵਿਚ ਕਿਸੇ ਰੇੜ੍ਹੀ ਆਦਿ ਤੇ ਖੜ੍ਹ ਕੇ ਕੁਝ ਖਾਣਾ ਪੀਣਾ ਹੀ ਪੈ ਗਿਆ ਹੈ ਤਾਂ ਬੇਝਿਜਕ ਹੋ ਕੇ ਮਿਤਰਾਂ ਬੇਲੀਆਂ ਤੋਂ ਅੱਗੇ ਹੋ ਕੇ ਰੇੜ੍ਹੀ ਵਾਲੇ ਦਾ ਬਿੱਲ ਆਪ ਚੁਕਵਾਉਣਾ। ਜਿੰਨੇ ਪੈਸੇ ਉਥੇ ਖਰਚੇ , ਉਨੇ ਦੱਸ ਕੇ ਸ਼ਾਮ ਨੂੰ ਮਾਂ ਤੋਂ ਹੋਰ ਲੈ ਲਵੋ। ਚਲਾਕੀ ਕਰ ਕੇ ਜਾਂ ਠੱਗੀ ਮਾਰ ਕੇ ਕਿਸੇ ਦਾ ਖਾਣ ਦਾ ਅਸੀਂ ਯਤਨ ਨਹੀਂ ਕਰਨਾ।

ਗੁਰਮੀਤ ਕੌਰ ਦਾ ਸਦਾ ਹੀ ਇਹ ਸੁਭਾਗ ਰਿਹਾ ਹੈ ਕਿ ਉਸ ਨੂੰ ਹਮੇਸ਼ਾ ਹੀ ਰਸੋਈ ਵਿਚ ਇਕ ਜੀਅ ਦੀ ਵਾਧੂ ਰੋਟੀ ਪਕਾਉਣੀ ਪੈਂਦੀ ਰਹੀ ਹੈ। ਕਦੇ ਕੋਈ ਰਿਸ਼ਤੇਦਾਰ ਬੱਚਾ ਪੜ੍ਹਨ ਵਾਸਤੇ ਆਇਆ ਹੋਇਆ ਸੀ ਕਦੇ ਕੋਈ ਸਰਕਰੀ ਨੌਕਰੀ ਕਰ ਰਿਹਾ ਸੀ ਤੇ ਉਸ ਦੀ ਰੋਟੀ ਪਾਣੀ ਦਾ ਪਰਬੰਧ ਸਾਡੇ ਕੋਲ ਸੀ। ਕਦੇ ਕੋਈ ਆਪਣਾ ਕਾਰੋਬਾਰ ਕਰਦਾ ਸੀ ਪਰ ਰੋਟੀ ਸਾਡੇ ਨਾ਼ਲ ਹੀ ਖਾਂਦਾ ਸੀ ।ਇਹ ਸਾਰੇ ਹੀ ਰਿਸ਼ਤੇਦਾਰ ਬੱਚੇ ਬਿਨਾਂ ਕੋਈ ਧੇਲਾ ਵੀ ਦਿਤਿਆਂ ਰੋਟੀ ਵੀ ਸਾਡੇ ਨਾ਼ਲ ਖਾਂਦੇ ਸਨ । ਕੱਪੜੇ ਧੋਣਾ, ਭਾਂਡੇ ਮਾਂਜਣ ਤੋਂ ਲੈ ਕੇ ਬਿਤਸਰੇ ਤੱਕ ਦਾ ਪ੍ਰਬੰਧ ਵੀ ਸਾਡੇ ਪਾਸ ਮੁਫਤ ਵਿਚ ਕੀਤਾ ਜਾਂਦਾ ਸੀ । ਸਭ ਤੋਂ ਵੱਡੀ ਗੱਲ ਇਹ ਕਿ ਕਦੇ ਕਿਸੇ ਨੂੰ ਨਾ ਤਾਂ ਮੱਥੇ ਵੱਟ ਗੁਰਮੀਤ ਕੌਰ ਜੀ ਵਲੋਂ ਪਾਇਆ ਗਿਆ ਤੇ ਨਾ ਆਪਣੇ ਬੱਚਿਆਂ ਤੋਂ ਕੋਈ ਘਟੀਆ ਕਿਸਮ ਦਾ ਸਲੂਕ ਕਦੇ ਕੀਤਾ ਗਿਆ।

ਵੱਡੀ ਬੱਚੀ ਦੇ ਵਿਆਹ ਤੋਂ ਪਹਿਲਾਂ ਇਕ ਵਾਰ ਮੇਰੇ ਸਮੇਤ ਸਾਰਾ ਪਰਿਵਾਰ ਇਕੱਠਾ ਬੈਠਾ ਹੋਇਆ ਸੀ ਕਿ ਗੁਰਮੀਤ ਕੌਰ ਨੇ ਗੱਲ ਛੇੜੀ । ਗੱਲ ਸਾਰੀ ਦੀ ਸਾਰੀ ਬੇਟੀਆਂ ਬਾਬਤ ਸੀ। ਭਾਵੇਂ ਕਿ ਥੋੜ੍ਹੀ ਬਹੁਤੀ ਪੁੱਤਰ ਤੇ ਵੀ ਢੁਕਦੀ ਸੀ। ਵੱਡੀ ਬੇਟੀ ਵਲ ਸੰਬੋਧਤ ਹੋ ਕੇ ਗੱਲ ਕਰਨੀ ਸ਼ੁਰੂ ਕੀਤੀ ਕਿ ਲੋਕ ਕਹਿੰਦੇ ਹੁੰਦੇ ਹਨ ਕਿ ਧੀਆਂ ਪਰਾਇਆ ਧੰਨ ਹੁੰਦੀਆਂ ਹਨ ਪਰ ਬੱਚੀਓ ਅਸੀਂ ਕਦੇ ਤੁਹਾਨੂੰ ਅਜਿਹਾ ਨਹੀਂ ਸਮਝਿਆ। ਤਸੀਂ ਸਾਡੇ ਪੁੱਤਰ ਦੇ ਬਰਾਬਰ ਦੇ ਪੁੱਤਰ ਹੀ ਹੋ। ਪਰ ਕਈ ਗੱਲਾਂ ਧੀਆਂ ਨੂੰ ਜੁਦੀਆਂ ਵੀ ਦੱਸਣੀਆਂ ਪੈਂਦੀਆਂ ਹਨ। ਸਭ ਕੁਝ ਕਿਤਾਬਾਂ ਦੇ ਵਿਚ ਨਹੀਂ ਵੀ ਲਿਖਿਆ ਹੋਇਆ ਹੁੰਦਾ। ਤੁਸੀਂ ਸਾਰੀਆਂ ਨੇ ਸਮੇਂ ਸਮੇਂ ਤੇ ਸਹੁਰਿਆਂ ਨੂੰ ਜਾਣਾ ਹੈ। ਤੇ ਉਹੀ ਤੁਹਾਡਾ ਅਸਲੀ ਘਰ ਹੈ ਧੀਆਂ ਕਦੇ ਮਾਪਿਆਂ ਕੋ਼ਲ ਨਹੀਂ ਰਹਿੰਦੀਆਂ।

ਸਹੁਰੇ ਪਰਿਵਾਰ ਵਿਚ ਜਾ ਕੇ ਸੱਸ ਸਹੁਰੇ ਨੂੰ ਹੀ ਦਿਲੋਂ ਉਨ੍ਹਾਂ ਨੂੰ ਮਾਂ ਬਾਪ ਸਮਝਣਾ ਹੈ ਤੇ ਆਪਣੇ ਅਸਲੀ ਮਾਂ ਪਿਉ ਤੋਂ ਵੱਧ ਮਾਣ ਸਤਿਕਾਰ ਦੇਣਾ ਹੈ। ਪਤੀ ਦੇ ਭੈਣਾਂ ਭਰਾਵਾਂ ਨੂੰ ਆਪਣੇ ਸਕੇ ਭੈਣ ਭਰਾ ਕਰ ਕੇ ਜਾਨਣਾ ਹੈ ।ਆਮ ਤੌਰ ਤੇ ਕੁੜੀਆਂ ਦੇ ਸਹੁਰੇ ਪਰਿਵਾਰ ਵਾਲੇ ਕੁੜੀਆਂ ਦੇ ਮਾਪਿਆਂ ਦੀ ਨਿੰਦਾ ਚੁਗਲੀ ਕਰੇ ਦੇਖੇ ਗਏ ਹਨ। ਕੁੜੀਆਂ ਇਹ ਗੱਲ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੁੰਦੀਆਂ । ਇਥੋਂ ਰੱਫੜ ਪੈਂਦਾ ਹੈ । "ਤੁਸੀਂ ਮੇਰੀਓ ਧੀਓ", ਗੁਰਮੀਤ ਕੌਰ ਨੇ ਸੰਬੋਧਤ ਕੀਤਾ, "ਯਤਨ ਕਰਿਓ ਕਿ ਜਦ ਕਦੇ ਮਾਪਿਆਂ ਦੇ ਵਿਰੁਧ ਗੱਲ ਹੋਵੇ ਜਾਂ ਤਾਂ ਸੁਣ ਕੇ ਅਣ ਸੁਣੀ ਹੀ ਕਰ ਦੇਵੋ, ਜਾਂ ਜੇਕਰ ਸੁਣ ਵੀ ਜਾਵੇ ਤਾਂ ਬੜੀ ਆਜਜ਼ੀ ਨਾ਼ਲ ਕਹਿਣ ਵਿਚ ਗੁਰੇਜ਼ ਨਾ ਕਰੋ ਕਿ ਜੀ ਮੇਰੇ ਮਾਪੇ ਆਪ ਜੇਹੀ ਸਿਆਣਪ ਨਹੀਂ ਰੱਖਦੇ"। ਜਿਹੇ ਮੌਕੇ ਤੋਂ ਜੇਕਰ ਕਿਤੇ ਟਾਲਾ ਵੱਟ ਕੇ ਵੀ ਕੰਮ ਸਾਰ ਲਿਆ ਜਾਵੇ ਤਾਂ ਕੋਈ ਹਰਜ ਨਹੀਂ। ਪਰ ਇਕ ਗੱਲ ਸਦਾ ਯਾਦ ਰਹਿਣੀ ਚਾਹੀਦੀ ਹੈ ਕਿ ਸਹੁਰੇ ਪਰਿਵਾਰ ਵਿਚ ਜਾ ਕੇ ਮਾਪਿਆਂ ਦੀ ਤਾਰੀਫ ਕਦੇ ਵੀ ਨਹੀਂ ਕਰਨੀ ਹੈ।

ਵਾਹ ਲਗਦੀ ਆਪਣੇ ਕੋਲ ਮੋਬਾਈਲ ਫੋਨ ਨਾ ਹੀ ਰੱਖੋ। ਕਦੇ ਪੇਕਿਆਂ ਦਾ ਹਾਲ ਚਾਲ ਪੁਛਣਾ ਹੋਵੇ ਤਾਂ ਆਪਣੀ ਸੱਸ ਮਾਂ ਨੂੰ ਕਹਿ ਕੇ ਫੋਨ ਕਰਵਾ ਲਿਆ ਜਾਇਆ ਕਰੇ। ਸਹੁਰੇ ਪਰਿਵਾਰ ਵਿਚੋਂ ਪੇਕਿਆਂ ਨੂੰ ਮਿਲਣ ਆਉਣਾ ਹੋਵੇ ਤਾਂ ਆਨੇ ਬਹਾਨੇ ਆਪਣੀ ਸੱਸ ਨੂੰ ਬਰੀਫ ਕੇਸ ਤਿਆਰ ਕਰਨ ਲਈ ਕੱਪੜੇ ਆਦਿ ਫੜਾ ਦਿਆ ਕਰੋ ਤਾਂ ਚੰਗਾ ਅਸਰ ਪਵੇਗਾ। ਆਮ ਤੌਰ ਤੇ ਨੂੰਹਾਂ ਤੇ ਇਲਜ਼ਾਮ ਲੱਗਿਆ ਕਰਦੇ ਹਨ ਕਿ ਕਿਹੜਾ ਕਦੇ ਦੱਸ ਕੇ ਹੀ ਜਾਂਦੀ ਹੈ ਖਬਰੇ ਝੋਲੇ ਵਿਚ ਕੀ ਪਾ ਪਾ ਕੇ ਲੈ ਜਾਂਦੀ ਹੈ । ਇਹ ਹਨ ਧੀਓ ਸਫਲ ਹੋਣ ਦੇ ਕੁਝ ਇਕ ਮੰਤਰ। ਇਨ੍ਹਾਂ ਹੀ ਗੁਰਮੰਤਰਾਂ ਕਰ ਕੇ ਅੱਜ ਅਸੀਂ ਚਾਰ ਧੀਆਂ ਦੇ ਮਾਪੇ ਮਾਣ ਨਾ਼ਲ ਕਹਿ ਸਕਦੇ ਹਾਂ ਕਿ ਸਾਨੂੰ ਕਦੇ ਕਿਸੇ ਵੀ ਬੇਟੀ ਵਲੋਂ ਜਾਂ ਉਨ੍ਹਾਂ ਦੇ ਸਹੁਰੇ ਪਰਿਵਾਰ ਵਲੋਂ ਕਿਸੇ ਕਿਸਮ ਦੇ ਲੜਾਈ ਝਗੜੇ ਜਾਂ ਅਸੰਤੋਖ ਦੀ ਖਬਰ ਨਹੀਂ ਆਈ। ਚਾਰੇ ਹੀ ਬੱਚੀਆਂ ਆਪਣੇ ਆਪਣੇ ਪਰਿਵਾਰਾਂ ਵਿਚ ਸੁਖ ਅਰਾਮ ਦੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ।

ਗੁਰਮੀਤ ਕੌਰ ਹੱਦ ਦਰਜੇ ਦੀ ਦਿਆਲੂ ਸੁਭਾਅ ਤ੍ਰੀਮਤ ਹੈ। ਆਪਣੀ ਜੇਬ ਵਿਚ ਭਾਵੇਂ ਧੇਲਾ ਵੀ ਨਾ ਹੋਵੇ। ਪਰ ਲੋੜ ਪੈਣ ਤੇ ਭੈਣ ਭਰਾਵਾਂ ਆਂਢੀਆਂ ਗਵਾਂਢੀਆਂ ਦੀਆਂ ਗਰਜਾਂ

**(ਬਾਕੀ ਅਗਲੇ ਸਫੇ 'ਤੇ)**

# ਮੇਰੀ ਸੁਹਿਰਦ ਪਤਨੀ - ਮੇਰੇ ਬੱਚਿਆਂ ਦੀ ਪਿਆਰੀ ਮਾਂ

(ਸਫਾ 23 ਦੀ ਬਾਕੀ)

ਜ਼ਰੂਰ ਪੂਰੀਆਂ ਕਰਨੀਆਂ ਹਨ। ਬੱਚਿਆਂ ਦੇ ਪੜ੍ਹਾਈ ਦੇ ਅਥਾਹ ਖਰਚੇ ਤੇ ਕਬੀਲਦਾਰੀ ਵੱਡੀ ਹੋਣ ਕਰ ਕੇ ਹੱਥ ਤਾਂ ਸਦਾ ਤੰਗ ਹੀ ਰਹਿੰਦਾ ਸੀ । ਪਰ ਫਿਰ ਵੀ ਜੇਕਰ ਗਲੀ ਮਹੱਲੇ ਵਿਚੋਂ ਕੋਈ ਗਰਜ ਸਾਰਨ ਵਾਸਤੇ ਗੁਰਮੀਤ ਕੌਰ ਕੋਲ ਆ ਹੀ ਗਿਆ ਤਾਂ ਉਸ ਨੇ ਕਦੇ ਖਾਲੀ ਨਾ ਮੋੜਿਆ।ਇਕ ਵਾਰ ਡਾਕਖਾਨੇ ਨਾਲ ਵਾਦ ਵਿਵਾਦ ਬਣ ਗਿਆ । ਡਾਕਖਾਨੇ ਦੇ ਵਿਰੁਧ ਸਬੂਤ ਵਜੋਂ ਮੈਂ ਕੁਝ ਕਾਗਜ਼ ਸਾਂਭ ਕੇ ਬਰੀਫ ਕੇਸ ਵਿਚ ਰੱਖੇ ਹੋਏ ਸਨ ।ਚਿੱਠੀ ਰਸੀਣ ਵਲੋਂ ਮਿੰਨਤ ਸਮਾਜਤ ਕਰਨ ਤੇ ਇਨ੍ਹਾਂ ਵਲੋਂ ਬਿਨਾਂ ਮੈਨੂੰ ਪੁੱਛੇ ਤੋਂ ਹੀ ਉਹ ਕਾਗਜ਼ ਪਾੜ ਦਿੱਤੇ ਤੇ ਮੈਨੂੰ ਸ਼ਿਕਾਇਤ ਵਾਪਿਸ ਲੈਣ ਲਈ ਮਜਬੂਰ ਹੋਣਾ ਪਿਆ ।ਨਹੀਂ ਤਾਂ ਉਸ ਕੇਸ ਵਿਚ ਉਸ ਪੋਸਟ ਮੈਨ ਨੂੰ ਕੋਈ ਨਾ ਕੋਈ ਸਜ਼ਾ ਹੋ ਹੀ ਜਾਣੀ ਸੀ । ਇਸ ਤਰਾਂ ਦੀਆਂ ਹੋਰ ਵੀ ਕਈ ਹੁਸ਼ਿਆਰੀਆਂ ਕਰ ਕੇ ਕਈ ਲੋਕਾਂ ਨੂੰ ਉਹ ਮੇਰੀ ਕਰੋਪੀ ਤੋਂ ਬਚਾ ਲੈਂਦੇ ਸਨ । ਜੇਕਰ ਮੇਰੇ ਕਿਸੇ ਸਰਕਾਰੀ ਨੌਕਰੀ ਵਿਚ ਸਾਥੀ ਨੂੰ ਘਰੋਂ ਰੋਟੀ ਆਦਿ ਲਿਆਉਣ ਵਿਚ ਤੰਗੀ ਹੋ ਜਾਂਦੀ ਤਾਂ ਮੇਰੇ ਕੋਲੋਂ ਜ਼ਰਾ ਕੁ ਸੁਣਨ ਤੇ ਹੀ ਉਸ ਦੀ ਰੋਟੀ ਮੇਰੀ ਰੋਟੀ ਦੇ ਨਾਲ ਹੀ ਭੇਜਣ ਨੂੰ ਤਿਆਰ ਹੋ ਜਾਇਆ ਕਰਦੇ ਸਨ ।ਇਕ ਵਾਰ ਜਲੰਧਰ ਤੋਂ ਰੋਜ਼ਾਨਾ ਮੇਰੇ ਨਾਲ ਆ ਕੇ ਖੰਨੇ ਡਿਊਟੀ ਕਰਨ ਵਾਲੇ ਇਕ ਨੌਜਵਾਨ ਦੀ ਕਈ ਮਹੀਨੇ ਮੇਰੇ ਨਾਲ਼ ਹੀ ਰੋਟੀ ਭੇਜਦੇ ਰਹੇ ਅਤੇ ਕਦੇ ਮੱਥੇ ਵੱਟ ਨਾ ਪਾਇਆ।ਉਹ ਮੈਨੂੰ ਸਦਾ ਹੀ ਕਹਿੰਦੇ ਰਹੇ ਹਨ ਕਿ ਉਨ੍ਹਾਂ ਦੀ ਸਭ ਤੋਂ ਪਹਿਲੀ ਤੇ ਵੱਡੀ ਡਿਊਟੀ ਮੇਰੀ ਰੋਟੀ ਪਕਾਉਣਾ ਹੈ ।ਤੇ ਇਹ ਡਿਊਟੀ ਉਨ੍ਹਾਂ ਨੇ ਸਾਰੀ ਉਮਰ ਬਾਖੂਬੀ ਨਿਭਾਈ ।

ਮੁਹੱਲੇ ਵਿਚ ਜਦ ਕਦੇ ਆਰਥਿਕ ਤੌਰ ਤੇ ਕਮਜ਼ੋਰ ਰਮਦਾਸੀਆਂ ਦੇ ਘਰਾਂ ਵਿਚੋਂ ਕਿਸੇ ਦੇ ਮਰਗ ਹੋ ਜਾਂਦੀ ਤਾਂ ਉਹ ਮੈਨੂੰ ਕਦੇ ਕਹਿਣ ਤੋਂ ਨਾ ਚੁੱਕਦੇ ਕਿ ਮੈਂ ਉਨ੍ਹਾਂ ਨੂੰ ਦਾਲ਼ ਰਾਸ਼ਨ ਲਿਆ ਦੇਵਾਂ ਤਾਂ ਜੋ ਉਹ ਉਸ ਘਰ ਵਾਸਤੇ ਚਾਹ ਰੋਟੀ ਦਾ ਪ੍ਰਬੰਧ ਕਰ ਸਕੇ । ਆਮ ਤੌਰ ਤੇ ਅਜਿਹੇ ਮੌਕਿਆਂ ਤੇ ਬਿਨਾਂ ਕਿਸੇ ਤੋਂ ਹਿੱਸਾ ਵਾਲ ਲਏ ਉਹ ਆਪਣੇ ਕੋਲੋਂ ਖਰਚ ਕਰ ਕੇ ਅਜਿਹਾ ਪ੍ਰਬੰਧ ਕਰ ਲੈਂਦੇ ਸਨ । ਸੰਸਾਰ ਛੱਡ ਚੁੱਕੇ ਇਨਸਾਨ ਦੇ ਸਿਵੇ ਉੱਤੇ ਵੀ ਲੱਕੜ ਪਾਉਣ ਲਈ ਹਿੱਸੇ ਆਉਂਦੀ ਲੱਕੜ ਦੇ ਪੈਸੇ ਵੀ ਮੇਰੇ ਕੋਲੋਂ ਯਾਦ ਕਰਵਾ ਕੇ ਦਿਵਾਉਣੋਂ ਨਾ ਭੁੱਲਦੀ । ਗੁਰਦੁਆਰਾ ਸਾਹਿਬ ਵਿਖੇ ਕੋਈ ਦਿਨ ਦਿਹਾਰ ਮਨਾਇਆ ਜਾ ਰਿਹਾ ਹੋਵੇ ਤਾਂ ਉਨ੍ਹਾਂ ਨੇ ਕਦੇ ਰਾਸ਼ਨ ਭੇਜਣਾ ਨਾ ਭੁੱਲਣਾ । ਮਾਂਹਾਂ ਦੀ ਦਾਲ ,ਦੁੱਧ ਤੇ 5,7 ਕਿਲੋ ਆਟੇ ਦੀ ਸੇਵਾ ਜ਼ਰੂਰ ਹੀ ਕਰ ਦੇਣੀ । ਧੀਆਂ ਧਿਆਣੀਆਂ ਦੇ ਵਿਆਹਾਂ ਤੇ ਕੋਈ ਸੱਦੇ ਜਾਂ ਨਾ ਸੱਦੇ , ਇਨ੍ਹਾਂ ਨੇ ਸਗਨ ਜ਼ਰੂਰ ਹੀ ਪਹੁੰਚਾ ਦੇਣਾ ।ਸਦਾ ਹੀ ਆਪਣੇ ਕੰਮ ਨਾਲ ਕੰਮ ਰੱਖਣਾ ,ਕਿਸੇ ਦੀ ਨਿੰਦਾ ਚੁਗਲੀ ਵਿਚ ਕਦੇ ਭਾਗ ਨਾ ਲੈਣਾ । ਕਿਸੇ ਨਾਲ਼ ਲੜਾਈ ਝਗੜਾ ਕਰਨ ਦਾ ਤਾਂ ਮਤਲਬ ਹੀ ਕੋਈ ਨਹੀਂ ।ਜੇਕਰ ਕੋਈ ਮੱਲੋ ਮੱਲੀ ਲੜਾਈ ਮੁੱਲ ਲੈਣੀ ਵੀ ਚਾਹੇ ਤਾਂ ਵੀ ਉਸ ਨੂੰ ਹਊਂ ਪਰੇ ਕਰ ਕੇ ਟਾਲ ਦੇਣਾ ।

ਬੱਚਿਆਂ ਦੇ ਵਿਆਹਾਂ ਦੀ ਗੱਲ ਚੱਲਣੀ ਤਾਂ ਸਦਾ ਹੀ ਗੁਰਮੀਤ ਕੌਰ ਨੇ ਸਾਦਗੀ ਤੇ ਜ਼ੋਰ ਦਿੱਤਾ। ਬਿਨਾਂ ਸ਼ੋਰ ਸ਼ਰਾਬੇ ਤੇ ਬੇਮਤਲਬ ਦੀ ਤੜਕ ਭੜਕ ਦੇ ਵਿਆਹ ਹੋਣੇ ਚਾਹੀਦੇ ਹਨ।ਵੱਡੀ ਬੇਟੀ ਦੇ ਵਿਆਹ ਸਮੇਂ ਮੈਂ ਦੱਸਿਆ ਕਿ ਮੇਰੇ ਮਾਂ ਬਾਪ ਨੇ ਸਾਰੇ ਹੀ ਭੈਣਾਂ ਭਰਾਵਾਂ ਦੇ ਵਿਆਹ ਅਤਿਅੰਤ ਸਾਦੇ ਢੰਗ ਨਾਲ ਬਿਨਾਂ ਕਿਸੇ ਵਿਖਾਵੇ ਦੇਖ ਦਿਖਲਾਵੇ ਤੇ ਤੜਕ ਭੜਕ ਦੇ ਨੇਪਰੇ ਚਾੜ੍ਹੇ ਸਨ। ਬਾਪੂ ਜੀ ਸਦਾ ਇਹ ਕਿਹਾ ਕਰਦੇ ਸਨ ਕਿ ਸਾਡੀ ਖ਼ੁਸ਼ੀ ਨਾਲ ਕਿਸੇ ਨੂੰ ਗ਼ੈਰ ਜ਼ਰੂਰੀ ਸ਼ੋਰ ਸ਼ਰਾਬੇ ਨਾਲ਼ ਤੰਗੀ ਕਿਉਂ ਹੋਵੇ। ਇਸ ਲਈ ਕਦੇ ਵੀ ਬਾਪੂ ਜੀ ਨੇ ਵਿਆਹਾਂ ਉਤੇ ਢੋਲ ਢਮੱਕਾ ਨਾ ਕੀਤਾ ਜਾਂ ਸਪੀਕਰ ਨਾ ਵਜਾਇਆ। ਗੁਰਮੀਤ ਕੌਰ ਜੀ ਨੇ ਵੀ ਖ਼ੁਸ਼ੀ ਖ਼ੁਸ਼ੀ ਇਸੇ ਹੀ ਪਰੰਪਰਾ ਨੂੰ ਅੱਗੇ ਵਧਾਇਆ। ਸਦਾ ਹੀ ਇਸ ਗੱਲ ਦਾ ਧਿਆਨ ਰੱਖਿਆ ਕਿ ਸਾਡੇ ਉਤਸਵ ਕਰ ਕੇ ਕਿਸੇ ਆਂਢੀ ਗਵਾਂਢੀ ਨੂੰ ਕਿਸੇ ਤਰ੍ਹਾਂ ਦੀ ਵੀ ਤਕਲੀਫ ਨਾ ਪਹੁੰਚੇ।

ਇਕਲੌਤੇ ਪੁੱਤਰ ਰਵਿੰਦਰ ਦੇ ਵਿਆਹ ਤੇ ਵੀ ਇਸੇ ਹੀ ਪਰੰਪਰਾ ਦਾ ਹੂ ਬਹੂ ਪਾਲਣ ਕੀਤਾ। ਧੀਆਂ ਨੂੰ ਜੋ ਬਣ ਸਕਿਆ ਅਸੀਂ ਸਮੇਂ ਤੇ ਸਥਾਨ ਅਨੁਸਾਰ ਦਾਜ ਦਹੇਜ ਵੀ ਦਿੱਤਾ। ਪਰ ਪੁੱਤਰ ਦੇ ਵਿਆਹ ਉੱਤੇ ਅਸੀਂ ਦੋਵੇਂ ਹੱਥ ਬੰਨ੍ਹ ਕੇ ਦਾਜ ਦਹੇਜ ਤੋਂ ਬਿਨਾਂ ਹੀ ਸਾਦਾ ਵਿਆਹ ਕਰਨ ਲਈ ਬੇਨਤੀ ਕੀਤੀ ।ਇਹ ਜੁਦੀ ਗੱਲ ਸੀ ਕਿ ਲੜਕੀ ਵਾਲੇ ਸਾਡੀ ਬੇਨਤੀ ਹਜ਼ਮ ਨਾ ਕਰ ਸਕੇ ਤੇ ਆਪਣੀ ਸਮਰਥਾ ਅਨੁਸਾਰ ਉਨ੍ਹਾਂ ਨੇ ਦਹੇਜ ਦਿੱਤਾ।ਬੱਚਿਆਂ ਦੇ ਵਿਆਹਾਂ ਤੇ ਅਸੀਂ ਸਦਾ ਹੀ ਮਾਸ ਸ਼ਰਾਬ ਰਹਿਤ ਰੋਟੀ ਨੂੰ ਤਰਜੀਹ ਦਿੱਤੀ । ਹਰੇਕ ਵਿਆਹ ਮੌਕੇ ਤੇ ਉਚੇਚੇ ਤੌਰ ਤੇ ਗੁਰਮੀਤ ਕੌਰ ਜੀ ਦੀ ਪ੍ਰੇਰਣਾ ਸਦਕਾ ਮੈਨੂੰ ਕਹਿਣਾ ਹੀ ਪੈਂਦਾ ਕਿ ਸਾਤਵਿਕ ਭੋਜਨ ਬਿਨਾਂ ਮਾਸ ਸ਼ਰਾਬ ਦੇ ਚੱਲੇਗਾ ਤੇ ਸਭ ਨੇ ਹਮੇਸ਼ਾ ਹੀ ਖ਼ੁਸ਼ੀ ਖ਼ੁਸ਼ੀ ਸਵੀਕਾਰ ਕੀਤਾ। ਅੱਜ ਤੱਕ ਸਾਰੇ ਦੇ ਸਾਰੇ ਪੰਜੇ ਹੀ ਬੱਚੇ ਆਪਣਾ ਜੀਵਨ ਖ਼ੁਸ਼ੀ ਖ਼ੁਸ਼ੀ ਬਤੀਤ ਕਰ ਰਹੇ ਹਨ।

ਗੁਰਮੀਤ ਕੌਰ ਨੂੰ ਆਪ ਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ । ਘਰ ਆਉਂਦੇ ਪੰਜਾਬੀ ਦੇ ਰੋਜ਼ਾਨਾ ਸਮਾਚਾਰ ਪੱਤਰ ਉਹ ਚਾਅ ਨਾਲ ਪੜ੍ਹਦੇ ਹਨ । ਕਈ ਵਾਰ ਉਸ ਵਿਚੋਂ ਪੜ੍ਹੀ ਗਈ ਸਮੱਗਰੀ ਉੱਤੇ ਮੇਰੇ ਜਾਂ ਆਪਣੇ ਪੁੱਤਰ ਨਾਲ਼ ਵਿਚਾਰ ਚਰਚਾ ਵੀ ਕਰਨੀ ਪਸੰਦ ਕਰਦੇ ਹਨ। ਇਸ ਤੋਂ ਇਲਾਵਾ ਦੋ ਪੰਜਾਬੀ ਦੇ ਸਿਰਕੱਢ ਬਹੁਜਨ ਮਾਸਿਕ ਪੱਤਰ ਬੇ-ਗ਼ਮ ਸ਼ਹਿਰ ਤੇ ਅੰਬੇਡਕਰੀ ਦੀਪ ਘਰ ਆਉਂਦੇ ਹਨ, ਉਹ ਵੀ ਉਨ੍ਹਾਂ ਵਲੋਂ ਪੜ੍ਹ ਲਏ ਜਾਂਦੇ ਹਨ। ਸਰਦਾਰ ਗੁਰਨਾਮ ਸਿੰਘ ਮੁਕਤਸਰ ਸਾਹਿਬ ਜੀ ਦੀਆਂ ਕਈ ਪੁਸਤਕਾਂ ਵੀ ਉਨ੍ਹਾਂ ਨੇ ਥੋੜ੍ਹੀਆਂ ਬਹੁਤੀਆਂ ਪੜ੍ਹੀਆਂ ਹੋਈਆਂ ਹਨ। ਗੁਰਬਾਣੀ ਪਾਠ ਕਰਨ ਦੇ ਨਾਲ ਨਾਲ ਉਸ ਦੇ ਅਰਥ ਸਮਝਣ ਦਾ ਯਤਨ ਵੀ ਆਮ ਹੀ ਕਰਦੇ ਹਨ। ਸੰਗਰਾਂਦ ਵਾਲੇ ਦਿਨ ਜਾਂ ਕੋਈ ਸਿੱਖ ਦਿਨ ਦਿਹਾਰ ਤੇ ਵੀ ਗੁਰਦਵਾਰਾ ਸਾਹਿਬ ਜਾਣੋਂ ਨਹੀਂ ਉੱਕਦੇ । ਕਿਸੇ ਭੈਣ ਬੀਬੀ ਨਾਲ਼ ਕਿਸੇ ਵੀ ਵਿਸ਼ੇ ਤੇ ਚਰਚਾ ਕਰਨੀ ਹੋਵੇ ਤਾਂ ਉਸ ਨੂੰ ਪੂਰੀ ਤਰ੍ਹਾਂ ਰਸਤੇ ਸਿਰ ਪਾ ਦੇਣ ਦੀ ਯੋਗਤਾ ਰੱਖਦੇ ਹਨ। ਸੰਤ ਸਤਿਗੁਰੂ ਨਾਮ ਦੇਵ, ਕਬੀਰ, ਰਵਿਦਾਸ ,ਸੈਣ , ਨਾਨਕ ਤੇ ਦਸ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਰਾਸ਼ਟਰ ਪਿਤਾ ਜਯੋਤੀ ਰਾਵ ਫੂਲੇ ,ਮਾਂ ਸਾਵਿਤਰੀ ਬਾਈ ਫੂਲੇ , ਛਤਰ ਪਤੀ ਸਾਹੂ ਜੀ ਮਹਾਰਾਜ ,ਬਾਬਾ ਸਾਹਿਬ ਅੰਬੇਡਕਰ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਬੀਬੀ ਫੂਲਨ ਦੇਵੀ, ਮਾਂ ਝਲਕਾਰੀ ਬਾਈ ਆਦਿ ਪ੍ਰਸਿੱਧ ਬਹੁਜਨ ਹਸਤੀਆਂ ਬਾਰੇ ਵੀ ਕੁਝ ਨਾ ਕੁਝ ਗਿਆਨ ਰੱਖਦੇ ਹਨ ।

ਕਹਿੰਦੇ ਹਨ ਕਿ ਹਰੇਕ ਮਨੁੱਖ ਦੀ ਤਰੱਕੀ ਪਿੱਛੇ ਇਕ ਇਸਤਰੀ ਦਾ ਹੱਥ ਹੁੰਦਾ ਹੈ । ਜੇਕਰ ਕੋਈ ਮੈਨੂੰ ਪੁੱਛੇ ਤਾਂ ਮੈਂ ਬੇਝਿਜਕ ਨਿਮਰਤਾ ਤੇ ਖ਼ੁਸ਼ੀ ਨਾਲ਼ ਕਹਿ ਸਕਦਾ ਹਾਂ ਕਿ ਮੇਰੀ ਘਰੇਲੂ ਚੜ੍ਹਤ ਪਿੱਛੇ ਇਕ ਨਹੀਂ ਦੋ ਇਸਤਰੀਆਂ ਦਾ ਹੱਥ ਹੈ । ਇਕ ਮੇਰੀ ਪੂਜਨੀਕ ਮਾਂ ਰਾਜ ਕੌਰ ਤੇ ਦੂਸਰੀ ਮੇਰੀ ਸੁਹਿਰਦ ਪਤਨੀ ਜੋ ਜ਼ਿੰਦਗੀ ਦੇ ਹਰ ਔਖੇ ਸੌਖੇ ਮੋੜ ਤੇ ਮੇਰੇ ਨਾਲ ਅਡੋਲ ਖੜੀ ਰਹੀ ਤੇ ਮੈਨੂੰ ਮਰਦਾਂ ਦੀ ਤਰ੍ਹਾਂ ਆਸਰਾ ਠੁੰਮ੍ਹਣਾ ਦਿੱਤਾ। ਅਕਸਰ ਮੇਰੀਆਂ ਭੈਣਾਂ ਜਾਂ ਧੀਆਂ ਨਾਲ ਉਹ ਗੱਲਾਂ ਕਰਦਿਆਂ ਜਾਂ ਆਪਣੀ ਨੂੰਹ ਰਾਣੀ ਨੂੰ ਮੇਰੀ ਬਾਬਤ ਕਹਿੰਦਿਆਂ ਸੁਣੀ ਗਈ ਹੈ ਕਿ ਇਸ ਇਨਸਾਨ ਦੀ ਕਦਰ ਕਰਿਆ ਕਰੋ ਇਹ ਮੇਰਾ ਸਾਰੀ ਉਮਰ ਦਾ ਦੇਖਿਆ ਭਾਲਿਆ ਹੋਇਆ ਬੰਦਾ ਹੈ ।ਇਹਦਾ ਸਹਿਜ ਸੁਭਾ ਬੋਲਿਆ ਹੋਇਆ ਵਾਕ ਵੀ ਸੱਚ ਹੋ ਜਾਂਦਾ ਹੈ। ਇਸ ਵਿਚ ਕੋਈ ਰੱਬੀ ਰੂਹ ਵਸਦੀ ਹੈ। ਇਸਦੇ ਕਹੇ ਨੂੰ ਕਦੇ ਇਨਕਾਰੀ ਨਾ ਕਰਿਆ ਕਰੋ, ਨਾ ਇਸ ਮਰਦ ਨੇ ਕਦੇ ਜ਼ਿੰਦਗੀ ਵਿਚ ਝੂਠ ਬੋਲਿਆ ਹੈ ਨਾ ਕਦੇ ਕਿਸੇ ਦਾ ਦਿਲ ਦੁਖਾਇਆ ਹੈ। ਮੈਂ ਕਈ ਵਾਰ ਸੋਚਿਆ ਹੈ ਕਿ ਕਦੇ ਸੋਚ ਵਿਚਾਰ ਕੇ ਕਹੀ ਹੋਈ ਸਧਾਰਣ ਗੱਲ ਵੀ ਸਮੇਂ ਸਿਰ ਸੱਚੀ ਹੋ ਜਾਂਦੀ ਹੈ । ਪਰ ਉਹ ਵਿਚਾਰੀ ਇਸ ਨੂੰ ਸਦਾ ਹੀ ਰੱਬੀ ਕਰਾਮਾਤ ਦਾ ਦਰਜਾ ਦਿੰਦੇ ਹਨ।ਇਹ ਹਨ ਸੁਹਿਰਦ ਵਿਚਾਰ ਮੇਰੀ ਬਾਬਤ ਮੇਰੀ ਪਤਨੀ ਗੁਰਮੀਤ ਕੌਰ ਜੀ ਦੇ ।

ਸਾਡੀ ਵੱਡੀ ਬੇਟੀ ਨੇ 1985 ਵਿਚ ਬੀ ਏ ਤੇ 1988 ਵਿਚ ਐਮ ਏ ਪਾਸ ਕਰ ਲਈ ਸੀ । ਜਿਸ ਦਿਨ ਇਸ ਬੱਚੀ ਨੇ ਬੀ ਏ ਪਾਸ ਕੀਤੀ ਮੇਰੇ ਲਈ ਅਪਾਰ ਖ਼ੁਸ਼ੀ ਦਾ ਦਿਨ ਸੀ । ਪਹਿਲ ਪਲੇਠਾ ਬੱਚਾ ਤੇ ਪਰਿਵਾਰ ਵਿਚ ਪਹਿਲੀ ਬੀ ਏ। ਗੁਰਮੀਤ ਕੌਰ ਦੇ ਪੈਰ ਭੁਇੰ ਤੇ ਨਾ ਲੱਗਣ। ਇਹ ਸੱਚੇ ਸ਼ਬਦਾਂ ਵਿਚ ਉਸ ਦੀ ਪ੍ਰਾਪਤੀ ਸੀ । ਮੇਰੇ ਮਾਂ ਬਾਪ ਵੀ ਡਾਢੇ ਖ਼ੁਸ਼ ਸਨ ਇਸ ਪ੍ਰਾਪਤੀ ਤੇ ।ਦੋ ਸਾਲ ਬਾਅਦ 1990 ਵਿਚ ਮੇਰੀ ਇਹ ਬੱਚੀ ਸਟੇਟ ਬੈਂਕ ਆਫ ਪਟਿਆਲਾ ਵਿਚ ਸਟਾਫ ਵਿਚ ਚੁਣੀ ਗਈ ।ਇਸ ਬੈਂਕ ਦੇ ਸਟੇਟ ਬੈਂਕ ਆਫ ਇੰਡੀਆ ਵਿਚ ਰਲੇਵੇਂ ਸਮੇਂ ਇਸ ਬੱਚੀ ਨੇ ਸੇਵਾ ਮੁਕਤੀ ਲੈਣੀ ਪਸੰਦ ਕੀਤੀ ਤੇ ਅੱਜ ਚੰਗੀ ਰਕਮ ਪੈਨਸ਼ਨ ਵਜੋਂ ਲੈ ਕੇ ਘਰੇਲੂ ਜ਼ਿੰਦਗੀ ਵਿਚ ਮਸਰੂਫ ਹੈ ।

ਰਵਿੰਦਰ ਮੇਰਾ ਚੌਹ ਧੀਆਂ ਵਿਚ ਇਕਲੌਤਾ ਪੁੱਤਰ ਹੈ। ਇਹ ਮੇਰਾ ਦੂਸਰਾ ਹੋਣਹਾਰ ਬੱਚਾ ਹੈ। ਰਵਿੰਦਰ ਨੇ 1989 ਵਿਚ ਬੀਏ ਤੇ 1992 ਵਿਚ ਰਾਜਨੀਤੀ ਸ਼ਾਸਤਰ ਵਿਚ ਐਮ ਏ ਪਾਸ ਕੀਤੀ । ਬੜੀ ਸਿਰ ਤੋੜ ਜੱਦੋ ਜਹਿਦ ਉਪਰੰਤ 1995 ਵਿਚ ਇਹ ਭਾਰਤੀ ਜੀਵਨ ਬੀਮਾ ਨਿਗਮ ਵਿਚ ਸਟਾਫ ਵਿਚ ਭਰਤੀ ਹੋਇਆ । ਐਮ ਬੀ ਏ ਇਸ ਨੇ ਨੌਕਰੀ ਕਰਦੇ ਹੋਏ ਨੇ 2014 ਵਿਚ ਪਾਸ ਕੀਤੀ । ਇਸ ਦੇ ਮਾਣ ਭੱਤੇ ਵਜੋਂ ਰਵਿੰਦਰ ਨੂੰ ਕੁਝ ਵਿਸ਼ੇਸ਼ ਵੇਤਨ ਦੇ ਤੌਰ ਤੇ ਜੀਵਨ ਬੀਮਾ ਨਿਗਮ ਵਲੋਂ ਦਿੱਤਾ ਜਾ ਰਿਹਾ ਹੈ ।ਕਈ ਵਾਰ ਪਦ ਉੱਨਤੀ ਦੇ ਮੌਕੇ ਆਏ । ਲੁਧਿਆਣਾ ਤੋਂ ਬਾਹਰ ਪੋਸਟਿੰਗ ਦੀ ਪਰਪੋਜ਼ਲ ਕਰ ਕੇ ਪਰਵਾਨ ਨਹੀਂ ਕੀਤੀ ਜਾਂਦੀ ਰਹੀ ।ਰਵਿੰਦਰ ਦੀ ਘਰੇਲੂ ਜ਼ਿੰਦਗੀ ਹੁਣ ਵੀ ਮਾੜੀ ਨਹੀਂ ਚੰਗੀ ਮਾਸਿਕ ਸੈਲਰੀ ਲੈ ਰਿਹਾ ਹੈ ਤੇ ਜੀਵਨ ਨਿਰਬਾਹ ਚੰਗਾ ਚੱਲ ਰਿਹਾ ਹੈ। ਮਾਂ ਦਾ ਬਹੁਤ ਭਗਤ ਹੈ। ਇਕ ਵਾਰ ਕਦੇ ਨੂੰਹ ਬੇਟੀ ਵਲੋਂ ਵੱਖਰੀਆਂ ਰੋਟੀਆਂ ਪਕਾਉਣ ਦੀ ਗੱਲ ਚੱਲੀ ਤਾਂ ਰਵਿੰਦਰ ਨੇ ਝੱਟ ਹੀ ਟੋਕ ਕੇ ਕਹਿ ਦਿੱਤਾ ਕਿ ਕੋਈ ਜਿੱਥੇ ਮਰਜ਼ੀ ਰੋਟੀ ਖਾਈ ਜਾਵੇ ਪਰ ਉਹ ਕੇਵਲ ਆਪਣੀ ਮਾਂ ਨਾਲ਼ ਹੀ ਰੋਟੀ ਖਾਵੇਗਾ।ਇਸ ਤਰ੍ਹਾਂ ਨੂੰਹ ਬੇਟੀ ਦੀ ਜੁਦੇ ਹੋਣ ਦੀ ਮੂਵ ਨੂੰ ਠੱਲ੍ਹ ਪੈ ਗਈ ਤੇ ਫਿਰ ਕਦੇ ਅਜਿਹਾ ਸੁਆਲ ਨਾ ਉਠਿਆ।

ਰਵਿੰਦਰ ਤੋਂ ਛੋਟੀ ਬੇਟੀ ਰਣਜੀਤ ਕੌਰ ਬਹੁਤ ਹੀ ਲਾਇਕ ਬੱਚੀ ਹੈ । ਉਸ ਨੇ 1991 ਵਿਚ ਬੀ ਏ 1993 ਵਿਚ ਬੀ ਐਡ ਤੇ 1995 ਵਿਚ ਐਮ ਏ ਪੰਜਾਬੀ ਕਰ ਲਈ ਸੀ। ਇਸ ਦੇ ਬੀ ਐਡ ਪਾਸ ਕਰਨ ਤੇ ਹੀ ਕੁਝ ਅਰਸੇ ਬਾਅਦ ਨਵੋਦਿਆ ਵਿਦਿਆਲਿਆ ਸਮਿਤੀ ਵਲੋਂ ਇਕ ਪੋਸਟ ਪੰਜਾਬੀ ਟੀਚਰ ਦੀ ਦਾ ਵਿਗਿਆਪਨ ਦਿੱਤਾ ਗਿਆ । ਮੈਂ ਬਿਨੇ ਪੱਤਰ ਦੇਣ ਲਈ ਮਜਬੂਰ ਕਰਾਂ । ਪੋਸਟ ਇਕ ਹੋਣ ਕਰ ਕੇ ਕੁੜੀ ਦਰਖਾਸਤ ਕਰਨ ਲਈ ਰਾਜ਼ੀ ਨਾ ਹੋਵੇ । ਮੈਂ ਜ਼ੋਰ ਦੇ ਕੇ ਅਪਲਾਈ ਕਰਵਾ ਦਿੱਤਾ । ਸਾਡੇ ਮਾਣ ਵਾਲੀ ਗੱਲ ਕਿ ਉਸ ਇਕੱਲੀ ਪੋਸਟ ਤੇ ਮੇਰੀ ਬੇਟੀ ਚੁਣੀ ਗਈ । ਡੇਢ ਸਾਲ ਨੌਕਰੀ ਕਰਨ ਉਪਰੰਤ ਪੰਜਾਬ ਸਰਕਾਰ ਵਿਚ ਨੌਕਰੀਆਂ ਨਿਕਲੀਆਂ। ਇਸ ਨੇ ਉਨ੍ਹਾਂ ਵਿਚ ਬੇਨਤੀ ਪੱਤਰ ਦਿੱਤਾ ਤੇ ਵਧੀਆ ਮੈਰਿਟ ਨਾਲ ਚੁਣੀ ਗਈ। ਅਨੁਸੂਚਿਤ ਜਾਤੀ ਵਿਚ ਇਸ ਦਾ ਪਹਿਲਾਂ ਨੰਬਰ ਤੇ ਜਨਰਲ ਵਿਚ ਬਹੁਤ ਹੀ ਉੱਨਤ ਮੈਰਿਟ ਮਿਲੀ ਸੀ । ਪੰਜਾਬੀ ਤੇ ਸਮਾਜਿਕ ਸਿਖਿਆ ਦੋਹਾਂ ਹੀ ਵਿਸ਼ਿਆਂ ਵਿਚ ਬਹੁਤ ਹੀ ਵਧੀਆਂ ਮੈਰਿਟ ਸੀ । ਸਕੂਲ ਮਿਸਟਰੈਸ ਤੋਂ ਛੇਤੀ ਹੀ ਬਾਅਦ ਇਸ ਬੇਟੀ ਦੀ ਪਦਉਨਤੀ ਬਤੌਰ ਹਾਈ ਸਕੂਲ ਮੁੱਖ ਅਧਿਆਪਿਕਾ ਤੇ ਫਿਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਦੇ ਤੌਰ ਤੇ ਹੋ ਗਈ । ਅੱਜ ਇਹ ਬੱਚੀ ਪ੍ਰਿੰਸੀਪਲ ਦੇ ਤੌਰ ਤੇ ਸੇਵਾ ਨਿਭਾ ਰਹੀ ਹੈ।

ਚੌਥੇ ਨੰਬਰ ਦਾ ਮੇਰਾ ਬੱਚਾ ਮੇਰੀ ਚੰਡੀਗੜ੍ਹ ਵਾਲੀ ਬੇਟੀ ਸਰਬਜੀਤ ਕੌਰ ਹੈ ।1995 ਵਿਚ ਬੀ ਏ ਪਾਸ ਕਰਨ ਤੋਂ ਬਾਅਦ 1999 ਵਿਚ ਬੀ ਐਡ ਤੇ ਫਿਰ 2000,ਤੇ 2002 ਵਿਚ ਕਰਮਵਾਰ ਐਮ ਏ (ਅਰਥ ਸ਼ਾਸਤਰ) ਤੇ ਐਮ ਏ ਪੰਜਾਬੀ ਪਾਸ ਕੀਤੇ। ਸ਼ਾਨਦਾਰ ਅਕੈਡਮਿਕ ਕੈਰੀਅਰ ਵਾਲੀ ਇਹ ਸਾਡੀ ਪੁੱਤਰੀ ਯੂ ਟੀ ਪ੍ਰਬੰਧ ਚੰਡੀਗੜ੍ਹ ਵਲੋਂ ਵਿਗਿਆਪਤ ਪੰਜਾਬੀ ਅਧਿਆਪਕ ਦੀਆਂ ਦੋ ਪੋਸਟਾਂ ਵਿਚੋਂ 2004 ਵਿਚ ਇਕ ਤੇ ਤੈਨਾਤ ਹੋ ਗਈ ਤੇ ਕੁਝ ਹੀ ਸਾਲਾਂ ਬਾਅਦ ਅਰਥ ਸ਼ਾਸਤਰ ਵਿਚ ਪੋਸਟ ਗਰੈਜੂਏਟ ਹੋਣ ਕਰ ਕੇ ਅਰਥ ਸ਼ਾਸਤਰ ਵਿਚ ਲੈਕਚਰਾਰ ਪਰਮੋਟ ਹੋ ਗਈ । ਹੁਣ ਯੂ ਟੀ ਪ੍ਰਬੰਧ ਅਧੀਨ ਪ੍ਰਿੰਸੀਪਲ ਦੀ ਪਦ ਉੱਨਤੀ ਦੀ ਉਡੀਕ ਵਿਚ ਹੈ ।

ਪੰਜਵੇਂ ਨੰਬਰ ਤੇ ਸਭ ਤੋਂ ਛੋਟੀ ਕਮਲਜੀਤ ਕੌਰ ਸਭ ਤੋਂ ਵੱਧ ਲਾਇਕ ਤੇ ਸਭ ਤੋਂ ਵੱਧ ਪੜ੍ਹੀ ਲਿਖੀ ਹੋਈ ਸਾਡੀ ਬੱਚੀ ਹੈ ।ਇਸ ਦੀ ਪੜ੍ਹਾਈ ਹਾਲੇ ਚੱਲ ਹੀ ਰਹੀ ਸੀ ਜਦ ਮੈਨੂੰ 2002 ਵਿਚ ਦਿਲ ਦੀ ਨਾਮੁਰਾਦ ਬਿਮਾਰੀ ਨੇ ਆ ਘੇਰਿਆ। ਗੁਰਮੀਤ ਕੌਰ ਤੇ ਮੇਰਾ ਵਿਚਾਰ ਇਸ ਨੂੰ ਆਈ ਏ ਐਸ ਕਰਵਾਉਣ ਦਾ ਸੀ । ਪਰ ਕੁਦਰਤ ਮਾਂ ਇਸ ਲਈ ਕੁਝ ਹੋਰ ਹੀ ਲਈ ਬੈਠੀ ਸੀ ।ਦਿਲ ਦੀ ਬੀਮਾਰੀ ਨੇ ਮੇਰੇ ਦਿਲ ਦਿਮਾਗ ਤੇ ਇਨਾਂ ਅਸਰ ਕੀਤਾ ਕਿ ਮੈਂ ਦੋਵਾਂ ਹੀ ਛੋਟੀਆਂ ਬੇਟੀਆਂ ਨੂੰ ਵਿਆਹ ਕੇ ਇਨ੍ਹਾਂ ਦੇ ਘਰੀਂ ਤੋਰਨਾ ਚਾਹੁੰਦਾ ਸੀ । ਇਸ ਲਈ ਕਮਲਜੀਤ ਦੀ ਸਾਰੀ ਦੀ ਸਾਰੀ ਲਾਈਨ ਹੀ ਬਦਲਨੀ ਪਈ ।1993 ਵਿਚ ਪਹਿਲੇ ਦਰਜੇ ਵਿਚ ਮੈਟ੍ਰਿਕਲੇਟ ਨੇ 1998 ਵਿਚ ਬੀ ਏ , 2001 ਵਿਚ ਐਮ ਏ ਪੰਜਾਬੀ , 2002 ਵਿਚ ਬੀ ਐਡ ਤੇ 2004 ਵਿਚ ਐਮ ਏ ਰਾਜਨੀਤੀ ਸ਼ਾਸਤਰ ਵਿਚ ਕਰਨ ਉਪਰੰਤ ਸਰਕਾਰੀ ਨੌਕਰੀ ਦੌਰਾਨ ਹੀ ਐਮ ਐਡ ਵੀ ਪਰਾਈਵੇਟ ਵਿਦਿਆਰਥੀ ਦੇ ਤੌਰ ਤੇ ਪਾਸ ਕਰ ਲਈ । ਪਹਿਲਾਂ ਜਵਾਹਰ ਨਵੋਦਿਆ ਵਿਦਿਆਲਿਆ ਵਿਚ 1 ਹੀ ਪੰਜਾਬੀ ਟੀਚਰ ਦੀ ਪੋਸਟ ਅਧੀਨ ਚੁਣੇ ਜਾਣ ਤੇ ਉਧਰ ਲਗਭਗ ਡੇਢ ਸਾਲ ਨੌਕਰੀ ਕੀਤੀ ਤੇ ਫਿਰ ਸਨ 2004 ਵਿਚ ਪੰਜਾਬ ਸਰਕਾਰ ਦੀ ਨੌਕਰੀ ਵਿਚ ਪੰਜਾਬੀ ਅਧਿਆਪਿਕਾ ਚੁਣੀ ਗਈ । ਅੱਜ ਕੱਲ ਸਰਕਾਰੀ ਹਾਈ ਸਕੂਲ ਵਿਖੇ ਮੁੱਖ ਅਧਿਆਪਿਕਾ ਦੇ ਤੌਰ ਤੇ ਡਿਊਟੀ ਨਿਭਾ ਰਹੀ ਹੈ।

ਇਸ ਤਰ੍ਹਾਂ ਗੁਰਮੀਤ ਕੌਰ ਨੇ ਜੋ ਕਿ ਆਪ ਅਨਪੜ੍ਹਾਂ ਜੇਹੀ ਚਾਰ ਜਮਾਤਾਂ ਪੜ੍ਹੀ ਹੋਈ ਘਰੇਲੂ ਕਿਸਮ ਦੀ ਤ੍ਰੀਮਤ ਹੈ ਨੇ ਜੇਕਰ ਬੱਚਿਆਂ ਨੂੰ ਪੈਦਾਇਸ਼ ਦੇਣ ਵਿਚ ਖ਼ੁਸ਼ੀ ਦਿਖਾਈ ਤਾਂ ਉਨ੍ਹਾਂ ਨੂੰ ਜ਼ਿੰਦਗੀ ਬਸਰ ਕਰਨ ਦੇ ਬਹੁਤ ਹੀ ਸੀਮਤ ਆਰਥਿਕ ਸਾਧਨਾ ਦੀ ਹੋਂਦ ਵਿਚ ਚੰਗੀ ਪਰਵਰਿਸ਼ ਵੀ ਦਿੱਤੀ ,ਚੰਗਾ ਪੜ੍ਹਾਇਆ ਲਿਖਾਇਆ ,ਜਿਨਾਂ ਕੋਈ ਬੱਚਾ ਪੜ੍ਹਨਾ ਚਾਹੁੰਦਾ ਸੀ ਉਨ੍ਹਾਂ ਹੀ ਪੜ੍ਹਾਇਆ।ਉਨ੍ਹਾਂ ਨੂੰ ਚੰਗੇ ਸੰਸਕਾਰ ਦਿੱਤੇ, ਜ਼ਿੰਦਗੀ ਵਿਚ ਸੈਟਲ ਕੀਤਾ ਤੇ ਉਨ੍ਹਾਂ ਦੀਆਂ ਸ਼ਾਦੀਆਂ ਕੀਤੀਆਂ । ਇਹ ਸਾਰਾ ਸਿਹਰਾ ਗੁਰਮੀਤ ਕੌਰ ਨੂੰ ਹੀ ਜਾਂਦਾ ਹੈ।

ਦੋ ਸ਼ਬਦ ਨੂੰਹ ਬੇਟੀ ਪਰਮਿੰਦਰਜੀਤ ਕੌਰ ਬਾਰੇ ਵੀ । ਇਹ ਪੁਤਰੀ ਜਦ ਸਾਡੇ ਪੁਤਰ ਦੀ ਸੰਗਿਣੀ ਬਣ ਕੇ ਘਰ ਆਈ ਤਾਂ ਇਹ ਬੀ ਏ ਪਾਰਟ ਪਹਿਲਾ ਹੀ ਪਾਸ ਸੀ । ਗੁਰਮੀਤ ਕੌਰ ਵਲੋਂ ਇਸ ਨੂੰ ਵੀ ਉਤਸ਼ਾਹ ਦਿੱਤਾ ਗਿਆ ।ਇਕ ਬੱਚੇ ਦੀ ਮਾਂ ਹੁੰਦੀ ਹੋਈ ਨੇ ਵੀ 1998 ਵਿਚ ਬੀ ਏ ਪਾਸ ਕਰ ਲਈ। ਉਪਰੰਤ ਦੋ ਹੋਰ ਬੱਚਿਆਂ ਦੀ ਮਾਂ ਬਣੀ । 2010 ਵਿਚ ਬੀ ਐਡ ਤੇ 2011 ਵਿਚ ਐਮ ਏ ( ਪੰਜਾਬੀ ) ਕਰ ਕੇ ਐਮ ਏ ਬੀ ਐਡ ਬਣ ਗਈ । ਅੱਜ ਕਲ੍ਹ ਆਂਗਣਵਾੜੀ ਵਰਕਰ ਦੇ ਤੌਰ ਤੇ ਕੰਮ ਕਰਦੀ ਹੋਈ ਆਪਣੀ ਸੁਪਰਵਾਈਜ਼ਰ ਦੀ ਪਦਉਨਤੀ ਉਡੀਕ ਰਹੀ ਹੈ।

ਗੁਰਮੀਤ ਕੌਰ ਨੇ ਆਪਣੇ ਬੱਚਿਆਂ ਲਈ ਤਾਂ ਇਹ ਸਭ ਕੁਝ ਕੀਤਾ ਹੀ ਹੈ ਪੋਤੇ ਪੋਤਰਰੀਆਂ ਬਾਰੇ ਵੀ ਪਿੱਛੇ ਨਹੀਂ ਹਟਦੇ । ਪੁੱਤਰ ਨੂੰਹ ਨੂੰ ਬੱਚਿਆਂ ਬਾਬਤ ਸਦਾ ਨੇਕ ਸਲਾਹ ਦਿੰਦੇ ਹਨ। ਜੇਕਦੇ ਉਨ੍ਹਾਂ ਨੂੰ ਕਦੇ ਆਰਥਿਕ ਮਜ਼ਬੂਰੀ ਵੀ ਆ ਚੁੰਬੜਦੀ ਹੈ ਤਾਂ ਉਹ ਵੀ ਸਹਾਇਤਾ ਕੀਤੀ ਜਾਂਦੀ ਹੈ । ਕਦੇ ਪਿੱਛੇ ਨਹੀਂ ਹਟਿਆ ਜਾਂਦਾ। ਅੱਜ 5 ਜੂਨ ਨੂੰ ਜਦ ਕਿ ਇਹ ਆਰਟੀਕਲ ਲਿਖਿਆ ਜਾ ਰਿਹਾ ਹੈ ਗੁਰਮੀਤ ਕੌਰ ਪੂਰੀ ਤਰ੍ਹਾਂ ਸਿਹਤਯਾਬ ਹੋ ਚੁਕੀ ਹੈ । ਉਸ ਦੀਆਂ ਪੁਤਰੀਆਂ ਖ਼ੁਸ਼ੀ ਖ਼ੁਸ਼ੀ ਆਪਣੇ ਘਰ ਨੂੰ ਜਾ ਚੁੱਕੀਆਂ ਹਨ। ਜ਼ਿੰਦਗੀ ਮੁੜ ਲੀਹ ਤੇ ਆ ਰਹੀ ਹੈ।ਬੱਚੀਆਂ ਤੇ ਪੁੱਤਰ ਨੂੰਹ ਨੇ ਆਪਣੀ ਗੰਭੀਰ ਰੂਪ ਵਿਚ ਬੀਮਾਰ ਪਈ ਮਾਂ ਨੂੰ ਦੱਸ ਦਿੱਤਾ ਹੈ ਕਿ ਉਹ ਵੀ ਮਾਂ ਜਿਸ ਨੂੰ ਉਹ ਸਾਰੇ ਹੀ ਪਿਆਰ ਨਾਲ ਬੀਬੀ ਜੀ ਕਹਿੰਦੇ ਆਏ ਹਨ ਦੀ ਸੇਵਾ ਕਰਨ ਵਿਚ ਕੋਈ ਕਸਰ ਛੱਡਣ ਵਾਲੇ ਨਹੀਂ ਸਨ ਤੇ ਕੁੜੀਆਂ ਇਹ ਕਹਿੰਦਿਆਂ ਹੀ ਆਪੋ ਆਪਣੇ ਘਰ ਨੂੰ ਗਈਆਂ ਹਨ: ਐ ਮਾਂ ਤੇਰੀ ਸੂਰਤ ਸੇ ਅਲੱਗ ਭਗਵਾਨ ਕੀ ਸੂਰਤ ਕਿਆ ਹੋਗੀ , ਕਿਆ ਹੋਗੀ ।

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

ਤੱਤੀ ਲੋਅ ਵਗੇ ਮਹੀਨਾਂ ਜੇਠ ਹਾੜ ਦਾ
ਉੱਤੋਂ ਗਰਮੀ ਦਾ ਕਹਿਰ ਜਾਵੇ ਸੀਨਾ ਸਾੜਦਾ
ਸੇਕ ਤੇਜ਼ ਹੋਵੇ ਲੱਕੜਾਂ ਲਗਈ ਜਾਂਦੇ ਨੇ
ਪਾਪੀ ਸੀਨੇ ਉੱਤੇ ਤੱਤਾ ਰੇਤ ਪਾਈ ਜਾਂਦੇ ਨੇ
ਗੁਰੂ ਵਾਹਿਗੁਰੂ ਵਾਹਿਗੁਰੂ ਗਾਈ ਜਾਂਦੇ ਨੇ
ਬਣ ਸ਼ਾਂਤੀ ਦੇ ਪੁੰਜ ਬੈਠੇ ਤੱਤੀ ਤਵੀ ਤੇ
ਕਦੇ ਉਂਗਲ ਨਾ ਉੱਠੇ ਸਿੱਖੀ ਵਾਲੀ ਛਵੀ ਤੇ
ਬਾਣੀ ਮੁੱਖ ਚੋਂ ਉਚਾਰੀ ਉਹ ਅੱਲਾਹੀ ਜਾਂਦੇ ਨੇ
ਗੁਰੂ ਵਾਹਿਗੁਰੂ ਵਾਹਿਗੁਰੂ ਗਾਈ ਜਾਂਦੇ ਨੇ
ਪਾਪੀ ਸੀਨੇ ਉੱਤੇ ਤੱਤਾ ਰੇਤ ਪਾਈ ਜਾਂਦੇ ਨੇ
ਪਾਪੀ ਜ਼ਾਲਮਾਂ ਦੀ ਮਾਰ ਸਹੀ ਜਾਂਦੇ ਸੀਨੇ ਤੇ
ਤੱਤੀ ਰੇਤ ਨਾਲ ਛਾਲੇ ਪਈ ਜਾਂਦੇ ਸੀਨੇ ਤੇ
ਭਾਣਾ ਮੀਠਾ ਲਾਗੇ ਮੁੱਖ ਤੋਂ ਸੁਣਾਈ ਜਾਂਦੇ ਨੇ
ਗੁਰੂ ਵਾਹਿਗੁਰੂ ਵਾਹਿਗੁਰੂ ਗਾਈ ਜਾਂਦੇ ਨੇ
ਪਾਪੀ ਸੀਨੇ ਉੱਤੇ ਤੱਤਾ ਰੇਤ ਪਾਈ ਜਾਂਦੇ ਨੇ
ਦੇਖੋ ਹੱਸ ਕੇ ਗੁਰੂ ਜੀ ਮੌਤ ਸੀਨੇ ਲਾ ਗਏ
ਪਾਪੀ ਜ਼ਾਲਮਾਂ ਦੇ ਮੂੰਹਾਂ ਉੱਤੇ ਤਾਲੇ ਲਾ ਗਏ
ਸਹਿ ਜ਼ੁਲਮ ਨੂੰ ਧਰਮ ਬਚਾਈ ਜਾਂਦੇ ਨੇ
ਗੁਰੂ ਵਾਹਿਗੁਰੂ ਵਾਹਿਗੁਰੂ ਗਾਈ ਜਾਂਦੇ ਨੇ
ਪਾਪੀ ਸੀਨੇ ਉੱਤੇ ਤੱਤਾ ਰੇਤ ਪਾਈ ਜਾਂਦੇ ਨੇ
ਕਾਇਮ ਸਿੱਖੀ ਲਈ ਦੇਖੋ ਇੰਝ ਜਾਂਦਾ ਮਰਿਆ
ਆਖੇ ਸਤਨਾਮ ਮੱਟੂ ਗੁਰਾਂ ਸੱਚ ਕਰਿਆ
ਕਿੱਸੇ ਅਣਖਾਂ ਦੇ ਜੱਗ ਤੇ ਬਣਾਈ ਜਾਂਦੇ ਨੇ
ਗੁਰੂ ਵਾਹਿਗੁਰੂ ਵਾਹਿਗੁਰੂ ਗਾਈ ਜਾਂਦੇ ਨੇ
ਪਾਪੀ ਸੀਨੇ ਉੱਤੇ ਤੱਤਾ ਰੇਤ ਪਾਈ ਜਾਂਦੇ ਨੇ



ਇੰਜੀ. ਸਤਨਾਮ ਸਿੰਘ ਮੱਟੂ
ਬੀਂਬੜ, ਸੰਗਰੂਰ
9779708257

## 12 ਮਹੀਨੇ ਤੱਕ ਕੰਮ ਕਰਦੀ ਹੈ ਕੋਵੀਸ਼ੀਲਡ ਦੀ ਇੱਕੋ ਖ਼ੁਰਾਕ

**ਹੈਦਰਾਬਾਦ-** ਭਾਰਤ 'ਚ ਕੋਰੋਨਾ ਵੈਕਸੀਨ ਦੀ ਘਾਟ ਦੇ ਮੱਦੇਨਜ਼ਰ ਏਸ਼ੀਅਨ ਇੰਸਟੀਚਿਊਟ ਆਫ ਗੈਸਟ੍ਰੋਐਂਟ੍ਰੋਲਾਜੀ ਹਸਪਤਾਲ ਦੇ ਪ੍ਰਮੁੱਖ ਡਾਕਟਰ ਡੀ ਨਾਗੇਸ਼ਵਰ ਰੈੱਡੀ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਵੈਕਸੀਨ ਦਾ ਇਸਤੇਮਾਲ ਪੂਰੀ ਸਾਵਧਾਨੀ ਤੇ ਸਮਝਦਾਰੀ ਨਾਲ ਕੀਤਾ ਜਾਵੇ।

ਉਨ੍ਹਾਂ 'ਚ ਹੋਈ ਰਿਸਰਚ ਦੇ ਹਵਾਲੇ ਤੋਂ ਦੱਸਿਆ ਹੈ ਕਿ ਜੋ ਲੋਕ ਕੋਵਿਡ-19 ਤੋਂ ਠੀਕ ਹੋ ਚੁੱਕੇ ਹਨ। ਉਨ੍ਹਾਂ ਲਈ 12 ਮਹੀਨਿਆਂ ਤਕ ਕੋਵੀਸ਼ੀਲਡ ਦੀ ਇੱਕੋ ਖ਼ੁਰਾਕ ਕਾਫੀ ਹੈ।

ਇਹ ਖੋਜ ਇੰਟਰਨੈਸ਼ਲ ਜਨਰਲ ਆਫ ਇਨਫੈਕਸ਼ੀਅਸ ਡਿਜ਼ੀਜ਼ 'ਚ ਪ੍ਰਕਾਸ਼ਿਤ ਹੋਈ ਹੈ। ਡਾਕਟਰ ਰੈੱਡੀ ਨੇ ਇਸ ਦੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਹੈ ਕਿ ਇਸ ਖੋਜ 'ਚ ਉਨ੍ਹਾਂ ਹਸਪਤਾਲ ਦੇ ਸਟਾਫ ਨੂੰ ਦੋ ਅਲੱਗ-ਅਲੱਗ ਗਰੁੱਪਾਂ 'ਚ ਵੰਡ ਕੇ ਉਨ੍ਹਾਂ ਨੂੰ ਵੈਕਸੀਨ ਦੀ ਖ਼ੁਰਾਕ ਦਿੱਤੀ ਸੀ।

ਇਨ੍ਹਾਂ ਵਿਚੋਂ ਇਕ ਗਰੁੱਪ 'ਚ ਉਹ ਲੋਕ ਸ਼ਾਮਲ ਸਨ ਜਿਹੜੇ ਕੋਰੋਨਾ ਵਾਇਰਸ ਨਾਲ ਇਨਫੈਕਟਿਡ ਨਹੀਂ ਹੋਏ ਸਨ ਤੇ ਦੂਸਰੇ ਗਰੁੱਪ 'ਚ ਉਹ ਲੋਕ ਸ਼ਾਮਲ ਸਨ ਜਿਹੜੇ ਪਹਿਲਾਂ ਇਸ ਤੋਂ ਇਨਫੈਕਟਿਡ ਹੋ ਚੁੱਕੇ ਸਨ।

ਤੁਹਾਨੂੰ ਦੱਸ ਦੇਈਏ ਕਿ ਵੈਕਸੀਨ ਦੀ ਖ਼ੁਰਾਕ ਸਬੰਧੀ ਹੁਣ ਤਕ ਕਈ ਖੋਜਾਂ ਸਾਹਮਣੇ ਆ ਚੁੱਕੀਆਂ ਹਨ। ਇਨ੍ਹਾਂ ਸਾਰੀਆਂ ਖੋਜਾਂ ਦਾ ਕੌਮਾਂਤਰੀ ਪੱਧਰ 'ਤੇ ਮੁਲਾਂਕਣ ਤੇ ਵਿਸ਼ਲੇਸ਼ਣ ਵੀ ਕੀਤਾ ਜਾਂਦਾ ਹੈ। ਕੁਝ ਸਮਾਂ ਪਹਿਲਾਂ ਇਕ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਕੋਵੈਕਸੀਨ ਦੇ ਮੁਕਾਬਲੇ ਕੋਵੀਸ਼ੀਲਡ ਸਰੀਰ ਅੰਦਰ ਜ਼ਿਆਦਾ ਐਂਟੀਬਾਡੀਜ਼ ਬਣਾਉਂਦੀ ਹੈ ਜਿਸ ਨਾਲ ਸਾਡਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ ਤੇ ਸਰੀਰ ਨੂੰ ਵਾਇਰਸ ਨਾਲ ਲੜਨ 'ਚ ਮਦਦ ਮਿਲਦੀ ਹੈ।

ਹਾਲਾਂਕਿ ਇਸ ਰਿਪੋਰਟ 'ਤੇ ਕੋਵੈਕਸੀਨ ਬਣਾਉਣ ਵਾਲੀ ਕੰਪਨੀ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਅਜਿਹੇ ਤੁਲਨਾਤਮਕ ਅਧਿਐਨ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਹਾਲਾਂਕਿ ਰਿਪੋਰਟ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਭਾਰਤ 'ਚ ਬਣੀਆਂ ਦੋਵੇਂ ਹੀ ਵੈਕਸੀਨ ਵਾਇਰਸ 'ਤੇ ਕਾਰਗਰ ਹਨ।

ਇੱਥੇ ਇਸ ਗੱਲ ਨੂੰ ਵੀ ਧਿਆਨ 'ਚ ਰੱਖਣਾ ਜ਼ਰੂਰੀ ਹੈ ਕਿ ਵੈਕਸੀਨ ਦੀ ਖ਼ੁਰਾਕ ਸਬੰਧੀ ਦੇਸ਼ ਹੀ ਨਹੀਂ ਦੁਨੀਆਭਰ 'ਚ ਮੰਥਨ ਚੱਲ ਰਿਹਾ ਹੈ। ਉੱਥੇ ਹੀ ਭਾਰਤ ਦੀ ਹੀ ਗੱਲ ਕਰੀਏ ਤਾਂ ਇੱਥੇ ਕੋਵੀਸ਼ੀਲਡ ਦੀਆਂ ਦੋ ਖ਼ੁਰਾਕਾਂ ਵਿਚਕਾਰ ਸਮਾਂ ਵਧਾ ਕੇ 12 ਹਫ਼ਤੇ ਕਰ ਦਿੱਤਾ ਗਿਆ ਹੈ। ਉੱਥੇ ਹੀ ਕੋਵੈਕਸੀਨ 'ਤੇ ਇਹ ਲਾਗੂ ਨਹੀਂ ਹੁੰਦਾ।

# ਸੰਤ ਭਿੰਡਰਾਂਵਾਲੇ ਤੇ ਖਾਲਿਸਤਾਨ

ਗੁਰਬਚਨ ਸਿੰਘ
91-98156-98651)

ਜਿਹੜੇ ਲੋਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਰਤਾਰੇ ਨੂੰ ਸਿਖ ਲਹਿਰ ਨਾਲੋਂ ਤੋੜ ਕੇ ਵੇਖਦੇ ਹਨ, ਉਹ ਕਦੀ ਵੀ ਸਹੀ ਸਿਟੇ ਉਤੇ ਨਹੀਂ ਪਹੁੰਚ ਸਕਦੇ। ਸੰਤ ਜਰਨੈਲ ਸਿੰਘ ਸਿਖ ਇਤਿਹਾਸ ਦੇ ਉਸ ਮੋੜ ਉਤੇ ਪ੍ਰਗਟ ਹੋਏ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਧਾਂਤਹੀਣ ਅਤੇ ਮੌਕਾਪ੍ਰਸਤ ਰਾਜਨੀਤੀ ਤੋਂ ਸਿਖ ਬਦਜਨ ਹੋ ਰਹੇ ਸਨ। ਉਹ ਕਿਸੇ ਬਦਲਵੀਂ ਰਾਜਨੀਤੀ ਲਈ ਅਹੁਲ ਰਹੇ ਸਨ। ਖਾਸ ਕਰ ਕੇ ਸਿਖ ਨੌਜਵਾਨ ਭਾਵੇਂ ਥੋੜੀ ਗਿਣਤੀ ਵਿਚ ਸਨ ਪਰ ਉਹ ਅਕਾਲੀ ਦਲ ਦੀ ਮੁਖ ਧਾਰਾ ਤੋਂ ਹਟ ਕੇ ਆਪਣੇ ਵਖਰੇ ਖੰਭ ਫੜਫੜਾਅ ਰਹੇ ਸਨ। ਭਾਈ ਗਜਿੰਦਰ ਸਿੰਘ ਦੀ ਅਗਵਾਈ ਹੇਠ ਬਣੀ ਦਲ ਖਾਲਸਾ ਜਥੇਬੰਦੀ ਇਹਨਾਂ ਵਿਚੋਂ ਇਕ ਸੀ। ਸਿਰਦਾਰ ਕਪੂਰ ਸਿੰਘ ਦੀ ਪ੍ਰੇਰਨਾ ਨਾਲ ਇਹ ਨੌਜਵਾਨ ਅਕਾਲੀ ਦਲ ਦੀ ਨਿਪੁੰਸਕ ਰਾਜਨੀਤੀ ਨਾਲੋਂ ਸੰਘਰਸ਼ ਦਾ ਕੋਈ ਵਖਰਾ ਰਾਹ ਤਲਾਸ਼ ਰਹੇ ਸਨ। ਉਸ ਦੌਰ ਵਿਚ ਹੀ ਇਹਨਾਂ ਨੌਜਵਾਨਾਂ ਨੇ ਖਾਲਿਸਤਾਨ ਦਾ ਨਾਹਰਾ ਲਾਇਆ। ਮਨੂੰਵਾਦੀ ਰਾਸ਼ਟਰਵਾਦ ਦੇ ਪੈਰੋਕਾਰ ਕੁਲਦੀਪ ਨਈਅਰ ਵਰਗੇ ਪਤਰਕਾਰਾਂ ਨੇ ਜਿਵੇਂ ਸੰਤ ਜਰਨੈਲ ਸਿੰਘ ਨੂੰ ਕਾਂਗਰਸ ਦੀ ਪੈਦਾਇਸ਼ ਕਹਿ ਕੇ ਸਿਖ ਮਨਾਂ ਵਿਚ ਉਹਨਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਵੇਂ ਹੀ ਉਹਨਾਂ ਨੇ ਇਹਨਾਂ ਨੌਜਵਾਨਾਂ ਨੂੰ ਗਿਆਨੀ ਜੈਲ ਸਿੰਘ ਨਾਲ ਜੋੜਨ ਦਾ ਕਪਟੀ ਯਤਨ ਕੀਤਾ ਹੈ। ਇਹ ਬਈਮਾਨੀ ਵੀ ਇਹਨਾਂ ਨੇ ਉਦੋਂ ਕੀਤੀ ਹੈ, ਜਦੋਂ ਦਲ ਖਾਲਸਾ ਜਥੇਬੰਦੀ ਦਾ ਕਈ ਆਗੂ ਅਜੇ ਜਿਉਂਦੇ ਜਾਗਦੇ ਹਨ। ਬਬਰ ਖਾਲਸਾ ਜਥੇਬੰਦੀ ਵੀ ਇਸੇ ਸਮੇਂ ਹੋਂਦ ਵਿਚ ਆਈ।

ਜੀ. ਬੀ. ਐਸ. ਸਿਧੂ ਦੀ ਕਿਤਾਬ 'ਦ ਖਾਲਿਸਤਾਨ ਸਾਜਿਸ਼' ਨੇ ਹੁਣ ਇਹ ਗੱਲ ਸਪਸ਼ਟ ਕਰ ਦਿਤੀ ਹੈ ਕਿ ਇਸ ਦੌਰ ਵਿਚ ਦਿਲੀ ਦੀ ਮਕਾਰ ਮਨੂੰਵਾਦੀ ਅਫਸਰਸ਼ਾਹੀ ਤੇ ਰਾਜਸੀ ਆਗੂ ਸਿਖ ਸੰਘਰਸ਼ ਨੂੰ ਸਦਾ ਲਈ ਕੁਚਲਣ ਵਾਸਤੇ ਮਨਸੂਬੇ ਘੜਨ ਲਗ ਪਈ ਸੀ। ਉਂਝ ਭਾਵੇਂ ਇਹ ਮਕਾਰ ਲਾਣਾ 1947 ਤੋਂ ਹੀ ਸਿਖਾਂ ਨਾਲ ਖਾਰ ਖਾਂਦਾ ਆ ਰਿਹਾ ਸੀ (ਸਿਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਮਾਸਟਰ ਤਾਰਾ ਸਿੰਘ ਨਾਲ ਕੀਤਾ ਵਿਹਾਰ ਅਤੇ ਪੰਜਾਬੀ ਸੂਬੇ ਮੋਰਚੇ ਨਾਲ ਨਜਿਠਣ ਦਾ ਇਹਨਾਂ ਦਾ ਢੰਗ ਇਸ ਸਚਾਈ ਦੀ ਪੁਸ਼ਟੀ ਕਰਦਾ ਹੈ।) ਪਰ ਪੰਜਾਬ ਦੇ ਗੈਰਕਾਨੂੰਨੀ ਢੰਗ ਨਾਲ ਖੋਹੇ ਪਾਣੀਆਂ ਅਤੇ ਅਨੰਦਪੁਰ ਦੇ ਮਤੇ ਦੀਆਂ ਮੰਗਾਂ ਲਈ ਅਕਾਲੀ ਜਦੋਜਹਿਦ ਨੇ ਇਸ ਲਾਣੇ ਨੂੰ ਹੋਰ ਵੀ ਚੌਕਸ ਕਰ ਦਿਤਾ ਸੀ। ਇਸੇ ਸਮੇਂ ਸੰਤ ਕਰਤਾਰ ਸਿੰਘ ਹੁਰਾਂ ਦਾ ਸਰਗਰਮ ਹੋਣਾ, ਡਟਵੇਂ ਰੂਪ ਵਿਚ ਐਮਰਜੈਂਸੀ ਦਾ ਵਿਰੋਧ ਕਰਨਾ ਅਤੇ ਨਵੀਂ ਕਿਸਮ ਦੇ ਕਰਮਕਾਂਡ ਰਹਿਤ ਸ਼ਬਦ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਣਾਈ ਸਿਖੀ ਦਾ ਪ੍ਰਚਾਰ ਕਰ ਕੇ ਸਿਖ ਸਵੈਮਾਣ ਨੂੰ ਜਗਾਉਣਾ, ਇਸ ਲਾਣੇ ਲਈ ਹੋਰ ਵੀ ਅਸਹਿਣਯੋਗ ਹੋ ਗਿਆ।

ਐਨ ਉਸੇ ਤਰ੍ਹਾਂ ਜਿਵੇਂ ਹੁਣ ਸਚੇ ਸੌਦੇ ਸਾਧ ਨੂੰ ਸਿਖਾਂ ਦੇ ਗਲ ਪਾਇਆ ਗਿਆ ਹੈ, ਉਸ ਵੇਲੇ ਨਿਰੰਕਾਰੀ ਸਾਧ ਨੂੰ ਗਿਣਮਿਥ ਕੇ ਇਕ ਸਾਜਿਸ਼ ਅਧੀਨ ਸਿਖਾਂ ਦੇ ਗਲ ਪਾਇਆ ਗਿਆ। ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਨਿਰੰਕਾਰੀ ਬਾਬੇ ਨੂੰ ਹਥਿਆਰਬੰਦ ਹੋ ਕੇ ਸਿਖਾਂ ਦੀ ਰਾਜਧਾਨੀ ਸ੍ਰੀ ਅਮ੍ਰਿਤਸਰ ਵਿਚ ਸਮਾਗਮ ਕਰਨ ਦੀ ਇਸੇ ਲਈ ਇਜਾਜਤ ਦਿਤੀ ਗਈ। ਇਹ ਸਾਰੀ ਕਾਰਵਾਈ ਸਿਖ ਮਨਾਂ ਵਿਚ ਦਹਿਸ਼ਤ ਪਾਉਣ ਲਈ ਸੀ। 13 ਅਪ੍ਰੈਲ 1978 ਨੂੰ ਅਮ੍ਰਿਤਸਰ ਵਿਚ ਵਾਪਰੇ ਸਾਕੇ ਨੇ ਸੰਤ ਭਿੰਡਰਾਂਵਾਲੇ ਦੇ ਮਨ ਵਿਚ ਸਖਤ ਰੋਸ ਪੈਦਾ ਕੀਤਾ। ਆਪਣੀ ਜਾਨ ਦੀ ਕੁਰਬਾਨੀ ਦੇਣ ਦੀ ਕੀਮਤ ਉਤੇ ਉਹਨਾਂ ਨੇ ਹੋਏ ਇਸ ਧਕੇ ਦਾ ਇਨਸਾਫ ਲੈਣ ਦਾ ਪ੍ਰਣ ਕਰ ਲਿਆ। ਆਪਣੇ ਇਸ ਨਿਸਚੇ ਨੂੰ ਸੰਤਾਂ ਨੇ ਕਿਸੇ ਕੋਲੋ ਲੁਕੋਅ ਕੇ ਨਹੀਂ ਰਖਿਆ ਬਲਕਿ ਉਸ ਵੇਲੇ ਪੰਜਾਬ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਾਰੇ ਅਕਾਲੀ ਆਗੂਆਂ ਦੀ ਹਾਜਰੀ ਵਿਚ ਸ਼ਹੀਦ ਹੋਏ ਸਿੰਘਾਂ ਦੇ ਮੰਜੀ ਸਾਹਿਬ ਵਿਖੇ 22 ਅਪ੍ਰੈਲ ਨੂੰ ਹੋਏ ਸ਼ਹੀਦੀ ਸਮਾਗਮ ਵਿਚ ਇਹ ਬਚਨ ਦੁਹਰਾਏ ਕਿ ਸਾਨੂੰ ਇਹਨਾਂ ਕਤਲਾਂ ਦਾ ਇਨਸਾਫ ਚਾਹੀਦਾ ਹੈ ਅਤੇ ਜੇ ਸਾਨੂੰ ਇਨਸਾਫ ਨਾ ਮਿਲਿਆ ਤਾਂ ਅਸੀਂ ਇਸ ਕੁਫਰ ਵਿਰੁਧ ਯੁਧ ਸ਼ੁਰੂ ਕਰ ਦਿਆਂਗੇ ਅਤੇ ਇਸ ਯੁਧ ਵਿਚ ਪਹਿਲੀ ਸ਼ਹੀਦੀ ਮੈਂ ਦਿਆਂਗਾ।



ਇਸ ਪ੍ਰਣ ਤੋਂ ਬਾਅਦ ਸੰਤਾਂ ਤੇ ਉਹਨਾਂ ਦ ਪੈਰੋਕਾਰਾਂ ਦੀਆਂ ਖਾੜਕੂ ਕਾਰਵਾਈਆਂ ਨੇ ਕੇਂਦਰੀ ਹਾਕਮਾਂ ਦੇ ਮਨਾਂ ਵਿਚ ਦਹਿਲ ਬਿਠਾਉਣਾ ਆਰੰਭ ਕੀਤਾ। ਅਨੰਦਪੁਰ ਦੇ ਮਤੇ ਦੀਆਂ ਮੰਗਾਂ ਤੋਂ ਇੰਦਰਾਂ ਗਾਂਧੀ ਅਤੇ ਇਹ ਅਫ-ਸਰਸ਼ਾਹੀ ਪਹਿਲਾਂ ਹੀ ਡਰੀ ਹੋਈ ਸੀ। ਜਿਸ ਨੂੰ ਉਹ ਦੇਸ ਨੂੰ ਤੋੜਨ ਵਾਲਾ ਦਸ ਕੇ ਪੇਸ਼ ਕਰ ਰਹੇ ਸਨ। ਇਸ ਹਾਲਤ ਵਿਚ ਉਹਨਾਂ ਨੇ ਖਾਲਿਸਤਾਨ ਸ਼ਬਦ ਨੂੰ ਹਊਆ ਬਣਾ ਕੇ ਪ੍ਰਚਾਰਨਾ ਸ਼ੁਰੂ ਕੀਤਾ ਅਤੇ ਇਸ ਦੀ ਆੜ ਵਿਚ ਸਿਖਾਂ ਨੂੰ ਕੁਚਲਣ ਦਾ ਬਹਾਨਾ ਲਭਣ ਲਗੇ। ਹੈਰਾਨੀ ਦੀ ਗੱਲ ਇਹ ਹੈ ਕਿ ਅਮ੍ਰਿਤਸਰ ਵਿਚ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਖਾਲਿਸਤਾਨ ਝੰਡਾ ਸਭ ਤੋਂ ਪਹਿਲਾਂ ਜੀਵਨ ਸਿੰਘ ਉਮਰਾਨੰਗਲ ਨੇ ਝੁਲਾਇਆ। ਸੰਤ ਅਖੀਰ ਤਕ ਇਹ ਕਹਿੰਦੇ ਰਹੇ ਕਿ ਖਾਲਿ-ਸਤਾਨ ਸਾਡੀ ਮੰਗ ਨਹੀਂ ਪਰ ਇਸ ਦੇ ਬਾਵਜੂਦ ਜੋ ਪਤਰਕਾਰ ਸੰਤਾਂ ਨਾਲ ਗਲਬਾਤ ਕਰਨ ਲਈ ਆਉਂਦਾ, ਉਸ ਦਾ ਸਭ ਤੋਂ ਪਹਿਲਾਂ ਸੁਆਲ ਇਹੀ ਹੁੰਦਾ ਕਿ 'ਸੰਤ ਜੀ ਤੁਹਾਡਾ ਖਾਲਿਸਤਾਨ ਬਾਰੇ ਕੀ ਵਿਚਾਰ ਹੈ।' ਹਰੇਕ ਛੋਟੇ ਵਡੇ ਪਤਰਕਾਰ ਨੇ ਸੰਤਾਂ ਦੇ ਮੂੰਹ ਵਿਚ ਖਾਲਿਸਤਾਨ ਸ਼ਬਦ ਪਾਉਣ ਦੇ ਯਤਨ ਕੀਤੇ।

ਅਸਲ ਵਿਚ ਇਹ ਸਾਰੇ ਯਤਨ ਕੇਂਦਰ ਸਰਕਾਰ ਦੇ ਉਸ ਪ੍ਰਚਾਰ ਨੂੰ ਹਵਾ ਦੇਣ ਲਈ ਸਨ, ਜਿਹੜੇ ਉਹ ਸਿਖ ਸੰਘਰਸ਼ ਨੂੰ ਦੇਸ ਨੂੰ ਤੋੜਨ ਵਾਲਾ ਦਸ ਕੇ ਸਿਖਾਂ ਉਤੇ ਹਮਲਾ ਕਰਨ ਲਈ ਯੋਜਨਾਬੰਦੀ ਕਰ ਰਹੀ ਸੀ। ਇਸ ਸਮੁਚੇ ਵਰਤਾਰੇ ਦਾ ਵੇਰਵਾ ਜੀ. ਬੀ. ਐਸ. ਸਿਧੂ ਨੇ ਆਪਣੀ ਕਿਤਾਬ 'ਖਾਲਿਸਤਾਨ ਇਕ ਸਾਜਿਸ਼' ਵਿਚ ਦਿਤਾ ਹੈ। ਹਾਲਤਾਂ ਦੀ ਸਿਤਮ ਜਰੀਫੀ ਇਹ ਸੀ ਕਿ ਇਕ ਪਾਸੇ ਕੇਂਦਰ ਸਰਕਾਰ ਸੰਤਾਂ ਨੂੰ ਦੇਸ ਲਈ ਖਤਰਨਾਕ ਦਸ ਕੇ ਉਹਨਾਂ ਦਾ ਘੇਰਾ ਕਸ ਰਹੀ ਸੀ, ਉਹਨਾਂ ਦੇ ਪੈਰੋਕਾਰ ਸਿਖਾਂ ਉਤੇ ਬੇਤਹਾਸ਼ਾ ਜੁਲਮ ਕਰ ਰਹੀ ਸੀ ਅਤੇ ਦੂਜੇ ਪਾਸੇ ਅਕਾਲੀ ਦਲ ਦੀ ਨਿਪੁੰਸਕ ਰਾਜਨੀਤੀ ਤੋਂ ਅਕੇ ਸਿਖ ਸੰਤਾਂ ਦੇ ਮਗਰ ਲਾਮਬੰਦ ਹੋ ਰਹੇ ਸਨ। ਜਿਵੇਂ ਜਿਵੇਂ ਕੇਂਦਰ ਸਰਕਾਰ ਸੰਤਾਂ ਅਤੇ ਉਹਨਾਂ ਦੇ ਸ਼ਰਧਾਲੂ ਸਿਖਾਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾਉਂਦੀ ਗਈ, ਤਿਵੇਂ ਤਿਵੇਂ ਅਕਾਲੀ ਆਗੂ ਸਿਖ ਮਨਾਂ ਵਿਚੋਂ ਖਾਰਜ ਹੁੰਦੇ ਗਏ ਅਤੇ ਸੰਤ ਉਹਨਾਂ ਦੇ ਮਨਾਂ ਵਿਚ ਥਾਂ ਬਣਾਉਂਦੇ ਗਏ। ਅਖੀਰ ਹਾਲਤ ਇਹ ਬਣ ਗਈ ਕਿ 6 ਜੂਨ 1984 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਸ਼ਹੀਦੀ ਦੇ ਕੇ ਸੰਤ ਸਿਖ ਚੇਤਿਆਂ ਵਿਚ ਵਸੇ ਮਹਾਨ ਸਿਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਥਾਂ ਗ੍ਰਹਿਣ ਕਰ ਗਏ। ਸੰਤ ਜਰਨੈਲ ਸਿੰਘ ਭਿ-ੰਡਰਾਂਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜਮਤ ਤੇ ਸਿਖ ਸਵੈਮਾਣ ਲਈ ਸ਼ਹੀਦੀ ਦੇ ਕੇ ਸਿਖ ਚੇਤਿਆਂ ਵਿਚ ਜਿਉਂਦੀ ਚਮਕੌਰ ਦੀ ਗੜ੍ਹੀ ਨੂੰ ਸਾਕਾਰ ਕਰ ਦਿਤਾ।

ਸੰਤਾਂ ਨੇ ਮਨੁਖੀ ਇਤਿਹਾਸ ਦੇ ਇਸ ਬਹੁਤ ਵਡੇ ਸਚ ਨੂੰ ਇਕ ਵਾਰ ਫਿਰ ਉਜਾਗਰ ਕੀਤਾ ਕਿ ਲੜਾਈ ਵਿਚ ਫੈਸਲਾਕੁੰਨ ਤਾਕਤ ਫੌਜਾਂ ਦੀ ਗਿਣਤੀ ਅਤੇ ਖਤਰਨਾਕ ਹਥਿਆਰ ਨਹੀਂ ਹੁੰਦੇ ਸਗੋਂ ਮਨੁਖੀ ਜਜ਼ਬਾ ਹੁੰਦਾ ਹੈ। ਸਮੂਹ ਲਈ ਖੁਦ ਨੂੰ ਕੁਰਬਾਨ ਕਰ ਦੇਣ ਦਾ ਜਜ਼ਬਾ ਹੀ ਮਨੁਖ ਜਾਤੀ ਦੀ ਹੁਣ ਤਕ ਦੀ ਸਭ ਤੋਂ ਵਡੀ ਪ੍ਰਾਪਤੀ ਹੈ। ਇਹ ਜਜ਼ਬਾ ਗੁਰਮਤਿ (ਸਬਦੁ ਗੁਰੂ) ਅਤੇ ਸਿਖ ਇਤਿਹਾਸ ਦੀ ਦੇਣ ਹੈ। ਇਸ ਘਲੂਘਾਰੇ ਦਾ ਸਿਟਾ ਇਹ ਨਿਕਲਿਆ ਕਿ ਜਿਹੜੇ 'ਖਾਲਿਸਤਾਨ' ਸ਼ਬਦ ਨੂੰ ਕੇਂਦਰ ਸਰਕਾਰ ਹਊਆ ਬਣਾ ਕੇ ਪੇਸ਼ ਕਰ ਰਹੀ ਸੀ, ਸੰਤਾਂ ਨੇ ਸ੍ਰੀ ਅਕਾਲ ਤਖਤ ਦੇ ਸਨਮੁਖ ਸ਼ਹੀਦੀ ਦੇ ਕੇ ਸ਼ਹੀਦ ਸਿੰਘਾਂ ਦੇ ਖੂਨ ਨਾਲ ਆਪਣੇ ਇਹ ਬਚਨ ਕਹਿ ਕੇ ਇਸ ਸ਼ਬਦ ਉਤੇ ਮੋਹਰ ਲਾ ਦਿਤੀ, ਕਿ ਜੇ ਫੌਜ ਨੇ ਦਰਬਾਰ ਸਾਹਿਬ ਦੀ ਹਦੂਦ ਵਿਚ ਪੈਰ ਰਖਿਆ ਤਾਂ ਖਾਲਿਸਤਾਨ ਦੀ ਨੀਂਹ ਰਖੀ ਜਾਵੇਗੀ। ਇਸ ਦਾ ਸਪਸ਼ਟ ਭਾਵਅਰਥ ਇਹ ਸੀ ਕਿ ਜੇ ਕੇਂਦਰ ਸਰਕਾਰ ਸਿਖ ਸਵੈਮਾਣ ਨੂੰ ਫੌਜੀ ਬੂਟਾਂ ਨਾਲ ਕੁਚਲ ਕੇ ਸਿਖੀ ਦਾ ਖੁਰਾਖੋਜ ਮਿਟਾਉਣ ਲਈ ਤੁਲ ਹੀ ਗਈ ਹੈ ਤਾਂ ਫਿਰ ਸਿਖਾਂ ਨੂੰ ਵੀ ਹਕ ਹੈ ਕਿ ਉਹ ਅਜਿਹੀ ਸਰਕਾਰ ਨਾਲ ਨਵਿਓਂ ਸਿਰੇ ਆਪਣਾ ਰਾਜਸੀ ਰਿਸ਼ਤਾ ਤਹਿ ਕਰਨ। ਸ਼ਹੀਦਾਂ ਦੇ ਖੂਨ ਨਾਲ ਲਿਖੇ ਸੰਤਾਂ ਦੇ ਇਹ ਹਰਫ਼ ਸਿਖ ਚੇਤਨਾ ਉਤੇ ਉਕਰੇ ਗਏ।

ਇਸ ਫੌਜੀ ਹਮਲੇ ਤੋਂ ਪਹਿਲਾਂ ਸੰਤ ਇਹ ਕਹਿੰਦੇ ਰਹੇ ਕਿ "ਨਾ ਮੈਂ ਖ਼ਾਲਿਸਤਾਨ ਦੀ ਹਮਾਇਤ ਕਰਦਾ ਹਾਂ ਨਾ ਵਿਰੋਧ। ਅਸੀਂ ਹਿੰਦੋਸਤਾਨ ਨਾਲ ਰਹਿਣਾ ਚਾਹੁੰਦੇ ਹਾਂ, ਸਾਨੂੰ ਕੇਂਦਰ ਸਰਕਾਰ ਦਸੇ ਕਿ ਉਸ ਨੇ ਸਾਨੂੰ ਨਾਲ ਰਖਣਾ ਹੈ ਜਾਂ ਨਹੀਂ। ਪਰ ਅਸੀਂ ਗੁਲਾਮ ਬਣ ਕੇ ਨਹੀਂ ਰਹਿਣਾ ਸਗੋਂ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਾਂ। ਕਿਉਂਕਿ ਅਸੀਂ ਹਿੰ-ਦੁਸਤਾਨ ਦੀ ਅਜ਼ਾਦੀ ਵਾਸਤੇ 93 ਫੀਸਦੀ ਸਿਰ ਦਿਤੇ ਹਨ। 93 ਫੀਸਦੀ ਸਿਰ ਦੇ ਕੇ ਗੁਲਾਮ ਰਹਿਣਾ ਸਾਨੂੰ ਮਨਜ਼ੂਰ ਨਹੀਂ। ਇਹ ਕੇਂਦਰ ਸਰਕਾਰ ਦਸੇ ਕਿ ਉਸ ਨੇ ਸਾਨੂੰ ਗੁਲਾਮ ਸ਼ਹਿਰੀ ਬਣਾ ਕੇ ਰਖਣਾ ਹੈ ਜਾਂ ਬਰਾਬਰ ਦੇ ਸ਼ਹਿਰੀ ਬਣਾ ਕੇ। ਖਾਲਿ-ਸਤਾਨ ਅਸੀਂ ਮੰਗਦੇ ਨਹੀਂ। ਹਾਂ, ਪਰ ਜੇ ਕੇਂਦਰ ਨੇ ਬਰਾਬਰ ਦੇ ਸ਼ਹਿਰੀ ਨਾ ਮੰਨਦਿਆਂ ਸਾਨੂੰ ਵਖਰਾ ਖਾਲਿਸਤਾਨ ਦੇਣਾ ਹੀ ਹੈ ਤਾਂ ਸਿਰ ਮਥੇ, ਨਾਂਹ ਕੋਈ ਨਹੀਂ।" ਸੰਤਾਂ ਦੇ ਇਹ ਬਚਨ ਖਾਸ ਧਿਆਨ ਦੀ ਮੰਗ ਕਰਦੇ ਹਨ, "ਚਾਰ ਪੰਜ ਪ੍ਰੇਮੀ ਕਲ੍ਹ ਆਏ ਸੀਗੇ, ਉਹ ਪੁਛਣ ਲਗੇ, ਸੰਤ ਜੀ ਜੇ ਜਗਜੀਤ ਸਿੰਘ ਚੌਹਾਨ ਨੇ ਇੰਗਲੈਂਡ ਤੇ ਅਮਰੀਕਾ ਦੀ ਮਦਦ ਲੈ ਕੇ ਹਿੰਦੋਸਤਾਨ ਉਤੇ ਹਮਲਾ ਕਰ ਦਿਤਾ, ਤੁਸੀਂ ਕੀਹਦੀ ਮਦਦ ਕਰੋਗੇ?

ਦਾਸ ਨੇ ਉਤਰ ਦਿਤਾ ਸੀ, 'ਅਸੀਂ ਮਦਦ ਕਰਾਂਗੇ ਸਿਖੀ ਸਰੂਪ ਦੀ ਅਤੇ ਮਜ਼ਲੂਮ ਦੀ।' ਉਹਨਾਂ ਦਾ ਖਿਆਲ ਸੀ ਕਿ ਕਹਿਣਗੇ ਮੈਂ ਜਗਜੀਤ ਸਿੰਘ ਦੀ ਮਦਦ ਕਰੂੰਗਾ ਜਾਂ ਹਿ-ਦੋਸਤਾਨ ਦੀ। ਉਤਰ ਦਿਤਾ ਸੀ ਸਿਖੀ ਧਰਮ ਦੀ, ਮਜ਼ਲੂਮ ਦੀ ਮਦਦ ਕਰਾਂਗੇ। ਜਿਹੜਾ ਮਜ਼ਲੂਮ ਹੋਇਆ, ਉਹਨੂੰ ਜ਼ਰੂਰ ਗਲ ਨਾਲ ਲਾਵਾਂਗੇ, ਜਿਹੜਾ ਜ਼ਾਲਮ ਐ, ਉਹਨੂੰ ਝਟਕਾਵਾਂਗੇ।" ਸੰਤਾਂ ਦਾ ਇਹ ਕਹਿਣਾ ਕਿ 'ਸਿਖੀ ਧਰਮ ਦੀ, ਮਜਲੂਮ ਦੀ ਮਦਦ ਕਰਾਂਗੇ, ਜਿਹੜਾ ਮਜਲੂਮ ਹੋਇਆ ਉਸ ਨੂੰ ਗਲ ਨਾਲ ਲਾਵਾਂਗੇ, ਜਿਹੜਾ ਜ਼ਾਲਮ ਹੈ ਉਹਨੂੰ ਝਟਕਾਵਾਂਗੇ', ਆਪਣੇ ਆਪ ਵਿਚ ਹੀ ਸਾਰੀ ਗੱਲ ਸਪਸ਼ਟ ਕਰ ਦੇਂਦਾ ਹੈ। ਇਸ ਇਕ ਵਾਕ ਵਿਚ ਹੀ ਸੰਤਾਂ ਨੇ ਦੁਨੀਆ ਭਰ ਦੇ ਲੁਟੇਰੇ, ਜਾਬਰ ਅਤੇ ਸਾਮਰਾਜੀ ਇਕ ਪਾਸੇ ਦੁਸ਼ਮਣਾਂ ਦੀ ਲਾਈਨ ਵਿਚ ਖੜ੍ਹੇ ਕਰ ਦਿਤੇ ਹਨ, ਜਿਨ੍ਹਾਂ ਨੂੰ ਸਿਖਾਂ ਨੇ ਝਟਕਾਉਣਾ ਹੈ ਅਤੇ ਮਜ਼ਲੂਮ ਗਰੀਬ ਦੂਜੇ ਪਾਸੇ ਖੜੇ ਕਰ ਦਿਤੇ ਹਨ, ਜਿਨ੍ਹਾਂ ਨੂੰ ਸਿਖਾਂ ਨੇ ਗਲ ਨਾਲ ਲਾਉਣਾ ਹੈ। ਆਪਣੀ ਇਸ ਧਾਰਨਾ ਨੂੰ ਅਗਲੇ ਇਕ ਕਥਨ ਵਿਚ ਸੰਤਾਂ ਨੇ ਹੋਰ ਵੀ ਸਪਸ਼ਟ ਕਰ ਦਿਤਾ ਹੈ, "ਜ਼ੁਲਮੀ ਰਾਜ ਦੀਆਂ ਜਦੋਂ ਵੀ ਜੜ੍ਹਾਂ ਪੁਟੀਆਂ, ਕੁਲੀ ਵਾਲੇ ਨੇ ਪੁਟੀਆਂ, ਕੋਠੀ ਵਾਲੇ ਨੇ ਕਦੇ ਜ਼ੁਲਮੀ ਰਾਜ ਦੀ ਜੜ੍ਹ ਨਹੀਂ ਪੁਟੀ।" ਧਰਮ ਯੁਧ ਮੋਰਚੇ ਦੀ ਸਫਲਤਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਉਹਨਾਂ ਵਲੋਂ ਕੀਤੀ ਗਈ ਅਰਦਾਸ ਵੀ ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ, "ਸਚੇ ਪਾਤਿਸ਼ਾਹ ਜੇ ਤਾਂ ਮੋਰਚਾ ਮੇਰੇ ਨਿਜੀ ਪ੍ਰਯੋਜਨ ਤੇ ਨਿਜੀ ਸ਼ੌਹਰਤ ਵਾਸਤੇ ਆ ਤੇ ਮੈਨੂੰ ਅਸਫਲਤਾ ਹੋਣੀ ਚਾਹੀਦੀ ਆ। ਤੇ ਜੇ ਧਰਮ ਵਾਸਤੇ ਤੇ ਸਿਖ ਕੌਮ ਵਾਸਤੇ ਤੇ ਮਜ਼ਲੂਮਾਂ ਵਾਸਤੇ ਆ ਤੇ ਫਿਰ ਸਤਿਗੁਰੂ ਸਚੇ ਪਾਤਿਸ਼ਾਹ ਤੇਰੇ ਦਰ ਵਿਚੋਂ ਸਭ ਦੇ ਕੰਮ ਪੂਰੇ ਹੋਏ ਆ, ਕ੍ਰਿਪਾ ਕਰੋ, ਇਹ ਕਾਰਜ ਪੂਰਾ ਕਰੋ।" ਸੰਤ ਭਿੰਡਰਾਂਵਾਲਿਆਂ ਦੇ ਐਲਾਨੇ ਖਾਲਿਸਤਾਨ ਦਾ ਆਧਾਰ ਵੀ ਇਹੀ ਰਾਜਸੀ ਵਿਚਾਰਧ-ਾਰਾ ਹੈ। ਭਾਵ ਮਜ਼ਲੂਮ ਗਰੀਬਾਂ ਦਾ ਰਾਜ। ਇਹੀ ਖਾਲਿਸਤਾਨ ਦਾ ਸਿਖ ਸੰਕਲਪ ਹੈ। ਸੰਤਾਂ ਦੇ ਬਚਨ ਹਨ, "ਹਲੇਮੀ ਰਾਜ ਨੂੰ ਪ੍ਰਾਪਤ ਕਰਨ ਦਾ ਨਿਸ਼ਾਨਾਂ ਤਾਂ ਹੀ ਪ੍ਰਾਪਤ ਹੋਵੇਗਾ, ਜੇ ਕੇਸਰੀ ਨਿਸ਼ਾਨ ਸਾਹਿਬ ਥਲੇ ਰਹਾਂਗੇ। ਜੇ ਕਦੇ ਚਿਟੀ ਝੰਡੀ ਥਲੇ, ਕਦੇ ਹਰੀ ਝੰਡੀ ਥਲੇ, ਕਦੇ ਲਾਲ ਝੰਡੀ ਥਲੇ ਤੁਰੇ ਫਿਰਦੇ ਰਹੇ ਤਾਂ ਫਿਰ ਘਾਟਾ ਹੀ ਪਵੇਗਾ।" ਹੁਣ ਹੁਕਮੁ ਹੋਆ ਮਿਹਰਵਾਣ ਦਾ।। ਪੈ ਕੋਇ ਨ ਕਿਸੈ ਰਞਾਣਦਾ।। ਸਭ ਸੁਖਾਲੀ ਵੁਠੀਆ ਇਹਚ ਹੋਆ ਹਲੇਮੀ ਰਾਜੁ ਜੀਉ।। (ਪੰਨਾ 74)

# ਸਕੂਲੀ ਖੇਡਾਂ ਦੇ ਵਿਕਾਸ ਵੱਲ ਸਿਰਜਦੀਆਂ ਨਵੀਆਂ ਪੈੜਾਂ

ਸਿੱਖਿਆ ਦਾ ਅਸਲ ਮਨੋਰਥ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਇਸ ਲਈ ਖੇਡਾਂ ਦਾ ਵਿੱਦਆਰਥੀ ਜੀਵਨ ਵਿੱਚ ਇੱਕ ਵਡਮੁੱਲਾ ਯੋਗਦਾਨ ਹੁੰਦਾ ਹੈ ਕਿਉਕਿ ਖੇਡਾ ਨਾ ਸਿਰਫ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਲਈ ਜਰੂਰੀ ਹਨ ਬਲਕਿ ਇਹਨਾਂ ਰਾਹੀਂ ਉਹਨਾਂ ਵਿੱਚ ਇੱਕਠੇ ਮਿਲਕੇ ਰਹਿਣ ਦੀ ਭਾਵਨਾ, ਸਹਣਿਸ਼ੀਲਤਾ, ਜਿੱਤ ਅਤੇ ਹਾਰ ਨੂੰ ਸਵੀਕਾਰ ਕਰਨ ਦੀ ਸਮਰੱਥਾ, ਸਹਿਯੋਗ ਕਰਨ ਦੀ ਭਾਵਨਾ ਅਤੇ ਆਪਣੇ ਸਾਥੀਆਂ ਲਈ ਕੁਰਬਾਨੀ ਕਰਨ ਦੀਆਂ ਭਾਵਨਾਵਾ ਦਾ ਵਿਕਾਸ ਹੁੰਦਾ ਹੈ। ਕੁਝ ਸਮਾਂ ਪਹਿਲਾਂ ਤੱਕ ਸਿੱਖਿਆ ਦਾ ਮਕਸਦ ਸਿਰਫ

ਕੁਲਵੀਰ ਨਦਾਮਪੁਰ
91-94179-35101

ਨੌਕਰੀ ਪ੍ਰਾਪਤ ਕਰਨ ਤੱਕ ਹੀ ਸੀਮਤ ਸੀ ਇਸ ਲਈ ਸਕੂਲੀ ਸਿੱਖਿਆ ਵਿੱਚ ਖੇਡਾਂ ਦਾ ਮਹੱਤਵ ਕੁਝ ਹੱਦ ਤੱਕ ਘਟਾ ਦਿੱਤਾ ਗਿਆ ਸੀ। ਪਰ ਸਮੇਂ ਦੇ ਨਾਲ-ਨਾਲ ਸਮਾਜ ਵਿੱਚ ਖੇਡਾਂ ਦੇ ਪ੍ਰਤੀ ਨਜ਼ਰੀਆ ਬਦਲਿਆ ਜਾਣ ਲੱਗਾ । ਇਸ ਲਈ ਬੱਚਿਆਂ ਲਈ ਖੇਡਾਂ ਹੁਣ ਉਹਨਾਂ ਦਾ ਸਿਲੇਬਸ ਦਾ ਜਰੂਰੀ ਹਿੱਸਾ ਬਣਨ ਲੱਗੀਆਂ ਹਨ। ਸਮਾਜ ਦਾ ਪੜਿਆ ਲਿਖਿਆ ਵਰਗ ਹੁਣ ਆਪਣੇ ਬੱਚਿਆਂ ਨੂੰ ਕਿਸੇ ਨਾ ਕਿਸੇ ਖੇਡ ਦਾ ਖਿਡਾਰੀ ਬਣਿਆ ਦੇਖਣਾ ਚਾਹੁੰਦਾ ਹੈ। ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲੀ ਖੇਡਾਂ ਦੇ ਵਿਕਾਸ ਲਈ ਬਹੁਤ ਹੀ ਕ੍ਰਾਂਤੀਕਾਰੀ ਕਦਮ ਚੁੱਕੇ ਗਏ ਹਨ ਜਿਸ ਨਾਲ ਸਰਕਾਰੀ ਸਕੂਲਾਂ ਦੇ ਵਿੱਚ ਖੇਡਾਂ ਦੇ ਵਿਕਾਸ ਦੀ ਬਦਲਦੀ ਤਸਵੀਰ ਦੇਖਣ ਨੂੰ ਮਿਲ ਰਹੀ ਹੈ। ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲੀ ਵਿਦਿਆਰਥੀਆ ਲਈ ਬਣਾਏ ਜਾ ਰਹੇ ਖੇਡ ਦੇ ਮੈਦਾਨਾਂ ਲਈ ਵੱਡੇ ਪੱਧਰ ਤੇ ਗ੍ਰਾਂਟਾ ਜਾਰੀ ਕੀਤੀਆ ਜਾ ਰਹੀਆਂ ਹਨ ਜਿਹਨਾਂ ਦੀ ਮਦਦ ਨਾਲ




ਸਕੂਲਾਂ ਵਿੱਚ ਬਹੁਤ ਹੀ ਮਿਆਰੀ ਕਿਸਮ ਦੇ ਮੈਦਾਨ ਤਿਆਰ ਕੀਤੇ ਜਾ ਰਹੇ ਹਨ। ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਦੀਆਂ ਖੇਡਾਂ ਦੇ ਵਿਕਾਸ ਲਈ ਸਕੂਲਾਂ ਵਿੱਚ ਡੀ.ਪੀ. ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ ਇਹਨਾਂ ਅਧਿਆਪਕਾਂ ਦੀ ਰੈਜੀਡੈਸ਼ੀਅਲ ਟ੍ਰੇਨਿੰਗ ਆਰਮੀ ਦੇ ਸਾਬਕਾ ਅਫਸਰਾਂ ਵੱਲੋਂ ਕਰਵਾਈ ਗਈ ਹੈ ਤਾਂ ਜੋ ਵਿਦਿਆਥੀਆਂ ਨੂੰ ਸਕੂਲਾਂ ਵਿੱਚ ਜਾਕੇ ਇਹ ਅਧਿਆਪਕ ਹਰ ਤਰਾਂ ਦੀ ਸਿਖਲਾਈ ਦੇ ਸਕਣ ਦੇ ਯੋਗ ਹੋ ਸਕਣ। ਸਿੱਖਿਆ ਵਿਭਾਗ ਵੱਲੋਂ ਸਕੂਲੀ ਖੇਡਾਂ ਦੇ ਵਿਕਾਸ ਲਈ ਵੱਖ-ਵੱਖ ਤਰਾਂ ਦੇ ਪ੍ਰੋਜੇਕਟਸ ਚਲਾਏ ਜਾ ਰਹੇ ਹਨ ਤਾਂ ਜੋ ਸਕੂਲ ਪੱਧਰ ਤੋਂ ਹੀ ਇੱਕ ਵਧੀਆ ਕਿਸਮ ਦੇ ਖਿਡਾਰੀ ਪੈਦਾ ਕੀਤੇ ਜਾ ਸਕਣ।

1. ਖੇਡੋ ਪੰਜਾਬ ਵਧੋ ਪੰਜਾਬ ਇਸ ਪ੍ਰੋਜੈਕਟ ਰਾਹੀਂ ਸਕੂਲਾਂ ਵਿੱਚ ਵੱਖ-ਵੱਖ ਖੇਡਾਂ ਦੀਆਂ ਤਿਆਰੀਆਂ ਕਰਵਾਈਆਂ ਜਾ ਰਹੀਆਂ ਹਨ। ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆ ਨੂੰ ਖੇਡਾਂ ਵਿੱਚ ਸ਼ਾਮਿਲ ਕਰਕੇ ਉਹਨਾਂ ਦੇ ਮਨਾਂ ਵਿੱਚ ਖੇਡਾਂ ਦੇ ਪ੍ਰਤੀ ਰੁਚੀ ਪੈਦਾ ਕੀਤੀ ਜਾ ਸਕੇ ਅਤੇ ਪੜਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਉਹਨਾਂ ਦੇ ਸਿਲੇਬਸ ਦਾ ਹਿੱਸਾ ਬਣਇਆ ਜਾ ਸਕੇ।

2. ਜੈ ਜਵਾਨ ਸਿੱਖਿਆ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰਾਜੈਕਟ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਇਸ ਪੱਧਰ ਤੱਕ ਤਿਆਰ ਕਰਨਾ ਹੈ ਕਿ ਉਹ ਸਰੀਰਕ ਤੌਰ ਤੇ ਦੇਸ਼ ਦੀਆਂ ਤਿੰਨੇ ਸੈਨਾਵਾਂ ਲਈ ਤਿਆਰ ਹੋ ਸਕਣ । ਇਸ ਲਈ ਸਕੂਲਾਂ ਵਿੱਚ

(ਬਾਕੀ ਅਗਲੇ ਸਫੇ 'ਤੇ)

# ਬਾਬਾ ਸਾਹਿਬ ਜੇ ਕਿਤੇ ਡੋਲ ਜਾਂਦੇ ਤਾਂ?



ਸੰਤੋਖ ਜੱਸੀ
98766-58364

ਬਾਬਾ ਸਾਹਿਬ ਡਾ. ਅੰਬੇਡਕਰ ਅੱਜ ਭਾਰਤ ਵਿੱਚ ''ਸਭ ਤੋਂ ਵੱਧ ਸਨਮਾਨ ਅਤੇ ਅਪਮਾਨ ਪਾਉਣ ਵਾਲੇ ਇਨਸਾਨ'' ਹਨ। ਜਿਨ੍ਹਾਂ ਲੋਕਾਂ ਲਈ ਡਾ. ਅੰਬੇਡਕਰ ਜੀ ਨੇ ਸਾਰੀ ਜ਼ਿੰਦਗੀ ਸੰਘਰਸ਼ ਕਰਕੇ, ਉਨ੍ਹਾਂ ਦੀ ਜ਼ਿੰਦਗੀ ਵਿੱਚ ਕਾਲੀ ਬੋਲੀ ਰਾਤ ਤੋ_ ਸੁਰਖ ਸਵੇਰਾ ਲਿਆਂਦਾ, ਉਹ ਲੋਕ ਬਾਬਾ ਸਾਹਿਬ ਨੂੰ ਮਣਾਂ-ਮੂੰਹੀ ਪਿਆਰ ਕਰਦੇ ਹਨ। ਉਨ੍ਹਾਂ ਦੇ ਮਨਾਂ ਵਿੱਚ ਬਾਬਾ ਸਾਹਿਬ ਲਈ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਪਰ ਕੁਝ ਅਖੌਤੀ ਉੱਚ ਜਾਤੀ ਦੇ ਲੋਕ ਜੋ ਜਾਤੀਵਾਦੀ ਅਤੇ ਧਾਰਮਿਕ ਕੱਟੜਤਾ ਵਾਲੇ ਲੋਕ ਹਨ, ਉਨ੍ਹਾਂ ਦੀ ਨਜ਼ਰ ਵਿੱਚ ਬਾਬਾ ਸਾਹਿਬ ਦੀ ਕਾਬਲੀਅਤ ਅਤੇ ਗਿਆਨ ਕੁਝ ਵੀ ਮਾਇਨੇ ਨਹੀਂ ਰੱਖਦਾ। ਉਹ ਲੋਕ ਡਾ. ਅੰਬੇਡਕਰ ਨਾਲ ਸਿਰਫ ਇਸ ਲਈ ਨਫ਼ਰਤ ਕਰਦੇ ਹਨ ਕਿਉਂਕਿ ਉਹ ਅਛੂਤ ਜਾਤੀ ਵਿੱਚ ਪੈਦਾ ਹੋਏ । ਅੱਜ ਵੀ ਇਹ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ ਜਦੋਂ ਸਾਡੇ ਦੇਸ਼ ਵਿੱਚ ਡਾ. ਅੰਬੇਡਕਰ ਜੀ ਦੀਆਂ ਮੂਰਤੀਆਂ ਤੋੜੀਆਂ ਜਾਂਦੀਆਂ ਹਨ। ਮੂਰਤੀਆਂ ਤੇ ਕਾਲੀ ਸਿਆਹੀ ਸੁੱਟੀ ਜਾਂਦੀ ਹੈ। ਇਹ ਮਨਾਂ ਵਿੱਚ ਭਰੀ ਜਾਤੀਵਾਦੀ ਅਤੇ ਧਾਰਮਿਕ ਕੱਟੜਤਾ ਕਰਕੇ ਹੈ।

ਮਨ ਵਿੱਚ ਸਵਾਲ ਉੱਠਦਾ ਹੈ ਕਿ ਜੇਕਰ ਬਾਬਾ ਸਾਹਿਬ ਦੇ ਦੁਨੀਆਂ ਤੋਂ ਜਾਣ ਦੇ 64 ਸਾਲ ਬਾਅਦ ਵੀ ਮਨੂੰਵਾਦੀਆਂ ਦੇ ਮਨਾਂ ਵਿੱਚ ਬਾਬਾ ਸਾਹਿਬ ਪ੍ਰਤੀ ਐਨੀ ਨਫ਼ਰਤ ਹੈ ਤਾਂ ਉਹਨਾਂ ਦੇ ਹੁੰਦਿਆਂ, ਮਨੂੰਵਾਦੀ ਲੋਕ ਬਾਬਾ ਸਾਹਿਬ ਨਾਲ ਕਿੰਨੀ ਨਫ਼ਰਤ ਕਰਦੇ ਹੋਣਗੇ? ਬਾਬਾ ਸਾਹਿਬ ਨੇ ਇੰਨੀ ਨਫ਼ਰਤ ਕਿਵੇਂ ਸਹੀ ਹੋਵੇਗੀ ? ਇੱਕ ਸਾਧਾਰਨ ਇਨਸਾਨ ਆਖਿਰ ਕਿੰਨਾ ਬਰਦਾਸ਼ਤ ਕਰ ਸਕਦਾ ਹੈ? ਸੋਚ ਕੇ ਹੀ ਦਿਲ ਕੰਬ ਜਾਂਦਾ ਹੈ ਕਿ ਜੇ ਕਿਤੇ ਬਾਬਾ ਸਾਹਿਬ ਡੋਲ ਜਾਂਦੇ ਤਾਂ ਸਾਡੇ ਹਾਲਾਤ ਕਿਹੋ ਜਿਹੇ ਹੁੰਦੇ?

ਬਾਬਾ ਸਾਹਿਬ ਨਾਲ ਜਾਤੀ ਵਿਤਕਰਾ ਜਨਮ ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਜੋਤਸ਼ੀਆਂ ਨੇ ਮਨਹੂਸ ਬੱਚਾ ਕਹਿ ਕੇ ਪਰਿਵਾਰ ਦੇ ਮੈਂਬਰਾਂ ਵਿੱਚ ਭੀਮ ਰਾਓ ਪ੍ਰਤੀ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਬਚਪਨ ਵਿੱਚ ਨਾਈ ਨੇ ਉਨ੍ਹਾਂ ਦੇ ਵਾਲ ਕੱਟਣ ਤੋਂ ਇਨਕਾਰ ਕਰ ਦਿੱਤਾ। ਨੀਚ ਜਾਤੀ ਹੋਣ ਕਾਰਨ ਨਾਈ ਭੀਮ ਰਾਓ ਦੇ ਵਾਲ ਨਹੀਂ ਕੱਟਦੇ ਸਨ। ਬਾਬਾ ਸਾਹਿਬ ਦੇ ਮਨ 'ਤੇ ਇਸ ਵਰਤਾਰੇ ਦਾ ਬਹੁਤ ਡੂੰਘਾ ਅਸਰ ਪਿਆ। ਆਪਣੀ ਭੂਆ ਤੋਂ ਵਾਲ ਕਟਵਾਉਂਦੇ ਉਹ ਅਕਸਰ ਪੁੱਛਦੇ ਸਨ ਕਿ ਨਾਈ ਸਾਡੇ ਵਾਲ ਕਿਉਂ ਨਹੀਂ ਕੱਟਦਾ? ਬਾਬਾ ਸਾਹਿਬ ਇਸ ਗੱਲ ਨੂੰ ਕਦੇ ਭੁੱਲ ਨੀ ਸਕੇ। ਜੇ ਕਿਤੇ ਉਹ ਇਸ ਵਰਤਾਰੇ ਨੂੰ ਭੁੱਲ ਜਾਂਦੇ ਅਤੇ ਕਰੋੜਾਂ ਅਛੂਤਾਂ ਵਾਂਗ ਆਪਣੀ ਕਿਸਮਤ ਸਮਝ ਲੈਂਦੇ ਤਾਂ ਸੋਚੋ, ਸਾਡਾ ਕੀ ਬਣਦਾ?

ਇੱਕ ਵਾਰ ਸਕੂਲ ਜਾਂਦੇ ਸਮੇਂ ਬਾਰਿਸ਼ ਤੋਂ ਬਚਣ ਲਈ ਕਿਸੇ ਮਕਾਨ ਦੀ ਕੰਧ ਦਾ ਸਹਾਰਾ ਲੈ ਕੇ ਖੜ੍ਹੇ ਭੀਮ ਰਾਓ ਨੂੰ ਉਸ ਮਕਾਨ ਦੀ ਮਾਲਕ ਔਰਤ ਨੇ ਬਹੁਤ ਗਾਲ਼ਾਂ ਕੱਢੀਆਂ। ਜੇ ਉਹ ਗੰਦੀਆਂ ਗਾਲ਼ਾਂ ਸੁਣ ਕੇ ਬਾਬਾ ਸਾਹਿਬ ਥਿੜਕ ਜਾਂਦੇ ਅਤੇ ਸਕੂਲ ਨਾ ਜਾਂਦੇ ਤਾਂ ਸਾਡੇ ਕੀ ਹਾਲਾਤ ਹੁੰਦੇ?

ਸਕੂਲ ਵਿੱਚ ਜਦੋਂ ਸਾਰੇ ਬੱਚੇ ਕਮਰਿਆਂ ਦੇ ਅੰਦਰ ਬੈਠਦੇ ਸਨ ਉਦੋਂ ਭੀਮ ਰਾਓ ਧੁੱਪ, ਮੀਂਹ ਹਨੇਰੀ ਅਤੇ ਠੰਡ ਵਿੱਚ ਵੀ ਕਮਰੇ ਤੋਂ ਬਾਹਰ ਘਰੋਂ ਲਿਆਂਦੀ ਬੋਰੀ 'ਤੇ ਬੈਠ ਕੇ ਪੜ੍ਹਦੇ ਸਨ। ਜੇ ਇਸ ਵਿਤਕਰੇ ਨਾਲ ਉਹਨਾਂ ਦਾ ਮਨੋਬਲ ਟੁੱਟ ਜਾਂਦਾ ਤਾਂ ਸੋਚੋ, ਸਾਡਾ ਕੀ ਹੋਣਾ ਸੀ?

ਜਦੋਂ ਸਕੂਲ ਵਿੱਚ ਸਾਰਾ-ਸਾਰਾ ਦਿਨ ਪਿਆਸੇ ਰਹਿਣ ਲਈ ਮਜਬੂਰ ਹੋਣਾ ਪੈਂਦਾ ਸੀ, ਪਿਆਸ ਨਾਲ ਵਿਲਕਦੇ ਹੋਣ ਦੇ ਬਾਵਜੂਦ ਵੀ ਉਹ ਪਾਣੀ ਦੇ ਘੜੇ ਨੂੰ ਹੱਥ ਤੱਕ ਨਹੀਂ ਲਾ ਸਕਦੇ ਸੀ, ਜੇ ਉਦੋਂ ਬਾਬਾ ਸਾਹਿਬ ਦੀ ਪੜ੍ਹਨ ਦੀ ਪਿਆਸ ਮਰ ਜਾਂਦੀ ਤਾਂ ਸਾਡਾ ਕੀ ਹੋਣਾ ਸੀ? ਲਿਖਣਾ ਸ਼ੁਰੂ ਕੀਤਾ ਤਾਂ ਮਨ ਵਿੱਚ ਬਹੁਤ ਉਥਲ-ਪੁਥਲ ਹੋਈ ਕਿ ਇਸ ਲੇਖ ਵਿੱਚ ਬਾਬਾ ਸਾਹਿਬ ਦੇ ਸੰਘਰਸ਼ ਦਾ ਜ਼ਿਕਰ ਕਰਾਂ ਜਾਂ ਉਹਨਾਂ ਨਾਲ ਹੋਏ ਵਿਤਕਰਿਆਂ ਅਪਮਾਨਾਂ ਬਾਰੇ ਲਿਖਾਂ?

ਜਾਂ ਫਿਰ ਪਾਠਕਾਂ ਤੋਂ ਹੀ ਸਵਾਲ ਪੁੱਛਾਂ ਕਿਉਂਕਿ ਇਹ ਸਵਾਲ ਬਹੁਤ ਵੱਡਾ ਹੈ ਕਿ ਜੇ ਕਿਤੇ ਬਾਬਾ ਸਾਹਿਬ ਡੋਲ ਜਾਂਦੇ ਤਾਂ ? ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੂੰ ਆਪਣੇ ਜੀਵਨ ਵਿੱਚ ਪੈਰ-ਪੈਰ 'ਤੇ ਉਨ੍ਹਾਂ ਅਖੌਤੀ ਉੱਚ ਜਾਤੀਆਂ ਦੇ ਲੋਕਾਂ ਕੋਲੋਂ ਅਪਮਾਨਿਤ ਹੋਣਾ ਪਿਆ ਜੋ ਕਾਬਲੀਅਤ ਵਿੱਚ ਬਾਬਾ ਸਾਹਿਬ ਦੀ ਪੈਰ ਦੀ ਧੂੜ ਦੇ ਬਰਾਬਰ ਵੀ ਨਹੀਂ ਸੀ। ਗਿਆਨ ਪੱਖੋਂ ਉਹ ਸਾਰੇ ਬਾਬਾ ਸਾਹਿਬ ਤੋਂ ਬੌਣੇ ਸਨ ਪਰ ਮਨੂੰ ਦੀ ਵਰਣ ਵਿਵਸਥਾ ਕਾਰਨ ਉਹ ਸਾਰੇ ਬਾਬਾ ਸਾਹਿਬ ਤੋਂ ਬਹੁਤ ਉੱਚੇ ਸਨ, ਅਜਿਹਾ ਰੱਬੀ ਹੁਕਮ ਸੀ। ਇਸੇ ਹੁਕਮ ਨਾਲ ਐਰੇ-ਗ਼ੈਰੈ ਲੋਕ ਵੀ ਖੁਦ ਨੂੰ ਬਾਬਾ ਸਾਹਿਬ ਤੋਂ ਉੱਚੇ ਬਹੁਤ ਉੱਚੇ ਸਮਝਦੇ ਸਨ।

ਨੀਵੀਂ ਜਾਤੀ ਦਾ ਤਿਰਸਕਾਰ ਕਰਨਾ, ਅਪਮਾਨ ਕਰਨਾ, ਸੇਵਾ ਕਰਾਉਣੀ, ਜ਼ਲੀਲ ਕਰਨਾ ਰੱਬੀ ਹੁਕਮ ਹੀ ਤਾਂ ਸੀ। ਸ਼ਾਇਦ ਇਸੇ ਕਰਕੇ ਕਰੋੜਾਂ ਅਛੂਤ ਇਸ ਅਪਮਾਨ ਦੀ ਜ਼ਹਿਰ ਨੂੰ ਕਿਸਮਤ ਦਾ ਪਿਆਲਾ ਸਮਝ ਕੇ ਪੀ ਰਹੇ ਸਨ 'ਤੇ ਜੇ ਕਿਤੇ ਬਾਬਾ ਸਾਹਿਬ ਵੀ ਇਸਨੂੰ ਆਪਣੀ ਕਿਸਮਤ ਸਮਝ ਲੈਂਦੇ ਤਾਂ ਫਿਰ ਕੀ ਹੁੰਦਾ?



ਪਰ ਬਾਬਾ ਸਾਹਿਬ ਨੇ ਇਸਨੂੰ ਰੱਬ ਦਾ ਭਾਣਾ ਨਹੀਂ ਮੰਨਿਆ। ਮਨੂੰਵਾਦੀ ਸਿਸਟਮ ਵਿਰੁੱਧ ਬਗਾਵਤ ਦਾ ਬਿਗਲ ਵਜਾਇਆ। ਭਾਵੇਂ ਇਸ ਹਨੇਰ ਗਰਦੀ ਵਿੱਚ ਮੰਜ਼ਿਲ ਨਜ਼ਰ ਨਹੀਂ ਆਉਂਦੀ ਸੀ ਫਿਰ ਵੀ ਉਨ੍ਹਾਂ ਨੇ ਹੌਸਲਾ ਨਹੀਂ ਛੱਡਿਆ। ''ਹਰ ਪੈਰ 'ਤੇ ਸਲੀਬਾਂ, ਹਰ ਮੋੜ ਤੇ ਹਨੇਰਾ, ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਦੇਖ ਜੇਰ੍ਹਾ।'' ਇਸ ਗੈਰ ਬਰਾਬਰੀ ਵਾਲੀ ਵਿਵਸਥਾ ਵਿਰੁੱਧ ਸੰਘਰਸ਼ ਦੇ ਦੌਰਾਨ ਵੀ ਬਾਬਾ ਸਾਹਿਬ ਜਾਤੀ ਵਿਤਕਰੇ ਦਾ ਸ਼ਿਕਾਰ ਹੁੰਦੇ ਰਹੇ। ਬੜੌਦਾ ਰਿਆਸਤ ਵਿੱਚ ਨੌਕਰੀ ਕਰਦੇ ਸਮੇਂ ਦਫ਼ਤਰ ਦਾ ਚਪੜਾਸੀ ਬਾਬਾ ਸਾਹਿਬ ਨੂੰ ਪਾਣੀ ਤੱਕ ਨਹੀਂ ਫੜਾਉਂਦਾ ਸੀ। ਦਫ਼ਤਰੀ ਫਾਈਲਾਂ ਵੀ ਸੋਟੀ ਦੀ ਮਦਦ ਨਾਲ ਬਾਬਾ ਸਾਹਿਬ ਦੇ ਨੇੜੇ ਕਰਦਾ ਸੀ। ਉਸ ਸਮੇਂ ਬਾਬਾ ਸਾਹਿਬ ਇੱਕ ਪਾਰਸੀ ਸਰਾਂ_ ਵਿੱਚ ਨਾਂ ਬਦਲ ਕੇ ਰਹਿ ਰਹੇ ਸੀ। ਜਦੋਂ ਪਾਰਸੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਇਹ ਇੱਕ ਅਛੂਤ ਹੈ ਤਾਂ ਉਨ੍ਹਾਂ ਨੇ ਡਾਂਗਾਂ ਸੋਟਿਆਂ ਨਾਲ ਬਾਬਾ ਸਾਹਿਬ 'ਤੇ ਹਮਲਾ ਕਰ ਦਿੱਤਾ। ਉਦੋਂ ਬਾਬਾ ਸਾਹਿਬ ਦੀਆਂ ਅੱਖਾਂ ਭਰ ਗਈਆਂ। ਉਹ ਬਹੁਤ ਰੋਏ। ਸੋਚੋ, ਜੇ ਇਸ ਅਪਮਾਨ ਨੂੰ ਸਹਿਣ ਕਰਨ ਦੀ ਬਜਾਏ ਬਾਬਾ ਸਾਹਿਬ ਡਗਮਗਾ ਜਾਂਦੇ ਤਾਂ ਕੀ ਹੁੰਦਾ?

ਕਾਲਜ ਵਿੱਚ ਪੜਾਉਂਦੇ ਸਮੇਂ, ਵਕਾਲਤ ਕਰਦੇ ਸਮੇਂ, ਬਾਬਾ ਸਾਹਿਬ ਨੂੰ ਪੈਰ-ਪੈਰ 'ਤੇ ਅਪਮਾਨਿਤ ਹੋਣਾ ਪਿਆ। ਉਹ ਸ਼ਖਸ ਜੋ ਸਭ ਤੋਂ ਵੱਧ ਪੜ੍ਹਿਆ-ਲਿਖਿਆ ਸੀ, ਹੋਣਹਾਰ 'ਤੇ ਕਾਬਿਲ ਸੀ, ਗਿਆਨਵਾਨ ਸੀ, ਫਿਰ ਵੀ ਜਾਤੀ ਵਿਤਕਰੇ ਦਾ ਸ਼ਿਕਾਰ ਸੀ। ਬਾਬਾ ਸਾਹਿਬ ਨੇ ਇਸ ਜਾਤੀ ਵਿਤਕਰੇ ਨੂੰ, ਅਪਮਾਨ ਨੂੰ ਆਪਣੀ ਤਾਕਤ ਬਣਾਇਆ ਅਤੇ ਇਸ ਸਮ-ਾਜਿਕ ਬਣਤਰ ਨੂੰ ਤਹਿਸ-ਨਹਿਸ ਕਰਨ ਦਾ ਨਿਸ਼ਚਾ ਕਰ ਲਿਆ। ''ਜੋ ਹਿੰਮਤ ਵਾਲੇ ਬੰਦੇ ਨੇ ਤਕਦੀਰ ਉਹਨਾਂ ਦੀ ਦਾਸੀ ਹੈ, ਕਿਸਮਤ ਨੂੰ ਝੂਰਦੇ ਰਹਿੰਦੇ ਨੇ ਜੋ ਮਰਦ ਨਕਾਰਾ ਹੁੰਦੇ ਨੇ।'' ਜਿਸ ਅਣਮਨੁੱਖੀ ਵਿਵਹਾਰ ਨੂੰ ਬਾਬਾ ਸਾਹਿਬ ਬਚਪਨ ਤੋਂ ਦੇਖ ਅਤੇ ਹੰਢਾ ਰਹੇ ਸਨ, ਉਸਨੂੰ ਬਦਲਣ ਦੀ ਕਸਮ ਖਾ ਲਈ। ਆਪਣਾ ਮਨੋਬਲ ਹੋਰ ਉੱਚਾ ਕੀਤਾ, ਗੁੱਸੇ ਨੂੰ ਸੀਨੇ ਦਫ਼ਨ ਕੀਤਾ, ਖੂਨ ਦੇ ਹੰਝੂ ਪੂੰਝ ਕੇ ਬੜੇ ਸਿਦਕ ਅਤੇ ਸਬਰ ਨਾਲ ਜੰਗ ਦੇ ਮੈਦਾਨ ਵਿੱਚ ਕੁੱਦ ਪਏ। ਇਹ ਜੰਗ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਨਹੀਂ ਸੀ। ਆਪਣੇ ਨਾਲ ਹੋਏ ਜਾਤੀ ਵਿਤਕਰੇ ਦਾ ਬਦਲਾ ਲੈਣ ਲਈ ਉਨ੍ਹਾਂ_ ਨੇ ਕਦੇ ਲੜਾਈ ਝਗੜਾ ਨਹੀਂ ਕੀਤਾ, ਮਾਰ ਕੁਟਾਈ ਨਹੀਂ ਕੀਤੀ, ਸਬਰ ਰੱਖਿਆ। ਜੇਕਰ ਅੱਜ ਕਿਸੇ ਨਾਲ ਅਜਿਹਾ ਵਿਵਹਾਰ ਹੋਵੇ ਤਾਂ ਉਹ ਜ਼ਰੂਰ ਝਗੜਾ ਕਰੇਗਾ, ਜਿਸਦੇ ਭਿਆਨਕ ਸਿੱਟੇ ਵੀ ਨਿਕਲਨਗੇ। ਪਰ ਬਾਬਾ ਸਾਹਿਬ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਬਿਮਾਰੀ ਦੀ ਜੜ੍ਹ ਨੂੰ ਫੜਿਆ ਕਿ ਜੇਕਰ ਮੇਰੇ ਵਰਗੇ ਪੜ੍ਹੇ ਲਿਖੇ ਇਨਸਾਨ ਨਾਲ ਅਜਿਹਾ ਵਿਵਹਾਰ ਹੋ ਸਕਦਾ ਹੈ ਤਾਂ ਇੱਕ ਆਮ ਇਨਸਾਨ ਨਾਲ ਕਿੰਨਾ ਮਾੜਾ ਵਤੀਰਾ ਹੁੰਦਾ ਹੋਵੇਗਾ? ਇਸਦੇ ਕਾਰਨਾਂ ਨੂੰ ਸਮਝ ਕੇ, ਅਛੂਤਾਂ 'ਤੇ ਹੁੰਦੇ ਜ਼ੁਲਮਾਂ, ਸਾਰੀ ਜਿੰਦਗੀ ਸਮਾਜ ਨੂੰ ਸਮਰਪਿਤ ਕਰ ਦਿੱਤੀ। ਇੱਕ ਵੀ ਪਲ ਗਵਾਏ ਬਿਨਾਂ ਉਹ ਆਪਣੇ ਆਖਰੀ ਸਾਹ ਤੱਕ ਦਲਿਤਾਂ ਲਈ ਲੜਦੇ ਰਹੇ।

1919 ਤੋਂ ਸ਼ੁਰੂ ਹੋਇਆ ਇਹ ਸੰਘਰਸ਼ 6 ਦਸੰਬਰ 1956 ਨੂੰ ਉਨ੍ਹਾਂ ਦੇ ਸਾਹਾਂ ਨਾਲ ਹੀ ਰੁਕਿਆ। 1919 'ਚ ਸਾਉਥਬਰੋ ਕਮਿਸ਼ਨ ਨੂੰ ਦਲਿਤਾਂ ਦੀ ਨੁਮਾਇੰਦਗੀ ਲਈ ਮੰਗ ਪੱਤਰ ਦਿੱਤਾ। ਉਸ ਤੋਂ ਬਾਅਦ ਲਗਾਤਾਰ ਸੰਘਰਸ਼ ਜਾਰੀ ਰਿਹਾ। ਚੋਬਦਾਰ ਤਲਾਅ ਤੋਂ ਪਾਣੀ ਲਈ ਸੱਤਿਆਗ੍ਰਹਿ, ਕਾਲਾਰਾਮ ਮਹਿੰਦਰ ਪ੍ਰਵੇਸ਼ ਸਤਿਆਗ੍ਰਹਿ, ਮਨੂੰਸਿਮਰਤੀ ਸਾੜਨ ਦਾ ਕੰਮ, ਸਾਈਮਨ ਕਮਿਸ਼ਨ ਨੂੰ ਅਛੂਤਾਂ ਦੇ ਹਾਲਾਤਾਂ ਦੀ ਰਿਪੋਰਟ ਦੇਣੀ ਆਦਿ ਸੰਘਰਸ਼ ਦਾ ਹਿੱਸਾ ਰਹੇ। ਜਿਸ ਦੀ ਬਦੌਲਤ ਇੰਗਲੈਂਡ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ। ਇਨ੍ਹਾਂ ਕਾਨਫਰੰਸਾਂ ਵਿੱਚ ਸ਼ਾਮਿਲ ਹੋ ਕੇ ਸਦੀਆਂ ਤੋਂ ਲਿਤਾੜੇ ਗਏ ਦਲਿਤ ਸਮਾਜ ਲਈ ਅਧਿਕਾਰ ਪ੍ਰਾਪਤ ਕੀਤੇ। ਇਸ ਸੰਘਰਸ਼ ਦੌਰਾਨ ਉਨ੍ਹਾਂ ਨੇ ਜਾਣ ਲਿਆ ਸੀ ਕਿ ਦਲਿਤਾਂ ਦੀ ਦੁਰਦਸ਼ਾ ਦਾ ਕਾਰਨ ਸਨਾਤਨੀ ਹਿੰਦੂ ਧਰਮ ਦੀ ਵਰਣ ਵਿਵਸਥਾ ਹੈ। ਜਿਸ ਕਾਰਨ ਕਰੋੜਾਂ ਇਨਸਾਨਾਂ ਨੂੰ ਨੀਚ ਅਤੇ ਪਾਪੀ ਮੰਨਿਆ ਜਾਂਦਾ ਹੈ। 1935 'ਚ ਬਾਬਾ ਸਾਹਿਬ ਨੇ ਇਸ ਕੋਹੜ ਨੂੰ ਗਲੋਂ ਲਾਹ ਸੁੱਟਣ ਦਾ ਐਲਾਨ ਕਰ ਦਿੱਤਾ।

ਸਮਾਜ ਨੂੰ ਜਾਗਰੁਕ ਕਰਨ ਲਈ ਮੂਕ ਨਾਇਕ, ਜਨਤਾ, ਬਹਿਸ਼ਕ੍ਰਿਤ ਭਾਰਤ ਅਤੇ ਪ੍ਰਬੁੱਧ ਭਾਰਤ ਨਾਮ ਦੀਆਂ ਅਖਬਾਰਾਂ ਵੀ ਸ਼ੁਰੂ ਕੀਤੀਆਂ। ਕਈ ਸੰਗਠਨ ਵੀ ਗਠਿਤ ਕੀਤੇ। ਸਦੀਆਂ ਤੋਂ ਲਿਤਾੜੇ ਅਤੇ ਦਰੜੇ ਗਏ ਸਮਾਜ ਨੂੰ ਉੱਚਾ ਚੁੱਕਣ ਲਈ ਜੀਅ-ਜਾਨ ਦੀ ਬਾਜ਼ੀ ਲਗਾ ਕੇ ਤੁਰੇ ਬਾਬਾ ਸਾਹਿਬ 'ਤੇ ਅਨੇਕਾਂ ਵਾਰ ਜਾਨ ਲੇਵਾ ਹਮਲੇ ਹੋਏ।ਫਿਰ ਵੀ ਉਨ੍ਹਾਂ ਨੇ ਪਰਵਾਹ ਨਹੀਂ ਕੀਤੀ ਅਤੇ ਨਾ ਹੀ ਕਦੇ ਆਪਣੇ ਨਿੱਜੀ ਹਿੱਤਾਂ ਨੂੰ ਕੌਮ ਦੇ ਹਿੱਤਾਂ 'ਤੇ ਭਾਰੂ ਹੋਣ ਦਿੱਤਾ। ਫੁੱਲਾਂ ਵਰਗੇ ਮਾਸੂਮ ਚਾਰ ਬੱਚੇ ਸਮਾਜ ਤੋਂ ਕੁਰਬਾਨ ਕਰ ਦਿੱਤੇ। ਅੰਦਰ ਵੜ ਕੇ ਰੋ ਲਿਆ ਪਰ ਸਮਾਜ ਦੀ ਬਾਂਹ ਨਹੀਂ ਛੱਡੀ। ਤਿਆਗ ਦੀ ਮੂਰਤ ਆਪਣੀ ਪਤਨੀ ਨੂੰ ਆਪਣੀਆਂ ਅੱਖਾਂ ਸਾਹਮਣੇ ਦਮ ਤੋੜਦਿਆਂ ਦੇਖਿਆ। ਉਦੋਂ ਬਾਬਾ ਸਾਹਿਬ ਹਪਤਾ ਭਰ ਘਰੋਂ ਬਾਹਰ ਨਹੀਂ ਨਿੱਕਲੇ। ਇੰਜ ਲੱਗਦਾ ਸੀ ਕਿ ਉਹ ਸਮਾਜ ਤਾਂ ਕੀ ਦੁਨੀਆਂ ਨੂੰ ਵੀ ਤਿਆਗ ਸਕਦੇ ਹਨ, ਪਰ ਇੱਕ ਵਾਰ ਫਿਰ ਸਮਾਜ ਦੀ ਖਾਤਿਰ ਪੱਥਰ ਦਾ ਜੇਹਰਾ ਬਣਾ ਕੇ ਮਿੱਥੇ ਹੋਏ ਟੀਚੇ ਦੀ ਪ੍ਰਾਪਤੀ ਲਈ ਜੁੱਟ ਗਏ। ਬਾਬਾ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਵਿਤਕਰਾ ਅਤੇ ਅਪਮਾਨ ਝੱਲਿਆ। ਅਪਮਾਨ ਸਹਿ ਕੇ ਵੀ ਬਾਬਾ ਸਾਹਿਬ ਅਡੋਲ ਰਹੇ।

ਜੇ ਉਨ੍ਹਾਂ ਦੀ ਜਗ੍ਹਾ ਕੋਈ ਆਮ ਇਨਸਾਨ ਹੁੰਦਾ ਤਾਂ ਸ਼ਾਇਦ ਖੁਦ ਨੂੰ ਖਤਮ ਕਰ ਲੈਂਦਾ ਪਰ ਬਾਬਾ ਸਾਹਿਬ ਆਪਣੇ ਸਮਾਜ ਦੀ ਖਾਤਿਰ ਇਹ ਜ਼ਹਿਰ ਵੀ ਪੀ ਗਏ। ਐਨੇ ਜ਼ੁਲਮ-ਜ਼ਿਆਦਤੀਆਂ ਸਹਿ ਕੇ ਵੀ, ਜਾਤੀ ਵਿਤਕਰਾ ਅਤੇ ਅਪਮਾਨ ਸਹਾਰ ਕੇ ਵੀ ਬਾਬਾ ਸਾਹਿਬ ਨੇ ਖੁਦ ਨੂੰ ਟੁੱਟਣ ਨਹੀਂ ਦਿੱਤਾ, ਸਗੋਂ ਸਮਾਜ ਦੀ ਇਸ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ.... ਯੂ.ਐਨ.ਓ. ਤੱਕ/ ਪੰਨਾ 22 ਪੀੜਾ ਨੂੰ ਆਪਣੀ ਤਾਕਤ ਬਣਾਇਆ ਅਤੇ ਗੁਲਾਮੀਂ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਬੋਦੀ ਤੋਂ ਫੜ ਕੇ ਆਜ਼ਾਦੀ ਦਾ ਸਵੇਰਾ ਚਾੜ੍ਹਿਆ।

ਅੱਜ ਜੇਕਰ ਅਛੂਤਾਂ ਦੇ ਬੁੱਲਾਂ 'ਤੇ ਹਾਸੇ ਹਨ, ਘਰਾਂ ਵਿਚ ਰੌਣਕਾਂ ਹਨ, ਖੁਸ਼ੀਆਂ ਹਨ, ਹਰ ਸੁੱਖ ਸਹੂਲਤ ਹੈ, ਐਸ਼ੋ-ਆਰਾਮ ਦੀ ਜ਼ਿੰਦਗੀ ਹੈ ਇਹ ਸਭ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਦੀ ਬਦੌਲਤ ਹੈ। ਉਸਤੋਂ ਵੀ ਵੱਧਕੇ ਬਾਬਾ ਸਾਹਿਬ ਜੀ ਦੇ ਦ੍ਰਿੜ ਸੰਕਲਪ ਦੀ ਬਦੌਲਤ ਹੈ। ਜਿਸਨੇ ਬਾਬਾ ਸਾਹਿਬ ਨੂੰ ਕਦੇ ਟੁੱਟਣ ਨਹੀਂ ਦਿੱਤਾ, ਡੋਲਣ ਨਹੀਂ ਦਿੱਤਾ। ਇਸ ਲਈ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਸਾਨੂੰ ਵੀ ਮਜ਼ਬੂਤ ਇਰਾਦੇ ਅਤੇ ਦ੍ਰਿੜ ਸੰਕਲਪ ਨਾਲ ਸਮਾਜ ਦੀ ਤਰੱਕੀ ਅਤੇ ਰਾਜ ਸੱਤਾਂ ਦੀ ਪ੍ਰਾਪਤੀ ਲਈ ਸੰਘਰਸ਼ ਵਿੱਚ ਜੁਟੇ ਹੀਹਣਾ ਚਾਹੀਦਾ ਹੈ। ਕਿਉਂਕਿ ਇਹ ਸੋਚ ਕੇ ਹੀ ਰੌਂਗਟੇ ਖੜੇ ਹੋ ਜਾਂਦੇ ਹਨ ਕਿ ਜੇ ਕਿਤੇ ਬਾਬਾ ਸਾਹਿਬ ਡੋਲ ਜਾਂਦੇ ਤਾਂ? ਕਿਉਂਕਿ ਜਿਵੇਂ ਸੋਹਣ ਲਾਲ ਰੱਤੂ ਦੀਆਂ ਸਤਰਾਂ ਹਨ :-

''ਧੰਨ ਭੀਮਾ ਧੰਨ ਤੇਰੀ ਧੰਨ ਹੈ ਕਮਾਈ ਵੇ,
ਆਪਣੀ ਗਵਾਕੇ ਵੇ ਤੂੰ ਲੱਖਾਂ ਦੀ ਬਣਾਈ ਵੇ।

# ਸਕੂਲੀ ਖੇਡਾਂ ਦੇ ਵਿਕਾਸ ਵੱਲ ਸਿਰਜਦੀਆਂ ਨਵੀਆਂ ਪੈੜਾਂ

**(ਸਫਾ 25 ਦੀ ਬਾਕੀ)**

ਵਿਦਿਆਰਥੀਆਂ ਦੀਆਂ ਵੱਖ-ਵੱਖ ਤਰਾਂ ਦੀਆਂ ਸਰੀਰਕ ਕਸਰਤਾਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਉਹ ਆਪਣਾ ਸਰੀਰਕ ਟੈਸਟ ਅਸਾਨੀ ਨਾਲ ਪਾਸ ਕਰ ਸਕਣ।

3. ਸਮਾਰਟ ਖੇਡ ਦੇ ਮੈਦਾਨ ਸਕੂਲਾਂ ਦੇ ਵਿੱਚ ਖੇਡ ਦੇ ਮੈਦਾਨਾਂ ਨੂੰ ਵਧੀਆ ਬਣਾਉਣ ਲਈ ਸਮਾਰਟ ਖੇਡ ਦਾ ਮੈਦਾਨਾਂ ਲਈ ਕੁਝ ਪੈਰਾਮੀਟਰ ਨਿਰਧਾਰਤ ਕੀਤੇ ਗਏ ਹਨ ਤਾਂ ਜੋ ਆਉਣ ਵਾਲੇ ਸਮੇਂ ਦੇ ਵਿੱਚ ਸਾਰੇ ਹੀ ਸਕੂਲਾਂ ਵਿੱਚ ਸਮਾਰਟ ਖੇਡ ਦੇ ਮੈਦਾਨ ਬਣਾਏ ਜਾ ਸਕਣ ਅਤੇ ਉਹਨਾਂ ਦੀ ਗੁਣਵੱਤਾ ਅਤੇ ਕੁਆਲਿਟੀ ਪੱਖੋਂ ਉਹ ਪੂਰੇ ਹੋ ਸਕਣ। ਇਹਨਾਂ ਮੈਦਾਨਾਂ ਲਈ ਜਿਹਨਾਂ ਸਕੂਲਾਂ ਕੋਲ ਜਗ੍ਹਾ ਦੀ ਘਾਟ ਨਹੀ ਹੈ। ਉਹਨਾਂ 200 ਮੀਟਰ ਤੋਂ ਲੈਕੇ 400 ਮੀਟਰ ਤੱਕ ਦੇ ਟਰੈਕ ਦਿੱਤੇ ਗਏ ਹਨ ਜਿਸ ਦੀ ਮਦਦ ਨਾਲ ਵਿਦਿਆਰਥੀਆਂ ਵਿੱਚ ਦੌੜਨ ਦੀ ਭਾਵਨਾ ਦਾ ਵਿਕਾਸ ਕੀਤਾ ਜਾ ਸਕੇ।

ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੀਆਂ ਖੇਡਾਂ ਦੇ ਵਿਕਾਸ ਲਈ ਸਕੂਲ ਸਿੱਖਿਆ ਖੇਡ ਵਿਭਾਗ ਨੀਤੀ ਤਿਆਰ ਕੀਤੀ ਗਈ ਹੈ ਜਿਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ-ਨਾਲ ਖੇਡਾਂ ਵੱਲ ਜੋੜਨਾ ਹੈ ਅਤੇ ਸਕੂਲ ਪੱਧਰ ਤੋਂ ਹੀ ਵਧੀਆ ਕਿਸਮ ਦੇ ਖਿਡਾਰੀ ਪੈਦਾ ਕਰਨਾ ਹੈ। ਇਸ ਪਾਲਿਸੀ ਤਹਿਤ ਹਰ ਇੱਕ ਵਿਦਿਆਰਥੀ ਨੂੰ ਉਸਦੀ ਯੋਗਤਾ ਅਨੁਸਾਰ ਨਾ ਸਿਰਫ ਕਿਸੇ ਨਾ ਕਿਸੇ ਖੇਡ ਨਾਲ ਜੋੜਨਾ ਹੈ ਬਲਕਿ ਉਹਨਾਂ ਅੰਦਰਲੀ ਯੋਗਤਾ ਅਤੇ ਉਹਨਾਂ ਦੇ ਵਿਹਲੇ ਸਮੇਂ ਦੀ ਸਹੀ ਵਰਤੋ ਕਰਵਾਕੇ ਸਮਾਜ ਵਿੱਚ ਫੈਲ ਰਹੀਆਂ ਨਸ਼ਿਆਂ ਵਰਗੀਆਂ ਕੁਰੀਤੀਆਂ ਤੋਂ ਦੂਰ ਰੱਖਣਾ ਹੈ। ਪੰਜਾਬ ਦੇ ਸਕੂਲਾਂ ਵਿੱਚ ਇਸ ਨਾਲ ਖੇਡਾਂ ਦਾ ਇੱਕ ਸੱਭਿਆਚਾਰ ਪੈਦਾ ਹੋਵੇਗਾ, ਜਿਸ ਨਾਲ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੋਵੇਗੀ ਅਤੇ ਉਹ ਇੱਕ ਚੰਗੇ ਖਿਡਾਰੀ ਬਣਕੇ ਆਪਣੇ ਸਕੂਲ, ਸਮਾਜ ਅਤੇ ਰਾਜ ਦਾ ਨਾਮ ਰੌਸ਼ਨ ਕਰਨਗੇ।

ਇਸ ਪਾਲਿਸੀ ਤਹਿਤ ਸਕੂਲਾਂ ਨੂੰ ਆਉਣ ਵਾਲੇ ਸਮੇਂ ਵਿੱਚ ਰਿਹਾਇਸ਼ੀ ਅਤੇ ਡੇ ਸਕਾਲਰ ਵਿੰਗ ਦਿੱਤੇ ਜਾਣਗੇ ਜਿਸ ਨਾਲ ਵਿਦਿਆਰਥੀ ਯੋਗ ਕੋਚਾਂ ਦੁਆਰਾ ਕੋਚਿੰਗ ਪ੍ਰਾਪਤ ਕਰਨਗੇ । ਨੈਸ਼ਨਲ ਅਤੇ ਇੰਟਰਨੈਸ਼ਨਲ ਲੈਵਲ ਦੇ ਉੱਪਰ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਇਸ ਪਾਲਿਸੀ ਦੇ ਤਹਿਤ ਇਨਾਮੀ ਰਾਸ਼ੀ ਦੀ ਵਿਵਸਥਾ ਵੀ ਕੀਤੀ ਗਈ ਹੈ ਤਾਂ ਜੋ ਖਿਡਾਰੀਆਂ ਨੂੰ ਖੇਡਾਂ ਵੱਲ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾ ਸਕੇ।

ਆਉਣ ਵਾਲੇ ਸਮੇਂ ਦੇ ਵਿੱਚ ਇਸ ਪਾਲਿਸੀ ਦੇ ਬਹੁਤ ਹੀ ਸਾਰਥਕ ਨਤੀਜੇ ਨਿਕਲਕੇ ਸਾਡੇ ਸਾਹਮਣੇ ਆਉਣਗੇ ਜਦੋਂ ਵਿਦਿਆਰਥੀ ਸਕੂਲਾਂ ਵਿੱਚ ਬਣਾਏ ਗਏ ਸਮਾਰਟ ਅਤੇ ਉੱਚ ਕੋਟੀ ਦੇ ਮੈਦਾਨਾ ਵਿੱਚ ਆਪਣਾ ਭਵਿੱਖ ਤੈਅ ਕਰਨਗੇ ਅਤੇ ਸਮਾਜ ਦੇ ਵਿੱਚ ਇੱਕ ਯੋਗ ਨਾਗਰਿਕ ਬਣਕੇ ਸਾਹਮਣੇ ਆਉਣਗੇ।ਨਸ਼ਿਆਂ ਵਰਗੀਆਂ ਹੋਰ ਬਹੁਤ ਸਾਰੀਆਂ ਕੁਰੀਤੀਆਂ ਤੋਂ ਬਚਣ ਦੇ ਲਈ ਇਹ ਬਹੁਤ ਜਰੂਰੀ ਬਣ ਜਾਂਦਾ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਨਾ ਸਿਰਫ ਇੱਕ ਸਹੀ ਸੇਧ ਦੇ ਸਕੀਏ ਬਲਕਿ ਉਹਨਾਂ ਅੰਦਰਲੀ ਤਾਕਤ ਨੂੰ ਕਿਸੇ ਸਿਰਜਨਾਤਮਕ ਕਾਰਜ ਨਾਲ ਜੋੜ ਸਕੀਏ ਜਿਸ ਨਾਲ ਉਹਨਾਂ ਦੀ ਯੋਗਤਾ ਦੀ ਸਹੀ ਵਰਤੋ ਹੋ ਸਕੇ ਅਤੇ ਸਕੂਲੀ ਖੇਡਾਂ ਦੇ ਵਿਕਾਸ ਲਈ ਇਸ ਪੱਧਰ ਉੱਪਰ ਕੀਤੇ ਜਾ ਰਹੇ ਕਾਰਜ ਬਹੁਤ ਹੀ ਸ਼ਲਾਘਾਯੋਗ ਹਨ। ਜਿਹਨਾਂ ਨਾਲ ਵਿਦਿਆਰਥੀਆਂ ਨੂੰ ਉਹਨਾਂ ਵਿਚਲੀ ਕਲਾ ਨੂੰ ਸਮਝਣ ਅਤੇ ਯੋਗ ਕੋਚਾ ਦੀ ਮਦਦ ਨਾਲ ਨਿਖਾਰਨ ਦਾ ਬਹੁਤ ਹੀ ਵਧੀਆ ਮੌਕਾ ਪ੍ਰਾਪਤ ਹੋਵੇਗਾ।

## ਦੀਦੀ ਦੇ ਦੇ ਮਾਫੀ ?

ਸ਼ਾਹ ਦੇ ਕਹੇ 'ਟਪੂਸੀਆਂ' ਮਾਰ ਗਏ ਸੀ
ਲਾਇਆ ਦਾਗ ਸੀ ਅਣਖੀ ਬੰਗਾਲੀਆਂ ਨੂੰ।

ਫਾਸ਼ੀਵਾਦ ਦੇ ਪੈ ਗਏ ਸੀ ਰਾਹ ਪੁੱਠੇ
ਸੱਦਾ ਸੂਬੇ ਲਈ ਦੇ ਕੇ ਕੰਗਾਲੀਆਂ ਨੂੰ।

ਆਕੇ ਕੁਰਸੀ ਦੇ ਨਸ਼ੇ ਵਿਚ ਦੇਖਿਆ ਨਾ
ਤੱਥ ਅਤੇ ਸੱਚਾਈਆਂ ਹੰਘਾਲ਼ੀਆਂ ਨੂੰ।

ਜਦੋਂ ਦੇਖਿਆ ਲੋਕਾਂ ਨਾ ਮੂੰਹ ਲਾਇਆ
ਫਿਰਕੂ ਨੀਤੀਆਂ ਸੜੀਆਂ ਜੰਗਾਲੀਆਂ ਨੂੰ।

ਪੱਟ ਲਏ ਸੀ ਜਿਹੜੇ ਕਈ ਭਗਵਿਆਂ ਨੇ
ਹੁਣ ਬੰਗਾਲ ਵਿਚ ਰਹਿਣੋ ਵੀ ਸੰਗਦੇ ਐ।

ਕਹਿੰਦੇ ਖੋਹਲ ਦਰਵਾਜੇ
'ਟੀ.ਐਮ.ਸੀ' ਦੇ
ਵੀਰੇ 'ਦੀਦੀ' ਤੋਂ
ਮੁਆਫੀਆਂ ਮੰਗਦੇ ਐ !



**-ਤਰਲੋਚਨ ਸਿੰਘ**
**'ਦੁਪਾਲ ਪੁਰ**
**001-408-915-1268**

# ਇਤਿਹਾਸ ਨੂੰ ਸਮੋਈ ਬੈਠਾ ਪਿੰਡ ਦੰਦਰਾਲਾ ਢੀਂਡਸਾ

ਢੀਂਡਸਾ ਗੋਤ ਨਾਲ ਸਬੰਧਤ ਪਟਿਆਲਾ ਜਿਲ੍ਹੇ ਦੀ ਨਾਭਾ ਸਬ-ਡਵੀਜਨ ਦਾ 554 ਹੈਕਟੇਅਰ (1369 ਏਕੜ) ਰਕਬੇ ਵਾਲਾ ਪਿੰਡ ਦੰਦਰਾਲਾ ਢੀਂਡਸਾ ਨਾਭਾ ਸਹਿਰ ਤੋਂ 16 ਕਿ:ਮੀ: ਦੀ ਦੂਰੀ ਤੇ ਪੱਛਮ ਵੱਲ ਸਥਿਤ ਹੈ।ਇਸ ਦਾ ਭੂਗੋਲਿਕ ਏਰੀਆ 554 ਹੈਕਟੇਅਰ ਹੈ।ਇਹ ਪਿੰਡ ਦੀ ਇਤਿਹਾਸ ਨਾਲ ਸਾਂਝ ਪਾਈ ਹੋਈ ਹੈ। ਝੱਜ ਗੋਤ ਨਾਲ ਸਬੰਧਤ ਬੁਆਣੀ ਪਿੰਡ ਦੇ ਅਰਜਨ ਸਿੰਘ,ਮੱਲ ਸਿੰਘ,ਧੰਨ ਸਿੰਘ ਅਤੇ ਪਾਖਰ ਸਿੰਘ ਵੀਹਵੀਂ ਸਦੀ ਦੇ ਆਰੰਭ ਵਿੱਚ ਇਸ ਪਿੰਡ ਆ ਕੇ ਵੱਸ ਗਏ ।ਇਨ੍ਹਾਂ ਪਰਿਵਾਰਾਂ ਨੂੰ ਅੱਜ ਵੀ ਬੁਆਣੀਵਾਲੇ ਕਹਿ ਕੇ ਪੁਕਾਰਿਆ ਜਾਂਦਾ ਹੈ ਜਿਸ ਨਾਲ ਹਰ ਕੋਈ ਆਸਾਨੀ ਨਾਲ ਸਮਝ ਜਾਂਦਾ ਹੈ।ਇਨ੍ਹਾਂ ਪਰਿਵਾਰਾਂ ਨੇ ਪਿੰਡ ਵਿਚ ਆਪਣੇ ਬਜੁਰਗਾਂ ਦਾ ਨਾਂ ਉੱਚਾ ਕੀਤਾ ਹੈ।ਬਾਬਾ ਬਿਸ਼ਨ ਸਿੰਘ ਨੇ ਵਾਤਾਵਰਣ ਦੀ ਸਵੱਛਤਾ ਬਚਾਉਣ ਲਈ ਹਜ਼ਾਰਾਂ ਪੌਦੇ ਆਪਣੇ ਪਿੰਡ ਦੀ ਅਤੇ ਆਲੇ ਦੁ-ਆਲੇ ਪਿੰਡਾਂ ਦੀ ਸਾਮਲਾਟ , ਦਾਣਾ ਮੰਡੀਆਂ ਅਤੇ ਖਾਲੀ ਪਈ ਥਾਂ ਤੇ ਲਾਏ ਅਤੇ ਸਮੇਂ ਸਮੇਂ ਸਿਰ ਪਾਣੀ ਵੀ ਪਾਇਆ, ਜਿਨ੍ਹਾਂ 'ਚੋਂ ਜ਼ਿਆਦਾ ਪਿੱਪਲ,ਬਰੋਟੇ ਹਨ ਜੋ ਅੱਜ ਛਾਂ ਦੇ ਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਾਉਂਦੇ ਹਨ।ਸੰਨ 2011 ਦੀ ਜਨਗਣਨਾ ਅਨੁਸਾਰ ਇਸ ਪਿੰਡ ਦੀ ਕੁੱਲ 1521 ਦੀ ਆਬਾਦੀ ਹੈ,ਜਿਨ੍ਹਾਂ 'ਚ 820 ਪੁਰਸ਼ ਅਤੇ 701 ਇਸਤ੍ਰੀਆਂ ਹਨ ਅਤੇ 303 ਘਰ ਹਨ।ਅਨੁਸੂਚਿਤ ਜਾਤੀ ਆਬਾਦੀ 35.6% ਹੈ।ਫੀਮੇਲ ਸਾਖਰਤਾ ਦਰ 27.9% ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।ਇਸ ਪਿੰਡ ਦੇ 2019 ਦੀ ਵੋਟਾਂ ਦੀ ਸੁਧਾਈ ਅਨੁਸਾਰ 653 ਪੁਰਸ਼ ਅਤੇ 576 ਇਸਤਰੀ ਵੋਟਰ ਹਨ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ।ਪਿੰਡ ਦੇ ਦੋ ਛੋਟੀ ਇੱਟਾਂ ਦੇ ਬਣੇ ਪੁਰਾਤਨ ਦਰਵਾਜੇ ਨੋਹਰੇ ਅਤੇ ਬਿਰਧਨੋ ਵਾਲੇ ਅਲੋਪ ਹੋ ਚੁੱਕੇ ਹਨ ,ਤਿੰਨ -ਚਾਰ ਦਹਾਕੇ ਪਹਿਲਾਂ ਇਨ੍ਹਾਂ ਦੇ ਚੌਂਤਰਿਆਂ ਤੇ ਰਾਤ ਦੇਰ ਤੱਕ ਰੋਣਕਾਂ ਲੱਗਿਆ ਕਰਦੀਆਂ ਸਨ।ਇਨ੍ਹਾਂ ਦਰਵਾਜ਼ਿਆਂ ਦੇ ਪੁਰਾਤਨ ਕਲਾ ਦੀ ਨਿਸਾਨੀ ਲਕੜੀ ਦੇ ਵੱਡੇ ਵੱਡੇ ਤਿੱਖੇ ਕਿੱਲਾਂ ਨਾਲ ਮੜ੍ਹੇ ਗੇਟ ਵੀ ਨਹੀਂ ਰਹੇ।ਪਿੰਡ ਦੀ ਸਭ ਤੋਂ ਉੱਚੀ ਅਤੇ ਖੁੱਲੀ ਥਾਂ/ ਥੇਹ ਤੇ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਬਾਬਾ ਭਾਈ ਮੂਲ ਚੰਦ ਦੇ ਨਾਂ ਤੇ ਬਣੀ ਹੋਈ ਹੈ।ਪਿੰਡ ਦੇ ਨਾਂਮਕਰਣ ਬਾਰੇ ਜਾਣਕਾਰੀ ਡਾ. ਕ੍ਰਿਪਾਲ ਸਿੰਘ ਅਤੇ ਡਾ. ਹਰਿੰਦਰ ਕੌਰ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਪੁਸਤਕ "ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ" ਵਿੱਚੋਂ ਵੱਖ-ਵੱਖ ਸ੍ਰੋਤਾਂ ਤੋਂ ਇੱਕਠੀ ਕੀਤੀ ਸਮੱਗਰੀ ਤੋਂ ਮਿਲਦੀ ਹੈ ਜਿਸ ਵਿੱਚ ਪੰਨਾ ਨੰ:412 ਤੇ ਲਿਖਿਆ ਹੈ," ਪੁਰਾਣੇ ਸਮੇਂ ਵਿੱਚ ਇਹ ਮਹਾਰਾਜਾ ਦਦਰਸੈਨ ਦੀ ਰਾਜਧਾਨੀ ਸੀ ਜਿਹਨਾਂ ਦੇ ਨਾਂ ਤੇ ਹੀ ਇਸ ਪਿੰਡ ਦਾ ਨਾਂ ਪਹਿਲੇ ' ਦਦਰਾਲਾ ' ਸੀ ਜਿਹੜਾ ਬਾਅਦ ਵਿੱਚ ਬਦਲ ਕੇ ਦੰਦਰਾਲਾ ਬਣ ਗਿਆ ਤੇ ਜਦੋਂ ਢੀਂਡਸਾ ਗੋਤੀਆਂ ਦੀ ਵੱਧ ਗਿਣਤੀ ਇਸ ਪਿੰਡ ਵਿੱਚ ਆਈ ਤਾਂ ਢੀਂਡਸਾ ਨਾਲ ਜੁੜਨ ਕਾਰਨ ਇਸ ਦਾ ਨਾਂ ਦੰਦਰਾਲਾ ਢੀਂਡਸਾ ਬਣ ਗਿਆ। " ਇਸੇ ਤਰ੍ਹਾਂ ਅੱਗੇ ਜ਼ਿਕਰ ਹੈ, 'ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ 500 ਸਿੰਘਾਂ ਦੇ ਜੱਥੇ ਨੇ ਇਸ ਪਿੰਡ ਕੋਲ ਸਰਹੰਦ ਦੀ ਮੁਗਲੀਆ ਫੋਜਾਂ ਦਾ ਮੁਕਾਬਲਾ ਕੀਤਾ ਜਿਨ੍ਹਾਂ ਦਾ ਜਰਨੈਲ ਭਾਈ ਮੂਲ ਚੰਦ ਸੀ ਜਿਹੜੇ ਸੁਨਾਮ ਦੇ ਰਹਿਣ ਵਾਲੇ ਸਨ। ਇਥੇ ਭਾਈ ਸਾਹਿਬ ਦਾ ਘੋੜਾ ਸ਼ਹੀਦ ਹੋਇਆ।ਉਸ ਦੇ ਨਾਂ ' ਤੇ ਪਿੰਡ ਵਿੱਚ ਇੱਕ ਗੁਰਦੁਆਰਾ ਉਸਾਰਿਆ ਗਿਆ ਹੈ'।ਡਾ. ਜੀਤ ਸਿੰਘ ਜੋਸ਼ੀ ਨੇ ਆਪਣੀ ਕਿਤਾਬ" ਲੋਕ ਦਰਦ ਦੇ ਮਸੀਹਾ" ਵਿੱਚ ਇਸ ਪਿੰਡ ਬਾਰੇ ਜਿਕਰ ਕੀਤਾ ਹੈ ਕਿ ਭਾਈ ਮੂਲ ਚੰਦ ਬਠਿੰਡੇ ਦੇ ਵਸਨੀਕ ਸਿੱਧੀ ਚੰਦ ਦੁੱਗਲ ਖੱਤਰੀ ਦਾ ਪੁੱਤਰ ਸੀ ਅਤੇ ਉਹ ਆਪਣੇ ਜੱਥੇ ਸਮੇਤ ਪਿੰਡ ਦੰ-ਦਰਾਲਾ ਢੀਂਡਸਾ ਵਿਖੇ ਆਇਆ ਸੀ।

ਹੁਣ ਇਥੇ ਬਾਬਾ ਭਾਈ ਮੂਲ ਚੰਦ ਜੀ ਦੀ ਯਾਦ ਵਿੱਚ ਪਿੰਡ ਦੇ ਉੱਚੇ ਥੇਹ ਉੱਪਰ ਸ਼ਾਨਦਾਰ ਗੁਰੂਦੁਆਰਾ ਸਾਹਿਬ ਦੀ ਨਵੀਂ ਇਮਾਰਤ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦੇ ਨਾਂ ਤਕਰੀਬਨ ਦੋ ਏਕੜ ਵਾਹੀਯੋਗ ਜਮੀਨ ਵੀ ਹੈ , ਜੋ ਹਰੇਕ ਸਾਲ ਬੋਲੀ ਤੇ ਦਿੱਤੀ ਜਾਂਦੀ ਹੈ।ਬਾਬਾ ਸੁੱਖਾ ਸਿੰਘ ਜੋ ਕਿ ਭਾਈ ਮੂਲ ਚੰਦ ਦੇ ਜੱਥੇ ਵਿੱਚ ਸਾਮਲ ਸਨ ਜੋ ਇਥੇ ਲੜਾਈ ਵਿੱਚ ਸ਼ਹੀਦ ਹੋ ਗਏ ਸਨ ,ਉਨ੍ਹਾਂ ਦੀ ਯਾਦ'ਚ ਬਿਸਨਗੜ੍ਹ ਨੂੰ ਜਾਂਦੀ ਸੜਕ ਦੇ ਵਿਚਕਾਰ ਉਨ੍ਹਾਂ ਦੀ ਸਮਾਧ ਹੈ,ਜਿਥੇ ਸ਼ਰਧਾਲੂ ਦਸਮੀ ਵਾਲੇ ਦਿਨ ਦੂਰੋਂ ਦੂਰੋਂ ਨਤਮਸਤਕ ਹੋ ਕੇ ਹਾਜਰੀਆਂ ਭਰਦੇ ਹਨ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਹਰ ਸਾਲ ਦੁਸਿਹਰੇ ਵਾਲੇ ਦਿਨ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ ਜਿਸ ਵਿੱਚ ਵੱਡੇ ਪੱਧਰ ਤੇ ਸੰਗਤ ਸ਼ਾਮਲ ਹੁੰਦੀ ਹੈ ਅਤੇ ਅਟੁੱਟ ਲੰਗਰ ਚਲਦੇ ਹਨ।ਪਿੰਡ ਦੇ ਅੰਦਰ ਪੁਰਾਤਨ ਸ਼ਿਵ ਓਤੇ ਰਾਮ ਮੰਦਰ ਹੈ ਜਿਸ ਅੰਦਰ ਮੁਗਲ ਕਾਲ ਸਮੇਂ ਦੀ ਸੁੰਦਰ ਰੰਗ ਬਰੰਗੀ ਚਿੱਤਰਕਾਰੀ ਕੀਤੀ ਹੋਈ ਹੈ ਜੋ ਕਿ ਮੱਧਮ ਪੈ ਗਈ ਹੈ।ਇਸ ਮੰਦਰ ਦੀ ਸੇਵਾ ਹੁਣ ਪੰ: ਰਮਿੰਦਰ ਕੁਮਾਰ ਦਾ ਪਰਿਵਾਰ ਕਰ ਰਿਹਾ ਹੈ।ਪਿੰਡ ਵਿੱਚ ਪੀਰ ਦੀ ਜਗ੍ਹਾ ਵੀ ਬਣੀ ਹੋਈ ਹੈ।

ਕਿਸੇ ਸਮੇਂ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਪਿੰਡ ਅੰਦਰ ਤਕਰੀਬਨ ਪੰਜ ਖੂਹ ਸਨ ਜੋ ਹੋਲੀ ਹੋਲੀ ਪੂਰ ਦਿੱਤੇ ਗਏ। ਵੀਹਵੀਂ ਸਦੀ ਦੇ ਅਖੀਰ ਤੱਕ ਪਿੰਡ ਦੇ ਅੰਦਰ ਅਤੇ ਫਿਰਨੀ ਦੁਆਲੇ ਵੱਡੇ ਵੱਡੇ ਬਰੋਟੇ ਅਤੇ ਪਿੱਪਲ ਪਿੰਡ ਦੀ ਸ਼ਾਨ ਹੋਣ ਦੇ ਨਾਲ ਗਰਮੀਆਂ ਵਿੱਚ ਲੋਕਾਂ ਨੂੰ ਦੁਪਿਹਰ ਦੇ ਸਮੇਂ ਬੈਠਣ ਅਤੇ ਤਾਸ਼ ਖੇਡਣ ਲਈ ਠੰਡੀ ਛਾਂ ਦਿੰਦੇ ਸੀ ਉਹ ਹੁਣ ਆਲੋਪ ਹੋ ਚੁੱਕੇ ਹਨ।ਪੰ: ਮਾਂਘੀ ਰਾਮ ਅਤੇ ਪੰ: ਸ਼ਿਵ ਲਾਲ ਦੀ ਪਾਸ਼ਾ ਖੇਡਣ ਵਾਲੀ ਪਾਰਟੀ ਦੀਆਂ ਰੌਣਕਾਂ ਖੂਬ ਹੁੰਦੀਆਂ ਸਨ। ਪਿੰਡ ਵਿੱਚ ਆਟਾ ਪਿਸਾਈ ਲਈ ਕਿਸੇ ਸਮੇਂ ਖਰਾਸ ਵੀ ਚਲਦੇ ਸਨ।ਬਾਅਦ 'ਚ ਵਰਮਾ ਪਰਿਵਾਰ ਦੇ ਭਰਾਵਾਂ ਸ਼੍ਰੀ ਬਾਬੂ ਰਾਮ,ਸ਼੍ਰੀ ਸਾਧੂ ਰਾਮ, ਸ਼੍ਰੀ ਰੁਲਦੂ ਰਾਮ ਅਤੇ ਸ਼੍ਰੀ ਕਰਤਾਰ ਚੰਦ ਨੇ ਵੀ ਸਾਂਝੀ ਆਟਾ ਚੱਕੀ ਲਾ ਲਈ ਜਿਸ ਨਾਲ ਆਲੇ ਦੁਆਲੇ ਦੇ ਪਿੰਡਾਂ ਲਈ ਵੀ ਸਹੂਲਤ ਹੋ ਗਈ।ਵਰਮਾ ਪਰਿਵਾਰਾਂ ਨੇ ਨਾਭੇ ਆ ਕੇ ਜਿਊਲਰੀ ਦੇ ਕਾਰੋਬਾਰ ਕਰਕੇ ਚੰਗਾ ਨਾਂ ਖੱਟਿਆ ਹੈ।ਪਿੰਡ ਨਿਵਾਸੀਆਂ ਵਿੱਚ ਦੁੱਖ-ਸੁੱਖ ਦੀ ਭਾਈਚਾਰਕ ਸਾਂਝ ਬਿਨ੍ਹਾਂ ਕਿਸੇ ਭੇਦਭਾਵ ਦੇ ਬਣੀ ਹੋਈ ਹੈ।ਪਿੰਡ ਦੇ ਬਹੁਤੇ ਲੋਕਾਂ ਨੇ ਦੇਖੋ-ਦੇਖੀ ਆੜ੍ਹਤ ਦਾ ਕੰਮ ਕਰ ਲਿਆ ਪਰ ਕੁਝ ਨੂੰ ਛੱਡ ਕੇ ਬਾਕੀ ਨੇ ਘਾਟੇ ਕਾਰਨ ਆੜ੍ਹਤ ਦਾ ਕੰਮ ਛੱਡ ਦਿੱਤਾ ਅਤੇ ਉਨ੍ਹਾਂ ਕੋਲ ਬਹੁਤ ਸਾਰੇ ਲੋਕਾਂ ਦਾ ਪੈਸਾ

**(ਬਾਕੀ ਸਫਾ 29 'ਤੇ)**



ਮੇਜਰ ਸਿੰਘ ਨਾਭਾ
91-94635-53962



ਗੁਰਦੁਆਰਾ ਸਾਹਿਬ ਬਾਬਾ ਭਾਈ ਮੂਲ ਚੰਦ ਜੀ



ਸ਼੍ਰੀ ਰਾਮ ਅਤੇ ਸ਼ਿਵ ਮੰਦਿਰ




ਸਮਾਧ ਸ਼ਹੀਦ ਬਾਬਾ ਸੁੱਖਾ ਸਿੰਘ ਜੀ



ਸਵ: ਸ੍ਰ. ਲਾਭ ਸਿੰਘ ਢੀਂਡਸਾ ਸਾਬਕਾ ਸਰਪੰਚ



ਸ੍ਰੀਮਤੀ ਕਰਮਜੀਤ ਕੌਰ



ਗੁਰਮੇਲ ਸਿੰਘ ਪੰਚ



ਸਵ: ਸ੍ਰ. ਜਰਨੈਲ ਸਿੰਘ ਢੀਂਡਸਾ ਸਾਬਕਾ ਸਰਪੰਚ



ਸਵ: ਸ਼੍ਰੀ ਰਲਾ ਰਾਮ ਪਹਿਲੇ ਸਾਬਕਾ ਸਰਪੰਚ



ਸ਼ਵ: ਸ਼੍ਰੀਮਤੀ ਅਮਰ ਕੌਰ ਸਾਬਕਾ ਸਰਪੰਚ



ਗੁਰਬਖਸ ਸਿੰਘ ਪੰਚ



ਗੁਰਜੀਤ ਸਿੰਘ ਢੀਂਡਸਾ ਪੰਚ



ਸ੍ਰ. ਗੁਰਮੇਲ ਸਿੰਘ ਸਾਬਕਾ ਪ੍ਰਧਾਨ ਯੂਥ ਕਲੱਬ



ਸ੍ਰ. ਯਾਦਵਿੰਦਰ ਸਿੰਘ ਢੀਂਡਸਾ ਨੰਬਰਦਾਰ



ਦਰਸਨ ਸਿੰਘ ਨੰਬਰਦਾਰ



ਗੁਰਬਖਸ ਸਿੰਘ ਸਰਪੰਚ



ਸ੍ਰ. ਇੰਦਰ ਸਿੰਘ ਢੀਂਡਸਾ ਹੈਡਮਾਸਟਰ (ਰਿਟਾ:)



ਸ੍ਰ. ਸਿਕੰਦਰ ਸਿੰਘ ਢੀਂਡਸਾ ਸਾਬਕਾ ਸਰਪੰਚ



ਸਰਪੰਚ ਸ੍ਰ. ਚੰਦ ਸਿੰਘ ਬੀ.ਡੀ.ਪੀ.ਓ. (ਰਿਟ:)



ਸ਼੍ਰੀ ਰਮੇਸਇੰਦਰ ਸ਼ਰਮਾ ਚੀਫ-ਮਨੈਜਰ ਪੀ.ਐਨ.ਬੀ. (ਰਿਟਾ:)




ਸ੍ਰ. ਸੁਖਦਰਸ਼ਨ ਸਿੰਘ ਕੋਆਰਡੀਨੇਟਰ ਨਹਿਰੂ ਯੁਵਕ ਕੇਂਦਰ (ਰਿਟਾ:)



ਸ੍ਰ. ਸਿਕੰਦਰ ਸਿੰਘ ਢੀਂਡਸਾ ਸਾਬਕਾ ਸਰਪੰਚ



ਸ੍ਰੀਮਤੀ ਦਰਸ਼ਨ ਕੌਰ ਪੰਚ



ਸ਼੍ਰੀਮਤੀ ਹਰਜਿੰਦਰ ਕੌਰ ਸਰਪੰਚ




ਸੁਖਚੈਨ ਸਿੰਘ ਢੀਂਡਸਾ ਡਿਪਟੀ ਜਨਰਲ ਮਨੈਜਰ ਮੰਡੀ ਬੋਰਡ (ਰਿਟਾ:)

## ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ ਕਿਸ਼ਤ-3

# ਅਣਗੌਲ਼ੀਆਂ ਵਿਗਿਆਨਕ ਨਾਇਕਾਵਾਂ




ਪ੍ਰਿੰ. ਸਤਵੰਤ ਕੌਰ ਕਲੋਟੀ




## ਏਡਾਵਾਲੇਠ ਕੱਕਟ ਜਾਨਕੀ ਅੰਮਾਲ
## (Edavaleth Kakkat Janaki Ammal)
## (4 ਨਵੰਬਰ 1897 ਤੋਂ 7 ਫਰਵਰੀ, 1984 ਤੱਕ)

ਜਾਣ-ਪਹਿਚਾਣ:

ਜਾਨਕੀ ਅੰਮਾਲ ਦਾ ਜਨਮ 4 ਨਵੰਬਰ, 1897 ਨੂੰ ਤੇੱਲੀਚੇਰੀ, ਕੇਰਲ ਵਿੱਚ ਹੋਇਆ। ਉਹ ਇੱਕ ਬਨਸਪਤੀ ਵਿਗਿਆਨੀ ਸੀ ਜਿਸ ਨੇ ਸਾਇਟੋਜੈਨੇ-ਟਿਕਸ (Cytogenetics), ਬਨ-ਸਪਤੀ ਭੂਗੋਲ (Phytogeography) ਅਤੇ ਹੋਰ ਖੇਤਰਾਂ ਵਿਚ ਅਹਿਮ ਖੋਜਾਂ ਕੀਤੀਆਂ। ਭਾਰਤ ਸਰਕਾਰ ਵਲੋਂ ਉਸ ਨੂੰ ਪਦਮ ਸ਼੍ਰੀ ਐਵਾਰਡ ਨਾਲ ਨਵਾਜਿਆ ਗਿਆ। ਇਸ ਤੋਂ ਇਲਾਵਾ ਉਸ ਨੂੰ ਹੋਰ ਵੀ ਕਈ ਸਨਮਾਨ ਹਾਸਿਲ ਹੋਏ। ਵਧੇਰੇ ਮਿਠਾਸ ਵਾਲੀਆਂ ਗੰਨੇ ਦੀਆਂ ਕਿਸਮਾਂ ਤਿਆਰ ਕਰਨ ਵਾਸਤੇ ਉਹ ਵਿਸ਼ਵ ਭਰ ਵਿੱਚ ਜਾਣੀ ਜਾਂਦੀ ਹੈ। 1931 ਈ. ਵਿੱਚ ਉਸ ਨੇ ਮਿਸ਼ੀਗਨ ਯੂਨੀਵਰਸਿਟੀ ਯੂ.ਐਸ.ਏ. ਤੋਂ ਵਿਗਿਆਨ ਵਿੱਚ ਡਾਕਟ੍ਰੇਟ (D.Sc.) ਦੀ ਡਿਗਰੀ ਹਾਸਿਲ ਕੀਤੀ। 1956 ਈ. ਵਿੱਚ ਮਿਸ਼ੀਗਨ ਯੂਨੀਵਰਸਿਟੀ ਵਲੋਂ ਉਸ ਨੂੰ ਡਾਕਟਰ ਆਫ਼ ਲਾਅਜ਼ (Doctor of Laws) (L.L.D.) ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਉਸ ਨੇ ਵੁਮੈਨੈਜ਼ ਕ੍ਰਿਸਚੀਅਨ ਕਾਲਜ (Women's Christian College) ਮਦਰਾਸ ਅਤੇ ਮਹਾਰਾਜਾ ਕਾਲਜ ਆਫ਼ ਸਾਇੰਸ (Maharaja College of Science), ਤ੍ਰਿਵੈਂਦਰਮ ਵਿਖੇ ਬਨਸਪਤੀ ਵਿਗਿਆਨ ਦੇ ਪ੍ਰੋਫ਼ੈਸਰ ਵਜੋਂ ਸੇਵਾਵਾਂ ਦਿੱਤੀਆਂ। ਉਹ ਸੈਂਟਰਲ ਬੋਟੈਨੀਕਲ ਲੈਬੋਰੇਟਰੀ ਐਟ ਅਲਾਹਾਬਾਦ (Central Botanical Laboratory at Allahabad) ਦੀ ਇੰਚਾਰਜ, ਰੀਜਨਲ ਰੀਸਰਚ



ਲੈਬੋਰੇਟਰੀ, ਜੰਮੂ (Regional Research Laboratory, Jammu) ਵਿੱਚ ਆਫ਼ੀਸਰ ਆਨ ਸਪੈਸ਼ਲ ਡਿਊਟੀ (+ਜਿਫਕਗ ਰਅ ਛਬਕਫਜ਼; ਣਚਵਖ) ਅਤੇ ਕਸ਼ਮੀਰ ਯੂਨੀਵਰਸਿਟੀ ਵਿੱਚ ਬੌਟਨੀ ਦੀ ਆਨਰੇਰੀ ਪ੍ਰੋਫ਼ੈਸਰ ਰਹੀ। ਉਸ ਨੇ ਭਾਬਾ ਅਟੌਮਿਕ ਰੀਸਰਚ ਸੈਂਟਰ, ਟਰੌਂਬੇ (Officer on Special Duty) ਵਿਖੇ ਵੀ ਕੰਮ ਕੀਤਾ। ਪੰਜ ਸਾਲ ਉਸ ਨੇ ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ (Bhabha Atomic Research Centre Trombay) ਕੋਇੰਬਟੂਰ ਵਿਖੇ ਅਨੁਵੰਸ਼ਿਕੀ ਵਿਗਿਆਨੀ (Sugarcane Breeding Institute) ਦੇ ਤੌਰ ਤੇ ਕੰਮ ਕੀਤਾ, ਜਿੱਥੇ ਉਸ ਨੇ ਗੰਨੇ ਦੇ ਬਹੁਤ ਸਾਰੇ ਹਾਈਬ੍ਰਿਡ ਤਿਆਰ ਕੀਤੇ। ਇੱਕ ਦਹਾਕੇ ਤੋਂ ਵੀ ਵੱਧ ਸਮਾਂ ਉਹ ਇੰਗਲੈਂਡ ਵਿੱਚ ਰਹੀ ਜਿੱਥੇ ਉਸ ਨੇ ਅਣਗਿਣਤ ਪੌਦਿਆਂ ਦਾ ਅਧਿਐਨ ਕੀਤਾ ਅਤੇ ਅਹਿਮ ਸਿੱਟੇ ਸਾਹਮਣੇ ਲਿਆਂਦੇ। ਰਿਟਾਇਰਮੈਂਟ ਤੋਂ ਮੌਤ ਤੱਕ ਉਹ ਸੈਂਟਰ ਆਫ਼ ਐਡਵਾਂਸਡ ਸਟੱਡੀ ਫੀਲਡ ਲੈਬੋਰੇਟਰੀ (Centre of Advanced Study Field Laboratory) ਵਿਖੇ ਰਹੀ ਜਿੱਥੇ ਉਹ ਉਸ ਦੁਆਰਾ ਲਗਾਏ ਗਏ ਔਸ਼ਧੀ ਪੌਦਿਆਂ ਦੇ ਬਗੀਚੇ ਵਿੱਚ ਖੋਜਾਂ ਕਰਦੀ ਰਹੀ।

7 ਫਰਵਰੀ, 1984 ਨੂੰ 87 ਸਾਲ ਦੀ ਉਮਰ ਵਿੱਚ ਉਹ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਈ। ਉਸ ਦੀ ਮੌਤ ਉਪਰੰਤ ਮਿਨਿਸਟਰੀ ਆਫ਼ ਐਨਵਾਇਰਨਮੈਂਟ ਐਂਡ ਫੋਰੈਸਟਰੀ ਆਫ਼ ਦਾ ਗਵਰਨਮੈਂਟ ਆਫ਼ ਇੰਡੀਆ (Ministry of Environment and Forestry of the Government of India) ਵਲੋਂ ਉਸ ਦੇ ਨਾਂ ਤੇ ਨੈਸ਼ਨਲ ਐਵਾਰਡ ਆਫ਼ ਟੈਕਸੋਨੋਮੀ (National Award of Taxonomy) ਸਥਾਪਿਤ ਕੀਤਾ ਗਿਆ। ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਦੀ ਫੈਲੋਸ਼ਿਪ ਲਈ ਚੁਣੀ ਜਾਣ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਸੀ।

# ਗੰਨਿਆਂ ਵਿੱਚ ਮਿਠਾਸ ਭਰਨ ਵਾਲੀ ਬਨਸਪਤੀ ਵਿਗਿਆਨੀ- ਏਡਾਵਾਲੇਠ ਕੱਕਟ ਜਾਨਕੀ ਅੰਮਾਲ

ਜਾਨਕੀ ਅੰਮਾਲ ਦਾ ਜਨਮ 4 ਨਵੰਬਰ, 1897 ਨੂੰ ਤੇੱਲੀਚੇਰੀ (Tellicherry), ਕੇਰਲ ਦੇ ਇੱਕ ਮੱਧ ਵਰਗੀ ਸੰਸਕਾਰੀ ਪਰਿਵਾਰ ਵਿੱਚ ਹੋਇਆ। ਉਸਦੇ ਪਿਤਾ ਦੀਵਾਨ ਬਹਾਦਰ ਏਡਾਵਾਲੇਠ ਕੱਕਟ ਕ੍ਰਿਸ਼ਨਨ ਮਦਰਾਸ ਰਿਆਸਤ ਵਿੱਚ ਉੱਪ-ਜੱਜ ਸਨ। ਜਾਨਕੀ ਦੇ ਛੇ ਭਰਾ ਅਤੇ ਪੰਜ ਭੈਣਾਂ ਸਨ। ਵਕਤ ਦੇ ਜਿਸ ਦੌਰ ਵਿੱਚ ਉਸ ਦੀ ਪਰਵਰਿਸ਼ ਹੋਈ, ਉਦੋਂ ਜ਼ਿਆਦਾਤਰ ਭਾਰਤੀ ਲੜਕੀਆਂ ਨੂੰ ਤਾਂ ਸਕੂਲ ਜਾਣਾ ਹੀ ਨਸੀਬ ਨਹੀਂ ਹੁੰਦਾ ਸੀ। ਉਸ ਦਾ ਪਰਿਵਾਰ ਖੁੱਲ੍ਹੇ ਖ਼ਿਆਲਾਤ ਵਾਲਾ ਰਿਹਾ ਹੋਵੇਗਾ, ਜੋ ਉਸ ਨੂੰ ਵਿਗਿਆਨ ਦੇ ਖੇਤਰ ਵਿਚ ਉਚੇਰੀ ਵਿੱਦਿਆ ਹਾਸਿਲ ਕਰਨ ਅਤੇ ਖੋਜ-ਖੇਤਰ ਵਿੱਚ ਮੱਲਾਂ ਮਾਰਨ ਦਾ ਮੌਕਾ ਮਿਲਿਆ।

ਸਕੂਲ ਦੀ ਪੜ੍ਹਾਈ ਉਸ ਨੇ ਤੇੱਲੀਚੇਰੀ ਵਿੱਚ



ਕੀਤੀ। ਸ਼ੁਰੂ ਤੋਂ ਹੀ ਉਸ ਦੀ ਰੁਚੀ ਬਨਸਪਤੀ ਵਿਗਿਆਨ (Botany) ਵਿੱਚ ਰਹੀ। ਉਸ ਨੇ ਬਨਸਪਤੀ ਵਿਗਿਆਨ ਵਿੱਚ ਬੈਚੂਲਰ ਡਿਗਰੀ ਮਦਰਾਸ ਦੇ ਕੁਈਨ ਮੇਰੀਜ਼ ਕਾਲਜ ਤੋਂ ਹਾਸਿਲ ਕੀਤੀ। 1921 ਈ. ਵਿੱਚ ਉਸ ਨੇ ਪ੍ਰੈਜ਼ੀਡੈਂਸੀ ਕਾਲਜ ਤੋਂ ਇਸੇ ਵਿਸ਼ੇ ਵਿੱਚ ਆਨਰਜ਼ ਡਿਗਰੀ ਹਾਸਿਲ ਕੀਤੀ। ਇਸ ਉਪਰੰਤ ਉਸ ਨੇ ਵੁਮੈਨੈਜ਼ ਕ੍ਰਿਸਚੀਅਨ ਕਾਲਜ, ਮਦਰਾਸ (Women's Christian College, Madras) ਵਿਖੇ ਬਨਸਪਤੀ ਵਿਗਿਆਨ ਦੇ ਪ੍ਰੋਫ਼ੈਸਰ ਵਜੋਂ ਨੌਕਰੀ ਸ਼ੁਰੂ ਕੀਤੀ। ਇਸ ਦੌਰਾਨ ਉਸਨੂੰ ਯੂਨੀਵਰਸਿਟੀ ਆਫ਼ ਮਿਸ਼ੀਗਨ, ਯੂ.ਐਸ.ਏ. ਵਲੋਂ ਗੌਰਵਮਈ 'ਬਾਰਬਰ ਸਕਾਲਰਸ਼ਿਪ' ਦੀ ਪੇਸ਼ਕਸ਼ ਕੀਤੀ ਗਈ ਜਿਸ ਤੇ ਉਹ ਮਿਸ਼ੀਗਨ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਚਲੀ ਗਈ। 1917 ਈ. ਵਿੱਚ ਮਿਸ਼ੀਗਨ ਯੂਨੀਵਰਸਿਟੀ ਵਿੱਚ ਦੁਆਰਾ ਉੱਚਤਮ ਅਕਾਦਮਿਕ ਅਤੇ ਪ੍ਰੋਫੈਸ਼ਨਲ ਯੋਗਤਾ ਵਾਲੀਆਂ ਮਹਿਲਾਵਾਂ ਵਾਸਤੇ ਸ਼ੁਰੂ ਕੀਤਾ ਗਿਆ ਸੀ।) ਉੱਥੋਂ ਉਸ ਨੇ 1925 ਈ. ਵਿੱਚ ਮਾਸਟਰ ਡਿਗਰੀ ਹਾਸਿਲ ਕੀਤੀ।

ਉੱਥੋਂ ਭਾਰਤ ਵਾਪਿਸ ਪਰਤ ਕੇ ਉਸ ਨੇ ਮੁੜ ਵੁਮੈਨੈਜ਼ ਕ੍ਰਿਸਚੀਅਨ ਕਾਲਜ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਪ੍ਰੰਤੂ ਉਚੇਰੀ ਪੜ੍ਹਾਈ ਲਈ ਉਹ ਦੁਬਾਰਾ ਮਿਸ਼ੀਗਨ ਚਲੀ ਗਈ ਜਿੱਥੋਂ ਉਸ ਨੇ 1931 ਈ. ਵਿੱਚ ਡਾਕਟ੍ਰੇਟ ਡਿਗਰੀ ਹਾਸਿਲ ਕੀਤੀ। ਕਿਸੇ ਵਿਦੇਸ਼ੀ ਯੂਨੀਵਰਸਿਟੀ ਤੋਂ ਡਾਕਟ੍ਰੇਟ ਡਿਗਰੀ ਹਾਸਿਲ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਸੀ। ਉੱਥੋਂ ਵਾਪਿਸ ਆ ਕੇ ਉਸ ਨੇ ਸੰਨ 1932 ਤੋਂ 1934 ਤੱਕ ਤ੍ਰਿਵੈਂਦਰਮ ਦੇ ਮਹਾਰਾਜਾ ਕਾਲਜ ਆਫ਼ ਸਾਇੰਸ ਵਿੱਚ ਬਨਸਪਤੀ ਵਿਗਿਆਨ ਦੇ ਪ੍ਰੋਫ਼ੈਸਰ ਵਜੋਂ ਨੌਕਰੀ ਕੀਤੀ।

1900ਵਿਆਂ ਦੇ ਸ਼ੁਰੂ ਵਿੱਚ ਭਾਰਤ ਵਿੱਚ ਗੰਨੇ ਦਾ ਉਤਪਾਦਨ ਤਾਂ ਕੀਤਾ ਜਾਂਦਾ ਸੀ ਪ੍ਰੰਤੂ ਗੰਨੇ ਵਿੱਚ ਮਿਠਾਸ ਐਨੀ ਨਹੀਂ ਸੀ ਹੁੰਦੀ ਜਿੰਨੀ ਕਈ ਹੋਰ ਦੇਸ਼ਾਂ ਵਿੱਚ ਉਗਾਏ ਜਾਣੇ ਵਾਲੇ ਗੰਨੇ ਵਿੱਚ ਸੀ। ਭਾਰਤ ਜ਼ਿਆਦਾ ਮਿਠਾਸ ਵਾਲੇ ਗੰਨੇ ਲਈ ਦੂਜੇ ਦੇਸ਼ਾਂ ਉੱਤੇ ਨਿਰਭਰ ਕਰਦਾ ਸੀ। 1910ਵਿਆਂ ਵਿੱਚ ਅਜ਼ਾਦੀ ਘੁਲਾਟੀਏ ਮਦਨ ਮੋਹਨ ਮਾਲਵੀਆ ਦੁਆਰਾ ਸੁਝਾਓ ਦਿੱਤਾ ਗਿਆ ਕਿ ਭਾਰਤ ਨੂੰ ਗੰਨੇ ਦੀਆਂ ਆਪਣੀਆਂ ਕਿਸਮਾਂ ਦੀ ਮਿਠਾਸ ਵਧਾਉਣ ਲਈ ਖੋਜ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਗੰਨੇ ਦੀ ਗੁਣਵੱਤਾ 'ਚ ਸੁਧਾਰ ਲਿਆਉਣਾ ਚਾਹੀਦਾ ਹੈ। ਦੋ ਵਿਗਿਆਨੀਆਂ ਸੀ.ਏ. ਬਾਰਬਰ ਤੇ ਟੀ.ਐਸ. ਵੈਂਕਟਰਮਨ ਨੇ ਕੋਇੰਬਟੂਰ ਵਿਖੇ ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ ਵਿੱਚ ਗੰਨੇ ਦੀਆਂ ਵੱਖ-ਵੱਖ ਕਿਸਮਾਂ ਦੀ ਕਰਾੱਸ ਬਰੀਡਿੰਗ ਕਰਵਾ ਕੇ ਤਜਰਬੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਸਫ਼ਲਤਾ ਮਿਲੀ। ਪੰਜ ਸਾਲਾਂ ਵਿੱਚ ਹੀ ਭਾਰਤ ਵਿੱਚ ਗੰਨੇ ਦਾ ਉਤਪਾਦਨ ਦੁੱਗਣਾ ਹੋ ਗਿਆ।

ਵੈਂਕਟਰਮਨ ਨੇ Co419 ਵਰਗੀਆਂ ਕੋਇੰਬਟੂਰ ਗੰਨੇ ਦੀਆਂ ਵਿਸ਼ਵ ਪ੍ਰਸਿੱਧ ਕਿਸਮਾਂ ਈਜਾਦ ਕੀਤੀਆਂ ਜੋ ਸੋਕੇ ਅਤੇ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੀਆਂ ਸਨ। ਕੋਇੰਬਟੂਰ ਗੰਨੇ ਦੀਆਂ ਕਿਸਮਾਂ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਉਗਾਈਆਂ ਜਾਣ ਲੱਗੀਆਂ। ਹੋਰ ਦੇਸ਼ਾਂ ਵਿੱਚ ਵੀ ਇਨ੍ਹਾਂ ਨੂੰ ਉਗਾਉਣ ਲਈ ਤਰਜੀਹ ਦਿੱਤੀ ਜਾਣ ਲੱਗੀ ਜਿਨ੍ਹਾਂ ਦੇਸ਼ਾਂ ਦੀ ਮੁੱਖ ਫ਼ਸਲ ਗੰਨਾ ਸੀ। ਅੰਮਾਲ ਨੇ ਵੀ ਤ੍ਰਿਵੈਂਦਰਮ ਤੋਂ ਅਧਿਆਪਨ ਦਾ ਕਿੱਤਾ ਛੱਡ ਕੇ 1934 ਵਿੱਚ ਕੋਇੰਬਟੂਰ ਵਿਖੇ ਸ਼ੂਗਰਕੇਨ ਬਰੀਡਿੰਗ ਇੰਸਟੀਚਿਊਟ ਜੁਆਇਨ ਕਰ ਲਿਆ। ਉਸ ਨੇ ਵੈਂਕਟਰਮਨ ਨਾਲ ਮਿਲ ਕੇ ਖੋਜ ਸ਼ੁਰੂ ਕੀਤੀ ਅਤੇ ਗੰਨੇ ਦੀਆਂ ਵਧੇਰੇ ਮਿਠਾਸ ਵਾਲੀਆਂ ਬਹੁਤ ਸਾਰੀਆਂ ਕਿਸਮਾਂ ਈਜਾਦ ਕੀਤੀਆਂ।


ਅੰਮਾਲ ਨੇ ਗੰਨੇ ਦੇ ਬਹੁਤ ਸਾਰੇ ਹਾਈਬ੍ਰਿਡ ਤਿਆਰ ਕੀਤੇ ਜਿਵੇਂ Saccharum x Zea, Saccharum x Erianthus, Saccharum x Imperata ਅਤੇ Saccharum x Sorghum. ਇਸ ਇੰਸਟੀਚਿਊਟ ਵਿੱਚ ਉਸ ਨੇ ਗੰਨੇ, ਘਾਹ ਅਤੇ ਬਾਂਸ ਦੇ ਹਾਈਬ੍ਰਿਡ ਬਣਾਉਣ ਉੱਤੇ ਅਹਿਮ ਕਾਰਜ ਕੀਤਾ। 1935 ਈ. ਵਿੱਚ ਨੋਬਲ ਪੁਰਸਕਾਰ ਵਿਜੇਤਾ ਭਾਰਤੀ ਵਿਗਿਆਨੀ ਸੀ.ਵੀ. ਰਮਨ ਦੁਆਰਾ ਇੰਡੀਅਨ ਅਕਾਦਮੀ ਆਫ਼ ਸਾਇੰਸਜ਼ ਦੀ ਸਥਾਪਨਾ ਕੀਤੀ ਗਈ। 1935 ਵਿੱਚ ਪਹਿਲੇ ਹੀ ਸਾਲ ਅੰਮਾਲ ਨੂੰ ਉਸ ਦੀ ਰੀਸਰਚ ਫੈਲੋ ਹੋਣ ਦਾ ਮਾਣ ਹਾਸਿਲ ਹੋਇਆ। 1934 ਤੋਂ 1939 ਤੱਕ ਪੰਜ ਸਾਲ ਕੋਇੰਬਟੂਰ ਸਟੇਸ਼ਨ ਵਿੱਚ ਬਤੌਰ ਅਨੁਵੰਸ਼ਿਕੀ ਵਿਗਿਆਨੀ (Geneticist) ਕੰਮ ਕਰਨ ਉਪਰੰਤ ਉਹ 1940 ਵਿੱਚ ਇੰਗਲੈਂਡ ਚਲੀ ਗਈ।

ਉਸ ਦੇ ਇੰਗਲੈਂਡ ਪਹੁੰਚਣ ਤੋਂ 2 ਮਹੀਨੇ ਬਾਅਦ ਹੀ ਇੰਗਲੈਂਡ ਅਤੇ ਜਰਮਨੀ ਵਿਚਾਲੇ ਯੁੱਧ ਛਿੜ ਗਿਆ, ਪ੍ਰੰਤੂ ਉਸ ਦੇ ਇਰਾਦੇ ਡਗਮਗਾਏ ਨਹੀਂ। ਉਸ ਦੀ ਹਿੰਮਤ ਬੇਮਿਸਾਲ ਸੀ। ਕਿਸੇ ਗ਼ੈਰ ਦੇਸ਼ ਵਿੱਚ ਛਿੜੀ ਜੰਗ ਦੌਰਾਨ ਬੇਖ਼ੌਫ਼ ਆਪਣਾ ਖੋਜ ਕਾਰਜ ਜਾਰੀ ਰੱਖਣਾ, ਘੱਟ ਹਿੰਮਤ ਵਾਲਾ ਕੰਮ ਨਹੀਂ ਸੀ। ਸੰਨ 1940 ਤੋਂ 1945 ਤੱਕ ਜਦੋਂ ਜਰਮਨੀ ਦੇ ਜਹਾਜ਼ ਲੰਡਨ ਉੱਤੇ ਬੰਬਾਰੀ ਕਰ ਰਹੇ ਸਨ, ਉਹ ਉੱਥੇ ਬੜੀ ਖਾਮੋਸ਼ੀ ਨਾਲ ਪੌਦਿਆਂ ਦਾ ਅਧਿਐਨ ਕਰ ਰਹੀ ਸੀ। ਇਨ੍ਹਾਂ ਪੰਜ ਸਾਲਾਂ ਦੌਰਾਨ ਉਹ ਲੰਡਨ ਦੇ ਜੌਹਨ ਇਨੈਸ ਹੌਰਟੀਕਲਚਰਲ ਇੰਸਟੀਚਿਊਸ਼ਨ ਵਿੱਚ ਰਹੀ ਜਿੱਥੇ ਉਸ ਨੇ ਬਤੌਰ ਅਸਿਸਟੈਂਟ ਸਾਇਟੋਲੋਜਿਸਟ ਕੰਮ ਕੀਤਾ। 1945 ਤੋਂ 1951 ਤੱਕ ਉਸ ਨੇ ਰਾਇਲ ਹੌਰਟੀਕਲਚਰਲ ਸੋਸਾਇਟੀ, ਵਿਸਲੇ ਵਿਖੇ ਸਾਇਟੋਲੋਜਿਸਟ ਦੇ ਤੌਰ ਤੇ ਕੰਮ ਕੀਤਾ। ਇਸ ਤਰ੍ਹਾਂ ਉਸ ਨੇ ਇੰਗਲੈਂਡ ਵਿੱਚ ਇੱਕ ਦਹਾਕੇ ਤੋਂ ਵੀ ਵਧੇਰੇ ਸਮਾਂ ਬਤੀਤ ਕੀਤਾ ਜਿੱਥੇ ਉਸਨੇ ਅਣਗਿਣਤ ਪੌਦਿਆਂ ਦਾ ਅਧਿਐਨ ਕੀਤਾ। ਉਸ ਨੇ ਪੌਦਿਆਂ ਵਿੱਚ ਕ੍ਰੋਮੋਸੋਮਜ਼ ਦੀ ਗਿਣਤੀ ਦਾ ਅਧਿਐਨ ਕੀਤਾ ਜਿਸ ਨੇ ਭਿੰਨ-ਭਿੰਨ ਪ੍ਰਜਾਤੀਆਂ ਦੇ ਵਿਕਾਸ ਉੱਤੇ ਚਾਨਣਾ ਪਾਇਆ। 1945 ਈ. ਵਿੱਚ ਉਸ ਨੇ ਸੀ.ਡੀ. ਡਾਰਲਿੰਗਟਨ 'ਦ ਕ੍ਰੋਮੋਸੋਮ ਐਟਲਸ ਆਫ਼ ਕਲਟੀਵੇਟਡ ਪਲਾਂਟਸ' ਤਿਆਰ ਕੀਤਾ। ਇਸ ਐਟਲਸ ਵਿੱਚ ਉਸ ਦੁਆਰਾ ਪੌਦਿਆਂ ਦੀਆਂ ਅਣਗਿਣਤ ਪ੍ਰਜਾਤੀਆਂ ਉੱਤੇ ਕੀਤੇ ਗਏ ਖੋਜ ਕਾਰਜਾਂ ਦਾ ਸੰਕਲਨ ਸੀ।

1951 ਈ. ਵਿੱਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੁਆਰਾ ਉਸ ਨੂੰ ਬੋਟੈਨੀਕਲ ਸਰਵੇ ਆਫ਼ ਇੰਡੀਆ (Botanical Survey of India) (B.S.I.) ਵੱਲ ਤਵੱਜੋਂ ਦੇਣ ਲਈ ਨਿੱਜੀ ਪੱਧਰ ਤੇ ਸੱਦਾ ਦਿੱਤਾ ਗਿਆ ਜਿਸ ਤੇ ਉਹ ਭਾਰਤ ਵਾਪਿਸ ਆ ਗਈ। ਇਸ ਤੋਂ ਬਾਅਦ ਉਸ ਨੇ ਵੱਖ-ਵੱਖ ਅਹੁਦਿਆਂ ਉੱਤੇ ਰਹਿੰਦੇ ਹੋਏ ਆਪਣੇ ਦੇਸ਼ ਦੀ ਸੇਵਾ ਕੀਤੀ। ਉਹ ਸੈਂਟਰਲ ਬੋਟੈਨੀਕਲ ਲੈਬੋਰੇਟਰੀ ਐਟ ਅਲਾਹਾਬਾਦ ਦੀ ਇੰਚਾਰਜ ਅਤੇ ਰੀਜਨਲ ਰੀਸਰਚ ਲੈਬੋਰੇ-ਟਰੀ, ਜੰਮੂ ਵਿੱਚ ਆਫ਼ੀਸਰ ਆਨ ਸਪੈਸ਼ਲ ਡਿਊਟੀ ਰਹੀ।

ਰੀਜਨਲ ਰਿਸਰਚ ਲੈਬੋਰੇਟਰੀ ਜੰਮੂ ਦਾ ਨਾਂ ਹੁਣ ਇੰਡੀਅਨ ਇੰਸਟੀਚਿਊਟ ਆਫ਼ ਇੰਟੀਗ੍ਰੇਟਿਵ ਮੈਡੀਸਨ। ਉਸ ਨੇ ਯੂਨੀਵਰਸਿਟੀ ਆਫ਼ ਕਸ਼ਮੀਰ ਵਿੱਚ ਬੌਟਨੀ ਦੀ ਆਨਰੇਰੀ ਪ੍ਰੋਫ਼ੈਸਰ ਦੇ ਤੌਰ ਤੇ ਕੰਮ ਕੀਤਾ। ਥੋੜ੍ਹਾ ਸਮਾਂ ਉਸ ਨੇ ਭਾਬਾ ਐਟੌਮਿਕ ਰੀਸਰਚ ਸੈਂਟਰ ਐਟ ਟਰੌਂਬੇ ਵਿਖੇ ਵੀ ਬਤੌਰ ਸਾਇੰਟਿਸਟ ਕੰਮ ਕੀਤਾ। ਜਾਨਕੀ ਅੰਮਾਲ ਨੇ ਗੰਨਾ, ਐੱਗਪਲਾਂਟ, ਬੈਂਗਨ, ਧਤੂਰਾ ਅਤੇ ਹੋਰ ਬਹੁਤ ਸਾਰੇ ਪੌਦਿਆਂ ਦਾ ਕਮਾਲ ਦਾ ਅਧਿਐਨ ਕੀਤਾ। ਜੰਮੂ ਮਿੰਟ ਵੀ ਉਸੇ ਦੀ ਇੱਕ ਅਹਿਮ ਦੇਣ ਹੈ।

1956 ਈ. ਵਿੱਚ ਯੂਨੀਵਰਸਿਟੀ ਆਫ਼ ਮਿਸ਼ੀਗਨ ਨੇ ਉਸ ਨੂੰ ਐਲ.ਐਲ.ਡੀ. ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। 1957 ਵਿੱਚ ਉਹ ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਦੀ ਫੈਲੋਸ਼ਿਪ ਲਈ ਚੁਣੀ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ। 1977 ਈ. ਵਿੱਚ ਭਾਰਤ ਸਰਕਾਰ ਨੇ ਉਸ ਨੂੰ ਪਦਮ ਸ਼੍ਰੀ ਨਾਲ ਨਿਵਾਜਿਆ। ਨਵੰਬਰ, 1970 ਵਿੱਚ



ਉਹ ਮਦਰਾਸ ਆ ਗਈ, ਜਿੱਥੇ ਉਸ ਨੇ ਮਦਰਾਸ ਯੂਨੀਵਰਸਿਟੀ ਦੇ ਸੈਂਟਰ ਫਾਰ ਐਡਵਾਂਸਡ ਸਟੱਡੀ ਇਨ ਬੌਟਨੀ ਵਿੱਚ ਇੱਕ ਏਮੈਰਿਟਸ ਸਾਇੰਟਿਸਟ ਦੇ ਤੌਰ ਤੇ ਕੰਮ ਕੀਤਾ। ਏਮੈਰਿਟਸ ਤੋਂ ਭਾਵ ਹੈ ਸੇਵਾਮੁਕਤ ਹੋਣ ਤੋਂ ਬਾਅਦ ਵੀ ਆਨਰੇਰੀ ਟਾਈਟਲ ਰੱਖਣ ਦੀ ਇਜਾਜ਼ਤ ਹੋਣਾ ਜੋ ਸੇਵਾ ਕਾਲ ਦੌਰਾਨ ਰਿਹਾ ਹੋਵੇ। ਰਿਟਾਇਰਮੈਂਟ ਤੋਂ ਬਾਅਦ ਵੀ ਉਹ ਨਿਰੰਤਰ ਵਿਗਿਆਨਿਕ ਖੋਜ ਕਾਰਜਾਂ ਵਿੱਚ ਰੁੱਝੀ ਰਹੀ ਅਤੇ ਆਪਣੀਆਂ ਮੌਲਿਕ ਖੋਜ ਪ੍ਰਾਪਤੀਆਂ ਨੂੰ ਪ੍ਰਕਾਸ਼ਿਤ ਕਰਵਾਉਂਦੀ ਰਹੀ। 1934-38 ਦਰਮਿਆਨ ਉਹ ਬੋਟੈਨੀਕਲ ਸੋਸਾਇਟੀ ਆਫ਼ ਇੰਡੀਆ ਦੀ ਸਕੱਤਰ ਅਤੇ 1960 ਵਿੱਚ ਇਸ ਦੀ ਪ੍ਰੈਜ਼ੀਡੈਂਟ ਰਹੀ। 1956-61 ਦਰਮਿਆਨ ਉਹ ਇੰਡੀਅਨ ਅਕਾਡਮੀ ਆਫ਼ ਸਾਇੰਸਜ਼

(ਬਾਕੀ ਅਗਲੇ ਸਫੇ 'ਤੇ)

# ਇਤਿਹਾਸ ਨੂੰ ਸਮੋਈ ਬੈਠਾ ਪਿੰਡ ਦੰਦਰਾਲਾ ਢੀਂਡਸਾ

(ਸਫਾ 27 ਦੀ ਬਾਕੀ)

ਵੀ ਮਾਰਿਆ ਗਿਆ,ਜੋ ਉਨ੍ਹਾਂ ਕੋਲੋਂ ਨਹੀਂ ਦਿੱਤਾ ਗਿਆ। ਉੱਭ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ।ਪੰਜਾਬੀ ਸਭਿਆਚਾਰ ਦੀ ਨਿਸਾਨੀ ਪੱਖੀਆਂ ਨੂੰ ਦੂਰ ਦੂਰ ਤੱਕ ਪੰਹੁਚਾਉਣ ਵਾਲੇ ਸਵ: ਸ਼੍ਰ. ਸ਼ੇਰ ਸਿੰਘ ਟੇਲਰ ਮਾਸਟਰ ਵਲੋਂ ਪੱਖੀਆਂ ਦੀਆਂ ਬਣਾਈਆਂ ਝਾਲਰਾਂ ਅੱਜ ਵੀ ਯਾਦ ਕੀਤੀਆਂ ਜਾਂਦੀਆਂ ਹਨ ਜੋ ਕਿ ਨਿ-ਵੇਕਲੀ ਦਿੱਖ ਵਾਲੀਆਂ ਹੁੰਦੀਆਂ ਸਨ।ਪਿੰਡ ਦੀਆਂ ਕੁੜੀਆਂ ਦੇ ਵਿਆਹ ਸਮੇਂ ਦਾਜ ਵਿੱਚ ਇਹ ਪੱਖੀਆਂ ਜਰੂਰ ਹੁੰਦੀਆਂ ਅਤੇ ਉਨ੍ਹਾਂ ਦੀਆਂ ਨਣਦਾਂ ਇਨ੍ਹਾਂ ਝਾਲਰਾਂ ਨੂੰ ਦੇਖਕੇ ਆਪਣੇ ਲਈ ਵੀ ਇਥੋਂ ਹੀ ਪੱਖੀਆਂ ਦੀਆਂ ਝਾਲਰਾਂ ਲਵਾਉਂਦੀਆਂ।ਪਿੰਡ ਦੇ ਸਵ: ਜਨਾਬ ਸੂਬੀਆ ਖਾਂ ਪਿੰਡ ਦੇ ਹਰੇਕ ਪ੍ਰੋਗਰਾਮ ਦੀ ਰੋਣਕ ਹੁੰਦਾ ਸੀ, ਜਿਸ ਨੇ ਸਿੱਖੀ ਪਹਿਰਾਵਾ ਰੱਖਿਆ ਹੋਇਆ ਸੀ, ਉਸ ਨੂੰ ਸਾਰੇ ਪਿੰਡ ਦੇ ਪ੍ਰੋਗਰਾਮਾਂ 'ਚ ਉਸ ਕੋਲ ਰੱਖੇ ਚਿਮਨੀ ਵਾਲੇ ਗੈਸਾਂ ਨਾਲ ਰੋਸ਼ਨੀ ਕਰਨ ਲਈ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਜਾਂਦਾ ਸੀ, ਜਿਸ ਨਾਲ ਦੀਵੇ,ਲਾਲਟੈਣ ਦੀ ਰੋਸ਼ਨੀ ਦੀ ਥਾਂ ਬਿਜਲੀ ਦੇ ਲਾਟੂ ਦਾ ਭੁਲੇਖਾ ਪਾਉਂਦੀ ਰੋਸ਼ਨੀ ਚਾਰੇ ਪਾਸੇ ਚਾਨਣ ਦੀਆਂ ਤਰੰਗਾਂ ਬਿਖਾਰ ਕੇ ਮਾਹੌਲ ਨੂੰ ਸੁਹਾਵਨਾ ਬਣਾ ਦਿੰਦੀ।ਵੱਡਿਆਂ ਨੂੰ ਮਾਮਾ ,ਮਾਮੀ ਕਹਿ ਕੇ ਬਲਾਉਣ ਵਾਲਾ ਤੇਲੀਆਂ ਦਾ ਬਿੱਲਾ ਸੱਦਾ ਮਿਲਣ ਤੇ ਹਰੇਕ ਦੇ ਵਿਆਹ ਜਾਂ ਖੁਸ਼ੀ ਦੇ ਸਮਾਗਮਾਂ 'ਚ ਕਿੰਨੇ ਦਿਨ ਪਹਿਲਾਂ ਹੀ ਚਾਅ ਨਾਲ ਕੰਮ ਕਰਨ ਲੱਗ ਜਾਂਦਾ ਹੈ,ਜਿਸ ਦੇ ਬਿਨ੍ਹਾਂ ਰੌਣਕ ਅਧੂਰੀ ਹੁੰਦੀ ਆ।ਗਰੀਬੀ ਨੂੰ ਹੰਢਾਉਂਦਿਆਂ ਹੱਥ ਖੱਡੀ ਦਾ ਕੰਮ ਕਰਕੇ ਜੁਲਾਹਾ ਸਿੱਖ ਪਰਿਵਾਰ ਦੇ ਸਵ: ਸ਼੍ਰ.ਗੁਰਦਿੱਤ ਸਿੰਘ ਨੇ ਆਪਣੇ ਬੱਚਿਆਂ ਨੂੰ ਜੋ ਸਲੀਕੇ ਨਾਲ ਪਰਵਰਿਸ਼ ਕੀਤੀ,ਜਿਸ ਕਰਕੇ ਅੱਜ ਸਾਰੇ ਬੇਟੇ ਬੇਟੀਆਂ ਆਪਣੇ ਘਰੇ ਚੰਗੇ ਸਹਿਰਾਂ 'ਚ ਸੈਟ ਹਨ।ਉਨ੍ਹਾਂ ਦੇ ਵੱਡੇ ਬੇਟੇ ਸ਼੍ਰ. ਸੁਖਦਰਸ਼ਨ ਸਿੰਘ ਨੇ ਪਹਿਲਾਂ ਸਿੱਖਿਆ ਵਿਭਾਗ ਵਿੱਚ ਬਤੌਰ ਲੈਕਚਰਾਰ ਪੜ੍ਹਾਇਆ ਪਰ ਫਿਰ ਉਨ੍ਹਾਂ ਅਗਸਤ1978 ਵਿੱਚ ਜਿਲ੍ਹੇ ਦੇ ਨਹਿਰੂ ਯੁਵਕ ਕੇਂਦਰ ਦੇ ਕੋਆਰਡੀਨੇਟਰ ਵਜੋਂ ਪਹਿਲਾਂ ਡੇਪੂਟੇਸ਼ਨ ਤੇ ਕੰਮ ਕੀਤਾ ਅਤੇ ਬਾਅਦ 'ਚ ਪੱਕੇ ਤੌਰ ਤੇ ਕਲਾਸ ਵਨ ਕਾਡਰ 'ਚ ਨਿਯੁਕਤੀ ਹੋ ਗਈ ਅਤੇ ਉਨ੍ਹਾਂ ਜਿਲ੍ਹਾ ਰੋਪੜ ਵਿੱਚ ਆਪਣੀਆਂ ਵਧੀਆਂ ਸੇਵਾਵਾਂ ਨਿਭਾ ਕੇ ਰਾਸ਼ਟਰੀ ,ਨੈਸ਼ਨਲ ਅਵਾਰਡ ਅਤੇ ਹੋਰ ਬਹੁਤ ਸਾਰੇ ਸਨਮਾਨ ਪ੍ਰਾਪਤ ਕਰਕੇ ਜਿਲ੍ਹੇ ਅਤੇ ਆਪਣੇ ਪਿੰਡ ਦਾ ਨਾਂ ਉੱਚਾ ਕੀਤਾ। ਸਵ: ਪੰਡਿਤ ਛੱਜੂ ਰਾਮ ਦੀ ਭਾਵੇਂ ਚੇਚਕ ਦੀ ਭੈੜੀ ਬਿਮਾਰੀ ਕਾਰਨ ਬਚਪਨ 'ਚ ਹੀ ਅੱਖਾਂ ਦੀ ਰੋਸ਼ਨੀ ਚਲੀ ਗਈ ਪਰ ਉਹ ਪਿੰਡ ਦੇ ਹਰੇਕ ਘਰ, ਥਾਂ , ਆਦਿ ਤੱਕ ਆਪਣੀ ਡੰਗੋਰੀ ਦੇ ਸਹਾਰੇ ਟੋਹ ਟੋਹ ਕੇ ਸਹੀ ਠਿਕਾਣੇ ਤੇ ਪੁੱਜ ਜਾਂਦੇ।ਬਿਨ੍ਹਾਂ ਮੋਨ ਗੋਰੇ ਖੂਹ ਦੇ ਕੋਲੋਂ ਲੰਘ ਕੇ ਖੇਤਾਂ ਵਿੱਚ ਜੰਗਲ ਪਾਣੀ ਹੋਣ ਲਈ ਖਾਲ ਦੀਆਂ ਵੱਟਾਂ ਤੋਂ ਜਾਣਾ ਉਨ੍ਹਾਂ ਦੇ ਅੰਦਰਲੇ ਪਾਰਖੂ ਜਜ਼ਬੇ ਕਾਰਨ ਹੀ ਸੰਭਵ ਸੀ।ਉਹ ਵੱਡੇ ਵੱਡੇ ਸ਼ਹਿਰਾਂ 'ਚ ਕੰਮਾਂ ਲਈ ਆਪਣੀ ਡੰਗੋਰੀ ਸਦਕਾ ਚਲੇ ਜਾਂਦੇ ਸੀ।ਉਨ੍ਹਾਂ ਦਾ ਦਿਮਾਗੀ ਤੌਰ ਤੇ ਕੰਮ ਕਰਨਾ ਆਮ ਬੰਦੇ ਦੀ ਪਹੁੰਚ 'ਚ ਨਹੀਂ ਸੀ, ਉਹ ਰੇਡੀਉ ਤੱਕ ਠੀਕ ਕਰ ਦਿੰਦੇ ਸੀ।ਉਹ ਹਰੇਕ ਦੀ ਆਵਾਜ਼ ਪਹਿਚਾਣ ਕੇ ਉਸ ਨੂੰ ਬਲਾਉਣਾ ਉਨ੍ਹਾਂ ਦੀ ਪਿੰਡ ਨਿਵਾਸੀਆਂ ਨਾਲ ਮੋਹ ਪਿਆਰ ਦੀ ਨਿਸਾਨੀ ਸੀ। ਭਾਵੇਂ ਸੀਰੀ ਸਾਂਝੀਆਂ ਦਾ ਸਮਾਂ ਬੜਾ ਵਧੀਆ ਹੁੰਦਾ ਸੀ ਆਪਸੀ ਸਾਝਾਂ ਦਿਲੋਂ ਹੁੰਦੀਆਂ ਸਨ ਪਰ ਸਮੇਂ ਦੇ ਦੌਰ ਨਾਲ ਇਨ੍ਹਾਂ ਪਰਿਵਾਰਾਂ ਦੀਆਂ ਤਰੱਕੀਆਂ ਵੀ ਖੁਸ਼ੀ ਵਾਲੀ ਗੱਲ ਹੈ।

ਆਜ਼ਾਦੀ ਤੋਂ ਬਾਦ ਪਿੰਡ ਦੇ ਪਹਿਲੇ ਸਰਪੰਚ ਸਵ:ਸ਼੍ਰੀ ਰਲਾ ਰਾਮ ਬਣੇ,ਫਿਰ ਸ਼੍ਰ. ਹਰੀ ਸਿੰਘ, ਫਿਰ ਸ਼੍ਰ. ਸਵ:ਸ਼੍ਰ. ਲਾਭ ਸਿੰਘ ਲੰਬਾ ਸਮਾਂ ਸਰਪੰਚ ਅਤੇ ਨੰਬਰਦਾਰ ਰਹੇ,ਉਨ੍ਹਾਂ ਦੇ ਸਪੁੱਤਰ ਸਵ:ਜਰਨੈਲ ਸਿੰਘ ਵੀ ਸਰਪੰਚ ਅਤੇ ਨੰਬਰਦਾਰ ਰਹੇ ਜਿਨ੍ਹਾਂ ਦੀ ਸਰਪੰਚੀ ਦੋਰਾਨ ਅਚਾਨਕ ਮੌਤ ਹੋਣ ਕਾਰਨ ਪੰਚਾਇਤ ਮੈਂਬਰ ਸ਼੍ਰ. ਭਜਨ ਸ਼ਿੰਘ ਨੂੰ ਸਰਪੰਚੀ ਦੀਆਂ ਸ਼ਕਤੀਆਂ ਮਿਲਣ ਕਾਰਨ ਰਹਿੰਦੇ ਸਮੇਂ ਸਮੇਂ ਲਈ ਉਨ੍ਹਾਂ ਸਰਪੰਚੀ ਕੀਤੀ ।ਸ਼੍ਰ.ਜਰਨੈਲ ਸਿੰਘ ਦੇ ਸਪੁੱਤਰ ਕਾਕਾ ਯਾਦਵਿੰਦਰ ਸਿੰਘ ਹੁਣ ਨੰਬਰਦਾਰ ਹਨ।ਪਿੰਡ ਦੀਆਂ ਪ੍ਰਮੁੱਖ ਸਖਸ਼ੀਅਤਾਂ ਸ਼੍ਰ. ਦਲੀਪ ਸਿੰਘ ਤਹਿਸੀਲਦਾਰ,ਉਨ੍ਹਾਂ ਦੇ ਭਰਾ ਸ਼੍ਰ. ਗੁਰਦਿਆਲ ਸਿੰਘ ਅਤੇ ਸ਼੍ਰ. ਅਮਰੀਕ ਸਿੰਘ ਖਜਾਨਾ ਅਫਸਰ, ਸ਼੍ਰ. ਸੁੱਚਾ ਸਿੰਘ ਮਾਸਟਰ,ਉਨ੍ਹਾਂ ਦੇ ਭਰਾ ਕੈਪਟਨ ਜੰਗੀਰ ਸਿੰਘ ਅਤੇ ਸ਼੍ਰ. ਜੋਗਿੰਦਰ ਸਿੰਘ ਸਿੱਖ, ਸਵ: ਸ਼੍ਰ. ਕਰਤਾਰ ਸਿੰਘ ਢੀਂਡਸਾ ਉਨ੍ਹਾਂ ਦੇ ਭਰਾ ਸਵ: ਸ਼੍ਰ. ਬਹਾਦਰ ਸਿੰਘ ਢੀਂਡਸਾ ਦੋਵਾਂ ਨੇ ਮਿਲਟਰੀ ਸੇਵਾਵਾਂ ਤੋਂ ਬਾਅਦ ਸਿਵਲ ਪ੍ਰਸ਼ਾਸਨ 'ਚ ਸੇਵਾ ਨਿਭਾਈ,ਉਨ੍ਹਾਂ ਦੇ ਪਰਿਵਾਰ ਵੀ ਨਾਭਾ ਵਿਖੇ ਲੰਬੇ ਸਮੇਂ ਤੋਂ ਆ ਚੁੱਕੇ ਹਨ ।ਲਾਲਾ ਪੋਲੋ ਰਾਮ ਅਤੇ ਬਲੀ ਰਾਮ ਦੇ ਪਰਿਵਾਰ ਕਾਫੀ ਸਮਾਂ ਪਹਿਲਾਂ ਨਾਭੇ ਆ ਚੁੱਕੇ ਸਨ।ਪਟਿਆਲਾ ਗੇਟ ਇਨ੍ਹਾਂ ਦੇ ਪਰਿਵਾਰ ਨੇ 'ਬਲੀ ਰਾਮ ਅਤੇ ਰਾਮਜੀ ਦਾਸ ਦੇ ਨਾਂ ਤੇ ਪੈਟਰੋਲ ਪੰਪ ਲੰਬਾ ਸਮਾਂ ਚਲਾਇਆ।ਹੈਡਮਾਸਟਰ ਸ਼੍ਰ. ਇੰਦਰ ਸਿੰਘ ਢੀਂਡਸਾ, ਸਵ :ਮਿ: ਜੋਗਿੰਦਰ ਸਿੰਘ ਦੇ ਪਰਿਵਾਰ ਵੀ ਨਾਭੇ ਚਿਰਾਂ ਤੋਂ ਆ ਚੁੱਕੇ ਹਨ।ਸਾਬਕਾ ਸਰਪੰਚ ਸ਼੍ਰ. ਸਕਿੰਦਰ ਸਿੰਘ ਢੀਂਡਸਾ, ਡਾ:ਗੁਰਬਚਨ ਸਿੰਘ, ਸ਼੍ਰ. ਅਜੀਤ ਸਿੰਘ ਰਿਟਾ: ਬੀ.ਡੀ.ਪੀ.ਓ.,ਉਨ੍ਹਾਂ ਦੇ ਬੇਟੇ ਹਰਵੀਰ ਸਿੰਘ ਢੀਂਡਸਾ, ਸਵ: ਸ਼੍ਰ. ਕ੍ਰਿਪਾਲ ਸਿੰਘ ਗ੍ਰਾਮਸੇਵਕ ਦੇ ਬੇਟੇ ਸੁਖਚੈਨ ਸਿੰਘ ਢੀਂਡਸਾ (ਰਿਟਾਇਰਡ ਡਿਪਟੀ ਜਰਨਲ ਮਨੈਜਰ ਮੰਡੀ ਬੋਰਡ),ਸ਼੍ਰ. ਅਮਰਜੀਤ ਸਿੰਘ (ਰਿਟਾ:ਵਣ ਰੇਂਜ ਅਫਸਰ),ਰਮੇਸ਼ਇੰਦਰ ਸ਼ਰਮਾ ਰਿਟਾ:ਚੀਫ ਮਨੈਜਰ,( ਪੰਜਾਬ ਨੈਸ਼ਨਲ ਬੈਂਕ),ਰਵਿੰਦਰ ਸਿੰਘ ਢੀਂਡਸਾ (ਈ.ਟੀ.ਓ.) ,ਸ਼੍ਰ. ਦਵਿੰਦਰ ਸਿੰਘ ਪੁਲਿਸ ਇੰਸਪੈਕਟਰ,ਸ਼੍ਰ. ਚੰਦ ਸਿੰਘ (ਰਿਟਾ: ਬੀ.ਡੀ.ਪੀ.ਓ.),ਸ਼੍ਰ. ਹਰਮਿੰਦਰ ਸਿੰਘ ਗੋਗੀ, ਸ਼੍ਰ. ਰਣਜੀਤ ਸਿੰਘ ਢੀਂਡਸਾ (ਪ੍ਰਾਪਰਟੀ ਡੀਲਰ),ਸ਼੍ਰ. ਭਜਨ ਸਿੰਘ ਸਾਬਕਾ ਮੈਂਬਰ,ਸ਼੍ਰ. ਸਕਿੰਦਰ ਸਿੰਘ ਢੀਂਡਸਾ ਆੜ੍ਹਤੀ, ਸਵ: ਸ਼੍ਰ. ਸਰਬਨ ਸਿੰਘ ਝੱਜ ,ਸ਼੍ਰ. ਰਣਜੀਤ ਸਿੰਘ (ਸਾਬਕਾ ਸਰਪੰਚ),ਸ਼੍ਰ.ਦਰਸ਼ਨ ਸ਼ਿੰਘ ਨੰਬਰਦਾਰ,ਸ਼੍ਰ.ਕੁਲਦੀਪ ਸਿੰਘ ਨੰਬਰਦਾਰ ਸਵ:.ਸ਼੍ਰੀ. ਰਾਮਕਿਸ਼ਨ ਨੰਬਰਦਾਰ, ਸ਼੍ਰੀ ਚੇਤ ਰਾਮ ਰਿਟਾ: ਬੀ.ਪੀ.ਈ.ਓ.,ਲੈਕਚਰਾਰ ਤੇਜਾ ਸਿੰਘ, ਮਾਸਟਰ ਮੇਜਰ ਸਿੰਘ ਢੀਂਡਸਾ, ਸ਼੍ਰੀ ਚਮਕੌਰ ਚੰਦ ਵਰਮਾ ਰਿਟਾ: ਸੀ.ਐਚ.ਟੀ., ਸ਼੍ਰੀ ਲਛਮਣ ਦਾਸ ਰਿਟਾ: ਸੀ.ਐਚ.ਟੀ.,ਮਾਸਟਰ ਗੁਰਜੰਟ ਸਿੰਘ ਜਿਨ੍ਹਾਂ ਦਾ ਬੇਟਾ ਮਨਪ੍ਰੀਤ ਸਿੰਘ ਸਕੱਤਰ,ਮਾਰਕੀਟ ਕਮੇਟੀ ਡਿਊਟੀ ਨਿਭਾ ਰਿਹਾ ਹੈ , ਸ਼੍ਰ. ਰਣਧੀਰ ਸਿੰਘ ਢੀਂਡਸਾ ਸਾ: ਪ੍ਰਧਾਨ ਯੂਥ ਕਲੱਬ,ਸਵ: ਪੰ: ਧਰਮ ਪਾਲ ਦੇ ਸਪੁੱਤਰ ਮਾਸਟਰ ਤੇਜਿੰਦਰ ਭਾਰਦਵਾਜ,ਸ਼੍ਰ. ਸੁਖਪਾਲ ਸਿੰਘ ਢੀਂਡਸਾ ,ਮਿਲਟਰੀ ਸੇਵਾਵਾਂ ਵਿੱਚ ਕੈਪਟਨ ਹਮੀਰ ਸਿੰਘ, ਸਵ: ਸੂਬੇਦਾਰ ਗੁਰਮੇਲ ਸਿੰਘ,ਸਵ: ਸੂਬੇਦਾਰ ਮਹਿੰਦਰ ਸਿੰਘ ,ਸਵ: ਸੂਬੇਦਾਰ ਤੇਜਾ ਸਿੰਘ, ਸਾਮਲ ਹਨ। ਸਵ:ਸ਼੍ਰ. ਭਗਤ ਸਿੰਘ ਝੱਜ ਸਾਬਕਾ ਸਰਪੰਚ, ਸਵ: ਸ਼੍ਰੀਮਤੀ ਅਮਰ ਕੌਰ ਸਾਬਕਾ ਸਰਪੰਚ, ਸ਼੍ਰੀਮਤੀ ਮਨਪ੍ਰੀਤ ਕੌਰ ਸਾਬਕਾ ਸਰਪੰਚ ਆਦਿ ਪ੍ਰਮੁੱਖ ਸਖਸ਼ੀਅਤਾਂ ਹਨ।ਪਿੰਡ ਦੀਆਂ ਦਲੇਰ ਹੋਣਹਾਰ ਕੁੜੀਆਂ ਰਜਿੰਦਰ ਕੌਰ ਪ੍ਰੁੱਤਰੀ ਸ਼੍ਰ.ਬਲਵੀਰ ਸਿੰਘ ਅਤੇ ਕੁਲਦੀਪ ਕੌਰ ਪੁੱਤਰੀ ਸ਼੍ਰ. ਗੁਰਬਚਨ ਸਿੰਘ ਪੁਲਿਸ ਵਿਭਾਗ ਵਿੱਚ ਸੇਵਾ ਨਿਭਾ ਰਹੀਆਂ ਹਨ ਜੋ ਕਿ ਹੁਣ ਤੱਕ ਕੁੜੀਆਂ ਨੂੰ ਚਿੜੀਆਂ ਕਹਿਣ ਵਾਲਿਆਂ ਨੂੰ ਜਰੂਰ ਸੋਚ ਬਦਲਣ ਲਈ ਮਜਬੂਰ ਕਰਨਗੀਆਂ।



ਪਿੰਡ ਦੇ ਉਸ ਸਮੇਂ ਦੇ ਮਿਹਨਤੀ, ਇਮਾਨਦਾਰ ਸਰਪੰਚ ਸ਼੍ਰ. ਲਾਭ ਸਿੰਘ ਅਤੇ ਸਮੂਹ ਪੰਚਾਇਤ ਮੈਂਬਰਾਂ ਨੇ ਚੰਡੀਗੜ੍ਹ ਗੇੜੇ ਮਾਰ ਮਾਰ ਕੇ ਪਿੰਡ ਲਈ ਫੋਕਲ ਪੁਆਇੰਟ ਮੰਜੂਰ ਕਰਵਾਇਆ ਜਿਸ ਦਾ 7 ਮਾਰਚ 1978 ਨੂੰ ਉਸ ਸਮੇਂ ਦੀ ਅਕਾਲੀ ਸਰਕਾਰ ਦੇ ਮੰਤਰੀ ਸ਼੍ਰ: ਆਤਮਾ ਸਿੰਘ ਨੇ ਨੀਂਹ ਪੱਥਰ ਰੱਖਿਆ ,ਜਿਸ ਨਾਲ ਪਿੰਡ ਨੂੰ ਕਾਫੀ ਸਹੂਲਤਾਂ ਮਿਲੀਆਂ ਪਰ ਜੋ ਟੀਚਾ ਸਰਕਾਰ ਨੇ ਵਿਕਾਸ ਦਾ ਮਿਥਿਆ ਸੀ ਉਹ ਪੂਰਾ ਨਹੀਂ ਹੋ ਸਕਿਆ। ਪਿੰਡ ਵਿੱਚ ਲੋਕਾਂ ਦੀ ਸਹੂਲਤ ਲਈ ਦੋ ਬੈਂਕ, ਕੋ-ਅਪ੍ਰੇਟਿਵ ਸੋਸਾਇਟੀ, ਏ ਟੀ ਐਮ, ਡਿਸਪੈਂਸਰੀ,ਪਸ਼ੂ ਹਸਪਤਾਲ,ਸੀਜ਼ਨਲ ਅਨਾਜ ਮੰਡੀ,ਪੁਲਿਸ ਚੌਂਕੀ ਹਨ।

ਸੁਵਿਧਾ ਕੇਂਦਰ ਵੀ ਤਿਆਰ ਹੈ,ਪਰ ਬੰਦ ਪਿਆ ਹੈ।ਪਿੰਡ ਨੂੰ ਬਸ ਸਹੂਲਤ ਬਹੁਤੀ ਵਧੀਆ ਨਹੀਂ।ਬੱਚਿਆਂ ਦੀ ਵਿੱਦਿਆ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ ਭਾਵੇਂ ਸਕੂਲ 1995 ਨੂੰ ਅਪਗਰੇਡ ਹੋ ਗਿਆ ਸੀ ਪਰ ਪ੍ਰਿੰਸੀਪਲ ਦੀ ਅਸਾਮੀ ਪੱਕੇ ਤੌਰ ਤੇ ਨਾ ਭਰਨ ਕਾਰਣ ਤਕਰੀਬਨ 15 ਸਾਲਾਂ ਤੱਕ ਸੀਨੀਅਰ ਲੈਕਚਰਾਰ ਵਲੋਂ ਹੀ ਸਕੂਲ ਮੁੱਖੀ ਦੀ ਜਿੰ-ਮੇਵਾਰੀ ਨਿਭਾਈ ਗਈ। ਪ੍ਰਿੰਸੀਪਲ ਸ਼੍ਰ. ਸਾਧੂ ਸਿੰਘ ਦੇ 17 ਫਰਵਰੀ 2010 ਨੂੰ ਆਉਣ ਤੋਂ ਉਨ੍ਹਾਂ ਦੀ 30 ਸਤੰਬਰ 2017 ਨੂੰ ਸੇਵਾ ਮੁਕਤੀ ਤੱਕ ਸਕੂਲ ਦਾ ਕਾਫੀ ਵਿਕਾਸ ਹੋਇਆ ਹੈ।ਉਨ੍ਹਾਂ ਨੇ ਆਪਣੇ ਮਿੱਤਰ ਦੇ ਸਹਿਯੋਗ ਨਾਲ ਦਾਨੀ ਸੱਜਣ ਗੁਰਪ੍ਰੀਤ ਸਿੰਘ ਢੀਂਡਸਾ ( ਕਨੇਡਾ) ਤੋਂ ਵਿੱਤੀ ਮਦਦ ਲੈ ਕੇ ਸਕੂਲ ਦਾ ਪਹਿਲਾ ਮੈਗਜ਼ੀਨ ਪ੍ਰਕਾਸ਼ਿਤ ਕਰਕੇ ਬੱਚਿਆਂ ਨੂੰ ਵੰਡਿਆ,ਜੋ ਕਿ ਉਨ੍ਹਾਂ ਦੇ ਪਿਤਾ ਸਵ: ਲਾਭ ਸਿੰਘ ਨੰਬਰਦਾਰ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ।ਪਿੰਡ ਦੇ ਸਕੂਲ ਨੂੰ ਇਹੋ ਜਿਹੇ ਪਿੰਡ ਦੇ ਦਾਨੀ ਸੱਜਣਾਂ ਦੇ ਸਹਿਯੋਗ ਦੀ ਲੋੜ ਹੈ।ਹੁਣ ਪ੍ਰਿੰਸੀਪਲ ਸ਼੍ਰੀਮਤੀ ਅਰਚਣਾ ਗੋਇਲ ਨੇ ਬੜੇ ਵਧੀਆ ਢੰਗ ਨਾਲ ਸਕੂਲ 'ਚ ਕੈਮਰੇ ਲਗਾ ਕੇ ਅਨੁਸ਼ਾਸਨ ਨੂੰ ਕਾਇਮ ਰੱਖਿਆ ਹੋਇਆ ਹੈ।ਉਨ੍ਹਾਂ ਨੇ ਸਕੂਲ ਦੀ ਦਿੱਖ ਸਮਾਰਟ ਸਕੂਲ ਵਰਗੀ ਬਣਾ ਦਿੱਤੀ ਹੈ।ਇਸੇ ਕਰਕੇ ਪਿੰਡ 'ਚ ਕੋਈ ਪ੍ਰਾਈਵੇਟ ਸਕੂਲ ਖੋਲ੍ਹਣ ਲਈ ਹੀਆ ਨਹੀਂ ਕਰ ਸਕਿਆ।ਸਕੂਲ ਅੰਦਰ ਸਾਇੰਸ, ਆਰਟਸ ,ਵੋਕੇਸਨਲ ਅਤੇ ਕਮਰਸ ਗਰੁੱਪ ਚਲ ਰਹੇ ਹਨ,ਵੋਕੇਸਨਲ ਲੈਕਚਰਾਰ ਨਾ ਹੋਣ ਕਾਰਨ ਇਹ ਗਰੁੱਪ ਨਹੀਂ ਚਲ ਰਿਹਾ। ਇਥੇ ਦੀਆਂ ਸਰਕਾਰਾਂ ਦੀਆਂ ਨੀਤੀਆਂ ਦੇ ਸਤਾਏ ਪਿੰਡ ਦੇ ਨੌਜਵਾਨ ਮੁੰਡੇ ਕੁੜੀਆਂ ਪਿਛਲੇ ਸਾਲਾਂ ਤੋਂ ਤੇਜ਼ੀ ਨਾਲ ਵਿਦੇਸ਼ਾਂ ਵਿੱਚ ਉੱਚ ਵਿੱਦਿਆ ਅਤੇ ਰੁਜ਼ਗਾਰ ਲਈ ਜਾ ਰਹੇ ਹਨ। ਮੇਰਾ ਦੋਸਤ ਗੁਰਪ੍ਰੀਤ ਸਿੰਘ ਢੀਂਡਸਾ ਜੋ ਪਿਛਲੇ ਤਕਰੀਬਨ 34 ਸਾਲਾਂ ਤੋਂ ਕੇਨੇਡਾ ਦੇ ਸਰੀ ਸ਼ਹਿਰ 'ਚ ਰਹਿ ਰਹਿਆ ਹੈ, ਉਸੇ ਸ਼ਹਿਰ 'ਚ ਪਿੰਡ ਦੇ ਤਕਰੀਬਨ 16 ਬੱਚੇ ਪੜ੍ਹਾਈ ਕਰਨ ਗਏ ਹੋਏ ਹਨ ।ਬਾਕੀ ਸ਼ਹਿਰਾਂ ਅਤੇ ਦੇਸ਼ਾਂ 'ਚ ਜੋ ਗਏ ਨੇ, ਉਹ ਕਈ ਗੁਣਾਂ ਜ਼ਿਆਦਾ ਹਨ। ਕੋਈ ਹੀ ਘਰ ਬਚਿਆ ਹੋਵੇਗਾ ਜਿਸ ਦਾ ਕੋਈ ਮੈਂਬਰ ਬਾਹਰਲੇ ਦੇਸ਼ ਨਾ ਗਿਆ ਹੋਵੇ।

ਮੌਜੂਦਾ ਸੱਤ ਵਾਰਡਾਂ ਵਾਲੀ ਪੰਚਾਇਤ ਵਿੱਚ ਗੁ-ਰੁਦੁਆਰਾ ਕਮੇਟੀ ਦੇ ਪ੍ਰਧਾਨ ਸ਼੍ਰ. ਭਗਵਾਨ ਸਿੰਘ ਦੀ ਸੁੱਪਤਨੀ ਸ਼੍ਰੀਮਤੀ ਹਰਜਿੰਦਰ ਕੌਰ ਸਰਪੰਚ , ਗੁਰਬਖਸ਼ ਸਿੰਘ, ਸ਼੍ਰ. ਗੁਰਜੀਤ ਸਿੰਘ, ਸ਼੍ਰੀਮਤੀ ਜਸਪਾਲ ਕੌਰ, ਸ਼੍ਰੀਮਤੀ ਦਰਸ਼ਨ ਕੌਰ, ਸ਼੍ਰੀਮਤੀ ਕਰਮਜੀਤ ਕੌਰ, ਅਤੇ ਸ਼੍ਰ. ਬਬਲਪ੍ਰੀਤ ਸਿੰਘ ਸਾਰੇ ਪੰਚਾਇਤ ਮੈਂਬਰ ਹਨ, ਮੌਜੂਦਾ ਮੈਂਬਰ ਸ਼੍ਰ. ਗੁਰਮੇਲ ਸਿੰਘ ਪੰਚ ਦੀ ਮੌਤ ਹੋ ਗਈ ਹੈ ।

ਪੰਚਾਇਤ ਵਲੋਂ ਪਿੰਡ ਦੀਆਂ ਸਾਰੀਆਂ ਗਲੀਆਂ 'ਚ ਟਾਈਲਾਂ ਲਾ ਦਿੱਤੀਆਂ ਹਨ। ਪੰਚਾਇਤ ਵਲੋਂ ਪਿੰਡ ਦੇ ਸਕੂਲ 'ਚ ਖਾਲੀ ਆਸਾਮੀਆਂ ਭਰਨ, ਨਾਲੀਆਂ ਦੇ ਪਾਣੀ ਲਈ ਸੀਵਰੇਜ ਪਾਉਣ, ਸ਼ਸਕਾਰ ਵਾਲੀ ਥਾਂ ਦੇ ਦੁਆਲੇ ਚਾਰ ਦੀਵਾਰੀ ਲਈ ਅਤੇ ਦਰਵਾਜ਼ੇ ਦੇ ਸਾਹਮਣੇ ਥੇਹ ਨੂੰ ਪੱਕਾ ਕਰਨ ਲਈ ਗ੍ਰਾਂਟ ਦੀ ਮੰਗ ਕੀਤੀ ਗਈ ਹੈ। ਪਿੰਡ ਦੇ ਐਨ.ਆਰ.ਆਈ. ਸ਼੍ਰ.ਦਿਤਾਰ ਸਿੰਘ ਢੀਂਡਸਾ (ਯੂ.ਐਸ.ਏ), ਸ਼੍ਰ. ਗੁਰਸੇਵ ਸਿੰਘ ਢੀਂਡਸਾ (ਯੂ.ਐਸ.ਏ), ਮਾ: ਸ਼੍ਰ.ਚਰਨਜੀਤ ਸਿੰਘ ਢੀਂਡਸਾ (ਕਨੇਡਾ), ਸ਼੍ਰ. ਗੁਰਪ੍ਰੀਤ ਸਿੰਘ ਢੀਂਡਸਾ (ਕਨੇਡਾ), ਸ਼੍ਰ.ਸਿਆਮ ਸਿੰਘ ਢੀਂਡਸਾ (ਯੂ.ਐਸ.ਏ.), ਦਿਲਪ੍ਰੀਤ ਸਿੰਘ ਢੀਂਡਸਾ (ਆਸਟ੍ਰੇਲੀਆ) ਲੰਬੇ ਸਮੇਂ ਤੋਂ ਬਾਹਰਲੇ ਦੇਸ਼ਾਂ 'ਚ ਰਹਿ ਰਹੇ ਹਨ।ਲੇਖਕ ਨੇ ਆਪਣੇ ਜ਼ਿੰਦਗੀ ਦੇ ਤਿੰਨ ਦਹਾਕੇ ਪਿੰਡ 'ਚ ਰਹਿ ਕੇ ਬਿਤਾਏ ਹਨ,ਜਿਸ ਕਰਕੇ ਪਿੰਡ ਨਾਲ ਸਬੰਧਤ ਯਾਦਾਂ ਨੂੰ ਕਲਮਬੰਦ ਕਰਨਾ ਦਾ ਫੁਰਨਾ ਫੁਰਿਆ।

# ਗੰਨਿਆਂ ਵਿੱਚ ਮਿਠਾਸ ਭਰਨ ਵਾਲੀ ਬਨਸਪਤੀ ਵਿਗਿਆਨੀ- ਏਡਾਵਾਲੇਠ ਕੱਕਟ ਜਾਨਕੀ ਅੰਮਾਲ

(ਸਫਾ 28 ਦੀ ਬਾਕੀ)

ਬੰਗਲੌਰ ਦੀ ਵਾਇਸ ਪ੍ਰੈਜ਼ੀਡੈਂਟ ਰਹੀ। ਉਹ ਰਾਇਲ ਜਿਓਗ੍ਰਾਫ਼ੀਕਲ ਸੋਸਾਇਟੀ ਲੰਦਨ, ਜੈਨੇਟੀਕਲ ਸੋਸਾਇਟੀ ਆਫ ਇੰਗਲੈਂਡ ਜੈਨੇਟੀਕਲ ਸੋਸਾਇਟੀ ਆਫ਼ ਅਮਰੀਕਾ, ਅਤੇ ਬਹੁਤ ਸਾਰੀਆਂ ਹੋਰ ਸੰਸਥਾਵਾਂ ਦਾ ਹਿੱਸਾ ਬਣੀ।

ਭਾਵੇਂ ਉਸ ਦੀ ਰੀਸਰਚ ਦਾ ਮੁੱਖ ਖੇਤਰ ਕੋਸ਼ਿਕਾ ਵਿਗਿਆਨ ਰਿਹਾ, ਪ੍ਰੰਤੂ ਉਸ ਦੀ ਰੀਸਰਚ ਨੇ ਅਨੁਵੰਸ਼ਿਕੀ, ਵਿਕਾਸ, ਬਨਸਪਤੀ ਭੂਗੋਲ ਅਤੇ ਐਥਨੋਬੋਟਨੀ ਨੂੰ ਵੀ ਵਗਲਿਆ। ਪੌਦਿਆਂ ਪ੍ਰਤੀ ਆਪਣੇ ਜਨੂੰਨ ਨੂੰ ਲੈ ਕੇ ਉਸ ਨੇ ਆਪਣੇ ਟੀਚੇ ਖੁਦ ਮਿਥੇ ਜਿਨ੍ਹਾਂ ਨੂੰ ਉਸ ਨੇ ਸਭ ਕੁਝ ਤੋਂ ਉੱਪਰ ਰੱਖਿਆ ਅਤੇ ਅਖ਼ੀਰ ਤੱਕ ਡਟੀ ਰਹੀ।

ਫ਼ਸਲੀ ਪੌਦੇ, ਬਗੀਚੇ ਦੇ ਪੌਦੇ, ਔਸ਼ਧੀ ਪੌਦੇ, ਜੰਗਲੀ ਪੌਦੇ; ਸਭ ਵਿੱਚ ਉਸ ਦੀ ਦਿਲਚਸਪੀ ਸੀ। ਉਸ ਨੇ ਉਸ ਸਭ ਕੁਝ ਉੱਤੇ ਕੰਮ ਕੀਤਾ ਜੋ ਵੀ ਉਸ ਦੀ ਪਹੁੰਚ ਵਿੱਚ ਰਿਹਾ। ਰਿਟਾਇਰਮੈਂਟ ਤੋਂ ਬਾਅਦ ਉਹ ਮਦਰਾਸ ਦੇ ਨੇੜੇ ਮਦੁਰਾਵੋਇਆਲ ਵਿਖੇ ਸੈਂਟਰ ਆਫ਼ ਐਡਵਾਂਸਡ ਸਟੱਡੀ ਦੀ ਫ਼ੀਲਡ ਲੈਬੋਰੇਟਰੀ ਵਿੱਚ ਰਹਿਣ ਲੱਗੀ। ਉੱਥੇ ਉਸ ਨੇ ਆਪਣੀ ਰੀਸਰਚ ਜਾਰੀ ਰੱਖੀ। ਉੱਥੇ ਉਸ ਨੇ ਬੜੀ ਮਿਹਨਤ ਅਤੇ ਲਗਨ ਨਾਲ ਔਸ਼ਧੀ ਪੌਦਿਆਂ ਦਾ ਇੱਕ ਬਗੀਚਾ ਤਿਆਰ ਕੀਤਾ। ਫਰਵਰੀ, 1984 ਵਿੱਚ 87 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋਣ ਤੱਕ ਉਹ ਉੱਥੇ ਹੀ ਰਹੀ। ਉਸ ਦੀ ਮੌਤ ਤੋਂ ਬਾਅਦ ਸੰਨ 2000 ਵਿੱਚ ਮਿਨਿਸਟਰੀ ਆਫ਼ ਐਨਵਾਇਰਨਮੈਂਟ ਐਂਡ ਫੌਰੈਸਟਰੀ ਆਫ਼ ਦਾ ਗਵਰਨਮੈਂਟ ਆਫ਼ ਇੰਡੀਆ ਵਲੋਂ ਉਸ ਦੇ ਨਾਂ ਤੇ ਨੈਸ਼ਨਲ ਐਵਾਰਡ ਆਫ਼ ਟੈਕਸੋਨੋਮੀ ਸਥਾਪਿਤ ਕੀਤਾ ਗਿਆ।

ਜਾਨਕੀ ਅੰਮਾਲ ਦੀ ਭਤੀਜੀ 'ਗੀਤਾ ਡਾਕਟਰ' ਲਿਖਦੀ ਹੈ, "ਜਾਨਕੀ ਲੰਬੀ ਸੀ ਅਤੇ ਜਵਾਨੀ ਸਮੇਂ ਉਹ ਪ੍ਰਭਾਵਸ਼ਾਲੀ ਡੀਲ-ਡੌਲ ਦੀ ਮਾਲਿਕ ਸੀ। ਉਹ ਆਪਣੇ ਲੰਬੇ ਚਮਕਦਾਰ ਵਾਲਾਂ ਦਾ ਗਰਦਨ ਦੇ ਪਿੱਛੇ ਢਿੱਲਾ ਜਿਹਾ ਜੂੜਾ ਬਣਾਉਂਦੀ ਸੀ। ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਦੌਰਾਨ ਉਹ ਚਮਕਦਾਰ ਪੀਲੇ ਰੰਗ ਦੀਆਂ ਸਿਲਕ ਦੀਆਂ ਸਾੜੀਆਂ ਓਸੇ ਹੀ ਰੰਗ ਦੇ ਲੰਬੇ ਖੁੱਲ੍ਹੇ ਬਲਾਊਜ਼ ਜਾਂ ਜੈਕਟ ਨਾਲ ਪਹਿਨਣ ਲੱਗੀ ਸੀ। ਉਸ ਦੀ ਗਠੀਲੀ ਡੀਲ-ਡੌਲ ਲੋਕਾਂ ਨੂੰ ਇੱਕ ਬੋਧੀ ਮਹਿਲਾ ਭਿਕਸ਼ੂ ਦਾ ਭੁਲੇਖਾ ਪਾਉਂਦੀ ਸੀ।

ਉਸ ਨੇ ਜ਼ਿੰਦਗੀ ਨੂੰ ਆਪਣੇ ਹੀ ਅੰਦਾਜ਼ ਵਿੱਚ ਜੀਵਿਆ। ਅਜਿਹੀ ਜ਼ਿੰਦਗੀ ਉਸ ਸਮੇਂ ਦੀਆਂ ਬਹੁਤ ਘੱਟ ਔਰਤਾਂ ਦੇ ਹਿੱਸੇ ਆਈ ਹੋਵੇਗੀ। ਉਸ ਨੇ ਵਿਆਹ ਨਹੀਂ ਕਰਵਾਇਆ। ਉਸ ਨੇ ਆਪਣੇ ਟੀਚਿਆਂ ਨੂੰ ਸਮਰਪਿਤ ਹੋ ਕੇ ਸਾਦਗੀ ਭਰਿਆ ਜੀਵਨ ਬਸਰ ਕੀਤਾ। ਉਸ ਦੀਆਂ ਲੋੜਾਂ ਬਹੁਤ ਘੱਟ ਸਨ। ਉਹ ਦਿਖਾਵੇ ਤੋਂ ਰਹਿਤ ਸੀ ਅਤੇ ਸੁਭਾਉ ਪੱਖੋਂ ਸ਼ਰਮਾਕਲ ਸੀ। ਉਸ ਦਾ ਪਹਿਰਾਵਾ ਰਹਿਣ-ਸਹਿਣ ਪੂਰੀ ਤਰ੍ਹਾਂ ਭਾਰਤੀ ਰਿਹਾ, ਭਾਵੇਂ ਉਹ ਦੇਸ਼-ਵਿਦੇਸ਼ ਘੁੰਮਦੀ ਰਹੀ। ਨਾ ਉਸ ਨੂੰ ਪ੍ਰਸਿੱਧੀ ਦੀ ਕੋਈ ਭੁੱਖ ਸੀ ਅਤੇ ਨਾ ਹੀ ਸਨਮਾਨਾਂ ਦੀ ਲਾਲਸਾ, ਭਾਵੇਂ ਉਸ ਦੀ ਝੋਲੀ ਕਈ ਸਨਮਾਨ ਪਏ।

ਉਹ ਇੱਕ ਵਾਰ ਨਹੀਂ, ਸਗੋਂ ਵਾਰ-ਵਾਰ ਵਿਦੇਸ਼ ਗਈ, ਜੋ ਉਸ ਸਮੇਂ ਦੇ ਅਤਿਅੰਤ ਰੂੜ੍ਹੀਵਾਦੀ ਸਮਾਜ ਲਈ ਇੱਕ ਚੁਨੌਤੀ ਸੀ। ਇੱਥੇ ਕਈ ਸਵਾਲ ਵਿਚਾਰਨਯੋਗ ਹਨ ਜਿਵੇਂ; ਕੀ ਉਸ ਦੇ ਮਾਪੇ ਐਨੇ ਖੁੱਲ੍ਹੇ ਵਿਚਾਰਾਂ ਵਾਲੇ ਸਨ ਕਿ ਉਨ੍ਹਾਂ ਨੇ ਆਪਣੀ ਧੀ ਨੂੰ ਸਿੱਖਿਆ ਲਈ ਵਿਦੇਸ਼ ਭੇਜਿਆ? ਜਾਂ ਉਸ ਨੂੰ ਉਹਨਾਂ ਨੂੰ ਸਹਿਮਤ ਕਰਨ ਲਈ ਜੱਦੋ-ਜਹਿਦ ਕਰਨ ਪਈ? ਜਾਂ ਵਿਆਹ ਕਰਵਾਉਣ ਲਈ ਉਹ ਸਮਾਜਿਕ ਦਬਾਵਾਂ ਤੋਂ ਕਿਵੇਂ ਬਚੀ ਰਹੀ? ਆਦਿ।


ਗੀਤਾ ਡਾਕਟਰ ਅਨੁਸਾਰ ਜਾਨਕੀ ਦੇ ਪਿਤਾ ਸ਼੍ਰੀ ਦੀਵਾਨ ਬਹਾਦਰ ਏਡਾਵਾਲੇਠ ਕੱਕਟ ਕ੍ਰਿਸ਼ਨਨ ਕੁਦਰਤੀ ਵਿਗਿਆਨ ਵਿੱਚ ਕਾਫ਼ੀ ਰੁਚੀ ਰੱਖਦੇ ਸਨ। ਆਪਣਾ ਬਗੀਚਾ ਤਿਆਰ ਕਰਦੇ ਸਮੇਂ ਉਨ੍ਹਾਂ ਨੇ ਕਾਫ਼ੀ ਨੋਟਸ ਬਣਾਏ ਸਨ। ਉਨ੍ਹਾਂ ਕੋਲ ਚੋਖ ਸਟਾਕ ਵਾਲੀ ਇੱਕ ਲਾਇਬ੍ਰੇਰੀ ਵੀ ਸੀ। ਉਹ ਵਿਗਿਆਨਿਕ ਅਤੇ ਸਾਹਿਤਿਕ ਜਰਨਲਾਂ ਵਿੱਚ ਛਪਦੀਆਂ ਤਾਜ਼ਾ-ਤਰੀਨ ਖ਼ਬਰਾਂ ਦੀ ਬਰਾਬਰ ਸਾਰ ਰੱਖਦੇ ਸਨ। ਉੱਤਰੀ ਮਾਲਾਬਾਰ ਖੇਤਰ ਦੇ ਪੰਛੀਆਂ ਉੱਤੇ ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ। ਸੋ ਜਾਨਕੀ ਤੱਕ ਸਿੱਖਣ ਦੇ ਸ਼ੌਕ ਦਾ ਪ੍ਰਵਾਹ ਸ਼ਾਇਦ ਪਰਿਵਾਰ ਵਿੱਚੋਂ ਹੀ ਹੋਇਆ ਸੀ।

ਵਾਤਾਵਰਣ ਪ੍ਰੇਮੀ ਹੁੰਦਿਆਂ ਉਸ ਨੇ ਸੰਨ 1970 ਵਿੱਚ ਕੇਰਲਾ ਦੀ ਸਾਈਲੈਂਟ ਵੈਲੀ ਵਿੱਚ ਹਾਈਡ੍ਰੋ-ਪਾਵਰ ਡੈਮ ਬਣਾਉਣ ਦਾ ਵਿਰੋਧ ਕੀਤਾ। ਜਦੋਂ ਉਸ ਨੇ ਵਰਧਾ ਸਥਿਤ ਮਹਾਤਮਾ ਗਾਂਧੀ ਦੇ ਆਸ਼ਰਮ ਦਾ ਦੌਰਾ ਕੀਤਾ ਤਾਂ ਉਹ ਨੂੰ ਬਹੁਤ ਨਿਰਾਸ਼ਾ ਹੋਈ ਕਿਉਂਕਿ ਉੱਥੇ ਪੌਦੇ ਲਗਾਉਣ ਅਤੇ ਵਾਤਾਵਰਣ ਨੂੰ ਸੁੰਦਰ ਬਣਾਉਣ ਲਈ ਕੋਈ ਉਪਰਾਲਾ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਉਮੀਦ ਸੀ ਕਿ ਗਾਂਧੀ ਆਸ਼ਰਮ ਪੁਰਾਣੇ ਰਿਸ਼ੀਆਂ ਦੇ ਆਸ਼ਰਮ ਵਾਂਗ ਹੋਵੇਗਾ। ਉਸ ਦਾ ਜੀਵਨ ਸਦਾਚਾਰ ਅਤੇ ਵਿਗਿਆਨਕ ਕੰਮ-ਕਾਜਾਂ ਪ੍ਰਤੀ ਜਨੂੰਨ ਦਾ ਸੁਮੇਲ ਸੀ। ਉਹ ਆਖ਼ਰੀ ਸਮੇਂ ਤੱਕ ਵਿਗਿਆਨਕ ਖੋਜ ਕਾਰਜ ਨੂੰ ਸਮਰਪਿਤ ਰਹੀ। ਉਸ ਦੇ ਜੀਵਨ ਅਤੇ ਕੰਮਾਂ ਤੋਂ ਸਾਡੇ ਲਈ ਬਹੁਤ ਕੁੱਝ ਸਿੱਖਣ ਯੋਗ ਹੈ।

**ਹਵਾਲੇ:**


1. C.V. Subramanyan, 'Edavaleth Kakkat Janaki Ammal', General/Article, Resonance-Journal of Science Education, June, 2007, Volume 12, Issue-6 (Janaki.pdf)
2. C.V. Subramanian, 'Edavaleth Kakkat Janaki Ammal', Lilavati's Daughters – The Woman Scientists of India. January 2014 Edition, Pages 1-4.
3. Vignesh Radhakrishnan, 'Remembering Janaki Ammal: A Scientist who sweetened sugarcane'. Hindustan Times, Updated: November 04, 2014.
4. D. Balasubramanian, 'Sugarcane and Janaki Ammal'. The Hindu, October 15, 2014.
5. 'Janaki Ammal–Biography' Famous People>>Scientists, www. thefamous-people. com/profiles/janaki-ammal-6543.php.
6. 'Brief History of Botanical Survey of India' http:// web. archive. org/ web/ 20140222042759 http://164.100.52.111/briefhistory2.shtm
7. Soma Basu, 'The sidelined goddess of botany', The Hindu, 9 March, 2018.
8. Sanchari Pal, 'Meet India's First Woman Ph.D. in Botany – She is the Reason Your Sugar Tastes Sweeter!'www.thebetterindia.com, November 16, 2016.
9. www.indianbotsoc.org/past.php
10. www.ias.ac.in/listing/fellows/deceased.
11. Geeta Doctor, "Remembering Dr. Janaki Ammal, pioneering botanist, cytogeneticist and passionate Gandhian", Scroll.in blog 23 June, 2015.
12. http://scroll.in/article/730186/remembering-dr-janaki-ammalpioneering-botanist-cytogeneticist-and-passionate-gandhian.

# ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥


ਆਜ਼ਾਦ ਜਲੰਧਰੀ ਅਤੇ ਗਿਆਨੀ ਜੰਗ ਸਿੰਘ

ਇਸ ਪਵਿੱਤਰ ਸ਼ਬਦ ਵਿਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਕਰਮ ਕਾਂਡ ਦਾ ਖੰਡਨ ਕਰਦੇ ਹੋਏ ਸਾਰੀ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਕਰਮ ਕਾਂਡ ਜਾਂ ਫੋਕੀਆਂ ਮਜ਼ਹਬੀ ਰੀਤਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਸੱਚੀ ਆਰਤੀ ਤਾਂ ਪ੍ਰਭੂ ਦਾ ਸਿਮਰਨ ਕਰਨਾ ਹੈ, ਨਾਮ ਸਿਮਰਨ ਕਰਨਾ ਹੀ ਅਸਲੀ ਇਸ਼ਨਾਨ ਹੈ। ਨਾਮ ਹੀ ਦੀਵਾ ਹੈ। ਨਾਮ ਹੀ ਬੱਤੀ ਹੈ। ਨਾਮ ਦੇ ਪ੍ਰਕਾਸ਼ ਨਾਲ ਹੀ ਸਾਰੇ ਜਗਤ ਦੇ ਵਿਚ ਪ੍ਰਕਾਸ਼ ਹੋ ਰਿਹਾ ਹੈ। ਤੇ ਨਾਮ ਦਾ ਦੀਵਾ ਜੇ ਸਾਰੇ ਮਨੁੱਖਾਂ ਦੇ ਹਿਰਦਿਆਂ ਵਿਚ ਜਗਾ ਦਿੱਤਾ ਜਾਵੇ ਤਾਂ ਹੀ ਸਾਰੇ ਜੱਗ ਵਿਚ ਪ੍ਰਕਾਸ਼ ਹੋ ਸਕਦਾ ਹੈ। ਗੁਰੂ ਜੀ ਮਹਾਰਾਜ ਦਾ ਇਹ ਪੂਰਾ ਸ਼ਬਦ ਇਸ ਤਰ੍ਹਾਂ ਹੈ:

ੴ ਸਤਿਗੁਰ ਪ੍ਰਸਾਦਿ॥
ਧਨਾਸਰੀ ਭਗਤ ਰਵਿਦਾਸ ਜੀ ਕੀ
ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥1॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥
(ਪੰਨਾ 694

ਅੱਖਰੀ ਅਰਥ: ਹੇ ਮੁਰਾਰੀ ਪ੍ਰਭੂ ਤੁਹਾਡਾ ਨਾਮ ਹੀ ਮੇਰੇ ਲਈ ਆਰਤੀ (ਦੀਪ ਮਾਲਾ) ਅਤੇ ਇਸ਼ਨਾਨ ਹੈ। ਹਰੀ ਦੇ ਨਾਮ ਤੋਂ ਬਿਨਾਂ ਹੋਰ ਸਾਰੇ ਖਿਲਾਰੇ ਕੂੜੇ ਹਨ॥੧॥ ਰਹਾਉ॥

ਹੇ ਮੁਰਾਰੀ ਤੁਹਾਡਾ ਨਾਮ ਹੀ ਮੇਰੇ ਲਈ ਪੂਜਾ ਕਰਨ ਦਾ ਆਸਨ ਹੈ।ਤੁਹਾਡਾ ਨਾਮ ਹੀ ਚੰਦਨ ਰਗੜਨ ਵਾਲਾ ਪੱਥਰ ਹੈ। ਤੁਹਾਡਾ ਨਾਮ ਹੀ ਮੇਰੇ ਲਈ ਕੇਸਰ ਹੈ ਜੋ ਮੈਂ ਛਿੜਕਦਾ ਹਾਂ। ਤੁਹਾਡਾ ਨਾਮੁ ਹੀ ਮੇਰੇ ਲਈ ਸੁੱਚਾ ਜਲ ਹੈ, ਤੁਹਾਡਾ ਨਾਮ ਹੀ ਚੰਦਨ ਹੈ ਅਤੇ ਤੁਹਾਡੇ ਨਾਮ ਦਾ ਜਪਣਾ ਹੀ ਚੰਦਨ ਰਗੜ ਕੇ ਤੁਹਾਨੂੰ ਚਾਹੜਨਾ ਹੈ॥੧॥ ਹੇ ਮੁਰਾਰੀ ਤੁਹਾਡਾ ਨਾਮ ਹੀ ਮੇਰੇ ਲਈ ਦੀਵਾ ਹੈ, ਨਾਮ ਹੀ ਬੱਤੀ ਹੈ, ਨਾਮ ਹੀ ਤੇਲ ਹੈ ਜੋ ਲੈ ਕੇ ਦੀਵੇ ਵਿਚ ਪਾਇਆ ਹੈ। ਤੁਹਾਡੇ ਨਾਮ ਦੀ ਜੋਤਿ ਜਗਾਈ ਹੈ, ਜਿਸ ਨੇ ਸਾਰੇ ਸੰਸਾਰ ਵਿਚ ਚਾਰੇ ਪਾਸੇ ਚਾਨਣ ਕਰ ਦਿੱਤਾ ਹੈ॥੨॥

ਹੇ ਮੁਰਾਰੀ (ਪਰਮਾਤਮਾ) ਤੁਹਾਡਾ ਨਾਮ ਹੀ ਮੇਰੇ ਲਈ ਧਾਗਾ ਤੇ ਨਾਮ ਹੀ ਫੁੱਲਾਂ ਦੀ ਮਾਲਾ (ਹਾਰ) ਹੈ। ਹੋਰ ਸਾਰੀ ਬਨਸਪਤੀ ਝੂਠੀ ਹੈ। ਤੁਹਾਡੀਆਂ ਬਣਾਈਆਂ ਵਸਤਾਂ ਮੈਂ ਤੈਨੂੰ ਕੀ ਚੜ੍ਹਾਵਾਂ? ਤੁਹਾਡੇ ਨਾਮ ਦਾ ਚਵਰ ਤੁਹਾਡੇ ਉਤੇ ਝੁਲਾਂਦਾ ਹਾਂ॥੩॥ ਅਠਾਰਾਂ ਪੁਰਾਨ, ਅਠਾਹਠ ਤੀਰਥ ਅਤੇ ਚਾਰੇ ਖਾਣੀਆਂ ਦੇ ਇਸੇ ਚੱਕਰ ਵਿਚ ਸਾਰਾ ਸੰਸਾਰ ਲੱਗਾ ਹੋਇਆ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਤੁਹਾਡਾ ਨਾਮ ਹੀ ਮੇਰੀ ਆਰਤੀ ਹੈ ਤੇ ਸਤਿ ਨਾਮ ਦਾ ਹੀ ਮੈਂ ਤੁਹਾਨੂੰ ਭੋਗ ਲਗਾਉਂਦਾ ਹਾਂ॥੪॥

ਭਾਵਾਤਮਕ ਵਿਆਖਿਆ: ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਇਸ ਸ਼ਬਦ ਵਿਚ ਉਸ ਪ੍ਰਭੂ ਦੀ ਸੱਚੀ ਆਰਤੀ ਦਾ ਜੋ ਨਕਸ਼ਾ ਖਿੱਚਿਆ ਹੈ, ਉਸ ਤੋਂ ਸੇਧ ਲੈ ਕੇ ਹੀ ਹੋਰ ਭਗਤਾਂ ਅਤੇ ਸ੍ਰੀ ਗੁਰੂ ਨਨਕ ਦੇਵ ਜੀ ਨੇ ਆਰਤੀ ਦੇ ਸਬੰਧ ਵਿਚ ਸ਼ਬਦ ਉਚਾਰਨ ਕੀਤੇ ਹਨ। ਜੇ ਉਹਨਾਂ ਸਾਰੇ ਸ਼ਬਦਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਜਾਵੇ ਤਾਂ ਕਈ ਗ੍ਰੰਥ ਲਿਖੇ ਜਾ ਸਕਦੇ ਹਨ। ਪ੍ਰੰਤੂ ਇੱਥੇ ਅਸੀਂ ਉਹਨਾਂ ਦਾ ਸੰਖੇਪ ਭਾਵ ਹੀ ਵਰਨਣ ਕਰਾਂਗੇ।

ਕਰਮ ਕਾਂਡੀ ਲੋਕ ਜਿਸ ਢੰਗ ਨਾਲ ਆਰਤੀ ਕਰਦੇ ਸਨ, ਉਹ ਇਕ ਫੋਕੀ ਜਿਹੀ ਤੇ ਸਾਰਹੀਣ ਰਸਮ ਬਣ ਕੇ ਰਹਿ ਗਈ ਸੀ। ਜਿਸ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ''ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ'' ਕਹਿ ਕੇ ਖੰਡਨ ਕੀਤਾ ਹੈ। ਗੁਰੂ ਜੀ ਨੇ ਉਪਰ ਲਿਖੇ ਸ਼ਬਦ ਵਿਚ ਸਪਸ਼ਟ ਕੀਤਾ ਹੈ ਕਿ ਸੱਚੀ ਆਰਤੀ ਉਸ ਪ੍ਰਭੂ ਦਾ ਨਾਮ ਸਿਮਰਨ ਕਰਨਾ ਹੈ। ਨਾਮ ਦੀ ਜੋਤਿ ਜਗਾ ਕੇ ਹੀ ਸਾਰੇ ਸੰਸਾਰ ਵਿਚੋਂ ਅਗਿਆਨ ਦਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ। ਜਿਸ ਪਰਮਾਤਮਾ ਨੇ ਚੰਦ ਸੂਰਜ ਆਦਿਕ ਪੈਦਾ ਕੀਤੇ ਹਨ, ਉਸ ਦੇ ਅੱਗੇ ਚੰਦ ਦੀਵੇ ਜਗਾ ਕੇ ਪ੍ਰਕਾਸ਼ ਕਰਨਾ ਇਕ ਹਾਸੋਹੀਣੀ ਗੱਲ ਹੈ। ਜਿਵੇਂ ਕੋਈ ਸੂਰਜ ਦੇ ਅੱਗੇ ਦੀਵਾ ਬਾਲ ਕੇ ਰੱਖੇ ਤਾਂ ਉਸ ਨੂੰ ਮੂਰਖ ਤੇ ਅਗਿਆਨੀ ਹੀ ਸਮਝਿਆ ਜਾਵੇਗਾ। ਗੁਰੂ ਜੀ ਮਹਾਰਾਜ ਨੇ ਇਸ ਸ਼ਬਦ ਵਿਚ ਜੋ ਮਹਾਨ ਸਚਾਈ ਪ੍ਰਗਟ ਕੀਤੀ ਹੈ, ਉਹ ਇਹ ਹੈ ਕਿ ਚੰਦ ਸੂਰਜ ਤੇ ਸਿਆਰੇ ਸਤਾਰੇ ਕੇਵਲ ਬਾਹਰ ਹੀ ਰੌਸ਼ਲੀ ਕਰ ਸਕਦੇ ਹਨ। ਉਹ ਮਾਨਵਤਾ ਦੇ ਦਿਲਾਂ ਵਿਚੋਂ ਅਗਿਆਨ ਦਾ ਹਨੇਰਾ ਦੂਰ ਨਹੀਂ ਕਰ ਸਕਦੇ। ਇਸ ਸਚਾਈ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥
(ਪੰਨਾ 463)

ਭਾਵ, ਜੇ ਸੈਂਕੜੇ ਚੰਦ ਚੜ੍ਹ ਪੈਣ ਤੇ ਹਜ਼ਾਰਾਂ ਸੂਰਜ ਚੜ੍ਹ ਪੈਣ ਤਾਂ ਵੀ ਉਹ ਮਾਨਵਤਾ ਦੇ ਦਿਲਾਂ ਵਿਚੋਂ ਅਗਿਆਨ ਦਾ ਹਨੇਰਾ ਦੂਰ ਨਹੀਂ ਕਰ ਸਕਦੇ। ਇਸੇ ਭਾਵ ਨੂੰ ਸ੍ਰੀ ਗੁਰੂ ਰਵਿਦਾਸ ਜੀ ਨੇ ਇਉਂ ਪ੍ਰਗਟ ਕੀਤਾ ਹੈ ਕਿ:

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥

ਭਾਵ, ਨਾਮ ਦੀ ਜੋਤਿ ਜਗਾ ਕੇ ਹੀ ਸਾਰੇ ਸੰਸਾਰ ਵਿਚ ਆਤਮਕ ਪ੍ਰਕਾਸ਼ ਫੈਲਾਇਆ ਜਾ ਸਕਦਾ ਹੈ ਅਤੇ ਸਾਰੀ ਮਾਨਵਤਾ ਦੇ ਦਿਲਾਂ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਹੋਰ ਬਨਾਵਟੀ ਤੇ ਝੂਠੇ ਪੂਜਾ ਪਾਠ ਦਾ ਕੋਈ ਮਹੱਤਵ ਨਹੀਂ ਹੈ।

ਕਬੀਰ ਸਾਹਿਬ ਗੁਰੂ ਜੀ ਦੇ ਇਸ ਸ਼ਬਦ ਦੀ ਪ੍ਰੋੜ੍ਹਤਾ ਕਰਦੇ ਹੋਏ ਫੁਰਮਾਉਂਦੇ ਹਨ:

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥

ਭਾਵ, ਤੱਤ ਗਿਆਨ ਦਾ ਤੇਲ ਪਾ ਕੇ ਨਾਮ ਸਿਮਰਨ ਦੀ ਬੱਤੀ ਕਰਕੇ ਜੋ ਹਿਰਦੇ ਵਿਚ ਗਿਆਨ ਦਾ ਦੀਵਾ ਜਗਾਇਆ ਜਾਂਦਾ ਹੈ, ਉਸ ਨਾਲ ਹਿਰਦੇ ਵਿਚ ਪ੍ਰਕਾਸ਼ ਹੋ ਜਾਂਦਾ ਹੈ। ਅਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਪਰ ਇਸ ਤੱਤ ਗਿਆਨ ਨੂੰ ਉਹੀ ਬੁਝਾ ਸਕਦਾ ਹੈ, ਜਿਸ 'ਤੇ ਉਸ ਜਗਦੀਸ਼ (ਜਗਤ ਦੇ ਮਾਲਕ) ਦੀ ਕਿਰਪਾ ਹੋਵੇ। ਕਬੀਰ ਦਾਸ ਤਾਂ ਉਹ ਨਿਰੰਕਾਰ ਦੀ ਆਰਤੀ ਇਸ ਤਰ੍ਹਾਂ ਕਰਦਾ ਹੈ।

ਧੰਨੇ ਭਗਤ ਨੇ ਉਸ ਪਰਮਾਤਮਾ ਅੱਗੇ ਆਰਤੀ ਨਹੀਂ ਆਰਤਾ ਕੀਤਾ ਹੈ। ਆਪ ਜੀ ਫੁਰਮਾਉਂਦੇ ਹਨ:

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥
(ਪੰਨਾ 695)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਸ ਸੱਚੇ ਪਰਮਾਤਮਾ ਦੀ ਸੱਚੀ ਆਰਤੀ ਦਾ ਬਹੁਤ ਸੁੰਦਰ ਚਿੱਤਰ ਪੇਸ਼ ਕੀਤਾ ਹੈ। ਉਹਨਾਂ ਨੇ ਜਗਨਨਾਥ ਪੁਰੀ ਦੇ ਪੰਡਤਾਂ ਨੂੰ ਸਮਝਾਇਆ ਕਿ ਤੁਸੀਂ ਜਿਹੜੀ ਬਨਾਉਟੀ ਜਿਹੀ ਆਰਤੀ ਕਰ ਰਹੇ ਹੋ, ਇਹ ਤਾਂ ਉਸ ਪਰਮਾਤਮਾ ਨੂੰ ਛੁਟਿਆਣ ਵਾਲੀ ਗੱਲ ਹੈ। ਉਹ ਤਾਂ ਇਤਨਾ ਮਹਾਨ ਹੈ ਕਿ ਉਸ ਦੀ ਆਰਤੀ ਤਾਂ ਕੁਦਰਤ ਹਰ ਸਮੇਂ ਕਰ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਜੀ ਜਗਨਨਾਥ ਪੁਰੀ ਦੇ ਮੰਦਰ ਪਾਸ ਬਾਹਰ ਖੁੱਲ੍ਹੇ ਆਕਾਸ਼ ਵਿਚ ਜਾ ਬੈਠੇ ਤਾਂ ਪਾਂਡੇ ਮੰਦਰਾਂ ਵਿਚ ਆਰਤੀ ਕਰ ਰਹੇ ਸਨ। ਜਦੋਂ ਉਹ ਬਨਾਉਟੀ ਜਿਹੀ ਆਰਤੀ ਉਤਾਰ ਕੇ ਬਾਹਰ ਆਏ ਤਾਂ ਗੁਰੂ ਨਾਲਕ ਦੇਵ ਜੀ ਮਹਾਰਾਜ ਨੂੰ ਕਹਿਣ ਲੱਗੇ ਤੁਸੀਂ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ? ਤੁਸੀਂ ਆਰਤੀ ਕਿਉਂ ਨਹੀਂ ਕੀਤੀ? ਗੁਰੂ ਜੀ ਮੁਸਕਰਾਏ ਤੇ ਫੁਰਮਾਇਆ ਕਿ ਮੈਂ ਤਾਂ ਆਰਤੀ ਵੇਖ ਰਿਹਾ ਹਾਂ ਜੋ ਹਰ ਸਮੇਂ ਉਸ ਕਾਦਰ ਦੀ ਸਾਰੀ ਕੁਦਰਤ ਉਸ ਦੇ ਅੱਗੇ ਕਰ ਰਹੀ ਹੈ। ਪਾਂਡੇ ਕਹਿਣ ਲੱਗੇ- ਨਾ ਤੁਹਾਡੇ ਪਾਸ ਕੋਈ ਥਾਲ ਹੈ। ਨਾ ਉਸ ਵਿਚ ਤੁਸੀਂ ਦੀਵੇ ਬਾਲ ਕੇ ਰੱਖੇ ਹਨ। ਨਾ ਆਰਤੀ ਵਾਸਤੇ ਧੂਪ ਆਦਿ ਸਮੱਗਰੀ ਇਕੱਠੀ ਕੀਤੀ ਹੈ। ਫਿਰ ਤੁਸੀਂ ਕਿਵੇਂ ਕਹਿੰਦੇ ਹੋ ਕਿ ਮੈਂ ਆਰਤੀ ਵੇਖ ਰਿਹਾ ਹਾਂ ਤੇ ਉਸ ਵਿਚ ਸ਼ਾਮਲ ਹੋਇਆ ਹਾਂ? ਸਤਿਗੁਰਾਂ ਨੇ ਉਹਨਾਂ ਨੂੰ ਸੱਚੀ ਆਰਤੀ ਦਾ ਮਹੱਤਵ ਸਮਝਾਉਣ ਲਈ ਇਹ ਪਵਿੱਤਰ ਸ਼ਬਦ ਉਚਾਰਨ ਕੀਤਾ:

ਸਤਿਗੁਰ ਪ੍ਰਸਾਦਿ॥
ਧਨਾਸਰੀ ਮਹਲਾ 1 ਆਰਤੀ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥੪॥
(ਪੰਨਾ 663)

ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਪਾਂਡਿਆਂ ਨੂੰ ਸਮਝਾਇਆ ਕਿ ਜਿੱਡਾ ਮਹਾਨ ਉਹ ਪਰਮਾਤਮਾ ਹੈ, ਉਤਨੀ ਹੀ ਵੱਡੀ ਉਸ ਦੀ ਸਾਰੀ ਕੁਦਰਤ ਆਰਤੀ ਕਰ ਰਹੀ ਹੈ। ਔਹ ਵੇਖੋ ਸਾਰਾ ਆਕਾਸ਼ ਉਸ ਦਾ ਥਾਲੁ ਹੈ। ਉਸ ਵਿਚ ਚੰਦ ਸੂਰਜ ਤੇ ਸਿਆਰੇ ਸਿਤਾਰੇ ਦੀਵੇ ਜਗ ਰਹੇ ਹਨ। ਬਾਵਨ ਚੰਦਨ ਜੋ ਸੁਗੰਧੀਆਂ ਖਿਲਾਰ ਰਹੇ ਹਨ ਉਹ ਉਸ ਦੀ ਧੂਪੁ ਹੈ ਤੇ ਸਾਰੀ ਬਨਸਪਤੀ ਵਿਚ ਜੋ ਫੁੱਲ ਖਿੜ ਰਹੇ ਹਨ, ਉਹ ਉਸ ਅੱਗੇ ਬਿਨਾਂ ਤੋੜਿਆਂ ਹੀ ਪੇਸ਼ ਕੀਤੇ ਜਾ ਰਹੇ ਹਨ। ਫਿਰ ਸਤਿਗੁਰੂ ਜੀ ਉਸ ਹਰ ਸਮੇਂ ਹਾਜ਼ਰਾ ਹਜ਼ੂਰ, ਜ਼ਾਹਰਾ ਜ਼ਹੂਰ ਪਰਮਾਤਮਾ ਨੂੰ ਸੰਬੋਧਨ ਕਰਕੇ ਕਹਿਣ ਲੱਗੇ- ਹੇ ਭਵਖੰਡਨਾ ਹੋਰ ਤੇਰੀ ਆਰਤੀ ਕਿਹੋ ਜਿਹੀ ਹੋਣੀ ਚਾਹੀਦੀ ਹੈ? ਭਾਵ ਜਿੱਡਾ ਵੱਡਾ ਤੂੰ ਆਪ ਹੈ ਉਤਨੀ ਵੱਡੀ ਤੇਰੀ ਆਰਤੀ ਹੋ ਰਹੀ ਹੈ। ਫਿਰ ਗੁਰੂ ਜੀ ਨੇ ਪਾਂਡਿਆਂ ਨੂੰ ਕਿਹਾ ਕਿ ਉਸ ਸੱਚੇ ਪਰਮਾਤਮਾ ਨੂੰ ਤਾਂ ਇਹੋ ਜਿਹੀ ਸੱਚੀ ਆਰਤੀ ਭਾਉਂਦੀ ਹੈ। ਤੁਹਾਡੀ ਇਹ ਝੂਠੀ ਆਰਤੀ ਤਾਂ ਐਵੇਂ ਵਿਖਾਵਾ ਹੀ ਹੈ।

ਉਹ ਜਿਸ ਦੀ ਮਹਾਨ ਜੋਤਿ ਤੋਂ ਚਾਨਣ ਲੈ ਕੇ ਚੰਦ ਸੂਰਜ ਸਾਨੂੰ ਰੌਸ਼ਲੀ ਦੇ ਰਹੇ ਹਨ, ਉਸ ਦੇ ਅੱਗੇ ਛੋਟੇ ਥਾਲ ਵਿਚ ਪੰਜ ਸੱਤ ਦੀਵੇ ਰੱਖ ਕੇ ਤੁਸੀਂ ਜੋ ਆਰਤੀ ਕਰਦੇ ਹੋ, ਇਹ ਤਾਂ ਉਸ ਨੂੰ ਛੁਟਿਆਣ ਵਾਲੀ ਹਾਸੋਹੀਣੀ ਗੱਲ ਹੈ। ਉਹ ਤਾਂ ਸਾਰਿਆਂ ਵਿਚ ਆਪਣੀ ਜੋਤਿ ਦਾ ਪ੍ਰਕਾਸ਼ ਕਰ ਰਿਹਾ ਹੈ। ਤੁਸੀਂ ਉਸ ਨੂੰ ਪ੍ਰਕਾਸ਼ ਕੀ ਦੇ ਸਕਦੇ ਹੋ?

ਜਦੋਂ ਗੁਰੂ ਜੀ ਮਹਾਰਾਜ ਨੇ ਇਹ ਸੱਚੀ ਆਰਤੀ ਦਾ ਭਾਵ ਸਮਝਾਇਆ ਤਾਂ ਪਾਂਡੇ ਨਿਰੁਤਰ ਹੋ ਗਏ ਤੇ ਸ਼ਰਮਿੰਦੇ ਜਿਹੇ ਹੋ ਕੇ ਕਹਿਣ ਲੱਗੇ- ਮਹਾਰਾਜ ਤੁਸੀਂ ਸੱਚ ਫੁਰਮਾ ਰਹੇ ਹੋ। ਸੱਚਮੁੱਚ ਜਿੱਡਾ ਵੱਡਾ ਉਹ ਆਪ ਹੈ, ਉਤਨੀ ਵੱਡੀ ਹੀ ਉਸ ਦੀ ਆਰਤੀ ਹੋ ਰਹੀ ਹੈ।

***


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਮੂਕਨਾਇਕ



ਹਰਦੀਪ ਸਿੰਘ ਚੁੰਬਰ
+91-94636-01616

**ਮਨੁੱਖ** ਜਦੋਂ ਮਨੁੱਖ ਦੀ ਗੁਲਾਮੀ ਤੋਂ ਆਜਾਦ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਧਰਮ, ਜਾਤੀ ਅਤੇ ਰਾਜਨੀਤੀ ਤੋਂ ਉਪਰ ਉੱਠਕੇ ਅਪਣੇ ਆਜਾਦ ਹੋਏ ਕਬੀਲੇ, ਦੇਸ਼, ਸਮਾਜ ਜਾਂ ਖੇਤਰ ਵਿੱਚ ਧਨ, ਦੌਲਤ ਅਤੇ ਸੰਸਾਧਨਾਂ ਦੀ ਸਹੀ ਢੰਗ ਨਾਲ ਸਭ ਵਿੱਚ ਵੰਡ ਕਰਦਾ ਹੈ। ਉਸ ਤੋਂ ਬਾਅਦ ਉਸ ਨੂੰ ਸਿੱਖਿਆ ਅਤੇ ਸਿਹਤ ਦੇ ਸਾਧਨਾਂ ਦਾ ਸਭ ਲਈ ਇੱਕੋ ਜਿਹਾ ਪ੍ਰਬੰਧ ਕਰਦਾ ਹੈ। ਸਭ ਦੇ ਪਹੁੰਚ ਵਿੱਚ ਹੋਣ ਵਾਲੀ ਨਿਆਏ ਵਿਵਸਥਾ ਦਾ ਪ੍ਰਬੰਧ ਕਰਦਾ ਹੈ। ਸਮਤਾ ਸਮਾਨਤਾ ਅਤੇ ਭਾਈਚਾਰੇ ਵਾਲੇ ਮਹੌਲ ਬਣਾਉਂਦਾ ਹੈ। ਸਭ ਲਈ ਇਕੋ ਜਿਹੇ ਤਰੱਕੀ ਦੇ ਰਸਤੇ ਖੋਲਦਾ ਹੈ। ਹਰ ਇੱਕ ਦੇ ਲਈ ਆਪਣੀ ਗੱਲ ਕਰਨ ਕਹਿਣ ਦਾ ਵਧੀਆਂ ਮਹੌਲ ਸਿਰਜਦਾ ਹੈ।

ਇਸ ਦੇ ਉਲਟਮਨੁੱਖ ਨੇ ਮਨੁੱਖ ਨੂੰ ਗੁਲਾਮ ਬਨਾਉਣ ਲਈ ਸਭ ਤੋਂ ਪਹਿਲਾਂ ਧਰਮ, ਜਾਤੀ ਅਤੇ ਰਾਜਨੀਤੀ ਦਾ ਵਿਤਕਰਾ ਪੈਦਾ ਕਰ ਸਮਾਜ ਨੂੰ ਆਪਸ ਵਿੱਚ ਲੜਾਉਂਦਾ ਹੈ, ਜਦੋਂ ਉਹ ਆਪਸੀ ਝਗੜਿਆਂ ਵਿੱਚ ਪਏ ਹੁੰਦੇ ਹਨ ਤਾਂ ਚਲਾਕ ਮਨੁੱਖ ਉਸ ਦਾ ਧਨ ਦੌਲਤ ਅਤੇ ਸੰਸਾਧਨ ਖੋਹ ਲੈਂਦਾ ਹੈ ਅਤੇ ਉਸ ਤੋਂ ਬਾਅਦ ਉਸ ਦੇ ਸਿੱਖਿਆ ਅਤੇ ਸਿਹਤ ਦੇ ਸਾਧਨ ਖੋਹਣ ਲਈ ਬਹੁਤ ਮਹਿੰਗੇ ਕਰ ਉਸ ਦੀ ਪਹੁੰਚ ਤੋਂ ਬਾਹਰ ਕਰ ਦਿੰਦਾ ਹੈ। ਕਾਨੂੰਨ ਵਿਵਸਥਾ ਬਹੁਤ ਮਹਿੰਗੀ ਲਟਕਾਉ ਅਤੇ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਕਰ ਦਿੰਦਾ ਹੈ। ਭਾਈਚਾਰੇ ਵਿੱਚ ਫੁੱਟ ਦੇ ਨਵੇਂ ਨਵੇਂ ਬੀਜ ਬੀਜ ਉਲਝਾ ਦਿੰਦਾ ਹੈ। ਤਰੱਕੀ ਦਾ ਰਾਹ ਕੇਵਲ ਚਹੇਤਿਆਂ ਦੇ ਪਹੁੰਚ ਵਾਲੇ ਕਰ ਦਿੰਦਾ ਹੈ। ਮੀਡੀਆ ਅਤੇ ਪ੍ਰਚਾਰ ਦੇ ਸਾਧਨਾਂ ਦੀ ਅਜਾਦੀ ਖਤਮ ਕਰ ਆਮ ਲੋਕਾਂ ਦੀ ਅਵਾਜ ਨੂੰ ਦਬਾ ਦਿਤਾ ਜਾਂਦਾ ਹੈ।

ਭਾਰਤੀ ਲੋਕ ਜਿਸ ਨੂੰ ਅਜਾਦੀ ਦਾ ਨਾਂ ਦੇ ਰਹੇ ਹਨ ਉਹ ਕੇਵਲ ਸੱਤਾ ਪ੍ਰੀਵਰਤਨ ਹੀ ਸੀ। ਕਿਸੇ ਤਰਾਂ ਦੇ ਧਨ ਦੌਲਤ ਅਤੇ ਸੰਸਾਧਨ ਦਾ ਵਟਵਾਰਾ ਨਹੀਂ ਹੋਇਆ। ਜਿਸ ਤਰਾਂ ਪਹਿਲਾਂ ਚਲਦਾ ਸੀ ਲਗਭਗ ਉਹ ਹੀ ਰਿਹਾ। ਫਰਕ ਕੇਵਲ ਬਾਬਾ ਸਾਹਿਬ ਦਾ ਹੋਣ ਅਤੇ ਅੰਗਰੇਜ ਸਰਕਾਰ ਦਾ ਮਾਨਵਤਾਵਾਦੀ ਹੋਣ ਦੇ ਕਾਰਨ ਹੀ ਪਿਆ। ਭਾਰਤ ਦੇ ਨਾਲੋ ਵੱਖ ਹੋ ਕੇ ਪਾਕਿਸਤਾਨ ਵੀ ਅਲਗ ਰਾਸ਼ਟਰ ਬਣਿਆ, ਲੇਕਿਨ ਦੋਨਾਂ ਦੇਸ਼ਾਂ ਵਿੱਚ ਬਹੁਤ ਵੱਡਾ ਅੰਤਰ ਹੈ। ਉਸ ਵਿੱਚ ਇਕ ਧਾਰਮਿਕ ਰਾਸ਼ਟਰ ਬਣਨ ਤੋਂ ਬਿਨਾ ਕੋਈ ਵੱਡਾ ਅੰਤਰ ਨਹੀ ਹੋ ਸਕਿਆ। ਉਸ ਦੀ ਸਮਾਜਿਕ ਰਾਜਨੀ-ਤਿਕ ਅਤੇ ਆਰਥਿਕ ਪੱਖੋਂ ਭਾਰਤ ਨਾਲੋ ਬਹੁਤ ਪਤਲੀ ਹਾਲਤ ਹੈ।



ਕਿਸੇ ਵੀ ਦੇਸ਼ ਦਾ ਅਦਰੂਨੀ ਢਾਂਚਾ, ਨਾ-ਗਰਿਕਾਂ ਦੀ ਅਜਾਦੀ ਨੂੰ ਸਮਝਣ ਲਈ ਕੋਈ ਇੱਕ ਪੈਰਾਮੀਟਰ ਨਹੀਂ ਹੋ ਸਕਦਾ। ਮਨੁੱਖ ਦੇ ਵਿਕਾਸ਼ ਲਈ ਬਹੁਤ ਸਾਰੀਆਂ ਦਿਸ਼ਾਵਾਂ ਤੋਂ ਪ੍ਰਭਾਵ ਪਾਉਣ ਵਾਲੇ ਕਾਰਕਾਂ ਅਤੇ ਕਾਰਨਾਂ ਨੂੰ ਜਾਨਣਾ ਜਰੂਰੀ ਹੁੰਦਾ ਹੈ। ਸਾਰੀਆਂ ਦਾ ਜਿਕਰ ਕਰਨਾ ਮੁਸ਼ਕਿਲ ਹੈ, ਫਿਰ ਵੀ ਜਾਨਣ ਲਈ ਕੋਈ ਸਿਰਾ ਤਾਂ ਫੜਨਾ ਪਵੇਗਾ ਹੀ। ਇਸ ਦੇ ਇਕ ਪਹਿਲੂ ਭਾਰਤੀਪ੍ਰਮੁੱਖ ਮੀਡੀਆ ਸਮਾਜ ਅਤੇ ਸਮਾਜ ਦੀ ਹਿੱਸੇਦਾਰੀਦਾ ਜਿਕਰ ਕਰੀਏ ਤਾਂ ਇੱਕ ਡਾਟਾ ਕੁੱਝ ਜਰੂਰ ਦਸ ਜਾਂਦਾ ਹੈ।

ਭਾਰਤੀ ਸਮਾਜ ਅਤੇ ਇਸ ਦੀ ਭਾਰਤ ਦੇ ਪ੍ਰਮੁੱਖ ਮੀਡੀਆ ਵਿੱਚ ਹਿੱਸੇਦਾਰੀਨੂੰ ਦੇਖੀਏ ਤਾਂ ਪਤਾ ਲਗਦਾ ਹੈ ਕਿ ਭਾਰਤ ਦੀ ਆਬਾਦੀ ਵਿੱਚ ਮੀਡੀਆ ਕਰਮਚਾਰੀਆਂ ਦੀ ਹਿੱਸੇਦਾਰੀ ਵਿੱਚ ਤਕਰੀਬਨ 'ਦਵਿਤ' ਹਿੰਦੂ (ਬ੍ਰਾਹਮਣ, ਕਸ਼ਤਰੀ, ਵੈਸਿਆ, ਹੋਰ) ਦੀ ਅਬਾਦੀ 16%ਹੈ ਅਤੇ ਮੀਡੀਆ ਵਿੱਚ ਹਿੱਸੇਦਾਰੀ 85% ਹੈ। 'ਵਿਚਲੀਆਂ' ਹਿੰਦੂ ਜਾਤੀਆਂ (ਜਾਟ, ਰੈਡੀ, ਮਰਾਠਾ, ਪਟੇਲ, ਆਦਿ) ਦੀ ਅਬਾਦੀ 8% ਅਤੇ ਮੀਡੀਆ ਵਿੱਚ ਹਿੱਸੇਦਾਰੀ 3% ਹੈ। ਹਿੰਦੂ ਓ ਬੀ ਸੀ ਦੀ ਅਬਾਦੀ 34% ਅਤੇ ਮੀਡੀਆ ਵਿੱਚ ਹਿੱਸੇਦਾਰੀ 4% ਹੈ। ਮੁਸਲਮਾਨ ਦੀ ਅਬਾਦੀ 13% ਅਤੇ ਮੀਡੀਆ ਵਿੱਚ ਹਿੱਸੇਦਾਰੀ 4% ਹੈ। ਈਸਾਈ ਦੀ ਅਬਾਦੀ 2% ਅਤੇ ਮੀਡੀਆ ਵਿੱਚ ਹਿੱਸੇਦਾਰੀ 3% ਹੈ। ਭਾਰਤ ਵਿੱਚ ਸਿੱਖਾਂ ਦੀ ਅਬਾਦੀ 2% ਅਤੇ ਮੀਡੀਆ ਵਿੱਚ ਹਿੱਸੇਦਾਰੀ 1% ਹੈ। ਇਸੇ ਹੀ ਤਰਾਂ ਭਾਰਤ ਵਿੱਚ ਐਸਸੀ ਦੀ ਅਬਾਦੀ 16% ਅਤੇ ਮੀਡੀਆ ਵਿੱਚ ਹਿੱਸੇਦਾਰੀ 0%ਹੈ ਅਤੇ ਐਸਟੀ ਦੀ ਅਬਾਦੀ 8% ਅਤੇ ਮੀਡੀਆ ਵਿੱਚ ਹਿੱਸੇਦਾਰੀ 0% ਹੈ। ਇਸ ਮੀਡੀਆ ਦਾ ਪੱਖਪਾਤੀ ਰਵਈਆ ਅਤੇ ਇਸ ਦੀ ਅਣਹੋਂਦ ਦੀ ਘਾਟ ਅਤੇ ਆਪਣੀ ਆਵਾਜ ਆਪਣੇ ਲੋਕਾਂ ਤਕ ਨਾ ਪਹੁੰਚਣ ਦਾ ਦਰਦ ਹਮੇਸ਼ਾ ਬਾਬਾ ਸਾਹਿਬ ਨੇ ਮਹਿਸੂਸ ਕੀਤਾ।

ਇਕ ਮਹੱਤਵਪੂਰਨ ਘਟਨਾ ਉਸ ਵੇਲੇ ਹੋਈ ਜਦੋਂ ਬਾਬਾ ਸਾਹਿਬ ਨੇ ਬਾਲ ਗੰਗਾਧਰ ਤਿਲਕ ਦੇ ਅਖਵਾਰ ਕੇਸ਼ਰੀ ਨੂੰ ਇਕ ਇਸ਼ਤਿਹਾਰ ਛਾਪਣ ਲਈ ਇਕ ਪਰੈਸ ਨੋਟ ਦੇ ਨਾਲ 3 ਰੁਪਏ ਪਬਲਿਸ਼ੰਗਿ ਫੀਸ ਵੀ ਭੇਜੀ। ਲੇਕਿਨ ਤਿਲਕ ਨੇ ਨੋਟ ਛਾਪਣ ਤੋਂ ਅਣਗੌਲਿਆ ਕੀਤਾ ਅਤੇ ਫੀਸ ਵਾਪਸ ਕਰ ਦਿੱਤੀ। ਉਸ ਸਮੇਂ ਬਾਬਾ ਸਾਹਿਬ ਨੂੰ ਯਕੀਨ ਹੋ ਗਿਆ ਸੀ ਕਿ ਬ੍ਰਾਹਮਣਵਾਦੀ ਮੀਡੀਆ ਕਦੇ ਵੀ ਅਛੂਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਮਹੱਤਵਪੂਰਨ ਅਤੇ ਰਾਸ਼ਟਰੀ ਮਹੱਤਵ ਦੀ ਨਹੀਂ ਦੇਵੇਗਾ।

ਬਾਬਾ ਸਾਹਿਬ ਨੇ ਫੈਸਲਾ ਲਿਆ ਕਿ ਉਹ ਇੱਕ ਹਫਤਾਵਾਰੀ, ਅਛੂਤਾਂ ਦੇ ਮਸਲਿਆਂ ਅਤੇ ਚੁਣੌਤੀਆਂ ਨੂੰ ਸਮਰਪਿਤਆਪਣਾ ਅਖਬਾਰ ਸ਼ੁਰੂ ਕਰਨਗੇ। ਉਹਨਾ ਨੇ ਇਸਦਾ ਨਾਮ ਮੂਕਨਾਇਕ (ਗੂੰਗਿਆਂ ਦਾ ਆਗੂ) ਰੱਖਿਆ। ਜਿਵੇਂ ਹੀ ਅਖਬਾਰ ਦਾ ਦਾਇਰਾ ਵਧਦਾ ਗਿਆ, ਕੋਲਹਾਪੁਰ ਦੇ ਛਤਰਪਤੀ ਸ਼ਾਹੂ ਮਹਾਰਾਜ ਖੁਦ ਮੂਕਨਾਇਕ ਨੂੰ ਸ਼ੁਰੂ ਕਰਨ ਲਈ 2,500 ਰੁਪਏ ਦਾ ਚੰਦਾ ਦੇਣ ਲਈਉਹ ਮੁੰਬਈ ਵਿਖੇ ਚੱਵਾਲ ਵਿਚਬਾਬਾ ਸਾਹਿਬ ਨੂੰ ਮਿਲਣ ਗਏ। ਪਹਿਲੇ ਅੰਕ ਵਿਚ 31 ਜਨਵਰੀ 1920 ਨੂੰ ਛਾਪਿਆ ਗਿਆ ਸੀ ਅਤੇ ਇਸ ਵਿਚ ਹਿੰਦੂ ਜਾਤੀ ਸਮਾਜਿਕ ਢਾਂਚੇ ਦੀ ਬਣਤਰ, ਮਾਨਸਿਕਤਾ ਅਤੇ ਇਸ ਵਿਚ ਅਸਮਾਨਤਾ ਦੀ ਮਨੁੱਖ ਦੇ ਮਨ ਵਿੱਚ ਭਰੀ ਦੂਜੇ ਮਨੁੱਖ ਦੇ ਖਿਲਾਫ ਨਫ਼ਰਤ ਨੂੰ ਨੰਗਿਆਂ ਕਰਨ ਦੀ ਬਹੁਤ ਵਧੀਆ ਵਕਾਲਤ ਕਰਦੇ ਲੇਖ ਸ਼ਾਮਲ ਕੀਤੇ ਜਾਂਦੇ ਸਨ।

ਬਾਬਾ ਸਾਹਿਬ ਨੇ ਲਿਖਿਆ "ਹਿੰਦੂ ਸਮਾਜ ਇਕ ਇਮਾਰਤ ਵਰਗਾ ਹੈ ਅਤੇ ਹਰ ਜਾਤੀ ਲਈ ਇਸ ਵਿਚ ਇਕ ਵੱਖਰੀ ਮੰਜਿਲ ਹੈ। ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਇਮਾਰਤ ਦੀਆਂ ਪੌੜੀਆਂ ਨਹੀਂ ਹਨ ਅਤੇ ਇਸ ਲਈ ਇਕ ਮੰਜਿਲ ਤੋਂ ਦੂਸਰੀ ਮੰਜ਼ਲਿ ਤਕ ਜਾਣ ਦਾ ਕੋਈ ਤਰੀਕਾ ਨਹੀਂ ਹੈ। ਜਿਹੜੇ ਲੋਕ ਜਿਸ ਮੰਜ਼ਲਿ ਵਿਚ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਆਪਣੀਉਸੇ ਹੀ ਮੰਜਿਲ ਵਿਚ ਮਰਨਾ ਹੁੰਦਾ ਹੈ। ਜੇ ਕੋਈ ਵਿਅਕਤੀ ਹੇਠਲੀ ਮੰਜ਼ਲਿ ਤੋਂ ਹੈ, ਭਾਵੇਂ ਉਹ ਜਿੰਨਾ ਵੀ ਗੁਣਵਾਨ ਅਤੇ ਯੋਗਤਾ ਵਾਲਾ ਹੋਵੇ, ਉਹ ਉਪਰਲੇ ਮੰਜਿਲ ਤੇ ਨਹੀਂ ਜਾ ਸਕਦਾ। ਉਪਰ ਵਾਲੇ ਮੰਜਿਲ ਵਿਚੋਂ ਇਕ ਵੀ ਵਿਅਕਤੀ ਭਾਵੇਂ ਉਹ ਜਿੰਨਾ ਵੀ ਬੇਕਾਰ ਨਕਾਰਾ ਹੋਵੇ,ਸਮਾਜ ਵਿੱਚ ਕਿਸੇ ਨੂੰ ਵੀ ਉਸ ਨੂੰ ਮੰਜਿਲ ਤੋਂ ਹੇਠਾਂ ਲਿਆਉਣ ਦੀ ਸਹਿਮਤੀਅਤੇ ਹਿੰਮਤ ਨਹੀਂ ਹੁੰਦੀ"। ਪੇਪਰ ਦੀ ਸੰਪਾਦਕੀ ਤੋਂ ਇਲਾਵਾ, ਇਸ ਮੁੱਦੇ ਵਿੱਚ 13 ਵੀਂ ਸਦੀ ਦੇ ਕਵੀ-ਸੰਤ ਤੁਕਾਰਾਮ ਦੀਆਂ ਕਾਵਿ ਰਚਨਾਵਾਂ ਨੂੰ ਵੀ ਜੋੜਿਆ ਕਰਦੇ ਸਨ।

ਬਾਬਾ ਸਾਹਿਬ 1917 ਵਿਚ ਆਪਣੀ ਵਿਦੇਸ਼ ਵਾਪਸੀ ਤੋਂ ਬਾਅਦ ਵੀ, ਇਹ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਇਸ ਲਈ ਕਾਫ਼ੀ ਪੈਸਿਆਂ ਦੀ ਬਚਤ ਕਰ ਰਿਹੇ ਸਨ; ਇਹ ਇਕ ਮਹੱਤਵਪੂਰਣ ਸਮਾਂ ਸੀ। 1918-19 ਦੇ ਵਿਚਕਾਰ, ਸਾਊਥਬਰੋ ਕਮੇਟੀ ਨੇ ਅਛੂਤਾਂ ਦੀ ਤਰਫੋਂ, ਬਾਬਾ ਸਾਹਿਬ ਨੂੰ ਇਸ ਤੋਂ ਪਹਿਲਾਂ ਆਪਣਾ ਪੱਖ ਰੱਖਣ ਲਈ ਬੁਲਾਇਆ ਸੀ। ਬਾਬਾ ਸਾਹਿਬ ਅੰਬੇਦਕਰ ਜੀ ਦੇ ਨਾਲ ਨਾਲ, ਇੱਕ ਉੱਚ ਜਾਤੀ ਦੇਵਿੱਠਲ ਰਾਮਜੀ ਸ਼ਿੰਦੇ, ਸਮਾਜ ਸੇਵਕ ਨੂੰ ਵੀ ਆਪਣੇ ਵਿਚਾਰ ਦੇਣ ਲਈ ਕਿਹਾ ਗਿਆ ਸੀ। ਅਗਲੇ ਦਿਨ ਜਦੋਂ ਸਾਊਥਬਰੋ ਕਮੇਟੀ ਦੀ ਕਾਰਵਾਈ ਨੂੰ ਮੌਕੇ ਦੀਆਂ ਅਖਬਾਰਾਂ ਨੇ ਪ੍ਰਕਾਸ਼ਤ ਕੀਤਾ ਤਾਂਸ਼ਿੰਦੇ ਦੇ ਬਿਆਨ ਨੂੰ ਮਹੱਤਵਪੂਰਣ ਜਗ੍ਹਾ ਮਿਲੀ। ਲੇਕਿਨ ਬਾਬਾ ਸਾਹਿਬ ਦੁਆਰਾ ਰਾਖਵਾਂਕਰਨ ਅਤੇ ਵੱਖਰੇ ਵੋਟਰਾਂ ਬਾਰੇ ਆਪਣੀਆਂ ਸਿਫਾਰਸ਼ਾਂ ਨੂੰ ਜੋਰਦਾਰ ਢੰਗ ਨਾਲ ਕਮੇਟੀ ਅਗੇ ਰੱਖੇ ਗਏ ਪੱਖ ਨੂੰ ਬੜੇ ਹੀ ਹਲਕੇ ਵਿੱਚ ਲਿਆ ਗਿਆ ਸੀ। ਇਸੇ ਹੀ ਤਰਾਂ ਜਨਵਰੀ 1919 ਵਿਚ, ਬਾਬਾ ਸਾਹਿਬ ਨੇ ਟਾਈਮਜ਼ ਆਫ਼ ਇੰਡੀਆ ਨੂੰ ਇਕ ਪੱਤਰ 'ਇਕ ਮਹਾਰ' ਦੇ ਨਾਂ ਹੇਠ ਲਿਖਿਆ ਲੇਖ ਭੇਜਿਆ; ਲੇਕਿਨ ਅਖਬਾਰ ਨੇ ਉਹਨਾਂ ਦਾ ਪੱਤਰ ਪ੍ਰਕਾਸ਼ਤ ਨਹੀਂ ਕੀਤਾ। ਬਾਬਾ ਸਾਹਿਬ ਕੋਲ, ਬ੍ਰਿਟਿਸ਼ ਰਾਜ ਅਧੀਨ ਮੀਡੀਆ ਦੇ ਪੱਖਪਾਤਕਰਨ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਨ।

ਭਾਰਤੀ ਹਿੰਦੂ ਜਾਤੀਵਾਦੀ ਸਮਾਜਿਕ ਢਾਂਚੇ ਵਿੱਚ ਇਕ ਬਹੁਤ ਵੱਡੀ ਅਸਮਾਨਤਾ ਹਜਾਰਾਂ ਸਾਲਾਂ ਤੋਂਰਹੀ ਹੈ। ਸਾਲ 1920 ਦਾ ਸਮਾਂ ਸੀ। ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਰ ਸਰਕਾਰੀ ਨੌਕਰ ਵਜੋਂ ਕੰਮ ਕਰ ਰਹੇ ਸਨ ਅਤੇ ਲੰਡਨ ਵਿੱਚ ਆਪਣੀ ਬੜੌਦਾ ਸਟੇਟ ਸਕਾਲਰਸਿਪ ਖ਼ਤਮ ਹੋਣ ਤੋਂ ਬਾਅਦ ਅੱਧ ਵਿਚਕਾਰ ਇੱਕ ਕੋਰਸ ਛੱਡ ਕੇ ਉਹ ਕੁਝ ਸਮਾਂ ਪਹਿਲਾਂ ਭਾਰਤ ਪਰਤੇ ਸਨ। ਉਸ ਸਮੇਂ ਤੱਕ ਬਾਬਾ ਸਾਹਿਬ ਮਾਸਟਰ ਦੀ ਡਿਗਰੀ ਅਤੇ ਡਾਕਟਰੇਟ ਪਹਿਲਾਂ ਹੀ ਹਾਸਲ ਕਰ ਚੁੱਕੇ ਸਨ, ਪਰ ਉਹ ਬ੍ਰਿਟੇਨ ਵਾਪਸ ਪਰਤਣ ਲਈ ਚਿੰਤਤ ਸੀ ਅਤੇ ਹੋਰ ਅਗਲੀ ਡਾਕਟਰੇਟ ਦੀ ਪੜ੍ਹਾਈ ਪੂਰੀ ਕੀਤੀ ਜਾ ਸਕੇ।

ਬ੍ਰਿਟਿਸ ਰਾਜ ਦੀ ਗੁਲਾਮੀ ਤੋਂ ਅਜਾਦ ਹੋਏ ਭਾਰਤੀ ਮੂਕਨਾਇਕ ਸਮਾਜ ਦੇ ਲੋਕ ਬਾਬਾ ਸਾਹਿਬ ਦੇ ਸੰਵਿਧਾਨ ਦੀ ਬਦੌਲਤ ਵੱਡੇ ਵੱਡੇ ਔਹਦਿਆਂ ਤਕ ਪਹੁੰਚੇ, ਤਰੱਕੀ ਦਾ ਰਾਹ ਖੁੱਲੇ। ਉਹ ਮੁਲਾਜ਼ਮ, ਅਫ਼ਸਰ, ਸੰਸਦ, ਵਿਧਾਇਕ, ਮੰਤਰੀ, ਮੁੱਖਮੰਤਰੀ, ਰਾਸ਼ਟਰਪਤੀ ਦੇ ਸਿੰਘਾਸ਼ਨਾ ਉਤੇ ਬੈਠਣ ਲਗ ਪਏ ਹਨ, ਪਰ ਨਾਮਾਤਰ ਲੋਕਾਂ ਨੂੰ ਛੱਡਕੇ ਉਹ ਆਪਣੀ ਅਤੇ ਆਪਣੇ ਸਮਾਜ ਦੇ ਲਈ ਅਵਾਜ ਬੁਲੰਦ ਕਰਨ ਅਤੇ ਸਮਾਜ ਵਿੱਚ ਹੋ ਰਹੀਆਂ ਇਨਸਾਫੀਆਂ ਦੇ ਸਾਹਮਣੇ ਉਹ ਅੱਜ ਵੀ ਗੂੰਗੇ, ਬੋਲ਼ੇ, ਮੂਕਨਾਇਕ ਹੀ ਬਣੇ ਹੋਏ ਹਨ। ਇਸ ਅਖਵਾਰ ਦੇ 101 ਸਾਲਪੂਰੇ ਹੋ ਗਏ: ਬਾਬਾ ਸਾਹਿਬ ਅੰਬੇਡਕਰ ਦਲਿਤਾਂ ਦਾ ਹਫਤਾਵਾਰੀ ਪੇਪਰ ਖੁਦ ਹੀ ਪ੍ਰਕਾਸ਼ਨ ਵਿਚ ਲੈ ਕੇ ਆਏ ਸਨ। ਮੂੱਕਨਾਇਕ ਦੇ ਸਾਰੇ ਸੰਪਾਦਕ ਨੋਟ ਖੁਦ ਬਾਬਾ ਸਾਹਿਬ ਨੇ ਆਪਣੇ ਹੱਥਾਂ ਨਾਲ ਲਿਖਦੇ ਰਹੇ ਸਨ।

31 ਜਨਵਰੀ 2020, ਮੂਕਨਾਇਕ ਦੇ 100 ਸਾਲ ਪੂਰੇ ਹੋਏ ਸਨ, ਇਸ ਮੌਕੇ ਭਾਰਤ ਅਤੇ ਵਿਸ਼ਵ ਦੇ ਪ੍ਰਮੂੱਖ ਦੇਸ਼ਾ ਵਿੱਚ ਕੋਨੇ ਕੋਨੇ ਉਤੇ ਵਿਚ ਮਨਾਇਆ ਗਿਆ। 1 ਫਰਵਰੀ ਨੂੰ ਮੁੰਬਈ ਦੇ ਅੰਬੇਦਕਰ ਭਵਨ ਵਿਖੇ ਜਸ਼ਨ ਮਨਾਇਆ ਗਿਆ। ਥੋੜ੍ਹੇ ਸਮੇਂ ਦੇ ਅਖਬਾਰ ਦਾ ਅਮਿੱਟ ਪ੍ਰਭਾਵ ਛੱਡਿਆ। ਆਰਥਿਕ ਸਮਾਜਿਕ ਰਾਜਨੀਤਿਕ ਪਧਰ ਦੇ ਪਾਠਕਾਂ, ਲੇਖਿਕਾਂ ਦੀ ਗਿਣਤੀ ਅਤੇ ਲੈਵਲ, ਪੱਤਰਕਾਰਿਤਾ ਅਤੇ ਪ੍ਰਕਾਸ਼ਨ ਦਾ ਸਬੰਧ ਅਕੇ ਆਰਥਿਕ ਵਸੀਲਿਆਂ ਦਾ ਅਧਾਰ ਹੀ ਕਿਸੇ ਨੀ ਤਰਾਂ ਦੇ ਪੇਪਰ ਦੀ ਉਮਰ ਅਤੇ ਉਸ ਦਾ ਲੈਵਲ ਤਹਿ ਕਰਦਾ ਹੈ। ਸ਼ਾਇਦ ਉਹ ਬਹੁਤ ਸਾਰੇ ਦਲਿਤ ਲੋਕ ਸਪਸ਼ਟ ਤੌਰ ਉਤੇ ਨਹੀਂ ਜਾਣਦੇ ਜੋ ਅੱਜ ਵੀ ਸਹੂਲਤਾਂ ਮਾਣ ਰਹੇ ਹਨ, ਦਲਿਤ ਇਤਿਹਾਸ ਤੋਂ ਅਣਜਾਣ ਹਨ ਕਿ ਜੀਵਨ ਦੀ ਮੁਢਲੀ ਲੋੜ ਪਾਣੀ ਨੂੰ ਸਾਫ ਤਲਾਬਆਂ ਅਤੇ ਖੂਹਾਂ ਤੋਂਲੈਣ ਲਈ ਵੀ ਦਲਿਤਾਂ ਨੂੰ ਅੰਦੋਲਨ ਕਰਨਾ ਪਿਆ, ਜੇਲਾਂ ਵਿੱਚ ਜਾਣਾ ਪਿਆ ਹਿੰਦੂਆਂ ਦੇ ਜੁਲਮ ਨੂੰ ਸਹਿਣਾ ਪਿਆ ਹੈ। ਇਹਨਾਂ ਅੰਦੋਲਨਾ ਦੀ ਭਾਰਤ ਦੇ ਮਨੂਵਾਦੀ ਮੀਡੀਆ ਨੇ ਕਦੀ ਵੀ ਢੁਕਵਾਂ ਸਮਾਂ ਅਤੇ ਸਥਾਨ ਨਹੀਂ ਦਿਤਾ, ਸਗੋਂ ਅਛੂਤਾਂ ਉਤੇ ਹੋ ਰਹੇ ਜੁਲਮ ਨੂੰ ਦਬਾਉਣ ਵਿੱਚ ਜਾਲਮ ਸਵਰਣ ਲੋਕਾਂ ਦੀ ਸਹਾਇਤਾ ਵੀ ਕੀਤੀ ਹੈ ਅਤੇ ਕਰ ਰਹੇ ਹਨ।

ਦੁੱਖਦ ਹੈ ਕਿ ਪੜ੍ਹੇ ਲਿਖੇ ਦਲਿਤਾਂ ਦੀ ਨਵੀਂ ਪੀੜ੍ਹੀ ਇਸ ਤੋਂ ਕਬੂਤਰ ਦੀ ਤਰਾਂ ਅੱਖਾਂ ਬੰਦ ਕਰ ਬੁਰੇ ਸਪਨੇ ਦੀ ਤਰਾਂ ਭੁੱਲ ਜਾਣਾ ਚਾਹੁੰਦੀ ਹੈ, ਲੇਕਿਨ ਸਵਰਣ ਸਮਾਜ ਆਪਣੀਨਵੀਂ ਪੀੜ੍ਹੀ ਨੂੰ ਸਿਖਾਉਣ ਵਿੱਚ ਪਿੱਛੇ ਨਹੀਂ ਹਟ ਰਿਹਾ, ਬੇਸ਼ਕ ਕੁਝ ਅੰਤਰ ਆਇਆ ਹੈ। ਨਾਇਨਸਾਫੀਆਂ ਦੇ ਦਾਇਰੇ ਵਿੱਚ ਹੋਰ ਬਹੁਤਾ ਕੁੱਝ ਨਾ ਲਈਏ ਤਾਂ ਸਮਾਜ ਵਿੱਚ ਔਰਤਾਂ ਨਾਲ ਹੋ ਰਹੇ ਬਲਾਤਕਾਰ ਦਾ ਜਾਤੀਵਾਦ ਅਧਾਰ ਉਤੇਪੰਚਾਇਤਾਂ, ਥਾਣਿਆਂ ਅਦਾਲਤਾਂ ਵਿੱਚ ਮਿਲ ਇਨਸਾਫ ਦੇ ਅੰਕੜੇ ਸਭ ਨੰਗਾ ਕਰ ਦਿੰਦੇ ਹਨ। ਮੈਂ ਇਕ ਦੋਸਤ ਦੇ ਘਰ ਗਿਆ, ਪੁੱਛਿਆ ਕਿ ਤੁਹਾਡੇ ਮੁਹੱਲੇ ਵਿੱਚ ਆਪਣੇ ਐਸਸੀ ਲੋਕਾਂ ਦੇ ਘਰ ਕਿੰਨੇ ਹਨ, ਇਕ ਦੋ ਘਰ ਦਸਣ ਤੋਂ ਬਾਅਦ ਕਿਹਾ ਅਸੀਂ ਤਾਂ ਆਪਣੇ ਐਸਸੀ ਹੋਣ ਸਬੰਧੀ ਕਿਸੰ ਨੂੰ ਨਹੀਂ ਦਸਿਆ, ਭਾਵ ਸੀ ਉਹ ਜਾਤੀ ਲਕੋ ਕੇ ਰਹਿ ਰਹੇ ਸਨ। ਉਹਨਾਂ ਨੂੰ ਯਾਦ ਕਰਵਾਇਆ ਕਿ ਪੰਜਾਬ ਵਿੱਚ ਵੱਖ ਲੱਖ ਏਰੀਏ ਦੇ ਹਿਸਾਬ ਦੇਖੀਏ ਤਾਂ ਐਸਸੀ ਲੋਕਾਂ ਦੀ ਅਬਾਦੀ 36% ਤੋਂ 42% ਤਕ ਹੈ ਜਾਨੀ ਕਹਿ ਲਈਏ ਕਿ ਹਰ ਥਾਂ ਉਤੇ ਹਰ ਤੀਜਾ ਮਨੁੱਖ ਐਸਸੀ ਮੌਜੂਦ ਹੈ ਫਿਰ ਕਿਉਂ ਇੱਕ ਦੂਜੇ ਤੋਂ ਲੁਕਾ ਰਹੇ ਹੋ।

ਐਸਸੀ ਸਮਾਜ ਨਾਲ ਹੋਣ ਵਾਲੀਆਂ ਨਾਇਨਸਾਫੀਆਂ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਮੁੱਖ ਕਾਰਨ ਇਹ ਵੀ ਹੈ। ਐਸਸੀ ਪੜ੍ਹੇ ਲਿਖੇ ਲੋਕਾਂ ਵਿੱਚ ਜਿਆਦਾ ਕਰਕੇ ਮਾਨ ਸਨਮਾਨ ਸਵੈਮਾਨ ਵਰਗੀ ਚੀਜ ਹੀ ਖਤਮ ਹੋ ਚੁੱਕੀ ਹੈ। ਜੋ ਹੈ ਸੋ ਹੈ ਕਿਵੇਂ ਬਦਲੋਗੇ। ਮਹਾਨ ਕਰਾਂਤੀਕਾਰ ਰਵਿਦਾਸ਼ ਜੀ ਨੇ ਆਪਣੀ ਚਮਾਰ ਜਾਤੀ ਨੂੰ ਖਾਸ ਤੌਰ ਉਤੇ ਲਿਖਕੇ ਦਰਜ ਕੀਤਾ ਅਤੇ ਕਹਾਇਆ। ਲੇਕਿਨ ਚਮਾਰ ਸਮਾਜ ਚਮਾਰ ਕਹਾਉਣ ਵਿੱਚ ਸ਼ਰਮ ਸਮਝਦਾ ਹੈ, ਰਵਿਦਾਸੀਆ ਕਹਾਉਣ ਵਿੱਚ ਮਾਣ। ਲੋਕਾਂ ਵਿੱਚ ਆਪਣੇ ਆਪ ਵਿੱਚ ਆਪਣਾ ਮਾਨ ਸਨਮਾਨ ਸਵੈਮਾਨ ਨਹੀਂ ਹੈ ਤਾਂ ਦੂਜੇ ਕਉਂ ਕਰਨਗੇ?

ਬਾਬਾ ਸਾਹਿਬ ਦੇ ਮੂਕਨਾਇਕ ਦੇ ਪ੍ਰਕਾਸ਼ਨ ਦੇ 100 ਸਾਲਾਂ ਬਾਅਦ ਵੀ ਮੂਕਨਾਇਕ ਸਾਮਾਜ ਨਾਲ ਹੋਣ ਵਾਲੇ ਧੱਕੇ, ਅਨਿਆਏ ਦੇ ਸਮਾਚਾਰ ਸੁਰਖੀਆਂ ਬਣਨ ਲਾਇਕ ਨਹੀਂ ਹੋਈਆਂ। ਇਸ ਦਾ ਮੁੱਖ ਕਾਰਨ ਲੋਕਤੰਤਰ ਦੇ ਚਾਰ ਥੰਮ ਹਨ ਵਿਧਾਨ ਸਭਾ, ਕਾਰਜਕਾਰੀ, ਨਿਆਂ ਪਾਲਿਕਾ ਅਤੇ ਮੀਡੀਆ ਵਿਚ ਯੋਗ ਅਤੇ ਬਰਾਬਰ ਦੀ ਹਿੱਸੇਦਾਰੀ ਨਾਂ ਹੋਣਾ ਹੀ ਹੈ। ਅੱਜ ਹਾਲਾਤ ਹੋਰ ਵੀ ਬਦਤਰ ਹੋਏ ਹਨ। ਜੱਜਾਂ ਨੂੰ ਵੀ ਅਦ-ਾਲਤਾਂ ਵਿੱਚ ਬੈਠੇ ਗੁਲਾਮ ਹੋਣਾ ਮਹਿਸੂਸ ਹੋਇਆ ਉਹਨਾ ਮੀਡੀਆ ਅੱਗੇ ਆ ਜੁਬਾਨ ਖੋਲੀ, ਲੇਕਿਨ ਮੀਡੀਆ ਪਹਿਲਾ ਹੀ ਆਪਣੀ ਮਰਜੀ ਨਾਲ ਕੰਮ ਕਰਨ ਲਾਇਕ ਨਹੀਂ ਰਿਹਾ। ਭਾਰਤ ਦੇ ਪ੍ਰਧਾਨ ਮੰਤਰੀ ਕੇਵਲ ਮਨ ਦੀ ਗੱਲ ਕਰਦੇ ਹਨ ਦੂਜੇ ਦੀ ਮਨ ਦੀ ਬਾਤ ਸੁਣਦੇ ਨਹੀ। ਉਹਨਾਂ ਜਾਂ ਟੀਵੀ ਰੇਡੀਓ ਉਤੇ ਜਮਤਾ ਹੋਕੇ ਭਾਸ਼ਨ ਸੁਣ ਹੀ ਸਕਦੀ ਹੈ, ਸੁਣਾ ਨਹੀਂ ਸਕਦੀ। ਲੱਖ ਕਿਸਾਨ, ਅੰਦੇਲਨਕਾਰੀ ਆਪਣੀ ਆਵਾਜ ਸੁਨਾਉਣ ਦੀ ਕੋਸ਼ਿਸ਼ ਕਰਦੇ ਹਨ ਕੋਈ ਸੁਣਨ ਵਾਲਾ ਨਹੀਂ। ਕੇਂਦਰੀ ਦਬਾ ਨੇ ਸਾਰੇ ਸਤੰਭਾ ਨੂੰ ਖੋਖ਼ਲਾ ਕਰ ਦਿਤਾ ਹੈ।

ਅੱਜ ਦੇ ਦੌਰ ਵਿੱਚ ਰਹੀ ਕਸਰ ਚੋਣ ਦੇ ਮਸੀਨੀ ਢੰਗ ਨੇ ਕੱਢ ਦਿਤੀ ਹੈ। ਸੱਤਾਧਾਰੀਆਂ ਨੂੰ ਜੰਤਾ ਦੇ ਵੋਟ ਦੇ ਖੁੱਸ ਜਾਣ ਦੀ ਵੀ ਕੋਈ ਡਰ ਨਹੀਂ ਰਿਹਾ। ਈਵੀਐਮ ਦੇ ਕਲਾਕਾਰ ਅਜਿਹੀ ਖੇਢ ਰਚਾਉਂਦੇ ਹਨ ਕਿ ਸੱਪ ਵੀ ਮਰ ਜਾਂਦਾ ਹੈ ਸੋਟੀ ਵੀ ਨਹੀਂ ਟੁੱਟਦੀ।

ਕਲਾਕਾਰ ਲੋਕ ਆਪਣੇ ਵਿਰੋਧੀ ਨੂੰ ਆਪ ਚੁੱਣਕੇ ਵਿਰੋਧ ਵੀ ਖਤਮ ਕਰ ਦਿੰਦੇ ਹਨ ਆਪਣੀ ਸਰਕਾਰ ਵੀ ਬਣਾ ਲੈਂਦੇ ਹਨ। ਜਲਦੀ ਕੀਤਿਆਂ ਮਸੀਨੀ ਚੋਣ ਪੱਕਿਰਿਆ ਤੋ ਛੁਟਕਾਰਾ ਹੁੰਦਾ ਦਿਖਾਈ ਨਹੀਂ ਦਿੰਦਾ। ਕਿਉਂਕਿ ਕੋਈ ਵੀ ਵਿਰੋਧੀ ਪਾਰਟੀ ਖੁਲਕੇ ਈਵੀਐਮ ਦਾ ਵਿਰੋਧ ਨਹੀ ਕਰ ਰਹੀ। ਸਵਾਲ ਬਣ ਜਾਂਦਾ ਹੈ ਕਿ ਈਵੀਐਮ ਵਿੱਚ ਗੜਬੜ ਹੈ ਤਾਂ ਫਲਾਣਾ ਵਿਰੋਧੀ ਕਿਦਾਂ ਜਿੱਤ ਗਿਆ।

ਸਾਹਿਬ ਕਾਸੀਰਾਮ ਜੀ ਦੇ ਜੀਵਨ ਸੰਘਰਸ਼ ਬਦੌਲਤ ਭਾਰਤ ਵਿੱਚ ਵਿੱਚ ਬਹੁਤ ਸਾਰੇ ਕੁਝ ਸੂਝਵਾਨ ਦਲਿਤ ਲੋਕਾਂ ਦੀ ਮਿਹਨਤ ਦਾ ਸਦਕਾ ਭਾਰਤ ਦੀਆਂ ਤਕਰੀਬਨ ਸਾਰੀਆਂ ਹੀ ਭਾਸ਼ਾਵਾਂ ਵਿੱਚ ਬਹੁਜਨ ਸਮਾਜ ਪੱਖੀ ਪੇਪਰ, ਅਖਬਾਰਾਂ ਸੁਰੂ ਹੋ ਗਈਆਂ ਹਨ। ਫੇਸਬੁੱਕ, ਵਟਸਐਪ ਕੁੱਝ ਚੈਨਲ ਅਤੇ ਸ਼ੋਸ਼ਲ ਮੀਡੀਆਂ ਚੰਗਾ ਕੰਮ ਕਰ ਰਿਹਾ ਹੈ। ਫਿਰ ਵੀ ਇਹ ਨਾਕਾਫੀ ਹੈ। ਜੇ ਕਰ ਅੰਕੜੇ ਦੇਖੀਏ ਤਾਂ ਮੂਲਨਿਵਾਸੀ ਸਮਾਜ ਨੂੰ ਜੁਲਮ ਦੇ ਨਾਲ ਮੂਕਨਾਇਕ, ਦਲਿਤ ਬਨਾਉਣ ਦਾ ਸਿਲਸ਼ਲਾ ਅੱਜ ਵੀ ਚਾਲੂ ਹੈ ਜਿਸ ਨੂੰ ਬਦਲਨਾ ਬਹੁਤ ਜਰੂਰੀ ਹੈ।

## ਘੜੀ



ਪਾਪਾ ਜੀ, ਲੈ ਦਿਓ ਘੜੀ,
ਸੁੰਦਰ ਲੱਗਦੀ ਮੈਨੂੰ ਬੜੀ।
ਮੇਰੇ ਸਭ ਸਾਥੀਆਂ ਦੇ ਕੋਲ,
ਗੱਲਾਂ 'ਚ ਮੈਨੂੰ ਕਰਨ ਮਖੌਲ।
ਘੜੀ ਦੀ ਭੋਰਾ ਨਹੀਂ ਹਾਨੀ,
ਇਸਦਾ ਕੋਈ ਨਹੀਂ ਸਾਨੀ।
ਸਮੇਂ ਦਾ ਪਾਬੰਦ ਬਣਾਉਂਦੀ,
ਲੇਟ ਦੇ ਚੱਕਰ ਤੋਂ ਬਚਾਉਂਦੀ।
ਝੱਟ ਦੱਸ ਦੇਵੇ ਅੱਜ ਦੀ ਡੇਟ,
ਬਜ਼ਾਰ ਵਿੱਚ ਮਿਲੇ ਸਸਤੇ ਰੇਟ।
ਅਲਾਰਮ ਜਦੋਂ ਸੁਵੱਖਤੇ ਵੱਜੂ,
ਈਸਟਾ, ਏਕਵੀਰਾ ਸ਼ੈਰ ਨੂੰ ਭੱਜੂ।
ਘੜੀ ਸਿਖਾਏ 'ਚੱਲਦਾ ਰਹਿਣਾ'
ਬੰਦੇ ਤੂੰ ਟਿਕ ਕੇ ਨਹੀਂ ਬਹਿਣਾ।
ਜਨਮ ਦਿਨ ਦਾ ਦਿਓ ਉਪਹਾਰ,
'ਚਮਨ' ਦੀ ਸੁਣ ਲੈਣਾ ਪੁਕਾਰ।

- ਚਮਨਦੀਪ ਸ਼ਰਮਾ
91-95010 33005




# ਡਾ. ਅੰਬੇਦਕਰ ਮੂਲਵਾਸੀਆਂ ਦੇ ਬੇਤਾਜ ਬਾਦਸ਼ਾਹ ਸਨ, ਹੈ ਤੇ ਸਦਾ ਰਹਿਣਗੇ

ਇੱਕ ਦਿਨ ਤੇਰੀ ਗੱਲ ਚੱਲੇਗੀ,ਤੁਰਿਆ ਚੱਲ ਤੁਰਿਆ ਚੱਲ
ਅੱਜ ਨਹੀਂ ਤਾਂ ਕੱਲ੍ਹ ਚੱਲੇਗੀ, ਤੁਰਿਆ ਚੱਲ ਤੁਰਿਆ ਚੱਲ
''ਪਾਗਲ''ਨਾਂ ਘਬਰਾਈਂ ਨਿੰਦਿਆ ਚੁਗਲੀ ਤੋਂ
ਇਹ ਵੀ ਪੱਲ ਦੋ ਪੱਲ ਚੱਲੇਗੀ, ਤੁਰਿਆ ਚੱਲ ਤੁਰਿਆ ਚੱਲ

ਭਾਰਤ ਦੀ ਧਰਤੀ 2554 ਸਾਲ ਪਹਿਲਾਂ ਸੂਰਜ ਵਰਗੀ ਚਮਕ ਲੈ ਕੇ ਇੱਕ ਪ੍ਰਿੰਸ ਵਰਗਾ ਪੁੱਤਰ ਪੈਦਾ ਹੋਇਆ ਜੋ ਤਥਾਗਤ ਬੁੱਧ ਦੇ ਨਾਮ ਨਾਲ ਜਾਣਿਆ ਗਿਆ ਤੇ ਮਹਾਤਮਾਂ ਦੇ ਰੂਪ ਵਿੱਚ ਜਿੰਦਗੀ ਭਰ ਵਿੱਚਰਿਆ। ਇਸੇ ਸੂਰਜ ਦੀ ਚਮਕ ਨੇ ਇਨਸਾਨ ਵਲੋਂ ਬਣਾਈ ਜਾਤ-ਪਾਤ ਦਾ ਖੰਡਨ ਕਰਦਿਆਂ ਦੱਬੇ ਕੁੱਚਲੇ ਤੇ ਲਤਾੜੇ ਪਿਛਾੜੇ ਸਮਾਜ ਨੂੰ ਆਪਣੇ ਗਲੇ ਨਾਲ ਲਗਾਇਆ। ਮਹਾਤਮਾਂ ਬੁੱਧ ਵਲੋਂ ਚਲਾਈ ਮਾਨਵਤਾਂ ਦੀ ਲਹਿਰ ਨੇ ਅਨੇਕਾ ਕ੍ਰਾਤੀਆਂ ਨੂੰ ਜਨਮ ਦਿੱਤਾ। ਜੋ ਮੁਰਦਾ ਬਣ ਚੁੱਕੇ ਸਮਾਜ ਲਈ ਸਤਿਗੁਰੂ ਨਾਨਕ, ਸਤਿਗੁਰੂ ਗੋਬਿੰਦ ਸਿੰਘ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ, ਸੰਤ ਸਧਨਾਂ, ਸੰਤ ਸੈਨ,ਸੰਤ ਚੋਖਾਮੇਲਾ, ਸੁਆਮੀ ਅਛੂਤਾਨੰਦ, ਮਹਾਤਮਾਂ ਜੋਤੀਬਾ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਡਾਕਟਰ ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਲਹਿਰ ਨੇ ਯੋਗਦਾਨ ਪਾਇਆ ਉਹ ਨਾਂ ਭੁੱਲਣਯੋਗ ਹੈ,ਤੇ ਇਹਨਾਂ ਦੇ ਰੂਪ ਵਿੱਚ ਇਹ ਕ੍ਰਾਂਤੀ ਸਾਹਮਣੇ ਆਈ। ਇਹਨਾਂ ਸਾਰਿਆ ਨੇ ਆਪੋ ਆਪਣਾ ਕੰਮ ਕੀਤਾ ਤੇ ਦੁਨੀਆਂ ਤੋਂ ਰੁਖਸ਼ਤ ਹੋਏ। ਸਮੇਂ ਸਮੇਂ ਤੇ ਚੱਲੀਆਂ ਇਹਨਾਂ ਲਹਿਰਾਂ ਨੂੰ ਸਮਾਜ ਵਿਰੋਧੀ ਅਨਸਰਾਂ ਵਲੋਂ ਤੇ ਆਪਣੇ ਸਕਿਆਂ ਵਲੋਂਇਹਨਾਂ ਚੱਲੀਆਂ ਜਾਂ ਚੱਲ ਰਹੀਆਂ ਲਹਿਰਾਂ ਨੂੰ ਨੇਸਤੋਂ ਨਾਬੂਤ ਕਰਨ ਲਈ ਸਦਾ ਅੱਗੇ ਹੋ ਕੇ ਕੰਮ ਕੀਤਾ ਜੋ ਅੱ ਤੱਕ ਬਦਸਤੂਰ ਜਾਰੀ ਹੈ।

ਡਾਕਟਰ ਅੰਬੇਦਕਰ ਤੋਂ ਪਹਿਲਾਂ ਚੱਲੀਆਂ ਲਹਿਰਾਂ ਨੂੰ ਕੋਈ ਮੰਜਿਲ ਨਾਂ ਮਿਲ ਸਕੀ ਪਰ ਇੱਕ ਨਵੀਂ ਨਕੋਰ ਕ੍ਰਾਤੀਂਕਾਰੀ ਦਿਸ਼ਾ ਜਰੂਰ ਮਿਲ ਗਈ। ਤੇ ਕੁੱਝ ਲਹਿਰਾਂ ਸਮੇਂ ਦੀ ਚਾਲ ਵਿੱਚ ਫਸ ਕੇ ਆਪਣਾ ਦੱਮ ਤੋੜ ਗਈਆਂ। ਇਹਨਾਂ ਸਾਰਿਆਂ ਤੋਂ ਵੱਖਰੀ ਇੱਕ ਲਹਿਰ ਡਾਕਟਰ ਅੰਬੇਦਕਰ ਨੇ ਸ਼ੁਰੂ ਕੀਤੀ ਜੋ ਪਿੱਛਲੇ ਮਹਾਂਪੁਰਸ਼ਾਂ ਦੀ ਕੀਤੀ ਕੁਰਬਾਨੀ ਦਾ ਨਿਚੋੜ ਸੀ,ਉਹਨਾਂ ਵਾਰੇ ਪੜ੍ਹਿਆ ਜਾਣਿਆਂ ਤੇ ਸਮਝਿਆ ਫਿਰ ਦੁਨੀਆਂ ਘੁੰਮੀ ਜਿਸ ਨਾਲ ਬੁੱਧੀ ਦਾ ਹੋਰ ਜਿਆਦਾ ਵਿਕਾਸ ਹੋਇਆ। ਫਿਰ ਇੱਕ ਅਜਿਹੀ ਪ੍ਰਚੰਡ ਲਹਿਰ ਖੜ੍ਹੀ ਕੀਤੀ ਜਿਸ ਨਾਲ ਦੁਸ਼ਮਣ ਨੂੰ ਆਪਣੇ ਘਰਾਂ ਵਿੱਚ ਬੇਗਾਨਿਆਂ ਮੋਢਿਆਂ ਤੇ ਬੱਲਦੇ ਚਿਰਾਗ ਬੁੱਝਦੇ ਨਜਰ ਆਏ। ਇੱਥੋਂ ਦੁਸ਼ਮਣ ਹੋਰ ਤਾਕਤਵਰ ਹੋ ਕੇ ਨਵੇਂ ਹਥਿਆਰਾ ਨਾਲ ਲੈਂਸ ਹੋ ਕੇ ਸਾਮ, ਦਾਮ, ਦੰਡ, ਭੇਦ ਨੂੰ ਆਪਣੇ ਤਰਕਸ਼ ਵਿੱਚ ਪਾ ਕੇ ਨਿੱਕਲਿਆ ਤੇ ਸਾਡਿਆਂ ਭਵੀਸ਼ਣਾਂ ਨੂੰ ਨਾਲ ਲੈ ਕੇਹਰ ਤਰੀਕੇ (ਠੀਕ ਗਲਤ) ਨਾਲ ਇਸ ਲਹਿਰ ਨੂੰ ਸਾਬੋਤਾਜ ਕਰਨ ਲਈ ਪੂਰਾ ਜੋਰ ਲਗਾ ਦਿੱਤਾ। ਡਾਕਟਰ ਅੰਬੇਦਕਰ ਨੇ ਆਪਣੀ ਸੂਝ ਬੂਝ ਨਾਲ ਇਸ ਲਹਿਰ ਨੂੰ ਖੜ੍ਹੀ ਕਰਨ ਲਈ ਅਜਿਹਾ ਟੋਪੀ ਵਾਲਾ ਕਿੱਲ ਠੋਕਿਆ ਕਿ ਦੁਸ਼ਮਣਾਂ ਦੀ ਅੱਜ ਤੱਕ ਕੋਈ ਵਾਹ ਪੇਸ਼ ਨਹੀਂ ਚੱਲ ਰਹੀ। 18ਵੀਂ ਤੇ 19ਵੀਂ ਸਦੀ ਵਿੱਚ ਇੱਕ ਬਹੁਤ ਵੱਡਾ ਤੇ ਸਲਾਘਾਯੋਗ ਸੰਘੰਰਸ਼ ਮਹਾਤਮਾਂ ਜੋਤੀਬਾ ਫੂਲੇ ਤੇ ਡਾਕਟਰ ਭੀਮ ਰਾਓ ਅੰਬੇਦਕਰ ਦੇ ਰੂਪ ਵਿੱਚ ਪੈਦਾ ਹੋਇਆ। ਜਿਸ ਨਾਲ ਦੁਸ਼ਮਣ ਦੀ ਘੰਡੀ ਵੀ ਨੱਪੀ ਗਈ ਤੇ ਨਵੇਂ ਪੂਰਨੇ ਪੈ ਗਏ। ਸਮਾਜ ਵਿਰੋਧੀ ਅਨਸਰ ਕਦੇ ਸਾਹਮਣੇ ਤੇ ਕਦੇ ਪਿੱਠ ਪਿੱਛੇ ਖੜ੍ਹ ਕੇ ਸੰਘੰਰਸ਼ ਨੂੰ ਖਤਮ ਕਰਨ ਲਈ ਵਿਊਂਤਾ ਬੁਣਦੇ ਰਹੇ। ਸ਼ਾਇਦ ਮਰੀ ਜਮੀਰ ਵਾਲੇ ਦੁਸ਼ਮਣ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਸੱਚ ਕਦੇ ਵੀ ਮਰਦਾ ਨਹੀਂ, ਭਾਵੇਂ ਕਿੰਨਾਂ ਵੀ ਉੱਚੀ ਤੇ ਜੋਰ ਜੋਰ ਨਾਲ ਬੋਲਿਆ ਗਿਆ ਹੋਵੇ। ਆਪਣੀ ਲਹਿਰ ਨੂੰ ਮਜਬੂਤ ਕਰਨ ਲਈ ਡਾਕਟਰ ਅੰਬੇਦਕਰ ਨੇ ਕੀ ਕੀ ਦੁੱਖ ਮੁਸੀਬਤਾਂ ਨਹੀਂ ਝੱਲੇ,ਕਿੱਥੇ-ਕਿੱਥੇ ਕਿਸ-ਕਿਸ ਤਰੀਕੇ ਨਾਲ ਸਾਡੇ ਹੱਕਾਂ ਲਈ ਲੜ੍ਹਨਾ ਪਿਆ। ਆਪਣੀ ਹਿੱਕ ਤੇ ਕਿੰਨੇ ਜਖਮ ਲਏ,ਸਿਰਫ ਤੇ ਸਿਰਫ ਸਾਡੀ ਖਾਤਰ। ਸਾਡਾ ਦੁਸ਼ਮਣ ਵੀ ਉਹ ਜਿਸ ਦੀ ਬੇਈਮਾਨੀ, ਹਰਾਮਜਦਗੀਆਂ ਦਾ ਕੋਈ ਤੇ ਕਦੇ ਵੀ ਅੰਤ ਨਹੀਂ ਸੀ। ਜਿਹਨਾਂ ਲੋਕਾਂ ਨੇ ਕੁੱਝ ਪਾਉਣ ਲਈ ਕਦੇ ਕੁੱਝ ਗੁਆਇਆ ਨਾਂ ਹੋਵੇ ਉਹ ਨਾ ਸ਼ੁਕਰੇ ਲੋਕ ਮੁਫਤ ਵਿੱਚ ਮਿਲੀ ਚੀਜ ਦੀ ਕਦੇ ਕਦਰ ਨਹੀਂ ਕਰਦੇ ਹੁੰਦੇ। ਸਾਨੂੰ ਸਾਡੇ ਬਣਦੇ ਇਨਸਾਨੀ ਹੱਕ ਦੁਆਉਣ ਵਾਲੇ ਮਹਾਂ ਪੁਰਖ ਸਮੇਂ ਮੁਤਾਬਕ ਆਪਣੀਆਂ-ਆਪਣੀਆਂ ਕੁਰਬਾਨੀਆਂ ਦੇ ਕੇ ਚਲੇ ਗਏ।

ਜਿਹਨਾਂ ਰੱਬ ਰੂਪੀ ਦੇਵਤਿਆਂ ਨੇ ਸਾਡੀ ਖਾਤਿਰ ਆਪਣੇ ਸੁੱਖ ਆਰਾਮ ਤਿਆਗੇ ਦੁੱਖ ਮੁਸੀਬਤਾਂ ਝੱਲੇ,ਅਸੀਂ ਨਾ ਸ਼ੁਕਰਿਆਂ ਨੇ ਉਸ ਕੁਰਬਾਨੀ ਦਾ ਮੁੱਲ ਤਾਂ ਕੀ ਮੋੜਨਾਂ ਸੀ,ਸਗੋਂ ਅੱ ਮਿਲਦੀਆਂ ਸੁੱਖ ਸਹੂਲਤਾਂ ਚ ਮਗਨ ਹੋ ਕੇ ਸ਼ਿਵਜੀ ਦੇ, ਹਨੂੰਮਾਨ ਦੇ, ਮਾਤਾ ਪਾਰਵਤੀ ਦੇ ਹੋਰ ਸਾਰਿਆ ਦੇਵੀ ਦੇਵਤਿਆਂ ਦੇ ਵਰਤ ਰੱਖਣ ਲੱਗ ਪਏ। ਉਹ ਸਮਾਂ ਵੀ ਭੁੱਲ ਗਏ ਜਦੋਂ ਅਸੀਂ ਪੱਕੀ ਸੜਕ ਤੇ ਤੁਰਦੇ ਹੋਏ ਥੁੱਕ ਨਹੀਂ ਸੀ ਸਕਦੇ, ਧਰਤੀ ਤੇ ਥੁੱਕਣ ਦੀ ਬਜਾਏ ਸਾਡੇ ਗਲੇ ਵਿੱਚ ਕੁੱਜਾ ਲਟਕਿਆ ਹੁੰਦਾ ਸੀ ਜਿਸ ਵਿੱਚ ਸਾਨੂੰ ਥੁੱਕਣਾ ਪੈਂਦਾ ਸੀ। ਪੱਕੀ ਸੜਕ ਦੀ ਬਜਾਏ ਕੱਚੀ ਸੜਕ ਤੇ ਤੁਰਨਾ ਪੈਂਦਾ ਸੀ, ਤੁਰਦਿਆਂ ਦੇ ਕੱਚੀ ਸੜਕ ਤੇ ਪੈਰਾਂ ਦੇ ਨਿਸ਼ਾਨ ਨਾ ਬਣ ਸਕਣ ਇਸ ਲਈ ਲੱਕ ਪਿੱਛੇ ਝਾੜੂ ਵਰਗਾ ਛਾਪਾ ਬੰਨਣਾ ਪੈਂਦਾ ਸੀ ਤਾਂ ਜੋ ਸਾਡੇ ਪੈਰਾਂ ਦੇ ਨਿਸ਼ਾਨ ਸੜਕ ਤੇ ਵਿਖਾਈ ਨਾਂ ਦੇ ਸਕਣ। ਸਿਰ ਦੇ ਉੱਪਰ ਕਾਂ ਦੇ ਖੰਭ ਬੰਨਣੇ ਪੈਂਦੇ ਸਨ ਤੇ ਤੁਰਦੇ ਹੋਏ ਕਹਿਣਾਂ ਪੈਂਦਾ ਸੀ ਦੂਰ ਹਟੋ-ਦੂਰ ਹਟੋ ਤਾਂ ਕਿ ਸਾਡੇ ਸਰੀਰ ਨਾਲ ਕਿਸੇ ਉੱਚ ਜਾਤੀ ਵਾਲੇ ਦਾ ਸ਼ਰੀਰ ਲੱਗ ਕੇ ਭਿੱਟ ਨਾਂ ਹੋ ਜਾਵੇ। ਇਹ ਸੱਭ ਭੁੱਲ ਕੇ ਅਸੀਂ ਦੁਸ਼ਮਣਾਂ ਦੇ ਦੇਵੀ ਦੇਵਤੇ ਪੂਜਣ ਲੱਗ ਪਏ ਤੇ ਨਾ ਸ਼ੁਕਰੇ ਬਣ ਗਏ। ਅਸੀ ਇਹ ਵੀ ਭੁੱਲ ਗਏ ਕਿ ਡਾਕਟਰ ਅੰਬੇਦਕਰ ਦੇ ਚਾਰ ਪੁੱਤਰ ਸਾਡੇ ਹੱਕਾਂ ਦੀ ਲੜਾਈ ਲੜ੍ਹਦਿਆਂ ਕੁਰਬਾਨੀ ਦੇ ਗਏ। ਉਹੀ ਕੰਮ ਅਸੀਂ ਅੱਜ ਵੀ ਬੇਰੋਕ ਟੋਕ ਮੰਦਿਰਾਂ ਵਿੱਚ ਨੱਕ ਰਗੜ ਰਗੜ ਕੇ ਕਰ ਰਹੇ ਹਾਂ,ਸਾਨੂੰ ਕੋਈ ਸ਼ਰਮ ਨਹੀਂ ਆਉਂਦੀ। ਮੰਦਿਰਾਂ ਦੇ ਪੁਜਾਰੀ ਸਾਡੇ ਛਿੱਤਰ ਵੀ ਹਰ ਦਿਨ ਮਾਰਦੇ ਨੇ ਤੇ ਅਸੀਂ ਬੇਸ਼ਰਮ ਫਿਰ ਦੂਸਰੇ ਦਿਨ ਮੰਦਿਰਾਂ ਵਿੱਚ ਮੱਥਾ ਰਗੜਨ ਜਾਂ ਵੜਦੇ ਹਾਂ। ਤੇ ਅਸੀ ਅੱਜ ਤੱਕ ਨਾਂ ਬੰਦੇ ਦੇ ਪੁੱਤ ਬਣ ਸਕੇ ਨਾਂ ਬਣਾਗੇਂ ਇਹ ਜਿੱਦ ਬਣਾ ਕੇ ਬੈਠ ਗਏ।



ਦੁਨਿਆਂ ਭਰ ਦੇ ਵੱਡੀ ਡਿਗਰੀਆਂ ਲੈ ਕੇ ਬਣੇ ਸਿਆਣਿਆਂ ਨੇ ਡਾਕਟਰ ਅੰਬੇਦਕਰ ਨੂੰ ਮਹਾਂ-ਵਿਦਵਾਨ ਮੰਨਿਆਂ, ਉਸਦੀ ਲਿਆਕਤ ਦੇ ਗੁਣ ਗਾਏ, ਉੱਥੇ ਅਸੀਂ ਨਾ ਸ਼ੁਕਰੇ ਬਣੇ ਫਿਰਦੇ ਹਾਂ। ਅੱਜ ਪੂਰੀ ਦੁਨੀਆਂ ਦੇ ਵਿਦਵਾਨ ਇਸ ਗੱਲ ਨੂੰ ਮੰਨ ਚੁੱਕੇ ਨੇ ਕਿ ਡਾਕਟਰ ਅੰਬੇਦਕਰ ਤੋਂ ਵੱਡਾ ਕੋਈ ਵਿਦਵਾਨ ਨਹੀਂ ਹੈ,ਤੇ ਬੱਸ ਅਸੀਂ ਨੀਂ ਮੰਨ ਸਕੇ। ਸਾਡੇ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਨਹੀਂ ਹੋ ਸਕਦੀ, ਜੋ ਅਸੀਂ ਆਪਣੇ ਅਸਲੀ ਕ੍ਰਾਂਤੀਕਾਰੀ ਦੇਵਤਿਆਂ ਨੂੰ ਬਣਦਾ ਮਾਨ ਸਨਮਾਨ ਨਹੀਂ ਦੇ ਸਕੇ। ਡਾਕਟਰ ਅੰਬੇਦਕਰ ਦੀ ਸਾਡੇ ਹੱਕਾਂ ਲਈ ਕਦੇ ਵੀ ਨਾਂ ਰੁਕਣ ਵਾਲੀ ਕਲਮ ਨੇ ਸਾਡੀ ਜਿੰਦਗੀ ਦੇ ਉਹ ਸਾਰੇ ਕੋਹੜ ਵੱਢ ਦਿੱਤੇ ਜਿਹਨਾਂ ਕਰਕੇ ਅਸੀਂ ਮੁਰਦਿਆਂ ਵਾਲੀ ਜੂਨ ਹੰਢਾ ਰਹੇ ਸੀ। ਅਸੀਂ ਡਾਕਟਰ ਅੰਬੇਦਕਰ ਨੂੰ ਮੰਨਣ ਦੀ ਬਜਾਏ ਵਰਤ ਰੱਖਣ ਵਾਲਿਆਂ ਦੇ ਪਿੱਛੇ ਤੁਰ ਪਏ। ਇਸ ਵਰਤੇ ਸੱਚ ਨੂੰ ਕੁੱਝ ਜਾਗਦੀਆਂ ਜਮੀਰਾਂ ਵਾਲਿਆਂ ਨੇ ਪੜ੍ਹਿਆਂ, ਸੁਣਿਆਂ ਤੇ ਅਮਲ ਕੀਤਾ ਜਿਸ ਨਾਲ ਅੱਜ ਡਾਕਟਰ ਅੰਬੇਦਕਰ ਫਿਰ ਤੋਂ ਦੁਨੀਆਂ ਸਮੇਤ ਭਾਰਤ ਦੇ ਨਕਸ਼ੇ ਤੇ ਮੁੜ ਉੱਭਰ ਆਏ। ਇਹੀ ਲੋਕ ਅੱਜ ਇਸ ਸੱਚ ਨੂੰ ਮਸ਼ਾਲ ਬਣਾ ਕੇ ਹੋਕਾ ਦਿੰਦੇ ਢੰਢੋਰਾ ਪਿੱਟ ਰਹੇ ਹਨ, ਕਿ ਬੇਸੁਰਤ ਪਏ ਮੁਰਦਿਓ ਤੁਹਾਡੇ ਅਸਲੀ ਦੇਵਤੇ ਆਹ ਹਨ। ਇਹਨਾਂ ਨੂੰ ਪੜ੍ਹੋ ਤੇ ਰਾਜ ਗੱਦੀਆਂ ਲੈਣ ਵਾਲੇ ਬਣੋ। ਦੂਸਰੀ ਤਰਫ ਇਹ ਸੱਚ ਝੁਕੀਆਂ ਗਰਦਨਾਂ ਨਾਂ ਵੇਖ ਸਕੀਆਂ ਤੇ ਖੋਖਲੇ ਹੋਏ ਦਿਮਾਗ ਪੜ੍ਹ ਨਾ ਸਕੇ। ਫਿੱਟੀਆਂ ਰੂਹਾਂ ਤੇ ਨਾ ਸ਼ੁਕਰੇ ਦਿਮਾਗ ਅੱਖਾਂ ਖੋਲ ਕੇ ਨਾਂ ਵੇਖ ਸਕੇ ਨਾਂ ਸਮਝ ਸਕੇ। ਜੋ ਸੜੇ ਸਮਾਜ ਲਈ ਅੱਜ ਧੱਬੇ ਤੋਂ ਵੱਧਕੇ ਕੁੱਝ ਵੀ ਨਹੀਂ ਹਨ। ਦੁਨੀਆਂ ਭਰ ਦੀਆਂ ਮਹਿੰਗੀਆਂ ਸ਼ੈਆਂ ਤੋਂ ਬੇਸ਼ਕੀਮਤੀ ਸੱਚ ਨੂੰ ਜਿਹਨਾਂ ਪੜ੍ਹਿਆ ਵਿਚਾਰਿਆ ਤੇ ਪ੍ਰਚਾਰਿਆ ਉਹਨਾਂ ਦਾ ਰੋਮ ਰੋਮ ਖੁਸ਼ੀ ਨਾਲ ਖਿੜ ਉੱਠਿਆ। ਡਾਕਟਰ ਅੰਬੇਦਕਰ ਦੀ ਇਸ ਬਹੁਤ ਵੱਡੀ ਕੁਰਬਾਨੀ ਨੂੰ ਛੋਟਿਆਂ ਕਰਕੇ ਨਹੀਂ ਵੇਖਿਆ ਜਾ ਸਕਦਾ। ਡਾਕਟਰ ਅੰਬੇਦਕਰ ਦੇ ਬੁਲੰਦੀਆਂ ਛੂੰਹਦੇ ਕੱਦ ਨੂੰ ਹੇਠਾਂ ਲਾਹੁਣ ਲਈ ਆਪਣੇ ਤੇ ਬੇਗਾਨੇ ਤਰਲੋ ਮੱਛੀ ਹੋਏ ਪਏ ਹਨ। ਤੇ ਬਹੁਤ ਤੇਜ ਗਤੀ ਨਾਲ ਹਮਲੇ ਕਰ ਰਹੇ ਹਨ। ਹਮਲਿਆ ਦੀ ਗਿਣਤੀ ਵੱਧਣ ਦੇ ਨਾਲ-ਨਾਲ ਅੱਜ ਮੂੰਹ ਤੋੜ ਜਵਾਬ ਦੇਣ ਵਾਲਿਆਂ ਦੀ ਗਿਣਤੀ ਨਾਲ ਡਾਕਟਰ ਅੰਬੇਦਕਰ ਹਰ ਘਰ ਹਰ ਰੂਹ ਤੱਕ ਪਹੁੰਚ ਰਹੇ ਹਨ। ਇਸ ਕਰਕੇ ਡਾਕਟਰ ਅੰਬੇਦਕਰ ਦਲਿਤਾਂ ਦੇ ਨੇਤਾ ਨਾ ਹੋ ਕੇ ਸਰਵ ਪ੍ਰਵਾਨਿਤ ਸਾਰਿਆਂ ਦੇ ਨੇਤਾ ਵਜੋਂ ਮਕਬੂਲ ਹੋ ਰਹੇ ਹਨ।

ਸਾਡੀ ਕਾਬਲੀਅਤ ਨੂੰ ਸਾਡੇ ਆਪਣੇ ਸਮਾਜ ਨੇ ਕਿੰਨਾ ਪ੍ਰਵਾਨ ਕੀਤਾ ਹੈ,ਦੁਸ਼ਮਣ ਇਸ ਗੱਲ ਤੇ ਪੂਰੀ ਨਿਗਾਹ ਰੱਖਦਾ ਹੈ। 2012 ਵਿੱਚ ਇੱਕ ਟੈਲੀਵਿਜਨ ਚੈਨਲ ਵਲੋਂ ਇਹ ਸਰਵੇ ਕਰਵਾਇਆ ਗਿਆ ਸੀ, ਕਿ ਅਜਾਦ ਭਾਰਤ ਵਿੱਚ ਸੱਭ ਤੋਂ ਵੱਧ ਪ੍ਰਵਾਨਿਤ ਹਸਤੀ ਕਿਹੜੀ ਹੈ। ਇਸ ਵਾਰੇ ਰਾਏ ਜਾਨਣ ਲਈ ਆਮ ਜਨਤਾਂ ਦੀਆਂ ਵੋਟਾਂ ਤੋਂ ਇਲਾਵਾ ਵਿਦਵਾਨਾਂ,ਲੇਖਕਾਂ ਤੇ ਉੱਘੀਆਂ ਸਖਸ਼ੀਅਤਾਂ ਦੀਆਂ ਮੁਲਾਕਾਤਾਂ,ਗੱਲਾਂਬਾਤਾਂ ਤੇ ਲਿਖਤਾਂ ਇਕੱਠੀਆਂ ਕੀਤੀਆਂ ਗਈਆਂ। ਮੁਕਾਬਲੇ ਵਿੱਚ ਹਰ ਖੇਤਰ ਦੀਆਂ ਮਸ਼ਹੂਰ ਹਸਤੀਆਂ ਜਵਾਹਰ ਲਾਲ ਨਹਿਰੂ,ਇੰਦਰਾ ਗਾਂਧੀ ਸਮੇਤ 50 ਪ੍ਰਮੁੱਖ ਸਖਸ਼ੀਅਤਾਂ ਨੂੰ ਰੱਖਿਆ ਗਿਆ ਸੀ। ਲੋਕਾਂ ਨੇ ਆਪੋ ਆਪਣੀ ਪਸੰਦ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ। ਤੇ ਜਦੋ ਗਿਣਤੀ ਹੋਏ ਦੁਸ਼ਮਣਾਂ ਤੇ ਸਮਾਜ ਵਿਰੋਧੀ ਅਨਸਰਾਂ ਦੇ ਬਣਾਏ ਮਨਸੂਬਿਆਂ ਦੇ ਪਰਖੱਚੇ ਉੱਡ ਗਏ। ਇਸ ਵਿੱਚ ਡਾਕਟਰ ਅੰਬੇਦਕਰ 19 ਲੱਖ 20,000 ਵੋਟਾਂ ਲੈ ਕੇ ਪਹਿਲੇ ਸਥਾਨ ਤੇ ਰਹੇ। ਦੂਸਰੇ ਨੰਬਰ ਤੇ ਮਸ਼ਹੂਰ ਮੁਸਲਮਾਨ ਵਿਗਿਆਨੀ ਅਬਦੁੱਲ ਕਲਾਮ ਨੂੰ 15 ਲੱਖ 74,000 ਵੋਟ ਪ੍ਰਾਪਤ ਹੋਏ। ਤੀਸਰੇ ਨੰਬਰ ਤੇ ਸਰਦਾਰ ਪਟੇਲ ਰਹੇ ਜਿਹਨਾਂ ਨੂੰ 5 ਲੱਖ 59,000 ਵੋਟ ਪ੍ਰਾਪਤ ਹੋਏ। ਇਸ ਤਰ੍ਹਾ ਡਾਕਟਰ ਅੰਬੇਦਕਰ ਅਬਦੁੱਲ ਕਲਾਮ ਨਾਲੋਂ 28.43 ਫੀਸਦੀ ਤੇ ਸਰਦਾਰ ਪਟੇਲ ਨਾਲੋਂ 70.89 ਫੀਸਦੀ ਵੋਟ ਵੱਧ ਮਿਲੇ। ਇੰਨੀ ਉੱਚੀ ਛਲਾਂਗ ਦੀ ਵਿਰੋਧੀ ਨੂੰ ਵੀ ਉਮੀਦ ਨਹੀਂ ਸੀ । ਇੰਨਾਂ ਜੁਲਮ ਸਹਿਣਾ ਪਿਆ ਹੋਵੇ, ਤੰਗੀਆਂ ਤਕਲੀਫਾਂ ਝੱਲੀਆਂ ਹੋਣ ਤੇ ਵਿਰੋਧੀਆਂ ਨੇ ਪੈਰ-ਪੈਰ ਤੇ ਜਲੀਲ ਕਰਨ ਵਿੱਚ ਕੋਈ ਕਸਰ ਨਾਂ ਛੱਡੀ ਹੋਵੇ,ਫਿਰ ਵੀ ਇਸ ਬੁਲੰਦੀ ਤੇ ਪਹੁੰਚ ਜਾਣਾ ਵਾਕਈ ਕਾਬਿਲ-ਏ-ਤਾਰੀਫ ਹੈ। ਅੱਜ ਡਾਕਟਰ ਅੰਬੇਦਕਰ ਦੀਆਂ ਮੂਰਤੀਆਂ ਤੋੜੀਆਂ ਜਾ ਰਹੀਆਂ ਹਨ, ਹਰ ਪੈਰ ਤੇ ਗਲਤ ਤੋਂ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੋਵੇ ਤੇ ਇੰਨੀ ਵੱਡੀ ਉੱਚਾਈ ਹਾਸਿੱਲ ਕਰ ਲੈਣੀ ਕੋਈ ਮਖੌਲ ਦਾ ਕੰਮ ਨਹੀਂ ਹੋ ਸਕਦਾ। ਪਹਿਲਾਂ ਚੱਲੀਆਂ ਲਹਿਰਾਂ ਤੇ ਮਹਾਂਪੁਰਖਾਂ ਦੇ ਪਾਏ ਯੋਗਦਾਨ ਕਰਕੇ ਡਾਕਟਰ ਅਾਂਬੇਦਕਰ ਇੰਨਾ ਕੁੱਝ ਕਰਨ ਦੇ ਯੋਗ ਬਣੇ। ਤੇ ਆਪਣੀ ਯੋਗਤਾ ਦਾ ਵਿਰੋਧੀਆਂ 'ਚ ਵੀ ਲੋਹਾ ਮੰਨਵਾਇਆ। ਦੁਨੀਆਂ ਵੀ ਜਾਦੂ ਉਸ ਨੂੰ ਹੀ ਮੰਨਦੀ ਹੈ ਜੋ ਸਿਰ ਚੜ੍ਹ ਕੇ ਬੋਲੇ।

ਇੱਕ ਗਿਣੀ ਮਿੱਥੀ ਸਾਜਿਸ਼ ਤਹਿਤ ਡਾਕਟਰ ਅੰਬੇਦਕਰ ਅਤੇ ਉਹਨਾਂ ਦੇ ਇਸ ਦੇਸ਼ ਦੇ 85-90 ਫੀਸਦੀ ਗਰੀਬ, ਲਾਚਾਰ, ਬੇਵੱਸ, ਨਿਤਾਣੇ, ਲਤੜੇ, ਗੁਲਾਮ ਤੇ ਨੀਚ ਗਰਦਾਨੇ ਗਏ ਲੋਕਾਂ ਦੀ ਅਜਾਦੀ ਅਤੇ ਬਰਾਬਰੀ ਲਈ ਕੀਤੇ ਸੰਘੰਰਸ਼ ਨੂੰ ਮਿਟਾਉਣ ਦੇ ਯਤਨ ਕੀਤੇ ਜਾਂਦੇ ਰਹੇ ਹਨ। ਪਹਿਲਾਂ ਆਏ ਮਹਾਂ ਪੁਰਖਾਂ ਦੀਆਂ ਸਖਸ਼ੀਅਤਾਂ ਦੇ ਕੰਮਾਂ ਨੂੰ ਨਕਾਰਨ ਜਾਂ ਕਹੋ ਕਿ ਬਲੈਕ ਆਊਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਜਾਂ ਉਸ ਨੂੰ ਸਦਾ ਹੋਰ ਹੀ ਹੋਰ ਰੰਗ ਦੇ ਕੇ ਅਸਲੀ ਪਹਿਚਾਣ ਮਿਟਾਉਣ ਦੀ ਕੋਸ਼ਿਸ਼ ਹਿੰਦੂ ਜਾਤੀਵਾਦੀਆਂ ਵਲੋਂ ਕੀਤੀ ਜਾਂਦੀ ਰਹੀ ਹੈ। ਡਾਕਟਰ ਅੰਬੇਦਕਰ ਜੀ ਦੀ ਕੁਰਬਾਨੀ ਕਰਕੇ ਪਹਿਲੇ ਮਹਾਂਪੁਰਖਾਂ ਵਿੱਚੋਂ ਕਿਸੇ ਦੀ ਹਸਤੀ ਨੂੰ ਵੀ ਹੁਣ ਨਕਾਰਨਾਂ ਨਾ ਮੁਮਕਿਨ ਹੀ ਨਹੀਂ ਬੇਹੱਦ ਔਖਾ ਵੀ ਹੈ। ਹੁਣ ਦੁਸ਼ਮਣ ਚਾਹੇ ਲੱਖ ਕੋਸ਼ਿਸ਼ ਕਰ ਲਵੇ ਪਹਿਲੇ ਮਹਾਂ-ਪੁਰਖਾਂ ਵਿੱਚੋਂ ਨਾਂ ਕਿਸੇ ਦੀ ਹੋਂਦ ਹਸਤੀ ਪਹਿਲਾਂ ਮਿਟੀ ਸੀ ਨਾਂ ਹੁਣ ਮਿਟਾਈ ਜਾ ਸਕੇਗੀ।

ਸਮਾਂ ਪਾ ਕੇ ਇਹ ਹਸਤੀਆਂ ਹੀ ਆਪਣੇ ਅਸਲੀ ਰੰਗ ਵਿੱਚ ਆ ਕੇ ਇਸ ਦੇਸ਼ ਦੀ ਅਸਲੀ ਤਾਕਤ ਬਣਨਗੀਆਂ। ਭਾਰਤ ਦੇ ਅਸਲੀ ਮਹਾਂ-ਪੁਰਖਾਂ ਦੀ ਹੋਂਦ ਕਦੋਂ ਦੀ ਖਤਮ ਹੋ ਗਈ ਹੁੰਦੀ ਅਗਰ ਨਾਂ ਸਮਝ ਦੁਸ਼ਮਣ ਖੁੱਦ ਨੂੰ ਸੱਭਿਅਕ ਅਤੇ ਭਾਰਤ ਦੇ ਮੂਲਵਾਸੀਆਂ ਨੂੰ ਅਸੱਭਿਅਕ (ਨੀਚ-ਗੁਲਾਮ) ਬਣਾ ਕੇ ਨਾਂ ਰੱਖਦਾ। ਅੱਜ ਇਸ ਦੇਸ਼ ਦੇ ਮੂਲਵਾਸੀ ਸੱਭਿਅਕ ਬਣਨ ਦੇ ਯਤਨ ਕਰਦੇ ਨਜਰ ਆ ਰਹੇ ਹਨ। ਤੇ ਦੁਸ਼ਮਣਾਂ ਦੇ ਸੰਸਕਾਰਾਂ ਨੂੰ ਆਪਣੀ ਪਿੱਠ ਤੇ ਢੋਹ ਰਹੇ ਹਨ। ਇਸੇ ਕਰਕੇ ਦੁਸ਼ਮਣ ਅੱਜ ਤੱਕ ਆਪਣੀ ਵਿਵਸਥਾ ਬਣਾ ਕੇ ਰੱਖਣ ਅਤੇ ਚਲਾਉਣ ਵਿੱਚ ਕਾਮਯਾਬ ਰਿਹਾ ਹੈ। ਦੁਸ਼ਮਣ ਨੇ ਹਰ ਪੱਖ ਤੋਂ ਮੂਲਵਾਸੀਆਂ ਨੂੰ ਪੂਰੀ ਚਤੁਰਾਈ ਨਾਲ ਹਰ ਹੱਕ ਤੋਂ ਕੋਹਾਂ ਦੂਰ ਕਰ ਦਿੱਤਾ। ਜੋ ਅੱਜ ਸਮੇਂ ਸਮੇਂ ਤੇ ਆਪਣੀ ਪਛਾਣ ਬਣਾਉਂਦਾ ਨਜਰ ਆ ਰਿਹਾ ਹੈ। ਤੇ ਸੰਘੰਰਸ਼ ਕਰਦਾ ਨਜਰੀ ਪੈ ਰਿਹਾ ਹੈ। ਜਦੋਂ ਸਾਰਾ ਸੰਸਾਰ ਇੱਕ ਗਲੋਬਲ ਪਿੰਡ ਵਿੱਚ ਪ੍ਰਵਰਤਿਤ ਹੁੰਦਾ ਜਾ ਰਿਹਾ ਹੈ ਤੇ ਨਵੀਆਂ ਅੰਗੜਾਈਆਂ ਲੈ ਰਿਹਾ ਹੈ। ਇਹ ਉਹੀ ਸਮਾਜ ਹੈ ਜਿਸ ਦੀ ਚਿੰਤਾ ਉੱਪਰ ਲਿਖੇ ਮਹਾਂ-ਪੁਰਖਾਂ ਵਲੋਂ ਵਰਣਤ ਕੀਤੀ ਗਈ ਹੈ, ਤੇ ਸਮੇਂ-ਸਮੇਂ ਮੁਤਾਬਕ ਇਹਨਾਂ ਮਹਾਂ-ਪੁਰਖਾਂ ਨੂੰ ਵੀ ਤਰ੍ਹਾਂ-ਤਰ੍ਹਾਂ ਦੀਆਂ ਤਕਲੀਫਾ ਝੱਲਣੀਆਂ ਪਈਆਂ ਸਨ।



ਸਤਨਾਮ ਸਿੰਘ ਸਹੂੰਗੜਾ
91-94170-71532

ਅੱਜ ਵੀ 90 ਫੀਸਦੀ ਦੀ ਗਿਣਤੀ ਵਾਲਾ ਸਮਾਜ ਗਰੀਬੀ, ਬੇਰੁਜਗਾਰੀ ਤੇ ਭੁੱਖਮਰੀ ਨਾਲ ਦੋ-ਚਾਰ ਹੁੰਦਾ ਨਜਰੀ ਆ ਰਿਹਾ ਹੈ। ਭਾਵੇਂ ਮਹਾਂ-ਪੁਰਖਾਂ ਵਲੋਂ ਕੀਤੇ ਅਣਥੱਕ ਸੰਘੰਰਸ਼ ਦੇ ਨਤੀਜੇ ਵਜੋਂ ਅੱਜ ਇਹ ਲਚਾਰ ਸਮਾਜ ਆਪਣੇ ਮਹਾਂ-ਪੁਰਖਾਂ ਦੇ ਦਰਸਾਏ ਰਸਤੇ ਨੂੰ ਸਮਝਣ ਲਾਇਕ ਹੋ ਗਿਆ ਹੈ। ਤੇ ਆਪਣੀ ਕਾਬਲੀਅਤ ਨਾਲ ਦੁਸ਼ਮਣ ਨੂੰ ਵੀ ਪਹਿਚਾਨਣ ਲੱਗ ਪਿਆ ਹੈ। ਅੱਜ ਇਹ ਵਿਰੋਧੀਆਂ ਦੇ ਬਰਾਬਰ ਹੀ ਨਹੀਂ ਬਲਕਿ ਬੌਧਿਕ ਪੱਧਰ ਤੇ ਉਹਨਾਂ ਤੋਂ ਉੱਚਾ ਤੇ ਸੁੱਚਾ ਵੀ ਬੋਲਣ ਲੱਗ ਪਿਆ ਹੈ। ਤੇ ਲਿਖਣ ਲੱਗ ਪਿਆ ਹੈ। ਡਾਕਟਰ ਅੰਬੇਦਕਰ ਦੀ ਦਿੱਤੀ ਕਲਮ ਦੀ ਧਾਰ ਨਾਲ ਦੁਸ਼ਮਣ ਨੂੰ ਸਮਝ ਕੇ ਤੇ ਪਛਾਣ ਕੇ ਨੇਸਤੋ ਨਾਬੂਤ ਕਰਨ ਦੀ ਤਾਕਤ ਵਿੱਚ ਵੀ ਆ ਗਿਆ ਹੈ। ਸੱਭ ਤੋਂ ਵੱਡੀ ਗੱਲ ਹੈ ਕਿ ਇਹ ਨਿਮਾਣਾ ਵਰਗ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਸੰਘੰਰਸ਼ ਦੇ ਰਾਹ ਪੈ ਗਿਆ ਹੈ। ਇਹੀ ਕਾਰਨ ਹੈ ਕਿ ਦੱਬੇ ਕੁੱਚਲੇ ਤੇ ਜਾਗ ਪਏ ਮਨੁੱਖਾਂ ਨੇ ਆਪਣੇ ਮੁਕਤੀਦਾਤਾ ਡਾਕਟਰ ਅੰਬੇਦਕਰ ਨੂੰ ਪਛਾਣ ਕੇ ਉਸ ਨੂੰ ਅਜਾਦ ਮੁਲਕ ਦੇ ਮਹਾਂ-ਪੁਰਖਾਂ ਵਿੱਚ ਪਹਿਲੇ ਸਥਾਨ ਤੇ ਪਹੁੰਚਾ ਦਿੱਤਾ ਹੈ।


ਦੁਸ਼ਮਣ ਦਾ ਚੰਗਾ ਪੜ੍ਹਿਆ ਲਿਖਿਆ ਵਰਗ ਅੱਜ ਵੀ ਪੂਰਾ ਜਾਤੀਵਾਦੀ ਤੇ ਨਫਰਤ ਨਾਲ ਭਰਪੂਰ ਸੋਚ ਦਾ ਮਾਲਕ ਹੈ। ਉੱਚਿਆਂ ਅਹੁਦਿਆਂ ਤੇ ਵਿਰਾਜਮਾਨ ਦੁਸ਼ਮਣ ਤੇ ਸਾਡੇ ਆਪਣੇ ਗੁਲਾਮ ਮਾਨਸਿਕਤਾ ਵਾਲੇ ਲੋਕ ਅੱਜ ਦੇ ਇਸ ਊਚ-ਨੀਚ ਵਾਲੇ ਪਾੜੇ ਦੇ ਬਰਾਬਰ ਦੇ ਜਿੰਮੇਵਾਰ ਹਨ। ਸਾਡਾ ਵਰਗ ਅੱਜ ਵੀ ਮਨੂੰ ਦੇ ਲਾਣੇ ਦਾ ਕੁੱਝ ਟੁਕੜਿਆ ਖਾਤਿਰ ਆਪਣੇ ਸਮਾਜ ਦਾ ਦੁਸ਼ਮਣ ਬਣਿਆ ਬੈਠਾ ਹੈ। ਜੋ ਗਰੀਬ ਸਮਾਜ ਲਈ ਬਹੁਤ ਹੀ ਘਾਤਕ ਤੇ ਨਾਂ ਸਹਿਣਯੋਗ ਹੈ। ਭਾਰਤ ਦੇ ਸੰਵਿਧਾਨ ਮੁਤਾਬਕ ਇਸ ਨੂੰ ਖਤਮ ਕਰਨਾ ਬਹੁਤ ਹੀ ਜਰੂਰੀ ਹੈ।

ਡਾਕਟਰ ਅੰਬੇਦਕਰ ਦੀ ਮਹਾਨਤਾ ਇਹ ਨਹੀਂ ਕਿ ਉਸ ਨੂੰ ਸੱਭ ਤੋਂ ਵੱਧ ਵੋਟ ਪ੍ਰਾਪਤ ਹੋਏ। ਸਗੋਂ ਮਹਾਨਤਾ ਇਸ ਗੱਲ ਵਿੱਚ ਹੈ ਕਿ ਜਦੋਂ ਤੱਕ ਨਿਆ ਅਤੇ ਸਮਾਜਿਕ ਅਧਿਕਾਰਾਂ ਦਾ ਸੰਘੰਰਸ਼ ਚੱਲਦਾ ਰਹੇਗਾ ਉਸ ਦੇ ਵਿਚਾਰਾਂ ਦੀ ਪ੍ਰਮਾਣਿਕਤਾ ਬਣੀ ਰਹੇਗੀ। ਮਹਾਨਤਾ ਕਦੇ ਵੀ ਕੁਰਸੀਆਂ ਮੱਲ ਕੇ ਜਾਂ ਤਾਜ ਪਹਿਨ ਕੇ ਨਹੀਂ ਪ੍ਰਾਪਤ ਕੀਤੀ ਜਾ ਸਕਦੀ,ਤੇ ਨਾਂ ਹੀ ਸਰਕਾਰੀ ਖਰਚਿਆਂ ਤੇ ਯਾਦਗਾਰਾਂ ਕਾਇਮ ਕਰਨ ਨਾਲ ਮਹਾਨਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ। ਮਹਾਨ ਤੇ ਬੇਤਾਜ ਬਾਦਸ਼ਾਹ ਉਹੀ ਹੁੰਦਾ ਹੈ ਡਾਕਟਰ ਅੰਬੇਦਕਰ ਵਾਂਗ ਕਰੋੜਾ ਲੋਕਾਂ ਦੇ ਸੀਨਿਆਂ ਵਿੱਚ ਰਾਜ ਕਰੇ।

ਇਹ ਸਿਰਫ ਤੇ ਸਿਰਫ ਡਾਕਟਰ ਅੰਬੇਦਕਰ ਹੀ ਸਾਬਤ ਕਰ ਸਕੇ ਕਿ ਉਹਨਾਂ ਦੇ ਜਾਣ ਦੇ ਅੱਧੀ ਸਦੀ ਬਾਅਦ ਵੀ ਡਾਕਟਰ ਅੰਬੇਦਕਰ ਉਹਨਾਂ ਅਖੌਤੀ ਲੀਡਰਾਂ, ਮਹਾਂ-ਪੁਰਖਾਂ ਦੀ ਸੋਚ ਤੋਂ ਵੀ ਬਹੁਤ ਜਿਆਦਾ ਅੱਗੇ ਹਨ। ਜਿਹਨਾਂ ਨੂੰ ਸਥਾਪਿਤ ਕਰਨ ਲਈ ਅੰਤਾਂ ਦਾ ਪੈਸਾ, ਤਾਕਤ, ਧਰਮ ਦੀ ਵਰਤੋਂ-ਦੁਰਵਰਤੋਂ ਕੀਤੀ ਜਾਂਦੀ ਰਹੀ ਹੈ। ਡਾਕਟਰ ਅੰਬੇਦਕਰ ਦੀ ਮਹਾਨਤਾ ਇਸ ਗੱਲ ਵਿੱਚ ਵੀ ਹੈ ਇਹ ਸਥਾਨ ਉਹਨਾਂ ਹੱਡ ਭੰਨਵੀਂ ਮਿਹਨਤ ਕਰਕੇ ਹਾਸਿੱਲ ਕੀਤਾ ਹੈ ਨਾਂ ਕਿ ਬਦਮਾਸ਼ੀਆਂ ਕਰਕੇ।

# ਯੂਕੇ: ਮਹਾਰਾਣੀ ਐਲਿਜਾਬੈਥ ਨੇ ਕੀਤੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਮੁਲਾਕਾਤ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਉਹਨਾਂ ਦੀ ਪਤਨੀ ਫਸਟ ਲੇਡੀ ਜਿਲ ਬਾਈਡੇਨ ਨੇ ਕੋਰਨਵਾਲ ਵਿਚਲੇ ਸਿਖਰ ਸੰਮੇਲਨ ਤੋਂ ਬਾਅਦ ਵਿੰਡਸਰ ਕੈਸਲ ਵਿਖੇ ਮਹਾਰਾਣੀ ਐਲਿਜਾਬੈਥ ਨਾਲ ਮੁਲਾਕਾਤ ਕੀਤੀ ਹੈ। ਬਾਈਡੇਨ ਦੇ ਇਸ ਦੌਰੇ ਵਿੱਚ ਗਾਰਡ ਆਫ ਆਨਰ ਅਤੇ ਰਾਣੀ ਨਾਲ ਚਾਹ ਸ਼ਾਮਲ ਸੀ। ਜੋਅ ਬਾਈਡੇਨ ਨੇ ਕਿਹਾ ਕਿ ਮਹਾਰਾਣੀ ਨੇ ਉਹਨਾਂ ਨੂੰ ਉਸਦੀ ਮਾਂ ਦੀ ਯਾਦ ਦਿਵਾ ਦਿੱਤੀ ਅਤੇ ਰਾਸ਼ਟਰਪਤੀ ਨੇ ਮਹ-ਾਰਾਣੀ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ ਵੀ ਦਿੱਤਾ। ਜੀ 7 ਸੰਮੇਲਨ ਦੌਰਾਨ ਵੀ ਰਾਣੀ ਨੇ ਈਡਨ ਪ੍ਰੋਜੈਕਟ ਵਿਖੇ ਰਿਸੈਪਸ਼ਨ ਵਿੱਚ ਵੀ ਬਾਈਡੇਨ ਨਾਲ ਮੁਲਾਕਾਤ ਕੀਤੀ ਸੀ। ਬਾਈਡੇਨ ਨੇ ਨਿਊਕਵੇ, ਕੋਰਨਵਾਲ ਤੋਂ ਲੰਡਨ ਦੇ ਹੀਥਰੋ ਹਵਾਈ ਅੱਡੇ ਦੀ ਯਾਤਰਾ ਏਅਰ ਫੋਰਸ ਵਨ ਰਾਹੀਂ



ਕੀਤੀ ਅਤੇ ਵਿੰਡਸਰ ਲਈ ਮਰੀਨ 1 ਹੈਲੀਕਾਪਟਰ ਦੀ ਸਵਾਰੀ ਕੀਤੀ। ਵਿੰਡਸਰ ਕੈਸਲ ਵਿਖੇ ਕੁਈਨ ਦੀ ਫਸਟ ਬਟਾਲੀਅਨ ਗ੍ਰੇਨਾਡੀਅਰ ਗਾਰਡਜ਼ ਦੁਆਰਾ ਗਾਰਡ ਆਫ ਆਨਰ ਨੇ ਰਾਇਲ ਸਲਾਮੀ ਦਿੱਤੀ ਅਤੇ ਇਸ ਦੌਰਾਨ ਅਮਰੀਕਾ ਦਾ ਰਾਸ਼ਟਰੀ ਗੀਤ ਵੀ ਗਾਇਆ ਗਿਆ। ਬਾਈਡੇਨ ਨੇ ਗਾਰਡ ਆਫ਼ ਆਨਰ ਦੇ ਕਮਾਂਡਿੰਗ ਅਧਿਕਾਰੀ ਮੇਜਰ ਜੇਮਜ਼ ਟੇਲਰ ਅਤੇ ਮੇਜਰ ਜਨਰਲ ਕ੍ਰਿਸਟੋਫਰ ਘਿਕਾ ਨਾਲ ਮਿਲਟਰੀ ਮਾਰਚ-ਪੋਸਟ ਨੂੰ ਵੇਖਣ ਲਈ ਮੰਚ ਪਰਤਣ ਤੋਂ ਪਹਿਲਾਂ, ਗਾਰਡ ਆਫ ਆਨਰ ਦਾ ਮੁਆਇਨਾ ਕੀਤਾ ਅਤੇ ਮਹਿਲ ਦੇ ਓਕ ਕਮਰੇ ਵਿੱਚ ਚਾਹ ਦਾ ਆਨੰਦ ਲਿਆ। ਆਪਣੀ ਇਸ ਫੇਰੀ ਦੌਰਾਨ ਰਾਸ਼ਟਰਪਤੀ ਨੇ ਮਹਿਲ ਦੇ ਅੰਦਰ ਲੱਗਭਗ 40 ਮਿੰਟ ਬਿਤਾਏ।

# ਰੁਮਾਂਸਵਾਦ ਅਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ ਕਵੀ ਅਤੇ ਗੀਤਕਾਰ ਅੰਗਰੇਜ਼ ਮੁੰਡੀ ਕੱਦੋਂ


ਉਜਾਗਰ ਸਿੰਘ

ਸਾਹਿਤਕਾਰਾਂ, ਗੀਤਕਾਰਾਂ, ਲੇਖਕਾਂ, ਕਲਾਕਾਰਾਂ, ਵਕੀਲਾਂ, ਪ੍ਰੋਫੈਸਰਾਂ ਅਤੇ ਪਰਵਾਸੀ ਭਾਰਤੀਆਂ ਦੀ ਨਰਸਰੀ ਵੱਜੋਂ ਜਾਣੇ ਜਾਂਦੇ ਪਿੰਡ ਕੱਦੋਂ ਦਾ ਜਮਪਲ ਅੰਗਰੇਜ਼ ਮੁੰਡੀ ਕੱਦੋਂ ਰੁਮਾਂਸਵਾਦ ਅਤੇ ਸਮਾਜਿਕ ਸਰੋਕਾਰਾਂ ਦਾ ਕਵੀ ਅਤੇ ਗੀਤਕਾਰ ਹੈ। ਜ਼ਿੰਦਗੀ ਦੀ ਜਦੋਜਹਿਦ ਵਿਚ ਰੋਜ਼ੀ ਰੋਟੀ ਅਤੇ ਸੁਨਹਿਰੇ ਭਵਿਖ ਦੇ ਸਪਨੇ ਲੈ ਕੇ ਉਹ 1981 ਵਿਚ ਅਮਰੀਕਾ ਪਹੁੰਚ ਗਿਆ, ਜਿਥੇ ਬਚਪਨ ਤੋਂ ਹੀ ਉਸ ਦੇ ਅਲੱੜ੍ਹ ਮਨ ਵਿਚ ਪਨਪਦੀ ਕਵਿਤਾ ਅਤੇ ਗੀਤ ਆਪ ਮੁਹਾਰੇ ਕਾਗਜ਼ ਦੀ ਕੈਨਵਸ ਤੇ ਉਕਰਨ ਲੱਗੇ। ਪਰਵਾਸ ਦਾ ਵਾਤਾਵਰਨ ਅਤੇ ਕੁਦਰਤੀ ਨਜ਼ਾਰੇ ਕਵੀਆਂ ਅਤੇ ਗੀਤਕਾਰਾਂ ਲਈ ਬਹੁਤ ਹੀ ਸੁਹਾਵਣੇ ਹੁੰਦੇ ਹਨ ਕਿਉਂਕਿ ਸਾਹਿਤਕਾਰ ਕੋਮਲ ਭਾਵਨਾਵਾਂ ਵਿਚ ਗੜੁਚ ਹੁੰਦੇ ਹਨ, ਜਿਸ ਕਰਕੇ ਅੰਗਰੇਜ਼ ਦਾ ਕਾਵਿਕ ਮਨ ਵੀ ਕਲਪਨਾ ਦੀ ਉਡਾਰੀ ਮਾਰਨ ਲੱਗ ਪਿਆ। ਉਸਦੀ ਲੇਖਣੀ ਵਿਚ ਨਿਖ਼ਾਰ ਆਉਣਾ ਸ਼ੁਰੂ ਹੋ ਗਿਆ। ਅੰਗਰੇਜ਼ ਮੁੰਡੀ ਕੱਦੋਂ ਲਿਖਦਾ ਤਾਂ ਰੁਮਾਂਸਵਾਦੀ ਕਵਿਤਾਵਾਂ ਅਤੇ ਗੀਤ ਹੀ ਹੈ ਪ੍ਰੰਤੂ ਲਗਪਗ ਉਸਦੀ ਹਰ ਕਵਿਤਾ ਅਤੇ ਗੀਤ ਵਿਚ ਸਮਾਜਿਕ ਸਰੋਕਾਰਾਂ ਦੀ ਝਲਕ ਜ਼ਰੂਰ ਮਿਲਦੀ ਹੈ। ਸਰਸਰੀ ਤੌਰ ਤੇ ਉਸਦੀ ਕਵਿਤਾ ਅਤੇ ਗੀਤਾਂ ਦਾ ਆਨੰਦ ਮਾਣਦਿਆਂ ਇਹ ਹੀ ਮਹਿਸੂਸ ਹੁੰਦਾ ਹੈ ਕਿ ਉਹ ਰਮਾਂਟਿਕ ਹੀ ਹੈ ਪ੍ਰੰਤੂ ਉਸਦੇ ਰੁਮਾਂਸਵਾਦ ਨੂੰ ਸਮਾਜਿਕ ਸਰੋਕਾਰਾਂ ਦੀ ਪੁਠ ਚੜ੍ਹੀ ਹੁੰਦੀ ਹੈ। ਉਸਦੇ ਅਵਚੇਤਨ ਸਾਹਿਤਕ ਮਨ ਵਿਚ ਸਮਾਜਿਕ ਨਾ ਬਰਾਬਰੀ, ਧੋਖੇ, ਇਨਸਾਨੀ ਰਿਸ਼ਤਿਆਂ ਵਿਚ ਖੋਟ, ਖੁਦਗਰਜ਼ੀ, ਦਗਾ, ਇਸ਼ਕ-ਮੁਸ਼ਕ, ਪਿਆਰ-ਮੁਹੱਬਤ, ਵਸਲ-ਬਿਰਹਾ ਅਤੇ ਇਨਸਾਨ ਦੇ ਦੁਖਾਂ ਦੀ ਚੀਸ ਮਹਿਸੂਸ ਹੁੰਦੀ ਹੋਈ ਕਵਿਤਾ ਜਾਂ ਗੀਤ ਦਾ ਰੂਪ ਧਾਰ ਲੈਂਦੀ ਹੈ। ਅੰਗਰੇਜ਼ ਦੇ ਮਨ ਨੂੰ ਜਦੋਂ ਕੋਈ ਘਟਨਾ ਜਾਂ ਚਲੰਤ ਮਸਲਾ ਪ੍ਰਭਾਵਤ ਕਰਦਾ ਹੈ ਤਾਂ ਇਕ ਵਿਚਾਰ ਉਸਦੇ ਮਨ ਵਿਚ ਉਸਲਵੱਟੇ ਲੈਣ ਲਗਦਾ ਹੈ। ਫਿਰ ਉਹ ਕਲਮ ਚੁਕਦਾ ਹੈ ਤੇ ਉਸ ਵਿਚਾਰ ਦੇ ਆਲੇ ਦੁਆਲੇ ਆਪਣੀਆਂ ਭਾਵਨਾਵਾਂ ਦਾ ਤਾਣਾ ਬਾਣਾ ਕਵਿਤਾ ਜਾਂ ਗੀਤ ਦੇ ਰੂਪ ਵਿਚ ਬੁਣਦਾ ਹੈ। ਇਸ ਕਰਕੇ ਵੁਸਦੀਆਂ ਕਵਿਤਾਵਾਂ ਅਤੇ ਗੀਤ ਵਿਚਾਰਧਾਰਾ ਦੇ ਆਲੇ ਦੁ-ਆਲੇ ਘੁੰਮਦੇ ਹਨ। ਇਨਸਾਨ ਦੀ ਖੁਦਗਰਜ਼ੀ ਅਤੇ ਇਨਸਾਨੀ ਰਿਸ਼ਤਿਆਂ ਦੀ ਗਿਰਾਵਟ ਬਾਰੇ ਉਸਦੀ ਇਕ ਕਵਿਤਾ ਦੀਆਂ ਦੋ ਸਤਰਾਂ ਇਸ ਤਰ੍ਹਾਂ ਹਨ-

ਦੁਨੀਆਂ ਇਹ ਕੈਸੀ ਦੁਨੀਆਂਦਾਰੀ ਏ, ਬਸ ਪੈਸੇ ਨਾਲ ਹੀ ਸਭ ਦੀ ਰਿਸ਼ਤੇਦਾਰੀ ਏ।
ਮਤਲਬ ਤੋਂ ਬਿਨਾ ਕੋਈ ਨਾ ਬੁਲਾਵੇ, ਹੁਣ ਮਤਲਬ ਨਾਲ ਮਤਲਬੀ ਯਾਰੀ ਏ।


ਇਸੇ ਤਰ੍ਹਾਂ ਵਰਤਮਾਨ ਆਧੁਨਿਕਤਾ ਅਤੇ ਖੁਦਗਰਜ਼ ਜ਼ਮਾਨੇ ਵਿਚ ਦੋਸਤਾਂ ਦੀ ਦੋਸਤੀ ਸਿਰਫ ਪੈਸੇ ਦੀ ਹੀ ਰਹਿ ਗਈ ਹੈ। ਅਮੀਰ ਆਦਮੀ ਨੂੰ ਘੁਮੰਡ ਇਤਨਾ ਹੋ ਜਾਂਦਾ ਹੈ ਕਿ ਉਹ ਗ਼ਰੀਬ ਨੂੰ ਨਫਰਤ ਕਰਨ ਲੱਗ ਜਾਂਦਾ ਹੈ। ਵੱਡਾ ਬਣਕੇ ਗਰੀਬਾਂ ਨੂੰ ਕੀੜੇ ਮਕੌੜੇ ਹੀ ਸਮਝਦਾ ਹੈ। ਜੇਕਰ ਕਿਸੇ ਕੋਲ ਪੈਸਾ ਹੈ ਤਾਂ ਸਾਰੇ ਦੋਸਤ ਉਸਦੇ ਨਾਲ ਹਨ ਪ੍ਰੰਤੂ ਜਦੋਂ ਇਨਸਾਨ ਰੋਜ਼ੀ ਰੋਟੀ ਤੋਂ ਵੀ ਆਤੁਰ ਹੋ ਜਾਂਦਾ ਹੈ ਤਾਂ ਸਾਰੇ ਉਸਦਾ ਸਾਥ ਛੱਡ ਜਾਂਦੇ ਹਨ। ਅੰਗਰੇਜ਼ ਦੀ ਇਕ ਕਵਿਤਾ ਇਹੋ ਦਰਸਾਉਂਦੀ ਹੈਯਾਰ ਝੂਠਾ ਬੜਾ ਏ ਫਿਰ ਵੀ, ਉਹਦੇ 'ਤੇ ਇਤਬਾਰ ਬੜਾ ਏ। ਨਫਰਤ ਹੈ ਉਹਨੂੰ ਸਾਡੇ ਨਾਲ, ਸਾਨੂੰ ਉਸ ਨਾਲ ਪਿਆਰ ਬੜਾ ਏ।

ਭੁੱਲ ਜਾ ਉਹ ਯਾਦ ਕਰੂਗਾ, ਉਹ ਤਾਂ ਹੁਣ ਸਟਾਰ ਬੜਾ ਏ।
ਰੱਜੇ ਅਕਸਰ ਕਰਦੇ ਨੇ ਨਖ਼ਰੇ, ਭੁੱਖੇ ਨੂੰ ਰੋਟੀ ਤੇ ਆਚਾਰ ਬੜਾ ਏ।

ਇਕ ਹੋਰ ਕਵਿਤਾ ਵਿਚ ਵੀ ਇਹੋ ਰੰਗ ਮਿਲਦਾ ਹੈ

ਹਸਾਉਂਦਾ ਤੇ ਰੁਆਉਂਦਾ ਵਕਤ, ਕੱਖੋਂ ਲੱਖ ਬਣਾਉਂਦਾ ਵਕਤ।
ਹਿੰਮਤ ਹੈ ਹਸਦੇ ਪਏ ਹਾਂ, ਪਰ ਉਂਝ ਤਾਂ ਬੜਾ ਰੁਆਉਂਦਾ ਵਕਤ।
ਰਾਤ ਨੂੰ ਸੂਰਜ-ਚਾੜ੍ਹ ਦੇਵੇ, ਤੇ ਦਿਨੇ ਤਾਰੇ ਵਿਖਾਉਂਦਾ ਵਕਤ।
ਰਿਸ਼ਤੇ ਯਾਰ ਆਪਣਿਆਂ ਦੀ, ਪਹਿਚਾਣ ਸਭ ਕਰਾਉਂਦਾ ਵਕਤ।
ਵਕਤ ਜਿਹਾ ਹਕੀਮ ਨਾ ਕੋਈ, ਡੂੰਘੇ ਜ਼ਖ਼ਮ ਭਰਾਉਂਦਾ ਵਕਤ,
ਆਇਆ ਨੀ ਅੰਗਰੇਜ਼ 'ਤੇ ਵਕਤ ਅਜੇ, ਸੁਣਿਆਂ ਸਭ ਤੇ ਆਉਂਦਾ ਵਕਤ।

ਅੰਗਰੇਜ਼ ਦੇ ਬਹੁਤੇ ਗੀਤ ਰੁਮਾਂਸਵਾਦ ਵਿਚ ਲਬਰੇਜ਼ ਹਨ ਪ੍ਰੰਤੂ ਫਿਰ ਵੀ ਕੁਝ ਕੁ ਗੀਤ ਸਮਾਜਿਕ ਬੁਰਾਈਆਂ ਦੇ ਵਿਰੁਧ ਹਨ ਕਿਉਂਕਿ ਕੁਦਰਤੀ ਹੈ ਕਿ ਲੇਖਕ ਉਪਰ



ਸਮਾਜਿਕ ਵਾਤਾਵਰਨ ਦਾ ਗਹਿਰਾ ਪ੍ਰਭਾਵ ਪੈਂਦਾ ਹੈ। ਬਚਪਨ ਵਿਚ ਪਿੰਡ ਕੱਦੋਂ ਦੀ ਫਿਜ਼ਾ ਦਾ ਉਸਦੇ ਬਾਲ ਮਨ ਤੇ ਗਹਿਰਾ ਪ੍ਰਭਾਵ ਪਿਆ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਇਨਸਾਨ ਨੂੰ ਸਬਰ ਤੇ ਸੰਤੋਖ ਕਰਦਿਆਂ ਪ੍ਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਜੀਵਨ ਬਸਰ ਕਰਨਾ ਚਾਹੀਦਾ। ਭਾਵ ਜੀਵਨ ਦੀਆਂ ਬਰਕਤਾਂ ਅਤੇ ਕਠਨਾਈਆਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ। ਸੰਤੁਸ਼ਟੀ ਸਫਲ ਜੀਵਨ ਦੀ ਕੁੰਜੀ ਹੈ। ਉਸਦੇ ਇਕ ਗੀਤ ਦੇ ਕੁਝ ਬੋਲ ਹਨ

ਨਾ ਕੋਈ ਯਾਰ ਨਾ ਕੋਈ ਬੇਲੀ,
ਨਾ ਕੋਈ ਹਾਣੀ ਨਾ ਕੋਈ ਮੇਲੀ।
ਇਥੇ ਮਿਲਦੇ ਸੱਜਣ ਠੱਗ।
ਜਦ ਕਿਸੇ ਦੀ ਗੁਡੀ ਚੜ੍ਹਦੀ, ਵੇਖਕੇ ਸਾਰੀ ਦੁਨੀਆਂ ਸੜਦੀ।
ਇਥੇ ਯਾਰ ਉਛਾਲਣ ਪੱਗ, ਦੁਨੀਆਂ ਦਾ ਦਸਤੂਰ ਬੁਰਾ ਏ ।
ਹਰ ਇਕ ਦੇ ਬੁਕਲ ਵਿਚ ਛੁਰਾ ਏ, ਚੁਪ ਚਾਪ ਲਗਾਉਂਦੇ ਅੱਗ।
ਵਕਤ ਨਾਲ ਯਾਰੋ ਰਹਿਣਾ ਸਿਖੋ, ਰੱਬ ਦੀ ਰਜ਼ਾ ਵਿਚ ਰਹਿਣਾ ਸਿਖੋ ।
ਇਹ ਅੰਗਰੇਜ਼ ਸੁਣਾਉਂਦਾ ਸੱਚ।

ਅੰਗਰੇਜ਼ ਦਾ ਪਰਿਵਾਰਿਕ ਪਿਛੋਕੜ ਦਿਹਾਤੀ ਹੈ। ਇਸ ਕਰਕੇ ਉਸਦੀ ਬੋਲੀ ਠੇਠ ਪੰਜਾਬੀ ਅਤੇ ਸ਼ਬਦਾਵਲੀ ਵੀ ਪੂਰੀ ਘਰ ਪਰਿਵਾਰ ਵਿਚ ਬੋਲੀ ਜਾਂਦੀ ਦਿਹਾਤੀ ਹੈ। ਉਹ ਇਹ ਵੀ ਆਪਣੀਆਂ ਕਵਿਤਾਵਾਂ ਵਿਚ ਲਿਖਦਾ ਹੈ ਕਿ ਇਨਸਾਨੀ ਜੀਵਨ ਵਿਚ ਹਰ ਇੱਛਾ ਪੂਰੀ ਨਹੀਂ ਹੁੰਦੀ ਪ੍ਰੰਤੂ ਜੋ ਮਿਲ ਗਿਆ ਉਸਦਾ ਹੀ ਆਨੰਦ ਮਾਨਣਾ ਚਾਹੀਦਾ ਹੈ। ਇਨਸਾਨ ਦੇ ਕਿਰਦਾਰ ਹੀ ਉਸਦੀ ਪੂੰਜੀ ਹੁੰਦੇ ਹਨ। ਜੋ ਕਰੋਗੇ ਉਸਦਾ ਫਲ ਤੁਹਾਨੂੰ ਜ਼ਰੂਰ ਕਿਸੇ ਨਾ ਕਿਸੇ ਰੂਪ ਵਿਚ ਸਹੀ ਸਮੇਂ 'ਤੇ ਮਿਲੇਗਾ। ਇਸ ਲਈ ਇਨਸਾਨ ਨੂੰ ਆਪਣੀ ਸੋਚ ਸਹੀ ਰੱਖਣੀ ਚਾਹੀਦੀ ਹੈ। ਆਪਣੀ ਇਕ ਕਵਿਤਾ ਵਿਚ ਉਹ ਲਿਖਦਾ ਹੈ ਹਰ ਖਵਾਹਿਸ਼ ਪੂਰੀ ਨਹੀਂ ਹੁੰਦੀ, ਦੂਰੀ ਜਿਸਮਾ ਦੀ ਦੂਰੀ ਨਹੀਂ ਹੁੰਦੀ।

ਸਾਹਾਂ 'ਚ ਵਸ ਗਏ ਸੱਜਣਾ ਦੀ, ਸੀਨੇ ਲੱਗਣੀ ਤਸਵੀਰ ਜ਼ਰੂਰੀ ਨਹੀਂ ਹੁੰਦੀ।
ਕਰਮ ਬੰਦੇ ਦੇ ਬੰਦੇ ਨੂੰ ਮਾਰ, ਦਿੰਦੇ ਵੱਟੀ ਸਮੇਂ ਦੀ ਕਦੇ ਘੂਰੀ ਨਹੀਂ ਹੁੰਦੀ।
ਪਿਆਰੀ ਸੋਚ ਵਾਲਾ ਦੋਸਤ ਜੇ ਮਿਲੇ, ਜਾਨ ਦੇਣੀ ਇਸ਼ਕ 'ਚ ਜ਼ਰੂਰੀ ਨਹੀਂ ਹੁੰਦੀ।

ਸਮਾਜ ਵਿਚ ਬਨਾਵਟੀਪਣ ਦੀ ਬਹੁਤਾਤ ਸਮਾਜਿਕ ਤਾਣੇ ਬਾਣੇ ਨੂੰ ਪਲੀਤ ਕਰ ਰਹੀ ਹੈ। ਲੋਕ ਅੰਦਰੋਂ ਬਾਹਰੋਂ ਇਕ ਨਹੀਂ ਹਨ। ਕਹਿੰਦੇ ਕੁਝ ਅਤੇ ਕਰਦੇ ਕੁਝ ਹੋਰ ਹਨ। ਉਨ੍ਹਾਂ ਦਾ ਸਮਾਜਿਕ ਜੀਵਨ ਵਿਚ ਕਿਰਦਾਰ ਹੋਰ ਤਰ੍ਹਾਂ ਦਾ ਹੁੰਦਾ ਹੈ, ਜਿਸ ਕਰਕੇ ਸਮਾਜ ਵਿਚ ਆਪਸੀ ਤਣਾਓ ਵੱਧ ਰਿਹਾ ਹੈ। ਲੋਕ ਮਖੌਟੇ ਪਾਈ ਫਿਰਦੇ ਹਨ। ਭਾਵ ਸੰਸਾਰ ਵਿਖਾਵੇ ਵਿਚ ਵਧੇਰੇ ਯਕੀਨ ਰੱਖਦਾ ਹੈ। ਵਿਵਹਾਰਿਕ ਤੌਰ 'ਤੇ ਸਾਰਾ ਕੁ ਉਲਟ-ਪੁਲਟ ਹੁੰਦਾ ਹੈ। ਇਸ ਕਰਕੇ ਇਕ ਕਵਿਤਾ ਵਿਚ ਲਿਖਦਾ ਹੈ

ਐਨੀ ਕੁ ਜਾਣ ਪਹਿਚਾਣ ਬੜੀ ਏ, ਬਸ ਦੂਰੋਂ-ਦੂਰੋਂ ਹੀ ਸਲਾਮ ਬੜੀ ਏ।
ਬਕਿਸਮਤੀ ਬਾਰੇ ਰੱਬ ਹੀ ਜਾਣੇ, ਸਾਡੇ ਤੇ ਕਿਉਂ ਮਿਹਰਬਾਨ ਬੜੀ ਏ।
ਅੰਦਰੋਂ ਤਾਂ ਉਹਨੂੰ ਫਿਕਰ ਹੈ ਸਾਡੀ, ਬਾਹਰੋਂ ਬਣਦੀ ਅਣਜਾਣ ਬੜੀ ਏ।
ਆਵਾਜ਼ ਨੂੰ ਸੁਣਦਿਆਂ ਹੀ ਪੁਛੇ ਮਾਂ, ਕਿ ਪੁਤਰੀ ਮੇਰੀ ਪਰੇਸ਼ਾਨ ਬੜੀ ਏ।
ਦਿਸਦੀ ਪੀੜ ਹੈ ਨੈਣਾਂ ਵਿਚ ਉਸਦੇ, ਪਰ ਬੁਲਾਂ ਉਤੇ ਮੁਸਕਾਨ ਬੜੀ ਏ।
ਆਮ ਖਾਸ ਲੋਕਾਂ ਦੀ ਸਮਝੋਂ ਬਾਹਰ, ਸ਼ਾਇਰੀ ਅੰਗਰੇਜ਼ ਦੀ ਆਮ ਬੜੀ ਏ।

ਸਮਾਜਿਕ ਜੀਵਨ ਵਿਚੋਂ ਨੈਤਿਕਤਾ ਖੰਭ ਲਾ ਕੇ ਉਡ ਗਈ ਹੈ। ਧੀ ਭੈਣ ਦੀ ਇਜ਼ਤ ਕਰਨਾ ਤਾਂ ਵੱਖਰੀ ਗੱਲ ਹੈ ਪ੍ਰੰਤੂ ਬੁਰੀ ਨਿਗਾਹ ਨਾਲ ਵੇਖਣਾ ਆਮ ਹੋ ਗਿਆ ਹੈ। ਸ਼ਰਮ ਹਯਾ ਖੰਭ ਲਾ ਕੇ ਉਡ ਗਈ ਹੈ। ਜੇਕਰ ਕੋਈ ਕਿਸੇ ਇਸਤਰੀ ਨਾਲ ਦੁਰਵਿਵਹਾਰ ਕਰਦਾ ਹੈ ਤਾਂ ਵੇਖਣ ਵਾਲੇ ਉਸਨੂੰ ਰੋਕਣ ਦੀ ਬਿਜਾਏ ਤਮਾਸ਼ਬੀਨ ਬਣ ਜਾਂਦੇ ਹਨ। ਇਨਸਾਨ ਦੀ ਜ਼ਮੀਰ ਹੀ ਮਰ ਚੁੱਕੀ ਹੈ। ਅੰਗਰੇਜ਼ ਸਮਾਜ ਵਿਚ ਆਈ ਇਸ ਗਿਰਾਵਟ ਬਾਰੇ ਵੀ ਕਾਫੀ ਚਿੰਤਤ ਹੈ। ਇਸ ਲਈ ਉਸਨੇ ਲਿਖਿਆ ਹੈ-

ਹੁਸਨ ਦਿੱਤਾ ਏ ਮੈਨੂੰ, ਤਾਂ ਹੁਸਨ ਦੇ ਕਦਰਦਾਨ ਤਾਂ ਦਿੰਦਾ ।
ਦੇਖਣ ਵਾਲੇ ਦੀਆਂ ਅੱਖਾਂ 'ਚ ਸ਼ਰਮ, ਦਿਲ ਵਿਚ ਸਨਮਾਨ ਤਾਂ ਦਿੰਦਾ।
ਤਮਾਸ਼ਬੀਨ ਖੜ੍ਹੇ ਨੇ ਹਰ ਚੌਰਾਹੇ 'ਤੇ, ਜ਼ਮੀਰ ਨਾਲ ਭਰੀ ਜਾਨ ਤਾਂ ਦਿੰਦਾ।
ਸੰਘਣੇ ਕਰ ਦਿੰਦਾ ਕੰਡੇ, ਫੁੱਲਾਂ ਨੂੰ ਵਧਦੇ ਹੱਥੀਂ ਜ਼ਖ਼ਮ ਨਿਸ਼ਾਨ ਤਾਂ ਦਿੰਦਾ।

ਭਰੂਣ ਹੱਤਿਆ ਅਤੇ ਇਸਤਰੀਆਂ ਉਪਰ ਹੋ ਰਹੇ ਅਤਿਆਚਾਰਾਂ ਨੇ ਵੀ ਕਵੀ ਨੂੰ ਹਲੂਣਕੇ ਰੱਖ ਦਿੱਤਾ। ਜਦੋਂ ਕਿ ਹਰ ਮਰਦ ਇਸਤਰੀ ਦੀ ਕੁੱਖ ਵਿਚੋਂ ਪੈਦਾ ਹੁੰਦਾ ਹੈ ਪ੍ਰੰਤੂ ਫਿਰ ਵੀ ਇਸਤਰੀ ਦਾ ਬੀਜ ਨਾਸ ਕਰਨ ਤੇ ਤੁਲਿਆ ਹੋਇਆ ਹੈ। ਭਰੂਣ ਹੱਤਿਆ ਬਾਰੇ ਅੰਗਰੇਜ਼ ਲਿਖਦਾ ਹੈ ਜਿਹੜਾ

ਕੁੱਖ 'ਚ ਧੀਆਂ ਕਤਲ ਕਰਵਾਉਣ, ਮਾਪੇ ਨਹੀਂ ਹੁੰਦੇ।
ਜਿਹੜੇ ਬਿਨਾ ਗੱਲੋਂ ਟੁੱਟ ਜਾਣ, ਉਹ ਰਿਸ਼ਤ-ਨਾਤੇ ਨਹੀਂ ਹੁੰਦੇ।
ਕਹਿਣ ਸਿਆਣੇ ਝੂਠ ਦੀਆਂ, ਕਿਤੇ ਕੋਈ ਨੀਂਹਾਂ ਨਹੀਂ ਹੁੰਦੀਆਂ।
ਜੋ ਮਾਪਿਆਂ ਦੀ ਪੱਤ ਰੋਲਦੀਆਂ, ਉਹ ਧੀਆਂ ਨਹੀਂ ਹੁੰਦੀਆਂ।

ਭਰਿਸ਼ਟਾਚਾਰ ਦੀ ਲਾਹਣਤ ਦਫਤਰ੍ਹਾਂ ਵਿਚ ਕਰੋਨਾ ਦੀ ਬਿਮਾਰੀ ਦੀ ਤਰ੍ਹਾਂ ਫੈਲੀ ਹੋਈ ਹੈ, ਜਿਸ ਕਰਕੇ ਆਮ ਲੋਕਾਂ ਨਾਲ ਵਿਤਕਰੇ ਹੋ ਰਹੇ ਹਨ। ਇਸ ਬਾਰੇ ਕਵੀ ਨੇ ਲਿਖਿਆ

ਹੈਜਾਗਣ ਨੇ ਸਿਤਾਰੇ ਤਾਂ ਕਾਲੀ ਰਾਤ 'ਚ ਜਾਗਣ,
ਫਾਇਦਾ ਕੀ ਜੇ ਚਾਨਣ ਹੋਣ ਤੋਂ ਬਾਅਦ ਜਾਗਣਗੇ।
ਕਹਿੰਦੇ ਉਦੋਂ ਸਭ ਲਿਖਾਂਗੇ ਜਦੋਂ ਸਾਹਿਬ ਜਾਗ ਪਏ
ਤੇ ਰੁਪਈਆਂ ਦੀ ਥੱਦੀ ਵੇਖਕੇ ਹੀ ਸਾਹਿਬ ਜਾਗਣਗੇ।

ਦੁਨੀਆਂ ਵਿਚ ਅੱਜ ਕਲ੍ਹ ਝੂਠ ਦਾ ਬੋਲ ਬਾਲਾ ਹੈ। ਲੋਕੀ ਝੂਠ ਨੂੰ ਸੱਚ ਬਣਾਉਣ ਲਈ ਹਜ਼ਾਰ ਵਾਰ ਝੂਠ ਬੋਲਦੇ ਹਨ। ਝੂਠ ਬਾਰੇ ਉਨ੍ਹਾਂ ਲਿਖਿਆ ਹੈ

ਝੂਠ ਨੂੰ ਝੂਠ ਕਿਹਾ ਤਾਂ ਕਈਆਂ ਨੇ, ਪਰ ਸੱਚ ਦੇ ਕੋਈ ਵੱਲ ਨਹੀਂ ਹੋਇਆ।
ਇਸ਼ਕ ਯਾਰੀ ਵਿਚ ਦੱਸੋ ਕਿਸ ਨਾਲ, ਅੱਜ ਤੱਕ ਕੋਈ ਛੱਲ ਨਹੀਂ ਹੋਇਆ।

ਸੁਰਜੀਤ ਸਿੰਘ ਉਰਫ ਅੰਗਰੇਜ਼ ਮੁੰਡੀ ਕੱਦੋਂ ਦਾ ਜਨਮ ਲੁਧਿਆਣਾ ਜਿਲ੍ਹੇ ਦੇ ਪਿੰਡ ਕੱਦੋਂ ਵਿਖੇ ਮਾਤਾ ਨਸੀਬ ਕੌਰ ਅਤੇ ਪਿਤਾ ਵਰਿਆਮ ਸਿੰਘ ਦੇ ਘਰ ਕਿਸਾਨ ਪਰਿਵਾਰ ਵਿਚ ਹੋਇਆ। ਸੁਰਜੀਤ ਸਿੰਘ ਨੂੰ ਪਿੰਡ ਵਿਚ ਉਸਦੇ ਰਹਿਣ ਸਹਿਣ ਅਤੇ ਵਿਵਹਾਰ ਕਰਕੇ ਅੰਗਰੇਜ਼ ਨਾਮ ਨਾਲ ਬੁਲਾਇਆ ਜਾਂਦਾ ਹੈ। ਇਸ ਲਈ ਉਹ ਆਪਣੀਆਂ ਕਵਿਤਾਵਾਂ ਅਤੇ ਗੀਤ ਅੰਗਰੇਜ਼ ਮੁੰਡੀ ਕੱਦੋਂ ਦੇ ਨਾਮ ਨਾਲ ਲਿਖਦਾ ਹੈ। ਮੁੱਢਲੀ ਪੜ੍ਹ-ਾਈ ਉਸਨੇ ਪਿੰਡ ਦੇ ਸਕੂਲ ਤੋਂ ਹੀ ਕੀਤੀ।

ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਦੋਰਾਹਾ ਤੋਂ ਪ੍ਰਾਪਤ ਕੀਤੀ। ਬੀ ਏ ਦੀ ਪੜ੍ਹਾਈ ਕਰਦਿਆਂ ਹੀ ਉਸਨੇ ਪਹਿਲਾਂ ਗੀਤ ਅਤੇ ਫਿਰ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਸਾਹਿਤਕ ਮਸ ਤਾਂ ਪਹਿਲਾਂ ਹੀ ਸੀ ਪ੍ਰੰਤੂ ਅਵਤਾਰਜੀਤ ਅਟਵਾਲ ਅਤੇ ਭੱਟੀ ਭੜੀਵਾਲਾ ਦੇ ਸੰਪਰਕ ਵਿਚ ਆਉਣ ਨਾਲ ਇਹ ਰੁਚੀ ਨਿਖਰਕੇ ਸਾਹਮਣੇ ਆ ਗਈ। ਪਰਵਾਸ ਵਿਚ ਰਹਿਣ ਕਰਕੇ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਭਵਿਖ ਵਿਚ ਅੰਗਰੇਜ਼ ਮੁੰਡੀ ਕੱਦੋਂ ਤੋਂ ਹੋਰ ਚੰਗਾ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿੱਚ ਸਾਰਥਕਤਾ' ਵਿਸ਼ੇ ਤੇ ਕਰਵਾਇਆ ਵੈਬੀਨਾਰ

**ਫਗਵਾੜਾ 14 ਜੂਨ (ਬੀ.ਕੇ.ਰੱਤੂ )** 'ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ' ਵਲੋਂ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿੱਚ ਸਾਰਥਕਤਾ' ਵਿਸ਼ੇ ਤੇ ਵੈੱਬੀਨਾਰ ਗੁਰਮੀਤ ਸਿੰਘ ਪਲਾਹੀ ਪ੍ਰਧਾਨ ਪੰਜਾਬੀ ਕਾਲਮਨ-ਵੀਸ ਪੱਤਰਕਾਰ ਮੰਚ ਦੀ ਅਗਵਾਈ ਵਿੱਚ ਕਰਵਾਇਆ ਗਿਆ। ਡਾ: ਸਵਰਾਜ ਸਿੰਘ ਨੇ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਸਹਿਣਸ਼ੀਲਤਾ ਦਾ ਸੁਨੇਹਾ ਅਸਾਮ ਤੇ ਬੰਗਾਲ ਦੇ ਮੱਤਭੇਦ ਖ਼ਤਮ ਕਰਵਾ ਕੇ ਦਿੱਤਾ। ਮਨੁੱਖੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਗੁਰੂ ਜੀ ਨੇ ਆਪਣੀ ਬਾਣੀ ਵਿੱਚ ਬਹੁਤ ਵੱਡੀ ਸਿੱਖਿਆ ਦਿੱਤੀ ਹੈ ਅਤੇ ਇਹਨਾਂ ਤੇ ਪਹਿਰਾ ਦੇਣ ਲਈ ਮਨੁੱਖ ਨੂੰ ਪ੍ਰੇਰਿਆ ਹੈ। ਡਾ: ਸਵਾਰਜ ਸਿੰਘ ਨੇ ਫਰੈਂਚ ਲੇਖਕ ਅਤੇ ਚਿੰਤਕ ਵੋਲਟੇਅਰ ਦੇ ਕਥਨ ਦੀ ਉਦਾਹਰਨ ਦਿੱਤੀ, "ਜੋ ਵੀ ਤੁਸੀਂ ਕਹਿ ਰਹੇ ਹੋ ਮੈਂ ਇਸ ਨਾਲ ਸਹਿਮਤ ਹੋਵਾਂ ਜਾਂ ਨਾ ਪਰ ਮੈਂ ਫਿਰ ਵੀ ਤੁਹਾਨੂੰ ਉਹ ਕਹਿਣ ਦੀ ਆਗਿਆ ਦਿੰਦਾ ਹਾਂ"। ਇਹ ਭਾਵਨਾ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਪ੍ਰਗਟ ਕੀਤੀ ਹੈ। ਇਸ ਲਈ ਉਹਨਾ ਨੇ ਮਾਨਵਤਾ&; ਲਈ ਆਪਣਾ ਬਲੀਦਾਨ ਦਿੱਤਾ। ਇਹ ਉਦਾਹਰਨ ਸਾਰੇ ਸੰਸਾਰ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨੇਊ ਪਹਿਨਣ ਤੋਂ ਨਾਂਹ ਕਰ ਦਿੱਤੀ ਸੀ ਪਰ ਗੁਰੂ ਤੇਗ ਬਹਾਦਰ ਜੀ ਨੇ ਉਸੇ ਜੰਜੂ ਨੂੰ ਬਚ-ਾਉਣ ਲਈ ਆਪਣਾ ਬਲੀਦਾਨ ਦਿੱਤਾ। ਡਾਕਟਰ ਸਾਹਿਬ ਨੇ ਦੱਸਿਆ ਕਿ ਮਨੁੱਖ ਕੁਦਰਤੀ ਭਿੰਨਤਾ ਨੂੰ ਖ਼ਤਮ ਕਰਕੇ ਇਕਸ-ਾਰਤਾ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਕੁਦਰਤ ਤੋਂ ਦੂਰ ਹੋ ਜਾਂਦਾ ਹੈ। ਇਹੀ ਗੱਲ ਉਸਦੇ ਦੁੱਖਾਂ-ਕਸ਼ਟਾਂ ਦਾ ਕਾਰਨ ਬਣਦੀ ਹੈ। ਮੁਗਲਾਂ ਵੇਲੇ ਵੀ ਇਹੀ ਵਰਤਾਰਾ ਹੋਇਆ ਕਿ ਉਹਨਾ ਨੇ ਸਭ ਨੂੰ ਆਪਣੇ ਵਰਗੇ ਬਣਾਉਣ ਦੀ ਕੋਸ਼ਿਸ਼ ਕੀਤੀ । ਆਪਣੇ ਧਰਮ ਨੂੰ ਸ਼੍ਰੇਸ਼ਟ ਦੱਸਿਆ-ਬਾਕੀ ਸਭਿਆਚਾਰਾਂ ਨੂੰ ਆਪਣੇ ਮੁਤਾਬਕ ਢਾਲਣ ਦੀ ਕੋਸ਼ਿਸ਼ ਕੀਤੀ । ਗੁਰੂ ਸਾਹਿਬ ਨੇ ਇਸ ਨੂੰ ਕੁਦਰਤ ਦੇ ਖਿਲਾਫ਼ ਦੱਸਿਆ। ਅਜੋਕੇ ਸਮੇਂ ਵੀ ਵਿਸ਼ਵੀਕਰਣ ਦੇ ਨਾਮ ਤੇ ਭਿੰਨਤਾ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਉਪਭੋਗਤਾ ਸਭਿਆਚਾਰ ਲਿਆਂਦਾ ਜਾ ਰਿਹਾ ਹੈ,ਜਿਹੜਾ ਕਿ ਕੁਦਰਤੀ ਮਾਡਲ ਦੇ ਖ਼ਿਲਾਫ਼ ਹੈ। ਪਰ ਮਾੜੀ ਗੱਲ ਇਹ ਹੈ ਕਿ ਇਸਦਾ ਵਿਰੋਧ ਕਰਨ ਦੀ ਬਜਾਏ ਲੋਕ ਆਪ ਇਸ ਨੂੰ ਅਪਣਾ ਰਹੇ ਹਨ। ਜਿਸ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਦੁਨੀਆ ਦੇ ਸਾਰੇ ਲੋਕ ਆਪਣੀ ਵਰਾਸਤ ਛੱਡ ਕੇ ਗੈਰ-ਕੁਦਰਤੀ ਵਿਧਾਨ ਵਲ ਉਲਾਰ ਹੋ ਰਹੇ ਹਨ। ਅਜੋਕੇ ਸਮੇਂ ਵਿੱਚ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਹਨਾ ਇਹ ਵੀ ਦੱਸਿਆ ਕਿ ਮਨੁੱਖ ਕਦੇ ਵੀ ਕੁਦਰਤ ਨਾਲ ਟੱਕਰ ਨਹੀਂ ਲੈ ਸਕਦਾ-ਹਮੇਸ਼ਾ ਮਾਤ ਖਾਏਗਾ। ਜੇਕਰ ਉਹ ਕੁਦਰਤ ਦੇ ਖਿਲਾਫ਼ ਜਾ ਕੇ ਟੱਕਰ ਲਵੇਗਾ ਤਾਂ ਉਸ ਦਾ ਵਿਨਾਸ਼ ਨਿਸ਼ਚਿਤ ਹੈ। ਡਾ. ਸਵਰਾਜ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਆਪਣੇ ਮਨ ਨੂੰ ਸਥਿਰ ਕਰਨ ਦੀ ਸਿੱਖਿਆ ਦਿੰਦੀ ਹੈ। ਗੁਰੂ ਜੀ ਦੀ ਬਾਣੀ ਸਾਨੂੰ ਦੱਸਦੀ ਹੈ ਕਿ 'ਖਵਾਇਸ਼ਾਂ' ਅਤੇ 'ਲੋੜਾਂ' ਵਿਚ ਕੀ ਫ਼ਰਕ ਹੈ? ਖਵਾਇਸ਼ਾਂ ਗੈਰ ਕੁਦਰਤੀ ਹਨ ਜਦੋਂ ਕਿ ਲੋੜਾਂ ਕੁਦਰਤੀ ਹਨ। ਇਸੇ ਤਰ੍ਹਾਂ ਉਹਨਾ ਦੱਸਿਆ ਹੈ ਕਿ ਮੋਹ ਤੇ ਪ੍ਰੇਮ ਵਿਚ ਬਹੁਤ ਫ਼ਰਕ ਹੈ। ਮੋਹ ਵਿਚ ਸਵਾਰਥ ਆ ਜਾਂਦਾ ਹੈ ਜਦੋਂ ਕਿ ਪ੍ਰੇਮ ਵਿੱਚ ਤਿਆਗ ਦੀ ਭਾਵਨਾ ਪੈਦਾ ਹੁੰਦੀ ਹੈ। ਸਾਡੀ ਹੋਂਦ ਦਾ ਤੱਤ ਤਿਆਗ ਹੈ, ਪ੍ਰੇਮ ਹੈ। ਅੱਜ ਦੇ ਮਨੁੱਖ ਨੂੰ ਮੋਹ ਨੇ ਸਵਾਰਥੀ ਬਣਾ ਦਿੱਤਾ ਹੈ। ਸਾਡੀ ਹੋਂਦ ਸਾਡੇ ਤੱਕ ਹੀ ਸੀਮਤ ਨਹੀਂ ਹੈ। ਇਹ ਸਮੁੱਚਤਾ ਦਾ ਇੱਕ ਹਿੱਸਾ ਹੈ। ਸਰੀਰ ਤੇ ਮਨ ਤੱਕ ਹੀ ਸੀਮਤ ਹੋਣ ਦੀ ਬਜਾਏ ਚੇਤਨਤਾ ਤੱਕ ਜੀਊਣਾ ਸਿੱਖਣਾ ਮਨੁੱਖ ਦਾ ਫ਼ਰਜ਼ ਹੈ। ਮਨੁੱਖ ਦੀਆ ਤਿੰਨ ਮੁੱਖ ਸਮੱਸਿਆਵਾਂ ਹਨ: ਭੈਅ, ਚਿੰਤਾ ਅਤੇ ਅਸੁੱਰਖਿਅਤਾ। ਇਹਨਾਂ ਤਿੰਨਾਂ ਦਾ ਹੱਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਿਲਦਾ ਹੈ। ਇਸੇ ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਡਾ. ਸ਼ਿਆਮ ਸੁੰਦਰ ਦੀਪਤੀ ਨੇ ਆਖਿਆ ਸ਼ਬਦ ਨਾਲ ਜੁੜ ਕੇ ਚੇਤਨਾ ਨੂੰ ਪ੍ਰਚੰਡ ਕਰਨ ਦੀ ਲੋੜ ਹੈ। ਕੇਹਰ ਸ਼ਰੀਫ ਨੇ ਕਿਹਾ ਕਿ ਮਨੁੱਖ ਨੂੰ ਕੁਦਰਤ ਨਾਲ ਜੁੜਨਾ ਚਾਹੀਦਾ ਹੈ। ਰਵਿੰਦਰ ਚੋਟ ਅਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਗੁਰੂ ਜੀ ਦੇ ਸੰਦੇਸ਼ ਨੂੰ ਆਪਣੀ ਨਿੱਜੀ ਜ਼ਿੰਦਗੀ ਵਿਚ ਅਪਣਾਉਣਾ ਚਾਹੀਦਾ ਹੈ। ਚਰਨਜੀਤ ਸਿੰਘ ਗੁੰਮਟਾਲਾ ਅਤੇ ਦਰਸ਼ਨ ਸਿੰਘ ਰਿਆੜ ਨੇ ਆਖਿਆ ਕਿ ਕੁਦਰਤ ਤੋਂ ਦੂਰ ਹੋ ਕੇ ਮਨੁੱਖ ਨੇ ਬਹੁਤ ਕਸ਼ਟ ਉਠਾਏ ਹਨ। ਸਾਨੂੰ ਕੁਦਰਤ ਨਾਲ ਜੁੜਨ ਲਈ ਗੁਰੂ ਜੀ ਦੀ ਬਾਣੀ ਦਾ ਸਹਾਰਾ ਲੈਣਾ ਚਾਹੀਦਾ ਹੈ। ਅੰਤ ਵਿਚ ਪਰਵਿੰਦਰਜੀਤ ਸਿੰਘ ਨੇ ਸਾਰੇ ਲੇਖਕਾਂ, ਵਿਦਵਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਵੈੱਬੀਨਾਰ ਵਿੱਚ ਹੋਰਾਂ ਤੋਂ ਇਲਾਵਾਂ ਸਾਬਕਾ ਡੀਪੀਆਰਓ ਗਿਆਨ ਸਿੰਘ, ਲੇਖਕ ਰਵਿੰਦਰ ਸਹਿਰਾਅ, ਲੇਖਕ ਸੁਖਦੇਵ ਸਿੰਘ ਗੰਢਵਾਂ, ਗ਼ਜ਼ਲਗੋ ਬਲਦੇਵ ਰਾਜ ਕੋਮਲ, ਮਲਕੀਤ ਸਿੰਘ ਅੱਪਰਾ, ਪੂਜਾ, ਮਾਸਟਰ ਮਨਦੀਪ ਸਿੰਘ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ।


ਵੈਬੀਨਾਰ ਵਿੱਚ ਸ਼ਾਮਲ ਡਾ: ਸਵਰਾਜ ਸਿੰਘ, ਡਾ: ਸ਼ਿਆਮ ਸੁੰਦਰ ਦੀਪਤੀ, ਕੇਹਰ ਸ਼ਰੀਫ, ਰਵਿੰਦਰ ਚੋਟ, ਜਗਦੀਪ ਸਿੰਘ ਕਾਹਲੋਂ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਪਰਵਿੰਦਰਜੀਤ ਸਿੰਘ, ਦਰਸ਼ਨ ਸਿੰਘ ਰਿਆੜ, ਚਰਨਜੀਤ ਸਿੰਘ ਗੁੰਮਟਾਲਾ, ਗਿਆਨ ਸਿੰਘ।

# ਵਿਰਸੇ, ਸੱਭਿਆਚਾਰ ਅਤੇ ਸੰਗੀਤ ਨੂੰ ਪ੍ਰਣਾਈ ਸ਼ਖ਼ਸੀਅਤ - ਬਿੰਦਰ ਅਠਵਾਲ


ਬਿੰਦਰ ਅਤੇ ਕੁਲਦੀਪ ਮਾਣਕ


ਰਣਜੀਤ ਕੌਰ ਤੇ ਬਿੰਦਰ ਅਠਵਾਲ


ਹੰਸ ਰਾਜ ਹੰਸ ਤੇ ਬਿੰਦਰ ਅਠਵਾਲ


ਮੁਹੰਮਦ ਸਦੀਕ ਅਤੇ ਪੱਪੀ ਭਦੌੜ ਨਾਲ ਬਿੰਦਰ ਅਠਵਾਲ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

ਅੱਜ ਜਿਹੜੀ ਸ਼ਖ਼ਸੀਅਤ ਬਾਰੇ ਤੁਹਾਡੇ ਨਾਲ ਸਾਂਝ ਪਾਉਣ ਜਾ ਰਿਹਾ ਹਾਂ, ਪਹਿਲਾ ਉਸਦੇ ਪਿੰਡ ਬਾਰੇ ਥੋੜੀ ਜਾਣਕਰੀ ਜਰੂਰ ਤੁਹਾਡੇ ਨਾਲ ਸਾਂਝੀ ਕਰਨੀ ਚਾਹੂੰਗਾ। ਬਰਨਾਲਾ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਭਦੌੜ ਜਿਹੜਾ ਕਿ 1857 ਤਕ ਇਕ ਸੁਤੰਤਰ ਰਿਆਸਤ ਸੀ, ਤਦ ਇਸਨੂੰ ਬ੍ਰਿਟਿਸ਼ ਸਰਕਾਰ ਦੁਆਰਾ ਪਟਿਆਲੇ ਦੇ ਅਧੀਨ ਕਰ ਦਿੱਤਾ ਗਿਆ ਸੀ।

ਭਦੌੜ ਫੂਲਕੀਅਨ ਖ਼ਾਨਦਾਨ ਦੀ ਪਹਿਲੀ ਸੰਯੁਕਤ ਰਾਜਧਾਨੀ ਹੈ ਜੋ ਰਾਮ ਦੇ ਦੂਜੇ ਪੁੱਤਰ ਫੂੱਲ ਦੁਆਰਾ ਸਥਾਪਿਤ ਕੀਤੀ ਗਈ ਸੀ। ਰਿਆਸਤ ਪਟਿਆਲੇ ਦੀ ਜੜ੍ਹ ਵੀ ਭਦੌੜ ਤੋਂ ਹੀ ਹੈ। ਚੌਧਰੀ ਫੂਲ ਦੇ ਘਰਾਣੇ ਮੁਸਲਮਾਨ ਹਮਲਾਵਰਾਂ ਤੋਂ ਇਲਾਕਾ ਜਿੱਤਣ ਤੋਂ ਬਾਅਦ ਇਥੇ ਵਸ ਗਏ ਅਤੇ ਮਹਿਰਾਜ, ਫੂਲ ਅਤੇ ਢਿਪਾਲੀ ਪਿੰਡ ਛੱਡ ਗਏ। ਰਾਮ ਸਿੰਘ ਪੁੱਤਰ ਚੌਧਰੀ ਫੂਲ ਨੇ ਆਪਣੇ ਪੁੱਤਰ ਦੂਨਾ ਸਿੰਘ ਬਜ਼ੁਰਗ ਅਤੇ ਆਲਾ ਸਿੰਘ ਛੋਟੇ (ਪਟਿਆਲਾ ਦੇ ਪਹਿਲੇ ਮਹਾਰਾਜਾ) ਲਈ ਭਦੌੜ ਦਾ ਘਰ ਸਥਾਪਤ ਕੀਤਾ। ਭਦੌੜ ਵਿਖੇ ਸਾਂਝੇ ਪਰਿਵਾਰ ਵਿਚ 17 ਸਾਲ ਬਿਤਾਉਣ ਤੋਂ ਬਾਅਦ ਆਲਾ ਸਿੰਘ ਬਰਨਾਲਾ ਚਲਾ ਗਿਆ ਅਤੇ ਫਿਰ ਪਟਿਆਲਾ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਪਟਿਆਲਾ ਰਾਜ ਦਾ ਪਹਿਲਾ ਸ਼ਾਸਕ ਬਣਿਆ ਅਤੇ ਭਦੌੜ ਰਾਜ ਉਸ ਦੇ ਵੱਡੇ ਭਰਾ ਦੁਨਾ ਸਿੰਘ ਦੇ ਘਰ ਛੱਡ ਦਿੱਤਾ ਗਿਆ, ਜਿਸਦੀ ਸੰਤਾਨ ਅਜੇ ਵੀ ਭਦੌੜ ਵਿਖੇ ਰਹਿੰਦੀ ਹੈ।

ਭਦੌੜ ਇਕੋ ਇਕ ਸ਼ਾਹੀ ਸ਼ਹਿਰ ਸੀ ਜਿੱਥੇ ਸ਼ਾਹੀ ਪਰਿਵਾਰ ਨੇ ਅੱਠ ਰਿਹਾਇਸ਼ੀ ਕਿਲ੍ਹੇ ਵੱਖਰੇ ਤੌਰ ਤੇ ਰੱਖੇ ਸਨ। ਭਦੌੜ ਫੂਲਕੀਅਨ ਸਰਦਾਰਾਂ ਦਾ ਘਰ ਹੈ, ਜਿਹੜੇ 84 ਪਿੰਡਾਂ ਦੇ ਮਾਲਕ ਹਨ ਅਤੇ ਰਾਜ ਕਰਦੇ ਹਨ। ਭਦੌੜ ਅਤੇ ਇਸ ਦੇ ਆਸ ਪਾਸ ਬਹੁਤ ਸਾਰੀਆਂ ਜ਼ਮੀਨਾਂ ਉਨ੍ਹਾਂ ਨਾਲ ਸਬੰਧਤ ਹਨ। ਭਦੌੜ ਦੇ ਸਦਨ ਦੀ ਰੋਇਲ ਭਦੌਰੀਆਂ ਅਤੇ ਭਦੌੜ੍ਹੀਏ ਸਰਦਾਰ ਵਜੋਂ ਜਾਣੀ ਜਾਂਦੀ ਹੈ। ਭਦੂਰੀਅਨ ਸ਼ਾਸਕ ਚੂਹੜ ਸਿੰਘ ਬਾਰੇ ਕਹਾਣੀਆਂ ਵੀ ਸੁਣਨ ਨੂੰ ਮਿਲਦੀਆ ਹਨ।

ਭਦੌੜ ਪਿੰਡ ਵਿੱਚ ਬਹੁਤ ਸਾਰੀਆਂ ਮਸ਼ਹੂਰ ਸ਼ਖਸੀਅਤਾਂ ਦਾ ਜਨਮ ਹੋਇਆ ਜਿਨ੍ਹਾਂ ਵਿੱਚ ਰਾਜਨੇਤਾ, ਡਿਪਲੋਮੈਟ, ਫੌਜ, ਅਧਿਕਾਰੀ, ਮੈਜਿਸਟ੍ਰੇਟ, ਵਿਦਵਾਨ, ਗੀਤਕਾਰ, ਗਾਇਕ ਅਤੇ ਲੇਖਕ ਆਦਿ ਸ਼ਾਮਲ ਹਨ।

ਦੇਵਿੰਦਰ ਸਤਿਆਰਥੀ, ਕ੍ਰਿਸ਼ਨ ਕੌ-ਰਪਾਲ, ਐੱਚ ਐੱਸ ਫੂਲਕਾ, ਪਾਕਿਸਤਾਨ ਦੇ ਕੱਵਾਲ ਸ਼ੇਰ ਅਲ਼ੀ ਮੇਹਰ ਅਲ਼ੀ ਦੇ ਵੰਸ਼, ਮੁਹੰਮਦ ਸਦੀਕ, ਜਸਪਿੰਦਰ ਨਰੂਲਾ, ਨਛੱਤਰ ਛੱਤਾ

ਧਰਮਪ੍ਰੀਤ, ਮੇਜਰ ਰਾਜਸਥਾਨੀ, ਮਾਸ਼ਾ ਅਲੀ , ਗੀਤਕਾਰ ਪੱਪੀ ਭਦੌੜ ਆਦਿ ਦਾ ਭਦੌੜ ਨਾਲ ਸਬੰਧ ਹੈ। ਕੁਸ਼ਤੀਆਂ ਵਿੱਚ ਅਤੇ ਨੈਸ਼ਨਲ ਲੈਵਲ ਦੇ ਚੋਟੀ ਦੇ ਖਿਡਾਰੀ ਵੀ ਭਦੌੜ ਪਿੰਡ ਦੀ ਦੇਣ ਹਨ।

ਅੱਜ ਮੈ ਜਿਸ ਸ਼ਖ਼ਸ ਦੀ ਤੁਹਾਡੇ ਨਾਲ ਸਾਂਝ ਪਵਾਉਣ ਜਾ ਰਿਹਾ ਹਾਂ, ਉਹ ਵੀ ਭਦੌੜ ਪਿੰਡ ਦਾ ਹੀ ਜਮ-ਪਲ ਹੈ, ਨਾਮ ਹੈ ਬਿੰਦਰ ਅਠਵਾਲ..! ਬਿੰਦਰ ਅਠਵਾਲ ਨੇ ਇੱਕ ਵੱਖਰਾ ਸ਼ੌਕ ਪਾਲ਼ਿਆ, ਉਸਨੇ ਪੁਰਾਣੇ ਗੀਤਾ ਨੂੰ ਸਾਭਕੇ ਇੱਕ ਲਾਇਬ੍ਰੇਰੀ ਆਪਣੇ ਘਰ ਬਣਾਈ ਤੇ ਦੁਨੀਆਂ 'ਤੇ ਆਪਣੀ ਇੱਕ ਵੱਖਰੀ ਪਹਿਚਾਣ ਕਾਇਮ ਕੀਤੀ। ਜਿੱਥੇ ਇੱਕ ਪਾਸੇ ਇਸ ਗੱਲ ਦਾ ਰੌਲਾ ਕਿ ਪੰਜਾਬ ਨਸ਼ੇ ਵਿੱਚ ਗਰਕ ਰਿਹਾ, ਬੇਰੁਜ਼ਗਾਰੀ ਕਾਰਨ ਜਵਾਨੀ ਵਿਦੇਸ਼ਾਂ ਵੱਲ ਭੱਜ ਰਹੀ ਹੈ... ਐਸੇ ਸਭ ਕੁਝ ਦੇ ਬਾਵਜੂਦ ਬਿੰਦਰ ਅਠਵਾਲ ਨੇ ਸਾਡੇ ਵਿਰਸੇ, ਸੱਭਿਆਚਾਰ ਅਤੇ ਸੰਗੀਤ ਨੂੰ ਸਾਂਭਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। 1972 ਵਿੱਚ ਬਿੰਦਰ ਅਠਵਾਲ ਦਾ ਜਨਮ ਪਿਤਾ ਜਗਨ ਸਿੰਘ ਤੇ ਮਾਤਾ ਬਲਵੀਰ ਕੌਰ ਦੇ ਘਰ ਅੱਤ ਦੀ ਗਰੀਬੀ ਵਿੱਚ ਹੋਇਆ। 1979 ਤੋਂ ਅਠਵਾਲ ਪੰਜਾਬੀ ਗੀਤਾ ਦੀ ਕੁਲੈਕਸ਼ਨ ਇਕੱਠੀ ਕਰ ਰਿਹਾ ਹੈ। ਬਿੰਦਰ ਅਠਵਾਲ ਦੱਸਦਾ ਹੈ ਕਿ ਸਾਡੇ ਪਿਤਾ ਜੀ ਸੰਗੀਤ ਨੂੰ ਬਹੁਤ ਪਿਆਰ ਕਰਦੇ ਸਨ, ਉਹਨਾਂ ਟਾਇਮਾਂ ਵਿੱਚ ਮੇਰੇ ਪਿਤਾ ਜੀ ਕੋਲ ਚਾਬੀ ਵਾਲਾ ਗ੍ਰਾਮੋਫੋਨ ਹੋਇਆ ਕਰਦਾ ਸੀ ਅਤੇ ਮੇਰੇ ਪਿਤਾ ਜੀ ਸ਼ਾਮ ਨੂੰ ਗੀਤ ਸੁਣਦੇ ਹੁੰਦੇ, ਅਤੇ ਰੇਡੀਓ ਤੇ ਖ਼ਬਰਾਂ ਵਗੈਰਾ ਲਾ ਲੈਂਦੇ ਸਨ। ਬਸ ਓਸੇ ਗ੍ਰਾਮੋਫੋਨ ਅਤੇ ਰੇਡੀਓ ਦੀ ਚੇਟਕ ਨੇ ਮੈਨੂੰ ਗੀਤ ਸਾਂਭਣ ਵੱਲ ਲਾ ਦਿੱਤਾ। ਬਿੰਦਰ ਅਠਵਾਲ ਦੱਸਦਾ ਕਿ ਉਸ ਸਮੇਂ ਰਫ਼ੀ, ਲਤਾ ਅਤੇ ਨਰਿੰਦਰ ਬੀਬਾ ਜੀ ਨੂੰ ਮੈਂ ਬਹੁਤ ਸੁਣਿਆ 'ਤੇ ਇਹਨਾਂ ਦੇ ਗੀਤਾ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਬਿੰਦਰ ਅਠਵਾਲ ਆਪ ਵੀ ਬਾਕਮਾਲ ਗਾ ਲੈਂਦਾ ਹੈ। ਉਸਨੂੰ ਅਣਗਿਣਤ ਹਿੰਦੀ-ਪੰਜਾਬੀ ਗੀਤ ਮੂੰਹ-ਜੁਬਾਨੀ ਯਾਦ ਹਨ। ਬਿੰਦਰ ਕੋਲ ਹਰੇਕ ਵੰਨਗੀ ਦੇ ਗੀਤ ਮਜੂਦ ਹਨ, ਹਰੇਕ ਪੁਰਾਣੇ ਗਾਇਕ ਦਾ ਪਹਿਲਾ ਗੀਤ ਵੀ ਉਸਦੀ ਲਾਇਬ੍ਰੇਰੀ ਦਾ ਸ਼ੰਗਾਰ ਬਣੇ ਹੋਏ ਨੇ। ਬਿੰਦਰ ਕਹਿੰਦਾ ਕਿ ਬਹੁਤੇ ਕਲਾਕਾਰਾਂ ਨੂੰ ਵੀ ਸ਼ਾਇਦ ਇਹ ਯਾਦ ਨਾ ਹੋਵੇ ਕਿ ਉਹਨਾਂ ਦਾ ਕਿਹੜਾ ਪਹਿਲਾ ਗੀਤ ਰਿਕਾਰਡ ਹੋਇਆ ਸੀ, ਪਰ ਉਸ ਕੋਲ ਹਰੇਕ ਕਲਾਕਾਰ ਦੇ ਪਹਿਲੇ ਗੀਤ ਤੋਂ ਆਖਰੀ ਗੀਤ ਤੱਕ ਦੀ ਕੁਲੈਕਸ਼ਨ ਮਜੂਦ ਹੈ। ਉਸਦੀ ਯਾਦਾਸ਼ਤ ਬੜੀ ਕਮਾਲ ਹੈ, ਇੱਥੋ ਤੱਕ ਕਿ ਕੀਹਦੇ ਕਿੰਨੇ ਗੀਤ ਪੱਥਰ ਦੇ ਰਿਕਾਰਡ ਹੋਏ, ਕਿੰਨੇ ਐਲ. ਪੀ. ਗੀਤ ਰਿਕਾਰਡ ਹੋਏ, ਕਿਹੜੀ ਕੈਸੇਟ ਵਿੱਚ ਕਿਸ ਦਾ ਮਿਊਜਕ ਸੀ, ਫਲਾਣੀ ਸੀਡੀ ਵਿੱਚ ਗੀਤਕਾਰ ਕੌਣ ਸੀ। ਉਸ ਕੋਲ ਕੀਰਤਨ, ਹਿੰਦੀ ਫਿਲਮਾਂ, ਗਜ਼ਲ, ਭਜਨ, ਕਲਾਸੀਕਲ ਰਿਕਾਰਡ ਆਦਿ ਸਭ ਕੁਝ ਮਜੂਦ ਹੈ। ਬਿੰਦਰ ਕੋਲ ਪੰਡਿਤ ਜਸ਼ਰਾਜ, ਭੀਮ ਹੁਸੈਂਨ ਜੋਸ਼ੀ , ਸ਼ਿਵ ਕੁਮਾਰ ਸ਼ਰਮਾ , ਪੰਡਿਤ ਰਵੀ ਸ਼ੰਕਰ ਅਤੇ ਉਹਨਾਂ ਦੇ ਉਸਤਾਦ ਪੰਡਿਤ ਓਮਕਾਰ ਨਾਥ ਠਾਕੁਰ ਆਦਿ ਦੇ ਗੀਤ ਵੀ ਸਾਂਭੇ ਹੋਏ ਹਨ। ਬਿੰਦਰ ਦੇ ਦੱਸਣ ਮੁਤਾਬਿਕ 1932 ਤੋਂ ਲੈਕੇ ਹੁਣ ਤੱਕ ਦੀ ਭਾਰਤ ਦੇ ਇਤਿਹਾਸ ਨਾਲ ਸਬੰਧਤ ਸਾਰੀ ਰਿਕਾਰਡਿੰਗ ਉਸ ਕੋਲ ਮਜੂਦ ਹੈ। ਬਿੰਦਰ ਅਠਵਾਲ ਕੋਲ ਨੇਤਾ ਜੀ ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ,ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਵੱਲਭ ਭਾਈ ਪਟੇਲ, ਰਜੀਵ ਗਾਂਧੀ , ਰਵਿੰਦਰ ਨਾਥ ਟੈਗੋਰ, ਡਾ. ਮੌਲਾਨਾ ਅਜ਼ਾਦ , ਡਾ. ਸਰਵਪਾਲੀ, ਰਾਧਾ ਕ੍ਰਿਸ਼ਨਨ, ਅਰਬਿੰਦੋ ਅਸ਼ਰਮ ਅਤੇ ਜ਼ਨਿਹ ਵਗਰੀਆਂ ਸ਼ਖ਼ਸੀਅਤਾਂ ਦੀ ਰਿਕਾਰਡਿੰਗ ਪਈ ਹੈ। ਬਿੰਦਰ ਅਠਵਾਲ ਦੇ ਦੱਸਣ ਮੁਤਾਬਿਕ ਉਹ ਐਚ. ਐਮ.ਵੀ. ਕੰਪਨੀ ਵਾਸਤੇ ਵੀ ਕੁਲੈਕਸ਼ਨ ਕਰਦਾ ਹੈ ਅਤੇ ਉਸਦੀ ਮਿਹਨਤ ਸਦਕਾ, ਮੁਹੰਮਦ ਸਦੀਕ ਅਤੇ ਨਰਿੰਦਰ ਬੀਬਾ ਦੇ ਡਿਊਟ ਗੀਤ ਨਵੇਂ ਪ੍ਰੈਂਟਾਂ ਵਿੱਚ ਰਿਕਾਰਡ ਹੋਏ। ਹਿੱਟਸ ਆਫ ਰਣਜੀਤ ਕੌਰ ਅਤੇ ਸਵਰਨ ਲੱਤਾਂ ਆਦਿ ਵੀ ਬਿੰਦਰ ਦੀ ਕੁਲੈਕਸ਼ਨ ਸਦਕੇ ਰਿਕਾਰਡ ਹੋਈ ਸੀ। ਇਸੇ ਤਰੀਕੇ ਨਾਲ ਕੁਲਦੀਪ ਮਾਣਕ ਦਾ ਗੀਤ ਛੱਡੀਏ ਨਾ ਵੈਰੀ ਨੂੰ ਵੀ ਬਿੰਦਰ ਦੀ ਖੋਜ ਸਦਕੇ ਦੁਬਾਰਾ ਰਿਕਾਰਡ ਹੋਇਆ ਸੀ। ਬਿੰਦਰ ਅਠਵਾਲ ਦੇ ਘਰ ਚੋਟੀ ਦੇ ਪੰਜਾਬੀ ਗਾਇਕਾ ਦਾ ਆਉਣਾ ਜਾਣਾ ਅਕਸਰ ਲੱਗਿਆ ਰਹਿੰਦਾ ਹੈ। ਹੰਸ ਰਾਜ ਹੰਸ, ਸਵ. ਰਾਗੀ ਨਿਰਮਲ ਸਿੰਘ ਖ਼ਾਲਸਾ, ਮੁਹੰਮਦ ਸਦੀਕ, ਕਰਤਾਰ ਰਮਲਾਂ, ਜਸਦੇਵ ਯਮਲਾ, ਆਦਿ ਗਾਇਕਾ ਦੇ ਨਾਮ ਜਿਕਰਯੋਗ ਨੇ ਜੋ ਬਿੰਦਰ& ਦੇ ਗਰੀਬ ਖ਼ਾਨੇ ਚਰਨ ਪਾਕੇ ਗਏ ਨੇ। ਬਿੰਦਰ ਅਠਵਾਲ ਨੂੰ ਇਸ ਗੱਲ ਤੇ ਵੀ ਮਾਣ ਹੈ ਕਿ ਉਸ ਕੋਲ ਸਲੰਡਰ ਰਿਕਾਰਡ ਵਿੱਚ ਸਾਇੰਸਦਾਨ ਏਡੀਸਨ ਦੀ ਵੀ ਅਵਾਜ਼ ਰਿਕਾਰਡ ਹੈ।


ਸਵ. ਨਿਰਮਲ ਸਿੰਘ ਖਾਲਸਾ ਨਾਲ ਬਿੰਦਰ ਅਠਵਾਲ

ਬਿੰਦਰ ਅਠਵਾਲ ਦੋ ਹੋਣਹਾਰ ਧੀਆਂ ਦਾ ਬਾਪ ਹੈ, ਛੋਟੀ ਜਿਹੀ ਨੌਕਰੀ ਦੇ ਸਹਾਰੇ ਪਰਿਵਾਰ ਪਾਲ਼ ਰਿਹਾ ਹੈ। ਬਿੰਦਰ ਅਠਵਾਲ ਨੂੰ ਜਿੱਥੋ ਕਿਤੋ ਵੀ ਪੁਰਾਣੇ ਪੰਜਾਬੀ ਰਿਕ-ਾਰਡ ਦੀ ਦੱਸ ਪੈਂਦੀ ਹੈ, ਬੰਬੇ ਤੱਕ ਆਪਣੇ ਖ਼ਰਚੇ ਤੇ ਸਫਰ ਕਰਕੇ ਰਿਕਾਰਡ ਇਕੱਠੇ ਕਰ ਰਿਹਾ ਹੈ। ਪੰਜਾਬੀ ਗਾਇਕੀ ਦਾ ਅਨਮੋਲ ਖ਼ਜ਼ਾਨਾ ਜੋ ਬਿੰਦਰ ਅਠਵਾਲ ਨੇ ਇਕੱਠਾ ਕੀਤਾ ਹੈ ਅਤੇ ਕਰ ਰਿਹਾ ਹੈ, ਇਹ ਅਣਮੁੱਲਾ ਹੈ। ਇਹ ਸਾਡੀ ਨਵੀਂ ਪੜ੍ਹੀ ਲਈ ਇਤਿਹਾਸਕ ਦਸਤਾਵੇਜ਼ ਹੈ। ਇਹ ਸਾਡੀ ਨਵੀਂ ਪਨੀਰੀ ਨੂੰ ਸਾਡੇ ਸੱਭਿਆਚਾਰ, ਵਿਰਸੇ ਅਤੇ ਗਾਇਕੀ ਨਾਲ ਜੋੜਨ ਲਈ ਬਹੁਤ ਕਾਰਗਰ ਸਾਬਤ ਹੋਵੇਗਾ। ਅੱਜ ਤੱਕ ਕਿਸੇ ਵੀ ਸਰਕਾਰ ਨੇ ਬਿੰਦਰ ਅਠਵਾਲ ਦੀ ਮਿਹਨਤ ਦਾ ਮੁੱਲ ਨਹੀਂ ਪਾਇਆ, ਚਾਹੀਦਾ ਤਾਂ ਇਹ ਸੀ ਕਿ ਬਿੰਦਰ ਅਠਵਾਲ ਨੂੰ ਸਨਮਾਨਿਤ ਕੀਤਾ ਜਾਵੇ, ਕੋਈ ਪੁਰਸਕਾਰ ਦਿੱਤਾ ਜਾਵੇ। ਸੰਗੀਤ ਪ੍ਰੇਮੀਆ ਨੂੰ ਬੇਨਤੀ ਹੈ ਬਿੰਦਰ ਅਠਵਾਲ ਨੂੰ ਅਣਗੌਲਿਆ ਨਾ ਕੀਤਾ ਜਾਵੇ ਸਗੋਂ ਇਸ ਹੀਰੇ ਦੀ ਪਹਿਚਾਣ ਕਰਕੇ ਇਸਦੀ ਕਲਾ ਦਾ, ਇਸਦੇ ਖ਼ਜ਼ਾਨੇ ਦਾ ਮੁੱਲ ਪਾਇਆ ਜਾਵੇ। ਬਿੰਦਰ ਦਾ ਫ਼ੋਨ ਨੰਬਰ 82849- 29406, ਵੱਟਸਐਪ ਨੰਬਰ 84276-66057..।

# ਅਮਰੀਕਾ ਵਿੱਚ ਕੋਵਿਡ ਮੌਤਾਂ ਨੇ ਛੂਹਿਆ 6 ਲੱਖ ਦਾ ਅੰਕੜਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 15 ਜੂਨ 2021-** ਅਮਰੀਕਾ ਵਿੱਚ ਕੋਰੋਨਾ ਵਾਇਰਸ ਕਾਰਨ ਹੋਣ ਵਾਲੀਆਂ ਮੌਤਾਂ ਨੇ ਸੋਮਵਾਰ ਨੂੰ 6 ਲੱਖ ਦਾ ਅੰਕੜਾ ਪਾਰ ਕਰ ਲਿਆ ਹੈ। ਅਮਰੀਕਾ ਵਿੱਚ ਕੋਰੋਨਾ ਟੀਕਾਕਰਨ ਦੀ ਮੁੱਢਲੀ ਸਫਲਤਾ ਨੇ ਦੇਸ਼ ਵਿੱਚ ਕੋਵਿਡ -19 ਮੌਤਾਂ ਦੀ ਗਤੀ 'ਤੇ ਬਹੁਤ ਪ੍ਰਭਾਵ ਪਾਇਆ ਹੈ। ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਬਾਅਦ ਅਮਰੀਕਾ ਵਿੱਚ ਮੌਤਾਂ ਦੇ ਅੰਕੜੇ ਨੂੰ 5 ਲੱਖ ਤੋਂ 6 ਲੱਖ ਹੋਣ ਲਈ 113 ਦਿਨ ਲੱਗੇ ਹਨ ਜਦਕਿ 4ਲੱਖ ਤੋਂ 5 ਲੱਖ ਤੱਕ ਦੀ ਗਿਣਤੀ ਸਿਰਫ 35 ਦਿਨਾਂ ਵਿੱਚ ਪੂਰੀ ਹੋ ਗਈ ਸੀ। ਅਮਰੀਕਾ ਵਿੱਚ ਸੱਤ ਦਿਨਾਂ ਦੀ ਕੋਵਿਡ -19 ਮੌਤਾਂ ਦੀ ਔਸਤ ਜਨਵਰੀ ਵਿੱਚ ਆਪਣੇ ਸਿਖਰ ਤੋਂ ਤਕਰੀਬਨ 90% ਘੱਟ ਗਈ ਹੈ। ਦੇਸ਼ ਵਿੱਚ ਮਈ 'ਚ ਹੋਈਆਂ 18,587 ਕੋਰੋਨਾ ਵਾਇਰਸ ਨਾਲ ਸਬੰਧਤ ਮੌਤਾਂ ਜਨਵਰੀ ਦੇ ਮੁਕਾ-ਬਲੇ ਲੱਗਭਗ 81% ਘੱਟ ਹਨ।



ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਦੇ ਅਨੁਸਾਰ, ਅਮ-ਰੀਕਾ ਨੇ ਹੁਣ ਤੱਕ ਤਕਰੀਬਨ 166 ਮਿ-ਲੀਅਨ ਬਾਲਗਾਂ ਨੂੰ ਟੀਕੇ ਘੱਟੋ-ਘੱਟ ਇੱਕ ਖੁਰਾਕ ਲਗਾਈ ਹੈ, ਹਾਲਾਂਕਿ, ਟੀਕਾਕਰਨ ਦੀ ਦਰ ਅਪ੍ਰੈਲ ਦੇ ਅੱਧ ਦੇ ਤੋਂ ਘਟ ਗਈ ਹੈ। ਪਰ ਟੀਕੇ ਲੱਗਣ ਕਾਰਨ ਸੱਤ ਦਿਨਾਂ ਦਾ ਔਸਤਨ ਹਸਪਤਾਲ ਦਾਖਲਾ ਵੀ ਘੱਟ ਗਿਆ ਹੈ। ਸੀ ਡੀ ਸੀ ਦੇ ਤਾਜ਼ਾ ਅੰਕੜਿਆਂ ਦੇ ਅਨੁਸਾਰ, ਟੀਨ ਏਜ਼ਰਸ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੇ ਨਾਲ-ਨਾਲ ਵਧੇਰੇ ਅਸਾਨੀ ਨਾਲ ਫੈਲਣ ਵਾਲੇ ਵਾਇਰਸ ਦੇ ਰੂਪ ਦੇ ਮਾਮਲੇ ਵਧਣੇ ਸ਼ੁਰੂ ਹੋ ਗਏ ਹਨ। ਏਜੰਸੀ ਦੀ ਰਿਪੋਰਟ ਅਨੁਸਾਰ, ਕੋਵਿਡ -19 ਦੇ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਦੀ ਦਰ ਅਪ੍ਰੈਲ ਵਿੱਚ 12 ਤੋਂ 17 ਸਾਲ ਦੀ ਉਮਰ ਦੇ ਅੱਲ੍ਹੜ ਉਮਰ ਦੇ ਬੱਚਿਆਂ ਵਿੱਚ ਵੱਧ ਗਈ ਹੈ, ਜੋ ਮਾਰਚ ਦੇ ਅੱਧ ਵਿੱਚ ਘੱਟ ਰੇਟ ਤੋਂ ਪ੍ਰਤੀ 100,000 ਲੋਕਾਂ ਵਿੱਚ 1.3 ਹੋ ਗਈ ਹੈ। ਪਰ ਕੁੱਲ ਮਿਲਾ ਕੇ ਮਾਰਚ ਤੋਂ ਰੋਜ਼ਾਨਾ ਨਵੇਂ ਕੋਵਿਡ -19 ਕੇਸਾਂ ਵਿੱਚ ਵੀ ਗਿਰਾਵਟ ਆ ਰਹੀ ਹੈ।

# ਕੈਲੀਫੋਰਨੀਆ ਦੀ ਕੋਰੋਨਾ ਵੈਕਸੀਨ ਲਾਟਰੀ ਵਿੱਚ 15 ਜੇਤੂਆਂ ਦਾ ਕੱਢਿਆ ਇੱਕ ਹੋਰ ਡਰਾਅ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ), 12 ਜੂਨ 2021-** ਕੈਲੀਫੋਰਨੀਆ ਵਿੱਚ ਕੋਰੋਨਾ ਟੀਕਾਕਰਨ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਕੋਰੋਨਾ ਲਾਟਰੀ ਤਹਿਤ ਸ਼ੁੱਕਰਵਾਰ ਨੂੰ ਹੋਰ 15 ਜੇਤੂ ਵਿਅਕਤੀਆਂ ਦੀ ਚੋਣ ਕੀਤੀ ਗਈ ਹੈ, ਜਿਹਨਾਂ ਵਿੱਚੋਂ ਹਰੇਕ ਨੂੰ 50,000 ਡਾਲਰ ਦੀ ਰਾਸ਼ੀ ਦਿੱਤੀ ਜਾਵੇਗੀ। ਇਸ ਲਾਟਰੀ ਸਟਾਈਲ ਡਰਾਅ ਨੇ ਤਕਰੀਬਨ 22 ਮਿਲੀਅਨ ਕੈਲੀਫੋਰਨੀਆ ਸਟੇਟ ਦੇ ਵਾਸੀਆਂ ਵਿੱਚੋਂ ਚੁਣੇ ਗਏ ਜੇਤੂਆਂ ਨੂੰ ਕੋਰੋਨਾਂ ਵਾਇਰਸ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਲੱਗੀ ਹੈ। ਸਟੇਟ ਅਧਿਕਾਰੀਆਂ ਨੇ ਜੇਤੂਆਂ ਦੀ ਪਛਾਣ ਕੀਤੀ ਹੈ ਕਿ ਉਹ ਕਿਸ ਕਾਉਂਟੀ ਵਿੱਚ ਰਹਿੰਦੇ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਪੰਦਰਾਂ ਹੋਰ ਲੋਕਾਂ ਨੇ ਇਨਾਮ ਜਿੱਤਿਆ ਸੀ ਪਰ ਅਧਿਕਾਰੀ ਉਨ੍ਹਾਂ ਵਿੱਚੋਂ ਦੋ ਜੇਤੂਆਂ ਤੱਕ ਨਹੀਂ ਪਹੁੰਚ ਸਕੇ ਸਨ।

ਇਸ ਲਈ ਗਵਰਨਰ ਗੈਵਿਨ ਨਿਊਸਮ ਅਨੁਸਾਰ ਉਹਨਾਂ ਦੋਵਾਂ ਦੀ ਥਾਂ ਸੈਕਰਾਮੈਂਟੋ ਅਤੇ ਮੋਨਟੇਰੀ ਕਾਉਂਟੀਜ਼ ਵਿੱਚ ਹੋਰ ਵਿਅਕਤੀਆਂ ਨੇ ਲੈ ਲਈ ਹੈ। 50,000 ਡਾਲਰ ਦੇ ਇਨਾਮਾਂ ਤੋਂ ਇਲਾਵਾ, ਸੂਬੇ ਨੇ ਟੀਕਾ ਲਗਵਾਉਣ ਵਾਲੇ 20



ਲੱਖ ਲੋਕਾਂ ਨੂੰ 50 ਡਾਲਰ ਗਿਫਟ ਕਾਰਡ ਦੇਣ ਦਾ ਵਾਅਦਾ ਵੀ ਕੀਤਾ ਹੈ। ਪਰ ਇਸ ਲਾਟਰੀ ਯੋਜਨਾ ਦਾ ਵੱਡਾ ਇਨਾਮ ਮੰਗਲਵਾਰ ਨੂੰ ਦਿੱਤਾ ਜਾਵੇਗਾ, ਜਿਸ ਵਿੱਚ 10 ਲੋਕਾਂ ਵਿੱਚੋਂ ਹਰ ਇੱਕ ਨੂੰ 1.5 ਮਿਲੀਅਨ ਡਾਲਰ ਮਿਲਣਗੇ। ਨਿਊਸਮ ਅਨੁਸਾਰ ਉਸੇ ਦਿਨ ਹੀ ਰਾਜ ਵਿੱਚ ਜਿਆਦਾਤਰ ਕੋਰੋਨਾ ਪਾਬੰਦੀਆਂ ਨੂੰ ਖਤਮ ਕੀਤਾ ਜਾਵੇਗਾ। ਨਿਊਸਮ ਨੇ ਦੱਸਿਆ ਕਿ ਕੈਲੀਫੋਰਨੀਆ ਵਿੱਚ ਕੋਰੋਨਾ। ਵਾਇਰਸ ਟੀਕੇ ਦੀਆਂ ਤਕਰੀਬਨ 40 ਮਿਲੀਅਨ ਖੁਰਾਕਾਂ ਲਗਾਈਆਂ ਗਈਆਂ ਹਨ ਅਤੇ ਸਟੇਟ ਦੇ 70% ਬਾਲਗਾਂ ਨੂੰ ਘੱਟੋ ਘੱਟ ਇੱਕ ਖੁਰਾਕ ਲੱਗੀ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call: 530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call: 650-642-0697

## 3525 Highway 99, West Corning, CA 96021

Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702


20% OFF LABOUR
on your next qualifying service

Car Care You Can Trust

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Pittsburg Gurughar's 36th Anniversary







**Begampura sahar ko naao!! Dukh andohu nahi tihi thaao!!**

Sri Guru Ravidass Temple Pittsburg's 36th anniversary will be celebrated on June 27, 2021. Akhand Path will start on Friday 6/25/2021 at 10:00 AM and conclude with Bhog ceremony on Sunday 6/27/2021. Path and langar sewa will be hosted by and Sangat and Sewadars. We are very fortunate to have **Sant Anoop Singh ji "Una Wale"** perform Gurbani Shabad Kirtan on this occasion. Gurugarh Ragi Jatha of Giani Ompal Singh ji & Giani Gurnam Singh ji will also do the Shabad Kirtan.

Bhai Dhanwant Singh Malhi and family will be doing the **Nishaan Sahib Sewa on June 26, 2021, Saturday, at 11:00 AM.**

Gurughar activities were limited for over a year because of COVID-19.

This will be the first celebration after the restrictions are lifted. We will be following Contra Costa County's COVID-19 health guidelines.

Entire Sangat is requested to attend the function and get Guru Sahib's blessings.


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar Jakhu (Treasurer)


Sri Guru Ravidass Sabha Committee Members & more

### ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

### LEGAL COMMITTEE


Ajai Paul Ram


Shashi Paul

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

### Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar Jakhu |